
ਜੂਠੀ ਰੋਟੀ
ਬਲਵੰਤ ਗਾਰਗੀ

# ਜੂਠੀ ਰੋਟੀ

ਨਵਯੁਗ

**Juthi Roti**

by

Balwant Gargi

NAVYUG PUBLISHERS
K-24, Hauz Khas, New Delhi-110016
email:navyugpublishers@gmail.com

All rights reserved. No part of this Publication may be reproduced or transmitted in any form or by any means without prior permission in writing from both the Author and Publisher.

© Balwant Gargi
ਦੂਜੀ ਵਾਰ 2014

ISBN-978-81-7599-278-8

ਪ੍ਰਕਾਸ਼ਕ : ਨਵਯੁਗ ਪਬਲਿਸ਼ਰਜ਼
K-24, ਹੌਜ਼ ਖ਼ਾਸ, ਨਵੀਂ ਦਿੱਲੀ-110 016
ਫ਼ੋਨ : 2680-2488, ਘਰ : 2651-8248

ਟਾਈਪਸੈਟਿੰਗ : ਜਨਤਕ ਪ੍ਰੈੱਸ
ਪਲੱਈਅਰ ਗਾਰਡਨ ਮਾਰਕੀਟ, ਚਾਂਦਨੀ ਚੌਕ,
ਦਿੱਲੀ-110 006

ਛਾਪਕ : ਐਚ. ਐਸ. ਆਫ਼ਸੈਟ
ਦਰਿਆ ਗੰਜ, ਨਵੀਂ ਦਿੱਲੀ-110 002

ਮੁੱਲ : 150 ਰੁਪਏ

ਇਹ ਨਾਵਲ ਮੈਂ
ਅਨੂ ਰਾਵਤ ਨੂੰ ਭੇਂਟ ਕਰਦਾ ਹਾਂ

# 1

**ਮੈਂ** ਸੋਲਾਂ ਸਾਲ ਦੀ ਉਮਰ ਵਿਚ ਜੁਆਨ ਹੋ ਗਈ ਸਾਂ। ਪੂਰਾ ਸ਼ਬਾਬ ਛਲਕ ਰਿਹਾ ਸੀ ਮੇਰੇ ਅੰਗਾਂ ਵਿਚ। ਲੋਕ ਮੈਨੂੰ ਦੇਖਦੇ ਤਾਂ ਉਹਨਾਂ ਦੀਆਂ ਨਜ਼ਰਾਂ ਕੰਚ ਦੀਆਂ ਦੋ ਗੋਲੀਆਂ ਵਾਂਗ ਮੇਰੀਆਂ ਛਾਤੀਆਂ ਉਤੋਂ ਤਿਲ੍ਹਕਦੀਆਂ ਹੋਈਆਂ ਲੰਘ ਜਾਂਦੀਆਂ।

ਮੈਂ ਚੋਲੀ ਪਹਿਨਣੀ ਸ਼ੁਰੂ ਕਰ ਦਿੱਤੀ ਸੀ, ਪਰ ਰਾਤ ਨੂੰ ਹਮੇਸ਼ਾ ਇਸ ਨੂੰ ਲਾਹ ਕੇ ਸੁੱਟ ਦੇਂਦੀ। ਗਰਮੀਆਂ ਵਿਚ ਮੈਂ ਛੱਤ ਉਤੇ ਸੌਂਦੀ ਤਾਂ ਤਾਰਿਆਂ ਦੀ ਕੂਲੀ ਲੋਅ ਆਪਣੇ ਅੰਗਾਂ ਉਤੇ ਮਹਿਸੂਸ ਕਰਦੀ। ਮੇਰੀਆਂ ਅੱਖਾਂ ਮੀਟੀਆਂ ਜਾਂਦੀਆਂ। ਲੱਤਾਂ ਪਸਾਰ ਕੇ ਮਦਹੋਸ਼ ਸੌਂਦੀ। ਕਈ ਵਾਰ ਮੇਰੀ ਮਾਂ ਮੇਰੀਆਂ ਲੱਤਾਂ ਨੂੰ ਚਾਦਰ ਨਾਲ ਢਕ ਦੇਂਦੀ।

ਮੈਂ ਫ਼ਿਲਮੀ ਰਸਾਲੇ ਤੇ ਫੈਸ਼ਨ ਮੈਗਜ਼ੀਨ ਪੜ੍ਹਨ ਦੀ ਸ਼ੌਕੀਨ ਸਾਂ। ਕਵੀਆਂ ਤੇ ਆਰਟਿਸਟਾਂ ਬਾਰੇ ਸੋਚਦੀ ਤਾਂ ਹੈਰਾਨ ਹੁੰਦੀ ਕਿ ਇਹ ਲੋਕ ਕਿਵੇਂ ਕਹਾਣੀਆਂ ਤੇ ਕਵਿਤਾਵਾਂ ਰਚਦੇ ਹਨ। ਘੁਮਿਆਰ ਨੂੰ ਚੱਕ ਉਤੇ ਬੈਠੇ ਸੁਰਾਹੀਆਂ ਤੇ ਪਿਆਲੇ ਲਾਹੁੰਦਿਆਂ ਦੇਖਦੀ ਤਾਂ ਦਿਲ ਵਿਚ ਲੂਹਰੀਆਂ ਉਠਦੀਆਂ। ਉਹਨਾਂ ਦੇ ਖੁਰਦਰੇ ਹੱਥਾਂ ਵਿਚ ਰਚਨਾ ਦੀ ਕਿੰਨੀ ਸ਼ਕਤੀ ਸੀ... ਮਿੱਟੀ ਦਾ ਤੋਤਾ... ਮਿਟੀ ਦੀ ਗਣੇਸ਼ ਦੀ ਮੂਰਤੀ ... ਮਿੱਟੀ ਦਾ ਹਨੂਮਾਨ। ਪਲਾਸਟਿਕ ਦੇ ਖਿਡੌਣਿਆਂ ਤੇ ਭਾਂਡਿਆਂ ਨਾਲ ਮੈਨੂੰ ਨਫ਼ਰਤ ਸੀ, ਜਿਵੇਂ ਕੱਚਾ ਮਾਸ। ਮੈਨੂੰ ਲਗਦਾ ਇਹਨਾਂ ਨੂੰ ਛੂਹਣ ਨਾਲ ਮੈਂ ਭਿੱਟੀ ਜਾਵਾਂਗੀ। ਜੀਅ ਕਰਦਾ ਸੀ ਕੋਈ ਕੱਚੀਂ ਮਿੱਟੀ ਦਾ ਲੇਪ ਕਰ ਦੇਵੇ ਮੇਰੇ ਸਾਰੇ ਜਿਸਮ ਉਤੇ। ਮੈਂ ਖੁਦ ਵੀ ਤਾਂ ਮਿੱਟੀ ਦੀ ਸਾਂ। ਮਿੱਟੀ ਵਿਚ ਠੰਡਕ... ਰਾਹਤ ਤੇ ਮਸਤੀ ਸੀ।

ਇਕ ਵਾਰ ਮੇਰੀ ਮਾਂ ਮੈਨੂੰ ਆਪਣੇ ਨਾਲ ਗੋਆ ਲੈ ਗਈ ਜਿਥੇ ਉਸ ਦਾ ਭਰਾ ਯਾਨੀ ਮੇਰਾ ਮਾਮਾ, ਇਕ ਵੱਡੇ ਹੋਟਲ ਦਾ ਮੈਨੇਜਰ ਸੀ। ਮੈਨੂੰ ਗੋਆ ਚੰਗਾ ਲਗਿਆ। ਨੀਲਾ ਸਮੁੰਦਰ... ਚਮਕਦੇ ਪਾਣੀ... ਰੇਤਲੇ ਬੀਚ... ਜਿਥੇ ਦੁਨੀਆਂ ਭਰ ਦੇ ਟੂਰਿਸਟ ਆਉਂਦੇ — ਪੱਛਮੀ ਤੇ ਪੂਰਬੀ ਮਿਲੇ-ਜੁਲੇ ਮਿਜ਼ਾਜ ਦਾ ਆਨੰਦ ਮਾਣਦੇ। ਇਕ ਦਿਨ ਮੈਂ ਬਿਕਨੀ ਪਾਈ ਬੀਚ ਉਤੇ ਘੁੰਮ ਰਹੀ ਸਾਂ। ਝੱਗਾਂ ਛਡਦੀਆਂ ਲਹਿਰਾਂ। ਮਸਤੀ ਵਿਚ ਮੈਂ ਦੌੜ ਰਹੀ ਸਾਂ ਤੇ ਮੇਰੇ ਕਾਲੇ ਸਿਆਹ ਲੰਮੇ ਵਾਲ ਹਵਾ ਵਿਚ ਉਡ ਰਹੇ ਸਨ।

ਇਕ ਫੋਟੋਗ੍ਰਾਫਰ ਵੱਡਾ ਸਾਰਾ ਕੈਮਰਾ ਗੱਡੀਂ ਕਿਸੇ ਮਾਡਲ ਦੀ ਤਸਵੀਰ

ਖਿੱਚ ਰਿਹਾ ਸੀ। ਉਸ ਨੇ ਕੈਮਰੇ ਦਾ ਲੈਨਜ਼ ਮੇਰੇ ਵੱਲ ਘੁੰਮਾਇਆ ਤੇ ਮੇਰੀ ਦੌੜਦੀ ਹੋਈ ਦੀ ਤਸਵੀਰ ਖਿਚ ਲਈ। ਮੈਨੂੰ ਇਸ ਦਾ ਕੋਈ ਪਤਾ ਨਹੀਂ ਸੀ।

ਮੇਰੇ ਦਿਲ ਵਿਚ ਉਮੰਗ ਸੀ ਕਿ ਮੈਂ ਵੀ ਮਾਡਲ ਬਣਾਂ। ਮੇਰੇ ਅੰਗ ਬਸ ਮਾਡਲ ਬਣਨ ਲਈ ਹੀ ਢਲੇ ਸਨ। ਮੇਰੇ ਜਿਸਮ ਦੇ ਖ਼ਮ ਤੇ ਗੋਲਾਈਆਂ ਮਾਡਲ ਬਣਨ ਲਈ ਤੜਪ ਰਹੀਆਂ ਸਨ। ਫੈਸ਼ਨੇਬਲ ਮਾਡਲ। ਪਰ ਕਿਸ ਤਰ੍ਹਾਂ?

ਮੈਂ ਅਖ਼ਬਾਰਾਂ ਵਿਚ ਕਈ ਇਸ਼ਤਿਹਾਰ ਪੜ੍ਹੇ। ਕਈ ਏਜੰਸੀਆਂ ਕੋਲ ਗਈ। ਪਰ ਉਹਨਾਂ ਨੇ ਇਹ ਕਹਿ ਕੇ ਇਨਕਾਰ ਕਰ ਦਿੱਤਾ ਕਿ ਮੇਰੀ ਸ਼ਕਲ ਸੂਰਤ ਤਾਂ ਚੰਗੀ ਸੀ, ਪਰ ਮਾਡਲਿੰਗ ਦਾ ਕੋਈ ਤਜਰਬਾ ਨਹੀਂ ਸੀ।

ਆਖ਼ਰ ਮੈਂ ਗਲੈਮਰ ਆਰਟਸ ਏਜੰਸੀ ਕੋਲ ਪਹੁੰਚੀ, ਜਿਸ ਦਾ ਮਾਲਕ ਇਕ ਭਾਰੀ ਭਰਕਮ ਫੋਟੋਗ੍ਰਾਫ਼ਰ ਸੀ। ਗੰਜਾ। ਉਮਰ ਪੰਜਾਹ ਸਾਲ ਦੇ ਲਗਪਗ। ਅੱਖਾਂ ਗੋਲ ਤੇ ਮੋਟਾ ਚਸ਼ਮਾ। ਉਸ ਨੇ ਮੈਨੂੰ ਸਿਰ ਤੋਂ ਪੈਰ ਤੀਕ ਜਾਂਚਿਆ ਤੇ ਅੱਖਾਂ ਚਮਕਾ ਕੇ ਬੋਲਿਆ, "ਮੈਂ ਤੈਨੂੰ ਕਿਤੇ ਦੇਖਿਐ ! ਤੂੰ ਕਦੇ ਗੋਆ ਗਈ ਸੀ?"

"ਹਾਂ, ਇਕ ਵਾਰ ਗਈ ਸਾਂ ਆਪਣੀ ਮਾਂ ਨਾਲ ਗੋਆ।"

ਉਹ ਸਿਰ ਖੁਰਕਦਾ ਹੋਇਆ ਦੂਜੇ ਕਮਰੇ ਵਿਚ ਗਿਆ ਤੇ ਉਥੋਂ ਇਕ ਵੱਡੀ ਫੋਟੋ-ਐਲਬਮ ਲੈ ਆਇਆ। ਇਸ ਨੂੰ ਮੇਜ਼ ਉਤੇ ਰਖ ਕੇ ਦਿਖਾਉਣ ਲਗਾ, "ਇਹ ਤਸਵੀਰ ਤੇਰੀ ਹੈ ਨਾ?"

ਮੈਂ ਫੋਟੋ ਨੂੰ ਹੈਰਾਨੀ ਨਾਲ ਦੇਖਿਆ। ਇਹ ਮੇਰੀ ਹੀ ਫੋਟੋ ਸੀ।

ਉਹ ਬੋਲਿਆ, "ਮੈਂ ਤੈਨੂੰ ਗੋਆ ਦੇ ਬੀਚ ਉਤੇ ਦੌੜਦੀ ਨੂੰ ਦੇਖਿਆ ਸੀ। ਤੇਰੇ ਸਿਆਹ ਵਾਲ ਹਵਾ ਵਿਚ ਉਡ ਰਹੇ ਸਨ। ਮੈਂ ਕੈਮਰੇ ਦਾ ਰੁਖ਼ ਤੇਰੇ ਵੱਲ ਮੋੜ ਦਿੱਤਾ ਤੇ ਤੇਰੀ ਫੋਟੋ ਖਿੱਚ ਲਈ। ਇਕ ਦਮ ਤੂੰ ਕੈਮਰੇ ਦੇ ਫਰੇਮ ਤੋਂ ਬਾਹਰ ਨਿਕਲ ਗਈ ਤੇ ਗੁਆਚ ਗਈ। ਮੈਂ ਫ਼ੋਟੋਗ੍ਰਾਫਰ ਹਾਂ ਨਾ - ਕੈਮਰਾਮੈਨ ਲੋਕਾਂ ਨੂੰ, ਔਰਤਾਂ ਨੂੰ, ਲੀਡਰਾਂ ਨੂੰ, ਮੰਗਤਿਆਂ ਨੂੰ ਤੇ ਭਿਖਾਰੀਆਂ ਨੂੰ ਕੈਮਰੇ ਦੀ ਅੱਖ ਨਾਲ ਦੇਖਦਾ ਹੈ। ਕੈਮਰਾ ਹੀ ਮੇਰੀ ਅੱਖ ਹੈ। ਮੈਂ ਹੁਸਨ ਤੇ ਰੂਪ ਦਾ ਪੁਜਾਰੀ ਹਾਂ। ਹਰ ਚੀਜ਼ ਨੂੰ ਕਿਸੇ ਸੈਟਿੰਗ ਵਿਚ ਦੇਖਣ ਦਾ ਆਦੀ। ਮੈਨੂੰ ਗੁਲਾਬ ਦੇ ਫੁੱਲ ਵਿਚ ਏਨੀ ਦਿਲਚਸਪੀ ਨਹੀਂ ਜਿਤਨੀ ਕੰਡੇਦਾਰ ਕੈਕਟਸ ਵਿਚ। ਹਾਲਾਂਕਿ ਕੈਕਟਸ ਨੂੰ ਹੱਥ ਲਾਉਣ ਨੂੰ ਜੀਅ ਨਹੀਂ ਕਰਦਾ। ਪਰ ਕੈਕਟਸ ਕਈ ਐਂਗਲਜ਼ ਤੋਂ ਬਹੁਤ ਖ਼ੂਬਸੂਰਤ ਦਿਖਾਈ ਦੇਂਦਾ ਹੈ। ਮੈਂ ਖ਼ੂਬਸੂਰਤੀ ਨੂੰ ਕੈਮਰੇ ਵਿਚ ਕੈਦ ਕਰਦਾ ਹਾਂ - ਇਸ ਡੱਬੇ ਵਿਚ, ਫਰੀਜ਼ ਕਰ

ਦੇਂਦਾ ਹਾਂ। ਤੇ ਇਹ ਮੇਰੀ ਮਲਕੀਅਤ ਹੈ। ਮੈਂ ਤੈਨੂੰ ਅੱਜ ਦੇਖਿਆ ਤਾਂ ਝੱਟ ਪਛਾਣ ਲਿਆ ਕਿ ਤੂੰ ਹੀ ਉਹ ਕੁੜੀ ਸੀ, ਜਿਸ ਨੂੰ ਮੈਂ ਲਭ ਰਿਹਾ ਸਾਂ।

ਦੂਸਰੇ ਦਿਨ ਸਟੂਡੀਓ ਵਿਚ ਉਸ ਨੇ ਕਈ ਪੋਜ਼ਿਜ਼ ਵਿਚ ਮੇਰੀਆਂ ਤਸਵੀਰਾਂ ਖਿੱਚੀਆਂ ...ਮੇਰੇ ਲਚਕੀਲੇ ਹੁਸਨ ਨੇ ਉਸ ਉਤੇ ਜਾਦੂ ਦਾ ਅਸਰ ਕੀਤਾ। ਮੈਂ ਉਸ ਦੀ ਅਸਿਸਟੈਂਟ ਬਣ ਗਈ, ਉਸ ਦੇ ਸਾਰੇ ਕੰਮ ਕਰਨ ਵਾਲੀ। ਤੇ ਉਹ ਮੇਰਾ ਗੁਰੂ ਤੇ ਬਾਸ।

ਸਵੇਰ ਤੋਂ ਸ਼ਾਮ ਤੀਕ ਮੈਂ ਉਸ ਨਾਲ ਕੰਮ ਕਰਾਉਂਦੀ। ਉਸ ਨੇ ਮੇਰਾ ਇਕ ਫ਼ੋਟੋ-ਸੈਸ਼ਨ ਲਿਆ ਜਿਸ ਵਿਚ ਮੈਂ ਵਾਲਾਂ ਨੂੰ ਉਛਾਲ ਰਖਿਆ ਸੀ - ਸੰਘਣੇ ਘੁੰਗਰਾਲੇ ਵਾਲ ... ਤੇ ਮੈਂ ਟਾਪਲੈੱਸ ਪੋਜ਼ ਵਿਚ ਸੀ। ਜਦ ਮੈਂ ਫ਼ੋਟੋ-ਸੈਸ਼ਨ ਲਈ ਚੋਲੀ ਨੂੰ ਉਤਾਰ ਕੇ ਸੁਟਿਆ ਤਾਂ ਮੈਨੂੰ ਬਿਲਕੁਲ ਝਿਜਕ ਨਾ ਹੋਈ। ਮੈਂ ਕੈਮਰੇ ਵਿਚੋਂ ਆਪਣੇ ਆਪ ਨੂੰ ਦੇਖ ਰਹੀ ਸਾਂ ... ਲੈਨਜ਼ ਵਿਚ ਮੇਰੀ ਨਜ਼ਰ ਸੀ... ਚਾਰ ਲਾਈਟਸਮੈਨ ਮੇਰੇ ਚਿਹਰੇ ਉਤੇ ਰਸੀਲਾ ਭਾਵ ਦੇਖ ਰਹੇ ਸਨ.... ਮੈਂ ਹੈਰਾਨ ਹੋਈ ਕਿ ਮੈਂ ਅੱਧ-ਨੰਗੀ ਮਾਡਲ ਦੇ ਰੂਪ ਵਿਚ ਉਸ ਦੇ ਸਾਹਮਣੇ ਖੜ੍ਹੀ ਸਾਂ... ਤੇਂ ਮੈਨੂੰ ਕੋਈ ਲੱਜਿਆ ਨਹੀਂ ਸੀ, ਨਿਰਮੋਹ, ਨਿਰਭੈਅ... ਨਿਰਲੇਪ - ਕਿਸੇ ਯੋਗਣ ਵਾਂਗ ਬੇਲਾਗ। ਪਰਵੇਜ਼ ਲਗਾਤਾਰ ਮੇਰੀਆਂ ਤਸਵੀਰਾਂ ਖਿੱਚ ਰਿਹਾ ਸੀ ਤੇ ਆਖ ਰਿਹਾ ਸੀ: ਜਿਸਮ ਢਿੱਲਾ! ... ਰੀਲੈਕਸ ! ...ਹੋਂਠ ਅੱਧ-ਖੁੱਲ੍ਹੇ, ਗਰਦਨ ਥੋੜ੍ਹੀ ਟੇਢੀ ... ਢਾਕਾਂ ਰਤਾ ਕੁ ਸੱਜੇ ...ਅੱਖਾਂ ਵਿਚ ਖ਼ੁਮਾਰ ... ਜਿਵੇਂ ਮੰਦਿਰ ਵਿਚ ਮੂਰਤੀ ਹੋਵੇ, ਜਾਂ ਕਿਸੇ ਗੁਫ਼ਾ ਦਾ ਪ੍ਰਾਚੀਨ ਚਿੱਤਰ। ਮੈਂ ਪਰਵੇਜ਼ ਦੀ ਉਸ ਆਗਿਆ ਦਾ ਪਾਲਣ ਕੀਤਾ। ਮਹਿਸੂਸ ਕੀਤਾ ਕਿ ਮੇਰੇ ਜਿਸਮ ਦੀ ਆਕ੍ਰਿਤੀ ਉਸ ਦੀ ਕਲਪਨਾ ਅਨੁਸਾਰ ਢਲ ਗਈ ਸੀ।

ਪਰਵੇਜ਼ ਬੋਲਿਆ, "ਸ਼ਾਲੂ, ਔਰਤ ਦੀ ਜ਼ਾਤ ਬੀ.ਏ., ਐਮ. ਏ. ਦੀਆਂ ਡਿਗਰੀਆਂ ਜਾਂ ਅਮੀਰ ਘਰਾਣੇ ਤੋਂ ਨਹੀਂ ਪਰਖੀ ਜਾਂਦੀ। ਉਸ ਦੀ ਜ਼ਾਤ ਦਾ ਉਸ ਦੇ ਵਰਗ ਨਾਲ ਕੋਈ ਤੁਅੱਲਕ ਨਹੀਂ। ਉਸ ਦੀ ਪਰਖ ਉਸਦੇ ਹੁਸਨ ਤੋਂ ਹੁੰਦੀ ਹੈ। ਮੈਂ ਮਾਰਵਾੜੀ ਸੇਠਾਂ ਦੀਆਂ ਬੀਵੀਆਂ ਦੇਖੀਆਂ ਹਨ ... ਉਚੇ ਘਰਾਣੇ ਦੀਆਂ ਅਮੀਰ ਔਰਤਾਂ ... ਸੋਨੇ ਨਾਲ ਲੱਦੀਆਂ ਹੋਈਆਂ .. ਮੋਟੇ ਨੱਕ, ਮੋਟੇ ਢਿੱਡ। ਕੀ ਜ਼ਾਤ ਹੈ ਉਹਨਾਂ ਦੀ? ਉਹ ਹਮੇਸ਼ਾਂ ਥਰਡ ਕਲਾਸ ਦੀਆਂ ਔਰਤਾਂ ਰਹਿਣਗੀਆਂ, ਲੱਖ ਗਹਿਣੇ ਪਹਿਨ ਲੈਣ, ਹੀਰੇ ਮੋਤੀ ਲਟਕਾ ਲੈਣ, ਸ਼ੈਨੇਲ-ਫਾਈਵ ਦਾ ਇਤਰ ਛਿੜਕ ਲੈਣ ... ਪੈਰਿਸ ਦੇ ਛੇ ਚੱਕਰ ਕੱਟ ਆਉਣ - ਉਹਨਾਂ ਦੀ ਕਲਾਸ, ਉਹਨਾਂ ਦਾ ਮੋਟਾ ਨੱਕ, ਮੋਟਾ ਢਿੱਡ ਨਹੀਂ ਬਦਲਦੇ। ਹੁਸਨ ਦਾ ਕੋਈ ਮਜ਼੍ਹਬ ਨਹੀਂ ਹੁੰਦਾ। ਕੋਈ ਵਰਗ ਨਹੀਂ ਹੁੰਦਾ।

ਹੁਸਨ ਖ਼ੁਦ ਇਕ ਵਰਗ ਹੈ - ਉਚ ਕੋਟੀ ਦੀ ਆਰਿਸਟੋਕ੍ਰੈਟਿਕ ਵਰਗ। ਸ਼ਾਲੂ, ਤੈਨੂੰ ਕਿਸੇ ਸਮਾਜਕ ਦਰਜੇ ਦੀ ਜ਼ਰੂਰਤ ਨਹੀਂ। ਤੂੰ ਆਪਣੇ ਆਪ ਵਿਚ ਪੂਰੀ ਹੈਂ। ਤੂੰ ਸ਼ਾਲੂ ਹੈਂ ਸ਼ਾਲੂ ... ਸਿਰਫ਼ ਸ਼ਾਲੂ ... ਇਹੋ ਤੇਰੀ ਜ਼ਾਤ ਹੈ, ਇਹੋ ਤੇਰਾ ਸਮਾਜਕ ਦਰਜਾ!"

ਮੇਰਾ ਸਿਰ ਲੁਕ ਗਿਆ।

* * *

ਇਕ ਦਿਨ ਮੈਂ ਤਸਵੀਰਾਂ ਨੂੰ ਜੋੜ ਰਹੀ ਸਾਂ ਤੇ ਨਵੇਂ ਸਟਾਈਲ ਨਾਲ ਉਹਨਾਂ ਦਾ ਲੇ-ਆਊਟ ਤਿਆਰ ਕਰ ਰਹੀ ਸਾਂ। ਮੇਰੀ ਨਜ਼ਰ ਵਿਚ ਇਕ ਵੱਡੀ ਆਰਟ ਬੁਕ ਉਤੇ ਪਈ ਜੋ ਪਰਵੇਜ਼ ਇੰਟਰਨੈਸ਼ਨਲ ਬੁਕ ਫੇਅਰ ਤੋਂ ਖਰੀਦ ਕੇ ਲਿਆਇਆ ਸੀ। ਮੈਂ ਇਸ ਦੇ ਸਫ਼ੇ ਪਲਟਣ ਲਗੀ ਤਾਂ ਇਸ ਵਿਚ ਛਪੀਆਂ 'ਕਾਵ ਨਸਲ' ਦੇ ਅਫ਼ਰੀਕੀ ਆਦਿਵਾਸੀਆਂ ਦੀਆਂ ਨੰਗੀਆਂ ਤਸਵੀਰਾਂ ਸਨ। ਛੇ ਫੁਟ ਸ਼ਾਇਦ ਸਾਢੇ ਛੇ ਫੁਟ ਲੰਮੀਆਂ ਔਰਤਾਂ ਤੇ ਗਠੀਲੇ ਜਿਸਮ ... ਪਤਲੀਆਂ ਲੰਮੀਆਂ ਲੱਤਾਂ, ਤਣੀਆਂ ਹੋਈਆਂ ਛਾਤੀਆਂ, ਪ੍ਰੇਮ-ਕ੍ਰੀੜਾ ਵਿਚ ਮਸਤ। ਸੰਭੋਗ ਦੀਆਂ ਇਹਨਾਂ ਤਸਵੀਰਾਂ ਵਿਚ ਲੋਹੜੇ ਦਾ ਹੁਸਨ ਸੀ। ਮੈਨੂੰ ਕੋਈ ਅਸ਼ਲੀਲਤਾ ਨਜ਼ਰ ਨਾ ਆਈ। ਬਹੁਤ ਦੇਰ ਤੀਕ ਮੈਂ ਇਹਨਾਂ ਉਤੇ ਹੱਥ ਫੇਰਦੀ ਰਹੀ। ਸੰਭੋਗ ਦੇ ਆਸਣ ...ਸੈਕਸ ਨਾਲ ਲਬਰੇਜ਼ .. ਦਿਲ ਕਰਦਾ ਸੀ ਕਿ ਕੋਈ ਮੇਰੇ ਨਾਲ ਵੀ ਇਸ ਤਰ੍ਹਾਂ ਸੰਭੋਗ ਕਰੇ .. ਪੂਰਾ ਆਦਿਕਾਲੀਨ ਸੰਭੋਗ.... ਅਜਿਹਾ ਪਿਆਰ ਜੋ ਮੇਰੇ ਜਿਸਮ ਤੇ ਆਤਮਾ ਨੂੰ ਝੰਜੋੜ ਕੇ ਰਖ ਦੇਵੇ। ਇਕ ਤੂਫ਼ਾਨ ... ਸਾਰਾ ਜਿਸਮ ਇਸ ਅੱਗ ਦੀ ਤਪਸ਼ ਵਿਚ ਝੁਲਸ ਉਠੇ...

ਏਨੇ ਵਿਚ ਭਾਰੇ ਕਦਮ ਦੀ ਆਹਟ ਮਹਿਸੂਸ ਹੋਈ। ਪਰਵੇਜ਼ ਕਿਸੇ ਮੀਟਿੰਗ ਤੋਂ ਪਰਤਿਆ ਸੀ। ਮੈਨੂੰ ਇਹਨਾਂ ਤਸਵੀਰਾਂ ਵਿਚ ਮਸਰੂਫ਼ ਦੇਖ ਕੇ ਬੋਲਿਆ, "ਕੀ ਦੇਖ ਰਹੀਂ ਹੈਂ? ਹਬਸ਼ੀਆਂ ਦੇ ਨੰਗੇ ਜਿਸਮ? ਕਾਲੇ-ਕਲੂਟੇ ਹਬਸ਼ੀ...ਬਦਸੂਰਤ। ਨਾ ਦੇਖ ਇਹਨਾਂ ਤਸਵੀਰਾਂ ਨੂੰ, ਇਹਨਾਂ ਦੀ ਸਿਰਫ਼ ਲੇ-ਆਊਟ ਤੇ ਕੰਪੋਜ਼ੀਸ਼ਨ ਚੰਗੀ ਹੈ, ਬਾਕੀ ਸਭ ਬਕਵਾਸ।"

ਉਸ ਨੇ ਕਿਤਾਬ ਮੇਰੇ ਕੋਲੋਂ ਖੋਹ ਲਈ ਤੇ ਮੈਨੂੰ ਚਾਹ ਬਣਾਉਣ ਲਈ ਆਖਿਆ। ਮੈਂ ਉਠ ਕੇ ਚਲੀ ਗਈ। ਤੇ ਉਸ ਨੇ ਕਿਤਾਬ ਆਪਣੀ ਅਲਮਾਰੀ ਵਿਚ ਰਖ ਕੇ ਤਾਲਾ ਲਾ ਦਿੱਤਾ।

ਮੇਰੇ ਨਿਤਚਰਿਆ ਵਿਚ ਸਭ ਤੋਂ ਜ਼ਰੂਰੀ ਕੰਮ ਇਹ ਸੀ ਕਿ ਮੈਂ ਪਰਵੇਜ਼ ਨੂੰ ਚਾਹ ਦਾ ਪਿਆਲਾ ਬਣਾ ਕੇ ਦੇਵਾਂ। ਡਾਕਟਰ ਨੇ ਹਦਾਇਤ ਕੀਤੀ ਸੀ ਕਿ ਉਹ ਚਾਹ ਘੱਟ ਪੀਵੇ। ਪਰ ਉਸ ਨੂੰ ਚਾਹ ਪੀਣ ਦੀ ਬੀਮਾਰੀ ਸੀ। ਹਰ

ਤਿੰਨ ਘੰਟੇ ਪਿਛੋਂ ਚਾਹ ਦਾ ਪਿਆਲਾ। ਮੈਂ ਬੜੀ ਇਹਤਿਆਤ ਨਾਲ ਚਾਹ ਪੇਸ਼ ਕਰਦੀ ਤਾਂ ਮੈਂ ਪੁੱਛਦੀ, "ਕਿੰਨੀ ਚੀਨੀ?" ਉਹ ਆਖਦਾ, "ਇਕ ਚਮਚ! ਰੋਜ਼ ਰੋਜ਼ ਕਿਉਂ ਪੁੱਛਦੀ ਹੈਂ। ਸਿਰਫ ਇਕ ਚਮਚ!"

ਸ਼ਾਮ ਦਾ ਵੇਲਾ ਸੀ। ਮੈਂ ਸਟੂਡੀਓ ਵਿਚ ਡਮੀ ਔਰਤ ਦੇ ਬੁੱਤ ਨੂੰ ਨੀਲੀ ਲੰਮੀ ਡ੍ਰੈਸ ਪਹਿਨਾ ਕੇ ਸਜਾ ਰਹੀ ਸਾਂ। ਮੈਨੂੰ ਪਰਵੇਜ਼ ਦੀ ਗੂੰਜਵੀਂ ਆਵਾਜ਼ ਸੁਣਾਈ ਦਿੱਤੀ, "ਸ਼ਾਲੂ! ਸ਼ਾਲੂ!

ਮੈਂ ਅਵਾਜ਼ ਸੁਣ ਤੇ ਫੌਰਨ ਚਾਹ ਬਣਾਉਣ ਲਈ ਕਿਚਨ ਵਿਚ ਚਲੀ ਗਈ। ਉਹ ਇਕ ਆਊਟਡੋਰ ਫ਼ੋਟੋ-ਸੈਸ਼ਨ ਤੋਂ ਪਰਤਿਆ ਸੀ। ਆਉਂਦਿਆਂ ਹੀ ਚਾਹ ਦਾ ਹੁਕਮ ਦਿੱਤਾ। ਮੈਂ ਅਜੇ ਕੇਤਲੀ ਵਿਚੋਂ ਚਾਹ ਪਿਆਲੇ ਵਿਚ ਪਾ ਹੀ ਰਹੀ ਸਾਂ ਕਿ ਉਸ ਦੀ ਭਾਰੀ ਆਵਾਜ਼ ਫਿਰ ਸੁਣਾਈ ਦਿੱਤੀ, "ਸ਼ਾਲੂ...?"

ਮੈਂ ਆਖਿਆ, "ਆਈ, ਆਈ।" ਮੈਂ ਟ੍ਰੇ ਵਿਚ ਚਾਹ ਦਾ ਪਿਆਲਾ ਰਖਿਆ ਤੇ ਉਸ ਦੇ ਕਮਰੇ ਵਿਚ ਗਈ।

ਉਹ ਆਰਾਮ ਕੁਰਸੀ ਉਤੇ ਬੈਠਾ ਹੋਇਆ ਸੀ। ਚਿਹਰੇ ਉਤੇ ਥ਼ਕਾਵਟ ਆਵਾਜ਼ ਵਿਚ ਥਰਥਰਾਹਟ ਜਿਵੇਂ ਸਾਹ ਫੂਲ ਗਿਆ ਹੋਵੇ। ਉਹ ਕੁਰਸੀ ਉਤੇ ਬੈਠਾ ਹਫ ਰਿਹਾ ਸੀ। ਮੱਥੇ ਉਤੇ ਪਸੀਨਾ। ਸ਼ਾਇਦ ਉਸ ਨੇ ਉਸ ਵੇਲੇ ਦਿਲ ਦੀ ਮਰਜ਼ ਦੀਆਂ ਗੋਲੀਆਂ ਨਹੀਂ ਖਾਧੀਆਂ ਸਨ। ਮੈਂ ਚਾਹ ਦੇ ਪਿਆਲੇ ਵਿਚ ਇਕ ਚਮਚ ਚੀਨੀ ਪਾਈ ਤੇ ਉਸ ਨੂੰ ਹਿਲਾਉਣ ਲਗੀ।

ਉਹ ਬੋਲਿਆ, "ਮੈਨੂੰ ਚਾਹ ਨਹੀਂ ਚਾਹੀਦੀ।" ਅੱਖਾਂ ਬੰਦ ਕਰਕੇ ਕੁਝ ਦੇਰ ਸੋਚਦਾ ਰਿਹਾ। ਫਿਰ ਛੱਤ ਵੱਲ ਦੇਖਣ ਲਗਾ, ਫਿਰ ਮੇਰੇ ਵੱਲ ਦੇਖਿਆ ਤੇ ਬੋਲਿਆ, "ਸ਼ਾਲੂ... ਮੈਂ ਤੇਰੇ ਨਾਲ ਸ਼ਾਦੀ ਕਰਨਾ ਚਾਹੁੰਦਾ ਹਾਂ।"

ਇਹ ਫ਼ਿਕਰਾ ਅਗਨੀ-ਤੀਰ ਵਾਂਗ ਮੇਰੇ ਮੱਥੇ ਨੂੰ ਚੀਰਦਾ ਹੋਇਆ ਨਿਕਲ ਗਿਆ। ਮੇਰੇ ਜ਼ਿਹਨ ਵਿਚ ਖਲਬਲੀ ਜਿਹੀ ਮਚ ਗਈ। ਮੈਂ ਉਸ ਨੂੰ ਆਪਣੇ ਪਿਤਾ ਸਮਾਨ ਸਮਝਦੀ ਸਾਂ ... ਪਿਤਾ ਦਾ ਰੂਪ ਹੀ ਸੀ ਉਹ ਮੇਰੇ ਮਨ ਵਿਚ।

ਉਸ ਨੇ ਮੇਰਾ ਹੱਥ ਫੜ ਕੇ ਪਿਆਰ ਤੇ ਬੇਵਸੀ ਵਿਚ ਆਖਿਆ, "ਮੈਂ ਤੇਰੇ ਨਾਲ ਸ਼ਾਦੀ ਕਰਨਾ ਚਾਹੁੰਦਾ ਹਾਂ। ਮੇਰੀ ਇਲਤਜਾ ਕਬੂਲ ਕਰ। ਦੇਖ, ਇਨਕਾਰ ਨਾ ਕਰੀਂ ... ਨਹੀਂ ਤਾਂ ਮੈਂ ਜੀ ਨਹੀਂ ਸਕਾਂਗਾ। ਬੋਲ ... ਕਰੇਂਗੀ ਨਾ ਸ਼ਾਦੀ?"

ਮੈਂ ਸੁੰਨ ਰਹਿ ਗਈ। ਕੁਝ ਸਮਝ ਨਹੀਂ ਸੀ ਆ ਰਿਹਾ ਕਿ ਕੀ ਕਹਾਂ। ਜੇ ਉਹ ਪੁੱਛਦਾ, "ਦੋ ਤੇ ਦੋ ਪੰਜ ਹੁੰਦੇ ਨੇ ਨਾ? ਬੋਲ .. ਪੰਜ ਹੁੰਦੇ ਨੇ?" ਤਾਂ ਮੈਂ ਜੁਆਬ ਦੇਂਦੀ," ਹਾਂ, ਪੰਜ!" ਉਸ ਇਕ ਛਿਣ ਵਿਚ ... ਵਕਤ ਦੇ ਇਕ ਬਿੰਦੂ ਵਿਚ ਫ਼ੈਸਲਾ ਹੋ ਗਿਆ। ਨੀਮ ਬੇਹੋਸ਼ੀ ਦੀ ਹਾਲਤ ਵਿਚ ਮੇਰੇ ਮੂੰਹੋਂ 'ਨਾਂਹ'

ਦੀ ਬਜਾਏ 'ਹਾਂ' ਨਿਕਲ ਗਈ। ਉਸ ਨੇ ਮੇਰਾ ਹੱਥ ਫੜ ਕੇ ਹੌਲੀ ਹੌਲੀ ਚੁੰਮਿਆ। ਮੈਂ ਉਵੇਂ ਹੀ ਬੈਠੀ ਰਹੀ ... ਸਾਰਾ ਜਿਸਮ ਸੈਲ-ਪੱਥਰ...

ਬੇਖ਼ਬਰ ...

ਮੈਂ ਆਖਿਆ, "ਮੈਨੂੰ ਸੋਚ ਲੈਣ ਦੇਹ ... ਮੈਨੂੰ ਥੋੜ੍ਹਾ ਜਿਹਾ ਵਕਤ ਚਾਹੀਦਾ ਹੈ। ਮੈਂ ਇਹ ਫ਼ਿਕਰੇ ਆਪਣੇ ਕੱਚੇ ਪੱਕੇ ਲਫ਼ਜ਼ਾਂ ਨੂੰ ਟਾਲਣ ਲਈ ਕਹਿ ਰਹੀ ਸਾਂ.... ਪਰ ਉਹ ਸ਼ਾਦੀ ਉਤੇ ਅੜ ਗਿਆ। ਵਚਨ-ਬਧ ਮੈਂ ਪ੍ਰੇਸ਼ਾਨ ਹੋਈ ਦੇਖ ਰਹੀ ਸਾਂ। ਉਸ ਦੀ ਆਵਾਜ਼ ਵਿਚ ਦਰਦ ਸੀ ਤੇ ਅੱਖਾਂ ਵਿਚ ਰਹਿਮ ਦੀ ਭੀਖ। ਅਜੀਬ ਸਨਸਨੀ ਜਿਹੀ ਦੌੜ ਰਹੀ ਸੀ ਮੇਰੇ ਜਿਸਮ ਵਿੱਚ। ਹੱਥ ਠੰਢੇ ਪਏ ਸਨ ਮੇਰੇ। ਮੇਰੀ ਮਾਂ ਜਦੋਂ ਸਕੂਲ ਤੋਂ ਪੜ੍ਹਾ ਕੇ ਵਾਪਿਸ ਆਈ ਤਾਂ ਇਹ ਖ਼ਬਰ ਸੁਣ ਕੇ ਬੋਲੀ, "ਸ਼ਾਲੂ ਤੂੰ ਪਾਗਲ ਹੋ ਗਈ ਹੈਂ? ਉਸ ਅੱਧਖੜ ਮੋਟੇ ਨਾਲ ਤੂੰ ਸ਼ਾਦੀ ਕਰੇਂਗੀ? ਤੇਰਾ ਦਿਮਾਗ ਤਾਂ ਨਹੀਂ ਹਿੱਲ ਗਿਆ?"

ਮੈਂ ਮਾਂ ਦੀਆਂ ਗੱਲਾਂ ਸੁਣਦੀ ਰਹੀ। ਅਖੀਰ ਮਾਂ ਨੇ ਸਿਰ ਦੀਆਂ ਠੀਕਰੀਆਂ ਭੰਨਣ ਪਿਛੋਂ ਆਖਿਆ, "ਜੇ ਤੂੰ ਹਾਂ ਆਖ ਹੀ ਦਿੱਤੀ ਹੈ, ਤੇ ਤੇਰੀ ਇਹੋ ਮਰਜ਼ੀ ਹੈ ਤਾਂ ਸਾਨੂੰ ਮਨਜ਼ੂਰ ਹੈ। ਹੋਰ ਮੈਂ ਕੀ ਆਖ ਸਕਦੀ ਹਾਂ" ਪਰ ਮੇਰੀ ਮਾਂ ਅੰਦਰੋਂ ਖੁਸ਼ ਨਹੀਂ ਸੀ।

ਮੇਰੀ ਸ਼ਾਦੀ ਹੋ ਗਈ। ਵੱਡੀ ਪਾਰਟੀ। ਦੋਸਤ- ਦਾਅਵਤਾਂ - ਮੁਬਾਰਕਬਾਦ ... ਤੋਹਫੇ ... ਤੇ ਮੈਂ ਕੁਆਰੀ ਸ਼ਾਲੂ ... ਸ਼ਾਦੀ ਸ਼ੁਦਾ ਸ਼ਾਲੂ - ਯਾਨੀ ਮਿਸਟਰ ਪਵਰੇਜ਼ ਦੀ ਬੀਬੀ ਸ਼ਾਲੂ ਪਰਵੇਜ਼ ਬਣ ਗਈ। ਪਰ ਨਾਲ ਹੀ ਇਕ ਅਜੀਬ ਠੰਡਕ ਮੇਰੇ ਅੰਦਰ ਆ ਗਈ। ਸੋਚਿਆ .... ਸ਼ਾਦੀ ਦੀ ਖੇਡ ਠੀਕ ਹੀ ਤਾਂ ਹੈ। ਉਹ ਪਿਆਰ ਕਰਦਾ ਹੈ ਮੈਨੂੰ। ਮੇਰੀ ਤਰੱਕੀ ਲਈ ਦਿਲੋ ਜਾਨ ਨਾਲ ਕੋਸ਼ਿਸ਼ ਕਰ ਰਿਹਾ ਹੈ। ਮੇਰੀ ਬਿਹਤਰੀ, ਮੇਰੀ ਖੁਸ਼ੀ, ਮੇਰੀ ਉੱਨਤੀ ਲਈ ਬੇਤਾਬ। ਉਹ ਮੇਰਾ ਦੋਸਤ ਹੈ, ਪ੍ਰੇਮੀ ਹੈ, ਪਤੀ ਹੈ ... ਸਭ ਕੁਝ।

ਪਰਵੇਜ਼ ਨੂੰ ਐਂਟੀਕ ਚੀਜ਼ਾਂ ਦਾ ਬਹੁਤ ਸ਼ੌਕ ਸੀ, ਖ਼ਾਸ ਤੌਰ ਤੇ ਬ੍ਰਾਸ ਦੀਆਂ ਅੱਧ-ਨੰਗੀਆਂ ਮੂਰਤੀਆਂ ਜੋ ਕਲਾਸੀਕਲ ਮੁਦਰਾਵਾਂ ਵਿਚ ਢਲੀਆਂ ਹੋਣ।

ਸ਼ਾਦੀ ਦੀ ਪਹਿਲੀ ਰਾਤ ਲਈ ਉਸ ਨੇ ਇਕ ਪਲੰਘ ਬਣਵਾਇਆ ਜੋ ਚੰਦਨ ਦੀ ਲੱਕੜੀ ਦਾ ਬਣਿਆਂ ਹੋਇਆ ਸੀ। ਉਸ ਦੇ ਚਾਰ ਮੋਟੇ ਪਾਵਿਆਂ ਉਤੇ ਫਨੀਅਰ ਸੱਪ ਖੁਦੇ ਹੋਏ ਸਨ, ਤੇ ਚਾਂਦੀ ਦੀਆਂ ਮੇਖਾਂ ਠੁਕੀਆਂ ਹੋਈਆਂ ਸਨ। ਮੈਂ ਹੈਰਾਨ ਹੋਈ ਤਾਂ ਉਹ ਬੋਲਿਆ, "ਸ਼ਾਲੂ, ਤੂੰ ਆਖਿਆ ਸੀ ਨਾ, ਤੇਰੀ ਮਾਂ ਮੈਸੂਰ ਦੀ ਰਹਿਣ ਵਾਲੀ ਹੈ, ਜਿਥੇ ਚੰਦਨ ਦੇ ਦਰੱਖ਼ਤਾਂ ਦਾ ਜੰਗਲ ਹੈ। ਉਸ ਉਤੇ ਸੱਪ ਲਿਪਟੇ ਰਹਿੰਦੇ ਹਨ। ਹਵਾ ਵਗਦੀ ਹੈ ਤਾਂ ਚੰਦਨ ਦੀ ਮਹਿਕ ਸੌ ਸੌ ਮੀਲ ਤੀਕ ਫੈਲ ਜਾਂਦੀ ਹੈ। ਤੂੰ ਚੰਦਨ ਵਿਚ ਪਲੀ ਹੈ, ਸੋਚਿਆ ਸਾਡੀ

ਸ਼ਾਦੀ ਉਤੇ ਤੇਰੇ ਲਈ ਇਸ ਤੋਂ ਬੇਹਤਰ ਹੋਰ ਕੀ ਤੋਹਫ਼ਾ ਹੋਵੇਗਾ। ਪਸੰਦ ਹੈ ਨਾ ਤੈਨੂੰ?"

"ਹਾਂ" ! ਮੈਂ ਆਖਿਆ, "ਬਹੁਤ ਭਾਰੇ ਕਪੜੇ ਪਾ ਰਖੇ ਹਨ, ਸੁੱਤਾ ਨਹੀਂ ਜਾਵੇਗਾ। ਉਤਾਰ ਦੇਵਾਂ ਇਹਨਾਂ ਨੂੰ ...? ਮੇਰਾ ਮਤਲਬ ਬਦਲ ਲਵਾਂ?"

ਪਰਵੇਜ਼ ਬੋਲਿਆ, "ਹਾਂ-ਹਾਂ? ਬਦਲ ਲੈ!"

ਮੈਂ ਸੁਰਖ਼ ਗੋਟੇ-ਜੜੀ ਸਾੜ੍ਹੀ ਪਾਈ ਹੋਈ ਸੀ। ਭਾਰੀ ਗਹਿਣੇ। ਦੂਸਰੇ ਕਮਰੇ ਵਿਚ ਜਾ ਕੇ ਬਾਥਰੂਮ ਵਿਚ ਗਈ। ਉਹਨਾਂ ਨੂੰ ਲਾਹਿਆ। ਗਰਮ ਪਾਣੀ ਨਾਲ ਨਹਾਤੀ। ਫਿਰ ਆਪਣਾ ਸਫ਼ੇਦ ਟ੍ਰਾਂਸਪੇਰੈਂਟ ਮਿਨੀ ਗਾਊਨ ਪਹਿਨ ਲਿਆ, ਜਿਸ ਵਿਚੋਂ ਦੀ ਮੇਰਾ ਜਿਸਮ ਝਲਕ ਰਿਹਾ ਸੀ। ਆਪਣੇ ਆਪ ਨੂੰ ਸ਼ੀਸ਼ੇ ਸਾਹਮਣੇ ਖੜ੍ਹੇ ਹੋ ਕੇ ਦੇਖਿਆ। ਮੈਨੂੰ ਯਕੀਨ ਨਹੀਂ ਸੀ ਆ ਰਿਹਾ ਕਿ ਇਹ ਮੈਂ ਹਾਂ। ਲੰਮੇ ਸੰਘਣੇ ਘੁੰਗਰਾਲੇ ਵਾਲ, ਅੱਖਾਂ ਵਿਚ ਕੱਜਲ ਤੇ ਜੋਬਨ ਦਾ ਉਭਾਰ, ਮੈਂ ਸਾਹਮਣੇ ਪਿਆ ਡਿਊਕ-ਸੈਂਟ ਲਗਾਇਆ। ਸੌਣ ਤੋਂ ਪਹਿਲਾਂ ਮੈਂ ਹਮੇਸ਼ਾ ਸੈਂਟ ਲਗਾਉਂਦੀ ਸਾਂ ਤਾਂ ਕਿ ਨੀਂਦ ਵਿਚ ਇਸ ਦੀ ਮਹਿਕ ਆਉਂਦੀ ਰਹੇ।

ਬੈੱਡਰੂਮ ਵਿਚ ਵਾਪਿਸ ਆਈ। ਉਹ ਬੋਲਿਆ, "ਤੂੰ ਬਹੁਤ ਖ਼ੂਬਸੂਰਤ ਲੱਗ ਰਹੀ ਹੈਂ। ਕੱਚ ਦੀ ਸੁਰਾਹੀ ਹੈਂ ਤੂੰ। ਹੱਥ ਲਾਇਆ ਕਿਤੇ ਟੁਟ ਨਾ ਜਾਵੇ" ਤੇ ਮੁਸਕਾਇਆ।

ਮੈਂ ਥੋੜ੍ਹੀ ਦੇਰ ਖੜ੍ਹੀ ਰਹੀ, ਫਿਰ ਬਿਸਤਰ ਵਿਚ ਉਸ ਦੀ ਬਗਲ ਵਿਚ ਹੀ ਲੇਟ ਗਈ।

ਉਸ ਨੇ ਹੌਲੀ ਹੌਲੀ ਮੇਰੇ ਵਾਲਾਂ ਉਤੇ ਹੱਥ ਫੇਰਿਆ। ਪਿਆਰ ਨਾਲ ਥਪਕੀ ਦਿੱਤੀ। ਸ਼ਾਇਦ ਉਸ ਨੂੰ ਕੋਈ ਡਰ ਸੀ। ਉਹ ਇਸ ਤੋਂ ਅੱਗੇ ਨਾ ਵਧਿਆ। ਮੈਂ ਸੋਚਿਆ .... ਮੈਂ ਇਕ ਰਸਦਾਰ ਅੰਬ ਹਾਂ। ਉਹ ਇਸ ਨੂੰ ਆਰਾਮ ਨਾਲ ਚੂਪਣਾ ਚਾਹੁੰਦਾ ਹੈ।

ਸ਼ਾਦੀ ਪਿਛੋਂ ਮੈਂ ਪਰਵੇਜ਼ ਨਾਲ ਬਹੁਤ ਖੁਸ਼ ਸਾਂ। ਆਰਟ ਦੀ ਦੁਨੀਆਂ, ਫੈਸ਼ਨ ਦੀ ਦੁਨੀਆਂ, ਤਸਵੀਰਾਂ ਦੀ ਦੁਨੀਆਂ। ਅੱਧੀ ਅੱਧੀ ਰਾਤ ਤੀਕ ਪਰਵੇਜ਼ ਨਾਲ ਤਸਵੀਰਾਂ ਨੂੰ ਜੋੜਦੀ। ਤੇ ਉਹਨਾਂ ਦਾ ਲੇ-ਆਊਟ ਤਿਆਰ ਕਰਦੀ। ਦਫ਼ਤਰ ਦੇ ਬਾਹਰਲੇ ਕੰਮ ਵਿਚ ਵੀ ਮਦਦ ਕਰਦੀ।

ਪਰਵੇਜ਼ ਮੈਨੂੰ ਫੈਸ਼ਨ ਦੀਆਂ ਵੱਡੀਆਂ ਵੱਡੀਆਂ ਪਾਰਟੀਆਂ ਵਿਚ ਆਪਣੇ ਨਾਲ ਲੈ ਕੇ ਜਾਂਦਾ। ਮੈਂ ਤਰ੍ਹਾਂ ਤਰ੍ਹਾਂ ਦੇ ਡੀਜ਼ਾਈਨ ਵਾਲੇ ਕਪੜੇ ਪਹਿਨ ਕੇ ਜਾਂਦੀ ਤਾਂ ਔਰਤਾਂ ਮੈਨੂੰ ਪੁੱਛਦੀਆਂ ਕਿ ਇਹ ਡ੍ਰੈੱਸ ਤੂੰ ਕਿਥੋਂ ਖ਼ਰੀਦੀ ਹੈ। ਪਰਵੇਜ਼ ਅੱਗੋਂ ਬੋਲਦਾ, "ਇਹ ਡ੍ਰੈਸ ਤਾਂ ਸ਼ਾਲੂ ਨੇ ਖ਼ੁਦ ਡੀਜ਼ਾਈਨ ਕੀਤੀ ਹੈ।" ਉਹ

ਖੁਸ਼ ਹੁੰਦਾ ਕਿ ਸਾਰੇ ਲੋਕ ਮੇਰੀ ਤਾਰੀਫ਼ ਕਰ ਰਹੇ ਸਨ।

ਨੱਚਦੇ ਸਮੇਂ ਪਰਵੇਜ਼ ਇਕ ਅੱਧਾ ਚੱਕਰ ਮੇਰੇ ਨਾਲ ਕੱਢ ਲੈਂਦਾ ਤੇ ਹਫ਼ਦਾ ਹੋਇਆ ਕੁਰਸੀ ਉਤੇ ਜਾ ਬੈਠਦਾ। ਨਜ਼ਰਾਂ ਮੇਰੇ ਉਤੇ। ਮੈਂ ਸਿੰਗਲ ਲੜਕੀਆਂ ਨਾਲ ਜੋੜਾ ਬਣਾ ਕੇ ਨੱਚਦੀ ਤੇ ਘੰਟਿਆ ਤੀਕ ਨਾ ਥੱਕਦੀ। ਪਰ ਮੈਨੂੰ ਕਿਸੇ ਗ਼ੈਰ ਮਰਦ ਨਾਲ ਨੱਚਣ ਦੀ ਇਜਾਜ਼ਤ ਨਹੀਂ ਸੀ।

ਫੈਸ਼ਨ ਦੀਆਂ ਇਹਨਾਂ ਪਾਰਟੀਆਂ ਵਿਚ ਖ਼ੁਸ਼ੀ ਦੇ ਜਾਮ ਟਕਰਾਏ ਜਾਂਦੇ। ਰਸਮੀ ਤੌਰ ਤੇ ਮੈਂ ਵੀ ਸ਼ੈਮਪੇਨ ਦਾ ਘੁੱਟ ਭਰ ਲਿਆ ... ਖੱਟਾ ਖੱਟਾ, ...ਬੁਲਬਲੇ ਤੇ ਝੱਗ ...ਅਜੀਬ ਟੇਸਟ।

ਪਾਰਟੀ ਤੋਂ ਵਾਪਿਸ ਆ ਕੇ ਪਰਵੇਜ਼ ਨੇ ਆਖਿਆ, "ਮੈਨੂੰ ਸ਼ੈਮਪੇਨ ਬਿਲਕੁਲ ਪਸੰਦ ਨਹੀਂ। ਇਸ ਦਾ ਟੇਸਟ ਬਿਲਕੁਲ ਖੱਟੇ ਮਿੱਠੇ ਅੰਗੂਰਾਂ ਵਰਗਾ ਹੈ।"

"ਤੈਨੂੰ ਪਤਾ ਹੈ ਸ਼ੈਮਪੇਨ ਕਿਸ ਨੂੰ ਆਖਦੇ ਹਨ?"

"ਸ਼ੈਮਪੇਨ - ? ਵਾਈਨ ਨੂੰ!"

"ਕਿਹੜੀ ਵਾਈਨ?"

"ਸ਼ੈਮਪੇਨ!"

"ਸ਼ੈਮਪੇਨ ਕੀ?"

ਮੈਂ ਹੈਰਾਨ ਹੋਈ ਕਿ ਇਹ ਕਿਹੋ ਜਿਹਾ ਸੁਆਲ ਸੀ। ਉਹ ਬੋਲਿਆ, "ਮੇਰਾ ਮਤਲਬ ਹੈ ਇਸ ਵਾਈਨ ਦਾ ਨਾਂ ਸ਼ੈਮਪੇਨ ਕਿਉਂ ਹੈ?"

ਮੈਂ ਹੱਸ ਪਈ। ਬੋਲੀ, "ਤੂੰ ਹੀ ਦੱਸ। ਆਲੂ ਨੂੰ ਆਲੂ ਕਿਉਂ ਆਖਦੇ ਹਨ? ਬੈਂਗਣ ਨੂੰ ਬੈਂਗਣ ਕਿਉਂ ਆਖਦੇ ਹਨ? ਇਹ ਵੀ ਕੋਈ ਸੁਆਲ ਹੈ ਭਲਾ?"

ਉਹ ਆਖਣ ਲਗਾ, "ਤੂੰ ਜਾਹਿਲ ਹੈਂ! ਸੁਣ। ਸ਼ੈਮਪੇਨ ਫਰਾਂਸ ਵਿਚ ਇਕ ਪਿੰਡ ਹੈ, ਜਿਥੇ ਖਾਸ ਕਿਸਮ ਦੇ ਅੰਗੂਰਾਂ ਦੀ ਵਾਈਨ ਬਣਦੀ ਹੈ। ਇਸ ਪਿੰਡ ਦੇ ਨਾਂ ਉਤੇ ਹੀ ਇਸ ਵਾਈਨ ਦਾ ਨਾਂ ਸ਼ੈਮਪੇਨ ਪੈ ਗਿਆ। ਅਸਲੀ ਸ਼ੈਮਪੇਨ ਸਿਰਫ਼ ਫਰਾਂਸ ਦੀ ਹੁੰਦੀ ਹੈ, ਉਸ ਪਿੰਡ ਦੀ ਬਣੀ ਹੋਈ। ਰੂਸੀ ਸ਼ੈਮਪੇਨ, ਕੈਲੇਫ਼ੋਰਨੀਆਂ ਦੀ ਸ਼ੈਮਪੇਨ, ਇੰਡੀਆ ਦੀ ਸ਼ੈਮਪੇਨ - ਸਭ ਨਕਲੀ। ਫਰੈਂਚ ਸ਼ੈਮਪੇਨ ਦੁਨੀਆਂ ਭਰ ਵਿਚ ਸ਼ਾਹੀ ਸ਼ੈਮਪੇਨ। ਝੱਗ ਛਡਦੀ, ਬੁਲਬੁਲੇ ਉਡਾਉਂਦੀ। ਖੁਸ਼ੀ ਦੇ ਮੌਕੇ ਉਤੇ ਇਕ ਦੂਜੇ ਨੂੰ ਮੁਬਾਰਕਬਾਦ ਕਹਿੰਦੀ ਹੋਈ ਇਹ ਸ਼ੈਮਪੇਨ ਇਕ ਰਸਮ ਬਣ ਗਈ ਹੈ।"

ਉਹ ਥੋੜ੍ਹਾ ਰੁਕਿਆ, ਫਿਰ ਬੋਲਿਆ, "ਪਿਕਾਸੋ ਦਾ ਨਾਂ ਸੁਣਿਆ ਹੈ ਤੂੰ? ਉਹ ਫਰਾਂਸ ਦਾ - ਸਗੋਂ ਦੁਨੀਆਂ ਦਾ ਸਭ ਤੋਂ ਵੱਡਾ ਪੇਂਟਰ?"

"ਨਹੀਂ!"

"ਸ਼ਾਲੂ... ਤੂੰ ਬਹੁਤ ਭੋਲੀ ਹੈਂ।" ਤੈਨੂੰ ਬਹੁਤ ਕੁਝ ਸਿਖਣ ਦੀ ਲੋੜ ਹੈ.... ਬਹੁਤ ਕੁਝ ਪੜ੍ਹਨ ਦੀ। ਨਹੀਂ ਤਾਂ ਤੂੰ ... ਮੇਰਾ ਮਤਲਬ ਹੈ, ਤੂੰ ਮਹਿਫ਼ਲਾਂ ਵਿਚ ਬੈਠੀ ਗੰਵਾਰ ਕਹਾਏਂਗੀ। ਨਹੀਂ, ਗੰਵਾਰ ਨਹੀਂ। ਤੇਰੇ ਅੰਦਰ ਸ਼ਊਰ ਹੈ, ਚੇਤਨਾ ਹੈ, ਪਰ ਸਿਰਫ਼ ਜਿਸਮਾਨੀ। ਇਹ ਚੇਤਨਾ ਤੇਰੇ ਦਿਮਾਗ ਵਿਚ ਨਹੀਂ, ਤੇਰੇ ਅੰਗਾਂ ਵਿਚ ਹੈ। ਬੇਹਤਰ ਹੈ ਤੂੰ ਆਰਟ ਦੇ ਬਾਰੇ ਵਿਚ ਕੁਝ ਕਿਤਾਬਾਂ ਪੜ੍ਹੇਂ। ਤੇਰਾ ਹੁਸਨ ਹੋਰ ਨਿਖਰ ਆਏਗਾ।" ਉਸ ਦੀਆਂ ਗੱਲਾਂ ਸੁਣ ਕੇ ਮੈਂ ਸੋਚਿਆ, ਠੀਕ ਹੀ ਤਾਂ ਆਖ ਰਿਹਾ ਸੀ ਉਹ। ਮੈਨੂੰ ਲਿਬਾਸ ਦੇ ਸਟਾਈਲ, ਵਾਲਾਂ ਦੇ ਸਟਾਈਲ, ਜੁੱਤਿਆਂ ਦੇ ਸਟਾਈਲ ਦਾ ਤਾਂ ਗੂੜ੍ਹ ਗਿਆਨ ਸੀ, ਪਰ ਆਰਟ ਬਾਰੇ ਮੈਨੂੰ ਕੁਝ ਵੀ ਨਹੀਂ ਸੀ ਪਤਾ। ਕਿਹੜਾ ਪੇਂਟਰ ਵੱਡਾ ਹੈ? ਕਿਹੜਾ ਨਾਟਕਕਾਰ? ਕਿਹੜਾ ਮਿਊਜ਼ੀਸ਼ੀਅਨ - ਬਿਲਕੁਲ ਹੀ ਨਹੀਂ ਸੀ ਪਤਾ।

ਇਹਨਾਂ ਭਰਵੀਆਂ ਰੰਗੀਨ ਪਾਰਟੀਆਂ ਤੋਂ ਵਾਪਿਸ ਪਰਤਦੀ ਤਾਂ ਇਕਦਮ ਮੇਰੇ ਉੱਤੇ ਵੀਰਾਨੀ ਛਾ ਜਾਂਦੀ। ਇਕ ਬੋਝ।

ਹੌਲੀ ਹੌਲੀ ਅਸੀਂ ਵਖ-ਵਖ ਕਮਰਿਆਂ ਵਿਚ ਸੌਣ ਲਗੇ। ਉਸ ਛੇ ਵਡੇ ਗੂੰਜਦਾਰ ਕਮਰਿਆਂ ਵਾਲੇ ਘਰ ਵਿਚ ਮੈਨੂੰ ਡਰ ਲਗਦਾ। ਅਜੀਬ ਤਨਹਾਈ ਸੀ, ਜਿਵੇਂ ਹਨੇਰਾ ਲੰਮੇ ਲੰਮੇ ਸਾਹ ਲੈ ਰਿਹਾ ਹੋਵੇ। ਹਨੇਰੇ ਵਿਚ ਅੱਖਾਂ ਪਾੜ ਪਾੜ ਕੇ ਦੇਖਦੀ ਤੇ ਸੋਚਦੀ - ਹਨੇਰਾ ਕੀ ਹੁੰਦਾ ਹੈ? ਕੀ ਹੁੰਦਾ ਹੈ ਹਨੇਰੇ ਦਾ ਰੰਗ?

ਪਰਵੇਜ਼ ਦੀ ਮਾਂ ਤੇ ਮੈਂ ਇਕ ਹੀ ਕਮਰੇ ਵਿੱਚ ਸੌਣ ਲਗੀਆਂ। ਸ਼ਾਇਦ ਇਸ ਲਈ ਕਿ ਰਾਤ ਨੂੰ ਜੇਕਰ ਉਸ ਨੂੰ ਖੰਘ ਛਿੜੇ ਤਾਂ ਮੈਂ ਬਿਨਫ਼ਸ਼ੇ ਦਾ ਉਬਲਿਆ ਹੋਇਆ ਪਾਣੀ ਦੇ ਸਕਾਂ। ਹੌਲੀ ਹੌਲੀ ਮੈਨੂੰ ਇਹ ਨਿਤਚਰਿਆ ਬੋਰ ਲੱਗਣ ਲਗੀ। ਜ਼ਿੰਦਗੀ ਇਕ ਲੰਮੀ ਰਾਤ ਸੀ ... ਇਕ ਲੰਮਾ ਦਿਨ, ਜਿਸ ਨੂੰ ਖਿਚ ਕੇ ਲੰਮਾ ਹੀ ਲੰਮਾ ਕਰ ਦਿੱਤਾ ਹੋਵੇ। ਜ਼ਿੰਦਗੀ ਦੀ ਗੱਡੀ ਚਲੀ ਜਾ ਰਹੀ ਸੀ ... ਕਿਤੇ ਕਿਤੇ ਥੋੜ੍ਹਾ ਜਿਹਾ ਝਟਕਾ ਲਗਦਾ ਜਿਵੇਂ ਗੱਡੀ ਨੇ ਕਾਂਟਾ ਬਦਲ ਲਿਆ ਹੋਵੇ। ਹਰ ਰਸਤਾ ਉਹੀ ਰਹਿੰਦਾ ... ਉਹੀ ਮੁਕਾਮ ... ਉਹੀ ਧਾਮ ... ਮੈਂ ਘੰਟਿਆਂ ਬੱਧੀ ਪਲੰਘ ਉੱਤੇ ਲੇਟੀ ਸ਼ਾਮ ਦਾ ਇੰਤਜ਼ਾਰ ਕਰਦੀ ... ਤੇ ਰਾਤ ਦੇ ਬਾਅਦ ਸਵੇਰ ਦਾ ... ਤੇ ਫੇਰ ਸ਼ਾਮ ਦਾ। ਕਦੋਂ ਤੀਕ ਇਸੇ ਤਰ੍ਹਾਂ ਖ਼ਿਲਾਅ ਵਿਚ ਲਟਕਦੀ ਰਹਾਂਗੀ? ਪਰਵੇਜ਼ ਨਾਲ ਗੱਲ ਕਰਦੀ ਤਾਂ ਉਸ ਵਿਚ ਕੋਈ ਜੋਸ਼ ਨਹੀਂ ਸੀ, ਕੋਈ ਝਗੜਾ ਨਹੀਂ ਸੀ, ਕੋਈ ਰਸ ਨਹੀਂ ਸੀ ...ਮੈਂ ਚਾਹੁੰਦੀ ਸਾਂ ਕਿ ਕੋਈ ਮੇਰੇ ਨਾਲ ਝਗੜੇ, ਮੇਰੀ ਬਾਂਹ ਮਰੋੜ ਕੇ ਮੈਨੂੰ ਗਾਲ੍ਹਾਂ ਕੱਢੇ, ਜਾਂ ਕੁਝ ਇਹੋ ਜਿਹਾ ਕਰੇ ਕਿ ਮੈਂ ਚਕਾਚੌਂਧ ਹੋ ਜਾਵਾਂ, ਬਿਜਲੀ ਜਿਹੀ ਦੌੜ ਜਾਵੇ ਮੇਰੇ ਅੰਦਰ। ਪਰ ਹੁਣ ਨਾ ਹਨੇਰਾ ਸੀ, ਨਾ ਰੌਸ਼ਨੀ ... ਅਜੀਬ

ਵਹਿਸ਼ਤ ਸੀ ... ਚਾਹੁੰਦਾ ਸਾਂ ਕਿ ਜ਼ਿੰਦਗੀ ਇਕ ਹੀ ਛਲਾਂਗ ਵਿਚ ਖ਼ਤਮ ਹੋ ਜਾਵੇ ਤੇ ਮੈਂ ਦੂਸਰਾ ਕਿਨਾਰਾ ਦੇਖ ਲਵਾਂ ...। ਆਖ਼ਿਰ ਇਸ ਬੋਰੀਅਤ ਤੋਂ ਅੱਗੇ ਕੀ ਸੀ? ਹਾਏ, ਇਹ ਦਿਨ ਕਿਉਂ ਨਹੀਂ ਮੁਕਦੇ ... ਇਹ ਜ਼ਿੰਦਗੀ ਕਿਉਂ ਮੈਨੂੰ ਅਜਗਰ ਵਾਂਗ ਨਿਗਲ ਰਹੀ ਸੀ। ਦਿਲ ਕਰਦਾ ਸੀ ਕਿ ਇਸ ਖਿੜਕੀ ਵਿਚੋਂ ਛਾਲ ਮਾਰ ਦੇਵਾਂ...

ਮੇਰੇ ਜਿਸਮ ਵਿਚ ਤਰ੍ਹਾਂ ਤਰ੍ਹਾਂ ਦੀਆਂ ਤਰੰਗਾਂ ਉਠਦੀਆਂ ਤੇ ਫਿਰ ਖ਼ਾਮੋਸ਼ ਹੋ ਜਾਂਦੀਆਂ ... ਫਿਰ ਮੈਂ ਇਕ ਦਮ ਕਿਚਨ ਵਿਚ ਜਾ ਕੇ ਸਬਜ਼ੀ ਕੱਟਣ ਲਗਦੀ, ਕਪੜੇ ਧੋਣ ਲਗਦੀ, ਸਾੜ੍ਹੀਆਂ ਗਿਣਨ ਲਗਦੀ। ਇਹਨਾਂ ਸਾੜ੍ਹੀਆਂ ਨੂੰ ਸੁੰਘਦੀ ਤਾਂ ਇਹਨਾਂ ਵਿਚੋਂ ਲੇਈ ਵਰਗੀ ਬਾਸ ਆਉਂਦੀ ... ਮੈਂ ਇਹਨਾਂ ਨੂੰ ਪਹਿਨਿਆਂ ਹੀ ਨਹੀਂ ਸੀ। ਬਸ ਵਾਰਡਰੋਬ ਵਿਚ ਟੰਗ ਰਖਿਆ ਸੀ ... ਬੇਹਿਸ, ਬੇਜਾਨ ... ਲਾਸ਼ਾਂ ਵਾਂਗ ਲਟਕ ਰਹੀਆਂ ਸਨ ... ਦਿਲ ਕਰਦਾ ਸੀ ਕਿਸੇ ਇਕ ਸਾੜ੍ਹੀ ਨੂੰ ਮਰੋੜ ਕੇ ... ਤਰੋੜ ਕੇ ... ਕਿੰਨਾ ਖ਼ੌਫਨਾਕ ਖਿਆਲ ਸੀ? ਮੈਂ ਸਾੜ੍ਹੀ ਨੂੰ ਮਰੋੜਨ ਲਗੀ ... ਇਸ ਦੇ ਪੱਲੇ ਨੂੰ ਗੰਢ ਮਾਰੀ ਤੇ ਫੰਦਾ ਬਣਾ ਕੇ ਆਪਣੇ ਗਲ ਵਿਚ ਪਾ ਲਿਆ ... ਆਪਣਾ ਚਿਹਰਾ ਸ਼ੀਸ਼ੇ ਵਿਚ ਦੇਖਿਆ ... ਜੀਭ ਬਾਹਰ ਕੱਢੀ ... ਬਿਲਕੁਲ ਡੈਣ ਲਗਦੀ ਸਾਂ ਮੈਂ ... ਸਿਆਹ ਹੋਂਠ ਤੇ ਲਾਲ ਜੀਭ ... ਡਰ ਲਗਣ ਲਗਾ। ... ਇਹ ਨਵੇਂ ਫੈਸ਼ਨ ਦੀ ਸਿਆਹ ਲਿਪਸਟਿਕ ਖੁਦ ਹੀ ਲਗਾਈ ਸੀ ਮੈਂ, ਪਰਵੇਜ਼ ਨੂੰ ਖੁਸ਼ ਕਰਨ ਲਈ। ਉਹ ਪੈਰਿਸ ਤੋਂ ਲੈ ਕੇ ਆਇਆ ਸੀ ਇਹ।

ਮੈਂ ਝਟ ਸਾੜ੍ਹੀ ਦਾ ਫੰਦਾ ਗਲੇ ਵਿਚੋਂ ਉਤਾਰ ਸੁਟਿਆ ਤੇ ਹਫ਼ਦੀ ਹੋਈ ਪਲੰਘ ਉਤੇ ਲੇਟ ਗਈ ... ਕੀ ਚਾਹੁੰਦੀ ਸਾਂ ਮੈਂ? ... ਕਿਉਂ ਆਪਣੀਆਂ ਭਾਵਨਾਵਾਂ ਦੀ ਕੈਦ ਵਿਚ ਪਈ ਹੋਈ ਸਾਂ ਇਸ ਕਮਰੇ ਵਿਚ? ਸ਼ਾਮ ਪੈ ਜਾਂਦੀ .. ਰਾਤ ਉਤਰ ਆਉਂਦੀ ਤੇ ਮੈਂ ਮੱਧਮ ਰੌਸ਼ਨੀ ਵਿਚ ਹੌਲੀ ਹੌਲੀ ਸੌਂ ਜਾਂਦੀ

ਸੈਂਕੜੇ ਵਾਰ ਖਿਆਲ ਆਉਂਦਾ ਕਿ ਪਰਵੇਜ਼ ਮੈਥੋਂ ਏਨਾ ਦੂਰ ਕਿਉਂ ਸੀ? ਨੇੜੇ ਹੋ ਕੇ ਵੀ ਬਹੁਤ ਦੂਰ! ਕਿਉਂ? ਸ਼ਾਇਦ ਮੇਰੇ ਅੰਦਰਲੀ ਸ਼ਰਮ ਮੇਰੇ ਜਿਸਮ ਨੂੰ ਝੁਠਲਾਉਂਦੀ ਸੀ। ਮੇਰਾ ਜਿਸਮ ਦੁਹਾਈ ਦੇ ਕੇ ਆਖਦਾ ਸੀ - ਆਓ ! ਮੇਰੇ ਵੱਲ ਆਓ ! ਸੰਭਾਲੋ ਮੈਨੂੰ ...

ਦੋ ਚਾਰ ਮਹੀਨਿਆਂ ਪਿਛੋਂ ਹੀ ਅਹਿਸਾਸ ਹੋਣ ਲਗ ਪਿਆ ਕਿ ਮੇਰੇ ਦੁਆਲੇ ਸਖ਼ਤ ਪਹਿਰਾ ਹੈ ... ਜੇ ਮੈਂ ਕਿਸੇ ਮਹਿਮਾਨ ਜਾਂ ਆਰਟਿਸਟ ਜਾਂ ਕਿਸੇ ਹੋਰ ਕੈਮਰਾਮੈਨ ਨਾਲ ਗੱਲ ਕਰਦੀ ਤਾਂ ਉਸ ਦੇ ਪਲੰਘ ਵਰਗੇ ਚੌੜੇ ਮੱਥੇ ਉਤੇ ਤਿਊੜੀਆਂ ਪੈ ਜਾਂਦੀਆਂ। ਉਹ ਕਿਸੇ ਬਹਾਨੇ ਗੱਲ ਦਾ ਰੁਖ਼ ਬਦਲ ਕੇ

ਮੈਨੂੰ ਕਿਸੇ ਹੋਰ ਕੰਮ ਲਾ ਦੇਂਦਾ ਤੇ ਮੈਂ ਉਸ ਵਿਚ ਜੁਟ ਜਾਂਦੀ। ਦੋ ਸਾਲ ਅੰਦਰ ਮੇਰਾ ਘਰ ਲੋਹੇ ਦੀਆਂ ਸੀਖਾਂ ਵਾਲੀ ਜੇਲ੍ਹ ਬਣ ਗਿਆ। ਮੇਰੀ ਹਰ ਹਰਕਤ ਉਤੇ ਨਜ਼ਰ ਰਖੀ ਜਾਂਦੀ। ਮੈਂ ਇਕੱਲੀ ਕਿਧਰੇ ਬਾਹਰ ਨਹੀਂ ਸੀ ਜਾ ਸਕਦੀ। ਨਾ ਹੀ ਕਿਸੇ ਸਹੇਲੀ ਨੂੰ ਮਿਲ ਸਕਦੀ। ਮਿਸਟਰ ਪਰਵੇਜ਼ ਖੁਲ੍ਹੇ ਦਿਲ ਵਾਲਾ, ਲੋਕਾਂ ਨੂੰ ਹਸਾਉਣ ਵਾਲਾ ਤੇ ਮਿਹਰਬਾਨ ਕੈਮਰਾਮੈਨ – ਹਰ ਵੇਲੇ ਹਾਜ਼ਰ ਨਾਜ਼ਰ ਹੁੰਦਾ। ਜਦ ਉਹ ਘਰ ਨਹੀਂ ਸੀ ਹੁੰਦਾ ਤਦ ਵੀ ਉਸ ਦੀ ਮੌਜੂਦਗੀ ਹੁੰਦੀ।

ਇਕ ਦਿਨ ਮੈਂ ਇਕ ਸਹੇਲੀ ਨੂੰ ਟੈਲੀਫ਼ੋਨ ਕਰਨਾ ਚਾਹਿਆ। ਦੇਖਿਆ ਟੈਲੀਫ਼ੋਨ ਨੂੰ ਤਾਲਾ ਲੱਗਾ ਹੋਇਆ ਸੀ ... ਮੇਰਾ ਦਿਲ ਹੀ ਟੁੱਟ ਗਿਆ।

ਪਰਵੇਜ਼ ਉਂਜ ਤਾਂ ਮੈਨੂੰ ਕਿਧਰੇ ਜਾਣ ਨਹੀਂ ਸੀ ਦੇਂਦਾ ਪਰ ਜਦ ਕਿਸੇ ਰੁਕੀ ਹੋਈ ਪੇਮੈਂਟ ਦੀ ਗਲ ਹੁੰਦੀ ਤਾਂ ਮੈਨੂੰ ਭੇਜ ਦਿੰਦਾ। ਮਹੀਨਿਆਂ ਤੀਕ ਰੁਕੀ ਪੇਮੈਂਟ ਵਸੂਲ ਕਰਕੇ ਜਦ ਮੈਂ ਵਾਪਿਸ ਆਉਂਦੀ ਤਾਂ ਮੈਨੂੰ ਇਹ ਕੰਮ ਬਹੁਤ ਚੁਭਦਾ। ਏਜੰਸੀ ਵਾਲਿਆਂ ਦੇ ਦਫ਼ਤਰਾਂ ਵਿਚ ਜਾ ਕੇ ਉਹਨਾਂ ਨਾਲ ਬਿਜ਼ਨੈਸ ਦੀ ਸੌਦੇਬਾਜ਼ੀ ਕਰਨੀ ਮੈਨੂੰ ਬਹੁਤ ਜ਼ਲੀਲ ਲਗਦੀ। ਦਿਲ ਕਰਦਾ ਸੀ ਇਹਨਾਂ ਦੀਆਂ ਅੱਖਾਂ ਕਢ ਸੁਟਾਂ। ਆਪਣੇ ਆਪ ਤੇ ਵੀ ਬਹੁਤ ਗੁੱਸਾ ਆਉਂਦਾ। ਜਦ ਮੈਂ ਪੇਮੈਂਟ ਲਿਆਉਣ ਲਈ ਇਨਕਾਰ ਕਰਦੀ ਤਾਂ ਪਰਵੇਜ਼ ਬਿਜ਼ਨੈਸ ਦਾ ਵਾਸਤਾ ਪਾ ਕੇ ਮੈਨੂੰ ਜ਼ਬਰਦਸਤੀ ਭੇਜ ਦਿੰਦਾ। ਮੈਂ ਕਦੇ ਵੀ ਉਗਰਾਹੀ ਬਿਨਾਂ ਵਾਪਿਸ ਨਹੀਂ ਸਾਂ ਆਉਂਦੀ।

ਮੈਂ ਕਿਉਂ ਬੋਰ ਹੋ ਗਈ ਸਾਂ ਹਰ ਚੀਜ਼ ਤੋਂ? ਜ਼ਿਆਦਾ ਦੇਰ ਕਿਉਂ ਨਹੀਂ ਸਾਂ ਰੁਕ ਸਕਦੀ ਇਕ ਹੀ ਸੁਰ ਉਤੇ? ਇਕੋ ਸੁਰ ... ਇਕੋ ਰੰਗ ... ਇਕੋ ਸਟਾਈਲ ਦੀ ਕਮੀਜ਼ ... ਇਕ ਹੀ ਸੈਂਡਲ ... ਕਈ ਵਾਰ ਜੀਅ ਕਰਦਾ ਸੀ ਕਿ ਪਾਟੀ ਹੋਈ ਕਮੀਜ਼ ਪਾ ਕੇ ਬਾਹਰ ਨਿਕਲਾਂ ! ਕਿਉਂ ਮੈਨੂੰ ਝੱਟ ਕਿਸੇ ਗੱਲ ਉਤੇ ਗੁੱਸਾ ਆ ਜਾਂਦਾ ਸੀ? ਸਾਰੇ ਸਰੀਰ ਵਿਚ ਜ਼ਹਿਰ ਭਰ ਜਾਂਦਾ! ਸੈਂਡਲ ਵਗਾਹ ਕੇ ਮਾਰਦੀ। ਕਮਰੇ ਵਿਚ ਘੁੰਮਕੇ ਚੀਜ਼ਾਂ ਨੂੰ ਠੁੱਡੇ ਮਾਰਦੀ। ਫਿਰ ਬੈਠ ਕੇ ਨੰਗੇ ਪੈਰਾਂ ਨੂੰ ਦੇਖਦੀ ਤੇ ਮੈਨੂੰ ਇਹਨਾਂ ਉਤੇ ਤਰਸ ਆ ਜਾਂਦਾ .. ਨੇਲ ਪਾਲਿਸ਼ ਚੁਕ ਕੇ ਪੈਰਾਂ ਦੇ ਨਹੁੰ ਪੇਂਟ ਕਰਨ ਲਗਦੀ। ਬਹੁਤ ਚੰਗੇ ਲਗਦੇ ਸਨ ਚਮਕੀਲੇ ਨਹੁੰ! ਸੁਰਖ਼ ਰੰਗ ਜਿਵੇਂ ਲਹੂ ਰਿਸ ਰਿਹਾ ਹੋਵੇ। ਤਰ੍ਹਾਂ ਤਰ੍ਹਾਂ ਦੇ ਊਲ ਜਲੂਲ ਭਾਵ ਤੇ ਬਿੰਬ ਮਚਲਦੇ ਮੇਰੇ ਮਨ ਵਿਚ। ਜੀਅ ਚਾਹੁੰਦਾ ਸੀ ਭੀੜ ਵਿਚ ਕਿਧਰੇ ਗੁੰਮ ਹੋ ਜਾਵਾਂ। ਆਪਣੇ ਘਰ ਦਾ ਪਤਾ ਭੁੱਲ ਜਾਵਾਂ। ਪਤਾ ਹੀ ਨਾ ਰਹੇ ਕਿ ਮੈਂ ਕਿਥੇ ਸੀ? ਮੇਰੇ ਅੰਦਰ ਇਹ ਬੋਰੀਅਤ ਕਿਉਂ? ਹਲਕਾ ਹਲਕਾ ਹਨੇਰਾ ਕਿਉਂ? ਮੇਰੇ ਇਸ ਖ਼ਿਆਲ ਦੀ ਕੋਈ ਵਜ੍ਹਾ ਨਹੀਂ ਸੀ, ਬਸ

ਇਕ ਜਜ਼ਬਾ ਸੀ। ਕਿਸੇ ਨੂੰ ਮਿਲਦੀ ਤਾਂ ਮੇਰੇ ਅੰਦਰ ਫ਼ੌਰਨ ਇਹ ਭਾਵ ਜਾਗਦਾ ਕਿ ਇਸ ਨੂੰ ਫਿਰ ਮਿਲਾਂ। ਜਾਂ ਕਈ ਵਾਰ ਇਹ ਲਗਦਾ ਕਿ ਮੁੜ ਇਸ ਦੀ ਸ਼ਕਲ ਕਦੇ ਨਾ ਦੇਖਾਂ। ਪਹਿਲੀ ਨਜ਼ਰੇ ਹੀ ਮੇਰੇ ਮਨ ਦੀਆਂ ਲੱਖਾਂ ਕਰੋੜਾਂ ਪਰਤਾਂ ਕਿਸੇ ਮਰਦ ਜਾਂ ਔਰਤ ਦੀ ਸ਼ਖ਼ਸੀਅਤ ਦੀ ਛਾਣ ਬੀਣ ਕਰਕੇ ਮੇਰੇ ਜਜ਼ਬੇ ਨੂੰ ਕੇਂਦਰਿਤ ਕਰ ਦੇਂਦੀਆਂ।

ਕਈ ਵਾਰ ਕਿਸੇ ਮਰਦ ਨਾਲ ਮੁਲਾਕਾਤ ਹੁੰਦੀ ਤਾਂ ਪਹਿਲੀ ਵਾਰ ਪਤਾ ਨਾ ਲਗਦਾ ਕਿ ਉਹ ਕਿਹੋ ਜਿਹਾ ਸੀ ... ਦੂਜੀ .. ਤੀਜੀ ਮੁਲਾਕਾਤ ਵਿਚ ਵੀ ਪਤਾ ਨਾ ਲਗਦਾ .. ਸ਼ਾਇਦ ਸਾਰੀ ਉਮਰ ਪਤਾ ਨਾ ਲਗੇ। ਪਤਾ ਤਦ ਹੀ ਲਗੇਗਾ ਜੇ ਕੋਈ ਉਸ ਦੀ ਬੀਵੀ ਬਣੇ ਤਾਂ। ਬੀਵੀ ਬਣ ਕੇ ਔਰਤ ਜਾਣ ਸਕਦੀ ਹੈ ਮਰਦ ਦੀ ਖ਼ਸਲਤ। ਉਸ ਦਾ ਅਸਲੀ ਰੂਪ। ਉਸ ਦੀਆਂ ਚੰਗਿਆਈਆਂ .... ਬੁਰਾਈਆਂ ... ਨੇਕੀਆਂ ... ਕਮੀਨਗੀਆਂ ... ਉਸ ਦੀ ਅਸਲੀ ਸ਼ਕਲ। ਕਈ ਵਾਰ ਖ਼ੌਫ਼ਨਾਕ ਤੇ ਕਮੀਨੇ ਭਾਵ ਮੇਰੇ ਅੰਦਰ ਜਾਗਦੇ। ਇਹ ਆਦਮੀ - ਮੋਟਾ, ਸਾਊ, ਉਧੇੜ ਉਮਰ ਵਾਲਾ ਪਰਵੇਜ਼ -ਤੀਹ ਸਾਲ ਉਹ ਵੱਡਾ ਸੀ ਮੈਥੋਂ। ਮੈਂ ਇੱਕੀ ਸਾਲ ਦੀ ਤੇ ਉਹ ਪੰਜਾਹ ਸਾਲ ਦਾ। ਕਈ ਵਾਰ ਮੈਂ ਹਿਸਾਬ ਕਰਨ ਲਗਦੀ। ਉਸ ਕੋਲ ਕਾਰ ਹੈ। ਛੇ ਕਮਰਿਆਂ ਦਾ ਘਰ ਹੈ ਸੁੰਦਰ ਨਗਰ ਵਿੱਚ - ਘੱਟ ਤੋਂ ਘੱਟ ਡੇਢ ਕਰੋੜ ਜਾਂ ਦੋ ਕਰੋੜ ਦਾ ਹੋਵੇਗਾ ਇਹ ਘਰ। ਤੇ ਇਸ ਤੋਂ ਇਲਾਵਾ ਬੈਂਕ-ਬੈਲੇਂਸ। ਸਾਰਾ ਲੇਖਾ-ਜੋਖਾ ਤਿੰਨ ਕਰੋੜ ਤੋਂ ਘੱਟ ਨਹੀਂ ਸੀ ਉਤਰਦਾ। ਦਸ ਸਾਲਾਂ ਪਿਛੋਂ ਉਹ ਮਰ ਜਾਵੇਗਾ। ਸ਼ਾਇਦ ਪਹਿਲਾਂ ਹੀ ਚਲ ਵਸੇ। ਉਸ ਨੂੰ ਸ਼ੂਗਰ ਦੀ ਬੀਮਾਰੀ ਹੈ - ਹਾਰਟ ਦਾ ਮਰੀਜ਼ ਹੈ, ਜਿਗਰ ਵੀ ਖ਼ਰਾਬ ਹੈ। ਫਿਰ ਇਹ ਸਾਰਾ ਖ਼ਜ਼ਾਨਾ, ਜਾਇਦਾਦ - ਸਭ ਕੁਝ ਮੇਰਾ ਹੋਵੇਗਾ। ਮੈਂ ਉਸ ਦੀ ਅਰਥੀ ਨਾਲ ਲਿਪਟ ਕੇ ਰੋਵਾਂਗੀ। ਸੁਹਾਗ ਦਾ ਟਿੱਕਾ ਮਿਟਾ ਦੇਵਾਂਗੀ ...ਹੱਥਾਂ ਦੀਆਂ ਚੂੜੀਆਂ ਵੀ ਦਰਵਾਜ਼ੇ ਦੀ ਚੌਖਟ ਉਤੇ ਤੋੜ ਸੁੱਟਾਂਗੀ। ਫਿਰ ਤਿੰਨ ਕਰੋੜ ਦੀ ਮਾਲਿਕ। ਐਸ਼ ਕਰਾਂਗੀ। ਕਿਸੇ ਨੌਜੁਆਨ ਨਾਲ ਇਸ਼ਕ। ਆਪਣੀ ਮਰਜ਼ੀ ਦਾ ਜੀਵਨ-ਸਾਥੀ। ਕਿਉਂ ਠੁਕਰਾ ਰਹੀ ਹਾਂ ਮੈਂ ਇਹ ਸਭ ਕੁਝ। ਕਿਸ ਉਪਰ ਅਹਿਸਾਨ ਕਰ ਰਹੀ ਹਾਂ ਮੈਂ? ਕਿਉਂ ਤਬਾਹੀ ਵੱਲ ਜਾ ਰਹੀ ਹਾਂ? ਇਸੇ ਘਰ ਵਿਚ ਰਹਾਂਗੀ - ਇਥੇ -

ਮੈਂ ਆਪਣੇ ਅੰਦਰ ਦੀ ਆਵਾਜ਼ ਸੁਣਦੀ - ਮੂਰਖੇ, ਕੀ ਗਮ ਹੈ ਤੈਨੂੰ? ਮਨ ਮਰਜ਼ੀ ਦੇ ਕਪੜੇ ਪਾਉਂਦੀ ਹੈਂ? ਮਨ ਮਰਜ਼ੀ ਦਾ ਖਾਂਦੀ ਹੈਂ - ਅੰਗੂਰ ਖਾਉ ਜਾਂ ਚਿਕਨ ਜਾਂ ਬੰਗਾਲੀ ਮਾਰਕੀਟ ਦੇ ਚਣੇ ਭਠੂਰੇ। ਨਾ ਰੁਪਏ ਦੀ ਫ਼ਿਕਰ, ਨਾ ਰੁਪਿਆ ਕਮਾਉਣ ਦੀ। ਤੇਰੇ ਵਰਗੀ ਔਰਤ ਨੂੰ ਨੌਕਰੀ ਵੀ ਨਹੀਂ ਮਿਲਣੀ ਕਿਧਰੇ। ਹੁਸੀਨ ਹੈਂ ਇਸ ਕਰਕੇ ਲੋਕ ਤੇਰੇ ਨਾਲ ਹਮਦਰਦੀ

ਜਿਤਾਉਣਗੇ, ਪਰ ਨਜ਼ਰਾਂ ਤੇਰੀ ਅੰਗੀ ਉਤੇ ਹੋਣਗੀਆਂ। ਹੌਲੀ ਹੌਲੀ ਜ਼ਿੰਦਗੀ ਦੀ ਐਕਸਾਈਟਮੈਂਟ ਖ਼ਤਮ ਹੁੰਦੀ ਜਾ ਰਹੀ ਸੀ। ਵੀਰਾਨਗੀ ਜਿਹੀ ਛਾ ਗਈ ਸੀ ਮੇਰੇ ਚਿਹਰੇ ਉਤੇ। ਆਪਣੀ ਹਾਸੀ ਤੋਂ ਮੈਨੂੰ ਖ਼ੁਦ ਡਰ ਲਗਣ ਲਗਾ। ਇਹ ਹਾਸੀ ਜਿਸ ਨਾਲ ਮੇਰੀ ਗੱਲ੍ਹ ਉਤੇ ਡਿੰਪਲ ਪੈ ਜਾਂਦੇ ਸਨ, ਬਣਾਉਟੀ ਤੇ ਖੋਖਲੀ ਲਗਣ ਲਗੀ। ਸਮਝ ਨਹੀਂ ਸੀ ਆਉਂਦੀ ਮੈਂ ਕੀ ਚਾਹੁੰਦੀ ਸਾਂ।

ਅਸੀਂ ਦੋਵੇਂ ਜਿਸ ਤਰ੍ਹਾਂ ਰਹਿ ਰਹੇ ਸਾਂ ਮੈਨੂੰ ਇਸ ਤੋਂ ਨਫ਼ਰਤ ਹੋ ਗਈ ਸੀ ... ਸਭ ਰਸਤੇ ਬੰਦ ਹੋ ਗਏ ਸਨ ਮੇਰੇ ਲਈ। ਮੈਂ ਅੱਗੇ ਵਧਣਾ ਚਾਹੁੰਦੀ ਸਾਂ ... ਤਰੱਕੀ ਕਰਨਾ ਚਾਹੁੰਦੀ ਸਾਂ ... ਪਰ ਜਿਸ ਪਾਸੇ ਕਦਮ ਪੁਟਦੀ ਅਗੇ ਦੀਵਾਰ ਹੁੰਦੀ। ਆਪਣੇ ਹੀ ਇਰਦ ਗਿਰਦ ਘੁੰਮ ਰਹੀ ਸਾਂ ਮੈਂ। ਚਲਦਿਆਂ ਵੀ ਇਕੋ ਥਾਂ ਖੜ੍ਹੀ ਸਾਂ। ਸਿਰ ਘੁੰਮ ਰਿਹਾ ਸੀ ... ਮੌਤ ਹੀ ਤਾਂ ਸੀ ਇਹ .... ਜਦ ਇਕੋ ਥਾਂ ਸਾਹ ਰੁਕ ਜਾਵੇ ... ਵਕਤ ਰੁਕ ਜਾਵੇ ... ਤਾਂ ਬਸ ਮੌਤ।

ਇਕ ਰਾਤ ਪਰਵੇਜ਼ ਤੇ ਉਸ ਦੇ ਦੋਸਤ ਉਸੇ ਵੱਡੇ ਕਮਰੇ ਵਿਚ ਖਾਣਾ ਖਾ ਰਹੇ ਸਨ। ਮੈਂ ਚੰਗੀ ਸੁਆਣੀ ਵਾਂਗ ਸਬਜ਼ੀ, ਦਾਲ, ਮੀਟ ਦਾ ਡੌਂਗਾ ਤੇ ਰੋਟੀਆਂ ਮੇਜ਼ ਉਤੇ ਪਰੋਸ ਦਿਤੀਆਂ ਤੇ ਫਿਰ ਦੂਜੇ ਕਮਰੇ ਵਿਚ ਚਲੀ ਗਈ। ਮੈਨੂੰ ਪਰਵੇਜ਼ ਦਾ ਇਹੋ ਹੁਕਮ ਸੀ ਕਿ ਮੈਂ ਉਸ ਦੇ ਦੋਸਤਾਂ ਸਾਹਮਣੇ ਨਾ ਆਵਾਂ। ਅੰਦਰ ਰਹਾਂ। ਪਰਦਾ ਨਾ ਹੋਣ ਤੇ ਵੀ ਪਰਦਾ। ਯਾਨੀ ਕੈਦ ... ਚਾਰਦੀਵਾਰੀ ਅੰਦਰ ਦੂਜੇ ਕਮਰੇ ਵਿਚ ਰਹਾਂ। ਮੈਂ ਆਪਣੇ ਕਮਰੇ ਵਿਚ ਬੈਠੀ ਉਹਨਾਂ ਦਾ ਹਾਸਾ ਤੇ ਕਹਿਕਿਆਂ ਦੀ ਗੂੰਜ ਸੁਣਦੀ ਰਹੀ। ਖਾਣਾ ਨਿਗਲਦੇ ਹੋਏ ਉਹ ਗੱਪਾਂ ਵਿਚ ਮਸਰੂਫ਼ ਸਨ।

ਮੈਂ ਬੈਠੀ ਸੋਚਦੀ ਸਾਂ, ਕੀ ਇਹਨਾਂ ਲਈ ਖਾਣਾ ਤਿਆਰ ਕਰਨਾ, ਮੀਟ ਭੁੰਨਣਾ ਜਾਂ ਬੀਅਰ ਦੀਆਂ ਬੋਤਲਾਂ ਸਜਾਉਣ ਦਾ ਇਹੋ ਮਤਲਬ ਸੀ ਕਿ ਉਹ ਆਪਸ ਵਿਚ ਗੱਪਾਂ ਮਾਰਨ ਤੇ ਮੈਂ ਇਥੇ ਕੋਠੀ-ਬੰਦ ਰਹਾਂ।

ਮੈਨੂੰ ਉਹਨਾਂ ਦੀਆਂ ਗੱਲਾਂ ਚੁਭ ਰਹੀਆਂ ਸਨ। ਮੈਨੂੰ ਦੁਰਕਾਰੇ ਤੇ ਧਿਤਕਾਰੇ ਹੋਣ ਤਾ ਅਹਿਸਾਸ ਹੋਇਆ। ਮੈਂ ਆਪਣੇ ਕਮਰੇ ਵਿਚ ਗਈ। ਅਲਮਾਰੀ ਖੋਲ੍ਹੀ। ਸਾਹਮਣੇ ਨੀਂਦ ਦੀਆਂ ਗੋਲੀਆਂ ਵਾਲੀ ਸ਼ੀਸ਼ੀ ਪਈ ਹੋਈ ਸੀ।

ਪਰਵੇਜ਼ ਨੀਂਦ ਦੀਆਂ ਇਕ ਜਾਂ ਦੋ ਗੋਲੀਆਂ ਖਾਂਦਾ ਸੀ। ਜਦ ਉਸ ਨੂੰ ਨੀਂਦ ਨਾ ਆਉਂਦੀ, ਉਸ ਦੀ ਅਲਮਾਰੀ ਵਿਚ ਹੋਰ ਵੀ ਕਈ ਤਰ੍ਹਾਂ ਦੀਆਂ ਦਵਾਈਆਂ ਹੁੰਦੀਆਂ ... ਨੁਸਖੇ ... ਜੜੀ-ਬੂਟੀਆਂ .... ਹੁਣ ਜਦ ਉਹ ਆਪਣੇ ਦੋਸਤਾਂ ਨਾਲ ਬੈਠਾ ਬੀਅਰ ਪੀ ਰਿਹਾ ਸੀ ਤੇ ਮੀਟ ਖਾ ਰਿਹਾ ਸੀ ਤਾਂ ਮੇਰੇ ਅੰਦਰ ਇਕ ਪਾਗਲ ਜਜ਼ਬਾ ਉਭਰਿਆ। ਸ਼ੀਸ਼ੀ ਖੋਲ੍ਹੀ, ਗੋਲੀਆਂ ਹਥੇਲੀ ਉਤੇ

ਰੱਖੀਆਂ ਤੇ ਪਾਣੀ ਨਾਲ ਫੱਕਾ ਮਾਰਿਆ ... ਕਸੈਲਾ ਜਿਹਾ ਸੁਆਦ ਮੂੰਹ ਵਿਚ ਘੁਲ ਗਿਆ। ਅੱਖਾਂ ਅੱਗੇ ਭੰਬੂਤਾਰੇ ... ਮੈਂ ਲੜਖੜਾਉਂਦੀ ਹੋਈ ਮਾਤਾ ਜੀ ਦੇ ਕਮਰੇ ਵਿਚ ਗਈ ਤੇ ਪਲੰਘ ਉਤੇ ਡਿਗ ਪਈ। ਬੇਹੋਸ਼ੀ ਦੀ ਅੰਨ੍ਹੀ ਗੁਫ਼ਾ ਵਿਚ ਉਤਰਦੀ ਜਾ ਰਹੀ ਸਾਂ ... ਹੇਠਾਂ ਹੀ ਹੇਠਾਂ। ਅੱਖ ਖੁਲ੍ਹੀ ਤਾਂ ਮੈਂ ਹਸਪਤਾਲ ਦੇ ਬਿਸਤਰ ਉਤੇ ਪਈ ਹੋਈ ਸਾਂ ਤੇ ਮੇਰੇ ਦੁਆਲੇ ਡਾਕਟਰ ਨਰਸਾਂ, ਪਰਵੇਜ਼ ਤੇ ਮੇਰੀ ਮਾਂ ਖੜ੍ਹੇ ਸਨ। ਇਹਨਾਂ ਲੋਕਾਂ ਨੂੰ ਆਪਣੇ ਉਪਰ ਝੁਕੇ ਹੋਏ ਦੇਖਿਆ ਤਾਂ ਮੌਤ ਦੇ ਪ੍ਰਛਾਵੇਂ ਮਹਿਸੂਸ ਹੋਏ। ਕਿਉਂ ਖੜ੍ਹੇ ਸਨ ਇਹ ਲੋਕ ਮੇਰੇ ਦੁਆਲੇ? ਕਿਥੇ ਸਾਂ ਮੈਂ? ਰਾਤ ਸੀ ਜਾਂ ਦਿਨ? ਖਿੜਕੀ ਦੇ ਸਫੇਦ ਪਰਦਿਆਂ ਪਿਛੇ ਨੀਲਾ ਆਸਮਾਨ ਝਾਕ ਰਿਹਾ ਸੀ। ਮੈਂ ਇਥੇ ਕਿਵੇਂ ਆਈ? ਹੌਲੀ ਹੌਲੀ ਮੈਨੂੰ ਬੀਤੀ ਰਾਤ ਦੀਆਂ ਘਟਨਾਵਾਂ ਇਕ ਇਕ ਕਰਕੇ ਯਾਦ ਆਉਣ ਲਗੀਆਂ ... ਪਰਵੇਜ਼ ਦੇ ਕਹਿਕਹੇ ... ਗੋਲੀਆਂ ਵਾਲੀ ਸ਼ੀਸ਼ੀ....

ਡਾਕਟਰ ਨੇ ਮੇਰੀ ਨਬਜ਼ ਟੋਹੀ ... ਅੱਖਾਂ ਦਾ ਰੰਗ ਦੇਖਿਆ ਤੇ ਪਰਵੇਜ਼ ਨੂੰ ਆਖਿਆ, "ਖਤਰੇ ਤੋਂ ਬਾਹਰ ਹੈ, ਹੁਣ। ਜਾਨ ਬਚ ਗਈ। ... ਇਸ ਨੇ ਗੋਲੀਆਂ ਜ਼ਿਆਦਾ ਖਾ ਲਈਆਂ ਸਨ। ਕੈਅ ਕਰਨ ਨਾਲ ਸਭ ਗੋਲੀਆਂ ਬਾਹਰ ਨਿਕਲ ਗਈਆਂ।"

ਇਹ ਆਖ ਕੇ ਡਾਕਟਰ ਨੇ ਮੈਨੂੰ ਦੋ ਇੰਜੈਕਸ਼ਨ ਦਿੱਤੇ। ਮੇਰੀ ਮਾਂ ਨੂੰ ਮੇਰੇ ਕੋਲ ਰਹਿਣ ਲਈ ਆਖਿਆ ਤੇ ਬਾਕੀ ਲੋਕਾਂ ਨੂੰ ਬਾਹਰ ਭੇਜ ਦਿੱਤਾ।

ਮਾਂ ਨੇ ਮੇਰਾ ਹੱਥ ਫੜਿਆ, ਮੱਥਾ ਚੁੰਮਿਆਂ ਤੇ ਮੈਨੂੰ ਅਸੀਸ ਦਿੱਤੀ, "ਧੀਏ, ਜ਼ਿੰਦਗੀ ਨਾਲੋਂ ਵੱਡੀ ਚੀਜ਼ ਕੋਈ ਨਹੀਂ। ਤੂੰ ਜਿਉਂਦੀ ਰਹੇਂਗੀ ਤਾਂ ਸਭ ਕੁਝ ਠੀਕ। ਆਤਮ-ਹਤਿਆ ਕਰਨਾ ਮਹਾਂਪਾਪ। ਤੂੰ ਨਾ ਹੋਵੇਂਗੀ ਤਾਂ ਮੈਂ ਵੀ ਘੁਲ-ਘੁਲ ਕੇ ਮਰ ਜਾਵਾਂਗੀ।" ਇਹ ਸ਼ਬਦ ਜੀਵਨ-ਮੰਤਰ ਫੂਕ ਰਹੇ ਸਨ ਮੇਰੇ ਉਤੇ।

ਮਾਂ ਦੀਆਂ ਗੱਲਾਂ ਸੁਣ ਕੇ ਮੈਨੂੰ ਢਾਰਸ ਬੱਝੀ। ਆਖ਼ਿਰ ਕੋਈ ਤਾਂ ਹੈ ਮੈਨੂੰ ਪੁੱਛਣ ਵਾਲਾ। ਇਹੋ ਲੋਕ ਜਿਨ੍ਹਾਂ ਨੇ ਮੈਨੂੰ ਬੰਨ੍ਹ ਕੇ ਰਖਿਆ ਸੀ, ਕੈਦ ਕਰ ਰਖਿਆ ਸੀ ਸਭਨਾਂ ਨੇ ਮੇਰਾ ਅੰਤ ਦੇਖ ਲਿਆ ਸੀ। ਮੇਰਾ ਭਰਾ ਵੀ ਚੁਪ ਸੀ। ਸ਼ਾਲੂ ਜੋ ਜੀਅ ਚਾਹੇ ਕਰੇ। ਪਰ ਜ਼ਿੰਦਾ ਰਹੇ। ਪਰਵੇਜ਼ ਨੇ ਸੋਚਿਆ ਕਿ ਉਹ ਮੈਨੂੰ ਨਹੀਂ ਰੋਕੇਗਾ। ਜਦ ਮੈਂ ਆਪਣੇਂ ਦਿਲ ਵਿਚ ਝਾਤ ਮਾਰੀ ਤਾਂ ਦੇਖਿਆ ਕਿ ਉਸ ਵਿਚ ਬਹੁਤ ਸਾਰੀਆਂ ਖ਼ੂਬੀਆਂ ਵੀ ਸਨ। ਚੰਗਾ ਦੋਸਤ ... ਮਦਦਗਾਰ ... ਭਲਾ ਚਿਤਵਣ ਵਾਲਾ। ਪਰ ਮੇਰੇ ਲਈ ਉਸ ਦੀ ਮਦਦ ਬੇੜੀਆਂ ਬਣ ਗਈ ਸੀ। ਮੇਰਾ ਸਾਹ ਘੁਟਣ ਲਗਾ ਸੀ। ਉਸ ਵਿਚ ਹੁਣ ਤਬਦੀਲੀ ਆ ਗਈ ਸੀ। ਲੋਕਾਂ ਸਾਹਮਣੇ ਦਿਖਾਵਾ ਕਰਦਾ ਸੀ ਮੁਹੱਬਤ ਦਾ।

ਪਰ ਉਸ ਨੂੰ ਪਤਾ ਹੀ ਨਹੀਂ ਸੀ ਕਿ ਮੁਹੱਬਤ ਕੀ ਹੁੰਦੀ ਹੈ। ਉਹ ਪਿਆਰ ਦਾ ਸੇਕ ਮਹਿਸੂਸ ਕਰਨ ਦੇ ਕਾਬਿਲ ਹੀ ਨਹੀਂ ਸੀ। ਚਿਹਰੇ ਉਤੇ ਸ਼ਬਦਾਂ ਦਾ ਮਖੌਟਾ। ਮੈਂ ਇਸ ਮਖੌਟੇ ਨੂੰ ਚੰਗੀ ਤਰ੍ਹਾਂ ਸਮਝਣ ਲਗ ਪਈ ਸਾਂ। ਹਰ ਵਾਰ ਉਹੀ ਹਾਸੀ, ਉਹੀ ਮੁਸਕ੍ਰਾਹਟ, ਉਹੀ ਫ਼ਿਕਰੇ ... ਉਹ ਖ਼ੁਦ ਆਪਣਾ ਮਜ਼ਾਕ ਬਣ ਗਿਆ ਸੀ – ਅਜਿਹਾ ਲਤੀਫ਼ਾ ਜਿਸ ਨੂੰ ਮੈਂ ਤਿੰਨ ਸੌ ਵਾਰ ਸੁਣ ਚੁਕੀ ਸਾਂ। ਉਹ ਮੈਨੂੰ ਅੱਗੇ ਵਧਣ ਦਾ ਉਤਸ਼ਾਹ ਦੇਂਦਾ। ਪਰ ਜਦ ਮੈਂ ਅਗੇ ਵਧਦੀ ਤਾਂ ਮੈਨੂੰ ਇਸ ਤਰ੍ਹਾਂ ਮਹਿਸੂਸ ਹੁੰਦਾ ਕਿ ਮੈਂ ਇਕ ਮੱਛੀ ਹਾਂ ਜਿਸ ਨੂੰ ਉਸ ਨੇ ਦਰਿਆ ਤੋਂ ਬਾਹਰ ਕਢ ਲਿਆ ਹੋਵੇ ਤੇ ਉਹ ਡਰਦਾ ਹੋਵੇ ਕਿ ਮੈਂ ਉਸ ਦੇ ਹੱਥੋਂ ਨਿਕਲ ਕੇ ਫਿਰ ਦਰਿਆ ਵਿਚ ਨਾ ਚਲੀ ਜਾਵਾਂ। ਉਹ ਮੇਰੀ ਤਰੱਕੀ ਨੂੰ ਬਰਦਾਸ਼ਤ ਨਹੀਂ ਸੀ ਕਰ ਸਕਦਾ ... ਆਖਦਾ ਸੀ ਮੈਂ ਤਰੱਕੀ ਕਰਾਂ, ਪਰ ਸਚਮੁਚ ਹੀ ਨਾ ਤਰੱਕੀ ਕਰ ਜਾਵਾਂ ... ਕਾਮਯਾਬ ਤੇ ਨਾਕਾਮਯਾਬੀ ਵਿਚਾਲੇ ਲਟਕਦੀ ਰਹਾਂ। ਕੋਈ ਫ਼ੈਸਲਾ ਨਾ ਕਰ ਸਕਾਂ ਆਪਣੀ ਜ਼ਿੰਦਗੀ ਦਾ।

ਸ਼ਾਇਦ ਮੈਂ ਆਪਣੇ ਨਜ਼ਰੀਏ ਤੋਂ ਹੀ ਗੱਲਾਂ ਸੋਚ ਰਹੀ ਸਾਂ, ਤੇ ਦੇਖ ਰਹੀ ਸਾਂ ਤੇ ਕਹਿ ਰਹੀ ਸਾਂ। ਕੀ ਇਹ ਸੱਚ ਨਹੀਂ ਸੀ ਕਿ ਆਪਣੀਆਂ ਅਦਾਵਾਂ ਨਾਲ ਉਸ ਨੂੰ ਭਰਮਾਇਆ ਸੀ? ਅਧਨੰਗੇ ਆਸਣਾ ਦੁਆਰਾ, ਆਪਣੇ ਹੁਸਨ ਦਾ ਕੈਮਰੇ ਅਗੇ ਪੂਰੀ ਤਰ੍ਹਾਂ ਇਜ਼ਹਾਰ ਕਰਕੇ ਆਕ੍ਰਸ਼ਿਤ ਕੀਤਾ ਸੀ ਉਸ ਨੂੰ। ਫੈਸ਼ਨ ਦੀ ਦੁਨੀਆਂ ਵਿਚ ਉਸ ਦੇ ਸਬੰਧ ... ਹਾਈ ਸੁਸਾਇਟੀ ... ਪਾਰਟੀਆਂ ... ਮੇਰੇ ਖ਼੍ਵਾਬਾਂ ਦੀ ਦੁਨੀਆਂ ... ਤਰੱਕੀ ਦੀਆਂ ਮੰਜ਼ਿਲਾਂ ਤੈਅ ਕਰਨ ਦੀਆਂ ਸੀੜ੍ਹੀਆਂ ਹੀ ਤਾਂ ਸਨ। ਮੈਨੂੰ ਆਪਣੇ ਕੈਰੀਅਰ ਦੀਆਂ ਮੰਜ਼ਿਲਾਂ ਨਜ਼ਰ ਆ ਰਹੀਆਂ ਸਨ। ਕੀ ਇਹੋ ਰਾਜ਼ ਨਹੀਂ ਸੀ ਉਸ ਨਾਲ ਸ਼ਾਦੀ ਕਰਨ ਦਾ? ਉਸ ਨੇ ਮੈਨੂੰ 'ਮਾਡਲ ਗਰਲ' ਬਣਨ ਦੀ ਟ੍ਰੇਨਿੰਗ ਦਿੱਤੀ। ਤੇ ਉਹ ਉਸੇ 'ਮਾਡਲ ਗਰਲ' ਉਤੇ ਫ਼ਿਦਾ ਹੋ ਗਿਆ। ਆਪਣੀ ਰਚਨਾ ਉਤੇ ਮਰ ਮਿਟਿਆ ਉਹ।

* * *

ਮੇਰੀ ਸੱਸ ਘੰਟਿਆਂ ਬਧੀ ਕਮਰੇ ਵਿਚ ਬੈਠੀ ਕ੍ਰਿਸ਼ਨ-ਭਗਤੀ ਵਿਚ ਡੁਬੀ ਰਹਿੰਦੀ। ਉਹ ਕ੍ਰਿਸ਼ਨ-ਲੀਲ੍ਹਾ ਦੀਆਂ ਕਥਾਵਾਂ ਪੜ੍ਹਦੀ ਤੇ ਇਸ ਵਿਚੋਂ ਉਸ ਨੂੰ ਰਹੱਸਮਈ ਆਨੰਦ ਮਿਲਦਾ।

ਇਕ ਦਿਨ ਉਹ ਸਤਸੰਗ ਤੋਂ ਵਾਪਿਸ ਆਈ ਜਿਥੇ ਸ਼ਿਵ ਜੀ ਮਹਾਰਜਾ ਦੇ ਸੰਤ ਮਹਾਤਮਾ ਉਤਰੇ ਹੋਏ ਸਨ। ਮਹਾਤਮਾ ਜੀ ਨੇ ਰਾਖ ਦੀ ਭਭੂਤੀ ਮਾਤਾ ਜੀ ਦੇ ਮੱਥੇ ਉਤੇ ਲਾਈ ਤੇ ਪੁਛਿਆ, "ਤੈਨੂੰ ਕੀ ਕਸ਼ਟ ਹੈ, ਬੇਟੀ?"

ਮਾਤਾ ਜੀ ਨੇ ਆਪਣੇ ਪੁੱਤਰ ਦੀ ਸਮੱਸਿਆ ਤੇ ਦੁਖਾਂਤ ਵੀ ਵਿਥਿਆ ਸੁਣਾਈ ਤੇ ਨਾਲ ਮੇਰਾ ਵੀ ਜ਼ਿਕਰ ਕੀਤਾ।

ਮਹਾਤਮਾ ਜੀ ਨੇ ਆਸ਼ੀਰਵਾਦ ਦਿੱਤਾ ਤੇ ਜੀਵਨ ਦੇ ਰਹੱਸ ਤੇ ਜਜ਼ਬੇ ਦੇ ਸਚ ਬਾਰੇ ਗੱਲਾਂ ਕੀਤੀਆਂ।

ਮਾਤਾ ਜੀ ਉਤੇ ਉਹਨਾਂ ਦੇ ਉਪਦੇਸ਼ ਦਾ ਡੂੰਘਾ ਅਸਰ ਪਿਆ। ਉਹ ਮੇਰੇ ਵੱਲ ਵਧੇਰੇ ਪਿਆਰ ਤੇ ਦਿਆਲਤਾ ਨਾਲ ਦੇਖਣ ਲਗ ਪਈ। ਮੇਰੇ ਵੱਲ ਇਉਂ ਦੇਖਦੀ ਜਿਵੇਂ ਕਦੇ ਪਹਿਲਾਂ ਦੇਖਿਆ ਹੀ ਨਾ ਹੋਵੇ।

ਮਾਤਾ ਜੀ ਨੇ ਮੈਨੂੰ ਸਦਾ ਸੁਹਾਗਣ ਦੀ ਅਸੀਸ ਦਿੱਤੀ। ਉਹ ਸੱਤਰ ਸਾਲ ਦੀ ਸੀ। ਅੱਖਾਂ ਬਲੌਰੀ ... ਲੁਸ ਲੁਸ ਕਰਦਾ ਚਿਹਰਾ। ਚੌੜਾ ਮੱਥਾ - ਭਗਤੀ ਰਸ ਵਿਚ ਡੁਬਿਆ ਹੋਇਆ। ਉਹ ਕਿਸੇ ਆਸ਼ਰਮ ਦੀ ਸਤਵੰਤੀ ਸੇਵਿਕਾ ਲਗਦੀ ਸੀ।

ਇਕ ਦਿਨ ਜਦ ਮੈਂ ਨਹਾ ਕੇ ਧੁਪ ਵਿਚ ਬੈਠੀ ਵਾਲ ਸੁਕਾ ਰਹੀ ਸਾਂ ਤਾਂ ਮਾਤਾ ਜੀ ਨੇ ਮੈਨੂੰ ਆਪਣੇ ਕਮਰੇ ਵਿਚ ਬੁਲਾਇਆ। ਮੇਰੇ ਸਿਰ ਉਤੇ ਹੱਥ ਫੇਰ ਕੇ ਬੋਲੀ, "ਮੈਂ ਤੇਰੇ ਬਾਰੇ ਸੋਚ ਰਹੀ ਹਾਂ, ਸ਼ਾਲੂ ਬੇਟੀ! ਇਹ ਜੀਵਨ ਮਿਥਿਆ ਹੈ। ਸਭ ਕੁਝ ਇਥੇ ਰਹਿ ਜਾਣਾ ਹੈ। ਬਸ ਰਾਖ ਦੀ ਢੇਰੀ। ਤੈਨੂੰ ਦੇਖਦੀ ਹਾਂ ਤਾਂ ਸੋਚਦੀ ਹਾਂ ਕਿ ਤੂੰ ਕਿਉਂ ਆਪਣੀ ਜਵਾਨੀ ਗਾਲ ਰਹੀ ਹੈਂ? ਮੈਂ ਵੀ ਤੇਰੇ ਵਾਂਗ ਕਦੇ ਜਵਾਨ ਸਾਂ। ਜਵਾਨੀ ਵਿਚ ਹੀ ਮੇਰਾ ਪਤੀ ਚਲ ਵਸਿਆ। ਤੈਨੂੰ ਪਤਾ ਹੈ, ਪਰਵੇਜ਼ ਮਸਾਂ ਦੋ ਸਾਲ ਦਾ ਸੀ। ਮੈਂ ਸਤਿ ਦਾ ਪਾਲਣ ਕੀਤਾ। ਪਰ ਕੀ ਮਿਲਿਆ? ਆਪਣੀਆਂ ਸਾਰੀਆਂ ਤਮੰਨਾਵਾਂ, ਆਸਾਂ ਤੇ ਭਾਵਨਾਵਾਂ ਦੇ ਵੇਗ ਨੂੰ ਅੰਦਰ ਦਬਾ ਕੇ ਰਖਿਆ।"

ਉਸ ਨੇ ਗਹਿਰੀ ਨਜ਼ਰ ਨਾਲ ਮੇਰੇ ਵੱਲ ਦੇਖਿਆ ਤੇ ਕੁਝ ਦੇਰ ਸੋਚ ਕੇ ਬੋਲੀ, "ਜ਼ਿੰਦਗੀ ... ਇਹ ਫਿਰ ਨਹੀਂ ਆਉਣੀ। ਜੇ ਤੂੰ ਪਤੀ ਨਾਲ ਜੁੜੀ ਰਹਿਣਾ ਚਾਹੁੰਦੀ ਹੈਂ ਤਾਂ ਉਸ ਲਈ ਇਕ ਬੱਚਾ ਜਣ ਦੇਹ। ਉਸ ਦਾ ਭਾਵੇਂ ਨਾ ਹੋਵੇ, ਕਿਸੇ ਦੋਸਤ ਦਾ ਹੀ ਹੋਵੇ। ਜਾਂ ਕਿਸੇ ਗ਼ੈਰ ਮਰਦ ਦਾ ... ਬਿਹਤਰ ਹੈ ਤੂੰ ਕਿਸੇ ਹੋਰ ਮਰਦ ਨਾਲ ਰਿਸ਼ਤਾ ਜੋੜ ਲੈ, ਉਸ ਨਾਲ ਸੰਭੋਗ ਕਰ। ਤੇ ਆਪਣੀ ਸਰੀਰਕ ਭੁਖ ਨੂੰ ਵੀ ਸ਼ਾਂਤ ਕਰ। ਇਹ ਗੱਲ ਘਰ ਦੀ ਚਾਰਦੀਵਾਰੀ ਅੰਦਰ ਰਹੇ। ਕੋਈ ਵੀ ਮਰਦ ਚੁਣ ਲੈ। ਇਹ ਪਾਪ ਨਹੀਂ। ਇਹ ਜ਼ਰੂਰਤ ਹੈ ਤੇਰੀ। ਸ਼ਾਇਦ ਰੱਬ ਦੀ ਇਹੋ ਰਜ਼ਾ ਹੋਵੇ ... ਮੇਰਾ ਆਸ਼ੀਰਵਾਦ ਤੇਰੇ ਨਾਲ ਹੈ। ਇਥੇ,. ਇਸੇ ਘਰ ਵਿਚ ਰਹਿ ਕੇ ਆਨੰਦ ਭੋਗ। ਤੇਰਾ ਬੱਚਾ ਇਹਨਾਂ ਛੇ ਕਮਰਿਆਂ ਵਾਲੇ ਵਡੇ ਘਰ ਦਾ ਵਾਰਿਸ ਹੋਵੇਗਾ। ਮੇਰੇ ਪੁੱਤ ਦੀ ਇੱਜ਼ਤ ਬਚੀ ਰਹੇਗੀ। ਕੀ ਸੋਚ ਰਹੀ ਹੈ ਤੂੰ?"

ਮੈਂ ਤਰੱਭਕ ਕੇ ਪਿਛੇ ਹਟ ਗਈ। "ਕੀ ਆਖ ਰਹੇ ਹੋ ਤੁਸੀਂ? ਮੈਂ ਤੁਹਾਡੀ ਬੇਟੀ ਹਾਂ, ਤੁਹਾਡੀ ਬਹੂ। ਇਹ ਤਾਂ ਪਾਪ ਹੋਵੇਗਾ।"

ਉਹ ਬੋਲੀ, "ਔਰਤ ਕੋਈ ਜੂਠੀ ਰੋਟੀ ਨਹੀਂ, ਰੱਬ ਦੀ ਪਵਿੱਤਰ ਭੇਟ ਹੈ। ਉਹ ਮਾਂ ਹੈ, ਬੇਟੀ ਹੈ, ਪਤਨੀ ਹੈ, ਜ਼ਨਨੀ ਹੈ। ਮਰਦ ਉਸ ਨੂੰ ਬੇਸ਼ਕ ਭ੍ਰਿਸ਼ਟ ਸਮਝੇ ਪਰ ਉਹ ਹਰ ਮਹੀਨੇ ਲਹੂ ਦੀ ਆਹੂਤੀ ਦੇ ਕੇ ਪਵਿੱਤਰ ਹੋ ਜਾਂਦੀ ਹੈ।"

ਉਸ ਦੀਆਂ ਗੱਲਾਂ ਦਾ ਮੈਨੂੰ ਯਕੀਨ ਨਾ ਆਇਆ ਉਹ ਸੱਚ ਬੋਲ ਰਹੀ ਸੀ ਜਾਂ ਝੂਠ। ਮੈਂ ਚੁਪ ਰਹੀ।

ਜਦ ਰਾਤ ਨੂੰ ਮੈਂ ਆਪਣੇ ਖਾਲੀ ਬਿਸਤਰੇ ਉਤੇ ਲੇਟੀ ਤਾਂ ਸੱਸ ਦੀਆਂ ਗੱਲਾਂ ਮੇਰੇ ਸਿਰ ਵਿਚ ਘੁੰਮਣ ਲੱਗੀਆਂ। ਬਹੁਤ ਰਾਤ ਤੀਕ ਮੈਂ ਸੋਚਦੀ ਰਹੀ...।

ਆਪਣੇ ਅੰਦਰੂਨੀ ਭਾਵਾਂ ਨੂੰ ਕੁਰੇਦਣ ਲਗੀ। ਮੇਰੀਆਂ ਅੱਖਾਂ ਅੱਗੇ 'ਕਾੱਵ ਹਬਸ਼ੀਆਂ' ਦੀਆਂ ਤਸਵੀਰਾਂ ਫਿਰ ਗਈਆਂ। ਕਿੰਨਾ ਪਵਿੱਤਰ ਤੇ ਸ਼ਕਤੀਸ਼ਾਲੀ ਸੀ ਉਹਨਾਂ ਦਾ ਸਰੀਰਕ ਭੋਗ। ਮੇਰੇ ਅੰਦਰ ਵੀ ਇਹੋ ਜਿਹੀ ਹੀ ਤੜਪ ਸੀ, ਜੋ ਰਾਤ ਦੇ ਹਨੇਰੇ ਵਿਚ ਫੈਲ ਕੇ ਮੇਰੇ ਅੰਦਰ ਸਮਾ ਗਈ। ਸੋਚਣ ਲਗੀ ਕਿ ਮੇਰਾ ਇਸ਼ਕ ਵੀ ਕਿਸੇ ਬੰਦ ਕਮਰੇ ਵਿਚ ਨਾ ਹੋਵੇ ਸਗੋਂ ਆਕਾਸ਼ ਵਾਂਗ ਖੁਲ੍ਹਾ ਹੋਵੇ। ਮੈਂ ਸਾਰੇ ਅੰਗ ਨਿੱਸਲ ਕਰਕੇ ਇਸ਼ਕ ਕਹਨ ਲਈ ਤੜਪਦੀ ਸਾਂ। ਜ਼ਮੀਨ ਉਤੇ ਲੇਟ ਕੇ – ਆਪਣੇ ਵਜੂਦ ਨੂੰ ਫੈਲਾ ਕੇ। ਸਿਰਫ਼ ਆਕਾਸ਼ ਮੇਰੇ ਇਸ਼ਕ ਦਾ ਸਾਖੀ ਹੋਵੇ।

ਆਪਣੀ ਬੁੱਢੀ ਸੱਸ ਦੀਆਂ ਗੱਲਾਂ ਸੁਣਨ ਪਿਛੋਂ ਮੈਂ ਸੋਚਣ ਲਗੀ ਕਿ ਸ਼ਾਇਦ ਉਹ ਠੀਕ ਹੀ ਆਖ ਰਹੀ ਸੀ ਕਿ ਮੈਂ ਘਰ ਦੀ ਮਰਯਾਦਾ ਨੂੰ ਮਿੱਟੀ ਵਿਚ ਨਾ ਮਿਲਾ ਦੇਵਾਂ। ਉਸ ਦੇ ਪੁੱਤ ਨੂੰ ਛਡ ਕੇ ਨਾ ਚਲੀ ਜਾਵਾਂ। ਇਸ ਛੇ ਕਮਰਿਆਂ ਵਾਲੇ ਘਰ ਵਿਚ ਹੀ ਰਹਾਂ। ਕੋਈ ਬਾਹਰੋਂ ਆਸ਼ਕ ਲਭ ਲਵਾਂ ਤੇ ਆਪਣੀ ਜਿਸਮਾਨੀ ਭੁਖ ਮਿਟਾਉਣ ਲਈ ਐਸ਼ ਕਰਾਂ। ਘਰ ਦਾ ਪਰਦਾ ਢਕਿਆ ਰਹੇ। ਕਿਉਂ ਮੈਂ ਆਪਣੀ ਜ਼ਿੰਦਗੀ ਬਰਬਾਦ ਕਰਨ ਤੇ ਤੁਲੀ ਹੋਈ ਸਾਂ? ਸੱਸ ਦੀ ਗੱਲ ਠੀਕ ਹੀ ਤਾਂ ਸੀ। ਬਾਹਰ ਨਿਕਲ ਕੇ ਮੈਂ ਕਿਥੇ ਜਾਵਾਂਗੀ? ਕਿੱਥੇ ਰਹਾਂਗੀ? ਮੈਨੂੰ ਘਰ ਛਡਣ ਦੀ ਜ਼ਰੂਰਤ ਹੀ ਕੀ ਹੈ। ਮੇਰੀ ਸੱਸ ਜੁ ਮੇਰੇ ਨਾਲ ਹੈ।

ਆਖ਼ਿਰ ਸ਼ਰਮ-ਹਯਾ ਤੇ ਇੱਜ਼ਤ ਆਬਰੂ ਦਾ ਫਕੌਂਜ ਆਪਣੇ ਨਜ਼ਦੀਕੀ ਰਿਸ਼ਤੇਦਾਰਾਂ ਨਾਲ ਹੀ ਤਾਂ ਹੁੰਦਾ ਹੈ। ਉਹ ਆਪਣੇ ਪੁੱਤ ਦੀ ਹਮਾਇਤ ਦੀ ਓਟ ਵਿਚ ਮੇਰੀ ਹਿਮਾਇਤ ਕਰ ਰਹੀ ਸੀ। ਤੇ ਮੈਨੂੰ ਕਾਹਦਾ ਡਰ?

ਸਮਝ ਨਹੀਂ ਸੀ ਆ ਰਹੀ ਕਿ ਪਾਪ ਕੀ ਹੈ ਤੇ ਪੁੰਨ ਕੀ ਹੈ? ਕੀ ਇਹ ਪ੍ਰਕਿਰਤੀ ਦਾ ਨਿਯਮ ਨਹੀਂ? ਕਿਉਂ ਹਰ ਬਾਪ ਆਪਣੀ ਬੇਟੀ ਦਾ ਵਿਆਹ ਰਚਾਉਂਦਾ ਹੈ ਪਰਾਏ ਮਰਦ ਨਾਲ? ਤੇ ਆਖਦਾ ਹੈ ਕਿ ਮੇਰੀ ਬੇਟੀ ਨੂੰ ਸੰਭਾਲ।

ਇਸ ਨੂੰ ਭੋਗ। ਇਸ ਦੀ ਪਵਿੱਤਰ ਯੋਨੀ ਵਿਚ ਆਪਣੀ ਮਣੀ ਦੀਆਂ ਬੂੰਦਾਂ ਟਪਕਾ ਕੇ ਉਸਨੂੰ ਗਰਭਵਤੀ ਕਰ ਤਾਂਕਿ ਮੇਰੀ ਸੰਤਾਨ ਅਗੇ ਵਧੇ। ਤੇ ਮੇਰਾ ਕਲਿਆਣ ਹੋਵੇ। ਕਿਉਂ ਔਰਤਾਂ ਸ਼ਿਵਲਿੰਗ ਦੀ ਪੂਜਾ ਕਰਦੀਆਂ ਹਨ? ਉਸ ਨੂੰ ਕੱਚੇ ਦੁਧ ਨਾਲ ਨੁਹਾ ਕੇ ਚੁੰਮਦੀਆਂ ਹਨ। ਮੱਥਾ ਰਗੜਦੀਆਂ ਹਨ। ਅਸੀਂ ਸਭ ਭੋਗ-ਵਿਲਾਸ ਵਿਚ ਲੀਨ ਹੋ ਕੇ ਪ੍ਰਕਿਰਤੀ ਤੇ ਉਤਮ ਧਰਮ ਨੂੰ ਪਾਲਦੇ ਹਾਂ। ਮਰਦ ਤੇ ਔਰਤ ਦਾ ਰਿਸ਼ਤਾ ਬਹੁਤ ਪਵਿੱਤਰ ਹੈ. ਤਾਂ ਮੈਂ ਆਪਣੇ ਆਪ ਨੂੰ ਕਿਉਂ ਇਸ ਤੋਂ ਬੇਮੁਖ ਰਖਾਂ?

ਮੈਂ ਇਹੋ ਗੱਲਾਂ ਸੋਚਦੀ ਰਹੀ। ਕਿਉਂ ਇਕ ਹੀ ਮਰਦ ਦੀ ਬਣ ਕੇ ਰਹਿ ਜਾਵਾਂ, ਚਾਰਦੀਵਾਰੀ ਵਿਚ ਘਿਰੀ ਹੋਈ ਬਾਂਦੀ।

ਅਗਲੀ ਸਵੇਰ ਮੈਂ ਚਾਹ ਲੈ ਕੇ ਸੱਸ ਦੇ ਕਮਰੇ ਵਿਚ ਗਈ ਤਾਂ ਦੇਖਿਆ ਉਹ ਆਕੜੀ ਪਈ ਸੀ। ਮੂੰਹ ਅੱਧ-ਖੁਲ੍ਹਾ ਤੇ ਅੱਖਾਂ ਪਥਰਾਈਆਂ ਹੋਈਆਂ।

ਮੈਂ ਡਰ ਕੇ ਬਾਹਰ ਨਿਕਲ ਆਈ ਤੇ ਪਰਵੇਜ਼ ਨੂੰ ਹਾਕ ਮਾਰੀ। ਉਹ ਦਫ਼ਤਰ ਵਿਚ ਬੈਠਾ ਮਾਡਲਜ਼ ਦੀਆਂ ਤਸਵੀਰਾਂ ਛਾਂਟ ਰਿਹਾ ਸੀ।

ਪਰਵੇਜ਼ ਦੌੜਿਆ ਆਇਆ ਤੇ ਦੇਖਿਆ ਉਸ ਦੀ ਮਾਂ ਮਰੀ ਪਈ ਸੀ।

ਮਾਤਾ ਜੀ ਦੀ ਮੌਤ ਤੋਂ ਪਿਛੋਂ ਘਰ ਬਹੁਤ ਖ਼ਾਲੀ ਖ਼ਾਲੀ ਲੱਗਣ ਲਗਾ। ਇਕ ਪਤਲਾ ਹਨੇਰਾ ਛਾਇਆ ਰਹਿੰਦਾ ਹਰ ਚੀਜ਼ ਉਤੇ। ਮੇਰਾ ਦਿਲ ਹਰ ਵੇਲੇ ਬੁਝਿਆ ਰਹਿੰਦਾ। ਚਿੜਚਿੜਾ ਮਿਜ਼ਾਜ ਹੋ ਗਿਆ ਸੀ. ਮੇਰਾ।

ਹਰ ਵੇਲੇ ਕੁੜ੍ਹਦੀ ਰਹਿੰਦੀ ਸਾਂ ਇਉਂ ਹੋਵੇ, ਇਉਂ ਨਾ ਹੋਵੇ ... ਮੈਨੂੰ ਇਹ ਚਾਹੀਦਾ ਹੈ ... ਕਾਸ਼ ! ਮੈਂ ਏਦਾਂ ਹੁੰਦੀ .. ਮੈਂ ਸ਼ਿਕਾਇਤਾਂ ਦਾ ਪੁਲੰਦਾ ਬਣ ਗਈ। ਨਾ ਦੋਸਤੀ ਦਾ ਮਜ਼ਾ, ਨਾ ਮੁਹੱਬਤ ਦਾ, ਨਾ ਕੈਦ ਦਾ, ਨਾ ਆਦਮੀ ਦਾ। ਹਰ ਵੇਲੇ ਸ਼ਿਕਾਇਤਾਂ।

ਜ਼ਿੰਦਗੀ ਸਰਪਟ ਦੌੜੀ ਜਾ ਰਹੀ ਸੀ। ਹਰ ਲਮਹਾ, ਹਰ ਛਿਣ ਕੀਮਤੀ। ਮੈਂ ਹਰ ਛਿਣ ਦਾ ਸਵਾਦ ਚਖਣਾ ਚਾਹੁੰਦੀ ਸਾਂ ਪਰ ਮੈਂ ਬੇਵਕੂਫ਼ ਸਾਂ। ਹੋਰਨਾਂ ਔਰਤਾਂ ਵਾਂਗ ਸ਼ਿਕਾਇਤਾਂ ਹੀ ਕਰਨਾ ਚਾਹੁੰਦੀ ਸਾਂ। ਇਕ ਟ੍ਰੈਜਡੀ ਦੀ ਜ਼ਿੰਦਗੀ ਜਿਸ ਨੂੰ ਮੈਂ ਭੋਗ ਰਹੀ ਸਾਂ। ਆਖ਼ਿਰ ਮੈਂ ਚਾਹੁੰਦੀ ਕੀ ਸਾਂ? ਤ੍ਰਿਪਤੀ? ਕਾਹਦੀ ਤ੍ਰਿਪਤੀ? ਮੈਂ ਅਤ੍ਰਿਪਤ ਸਾਂ। ਮੈਨੂੰ ਆਪਣੇ ਹੁਸਨ ਤੇ ਜਵਾਨੀ ਨੂੰ ਸ਼ਿੱਦਤ ਨਾਲ ਭੋਗਣਾ ਚਾਹੀਦਾ ਹੈ ਤਾਂ ਕਿ ਹਰ ਛਿਣ ਇਕ ਹਜ਼ਾਰ ਛਿਣ ਹੋ ਜਾਣ ਇਕ ਲਖ ਛਿਣ ...

ਕਦੇ ਕਦੇ ਮੈਨੂੰ ਬਹੁਤ ਗੁੱਸਾ ਆਉਂਦਾ। ਗੁੱਸੇ ਵਿਚ ਮੈਂ ਪਲੇਟਾਂ ਭੰਨ ਸੁਟਦੀ। ਆਖ਼ਿਰ ਮੈਂ ਆਪਣਾ ਗੁੱਸਾ ਕਿਹਦੇ ਉਤੇ ਕੱਢਦੀ? ਮੇਰਾ ਪਤੀ ... ਮੋਟਾ ... ਭਾਰਾ ... ਗੈਂਡਾ। ਮੈਂ ਪਾਗਲ ਹੋ ਰਹੀ ਸਾਂ। ਕਦੇ ਮੈਂ ਉਸ ਨੂੰ ਸੰਢਾ

ਆਖ ਦੇਂਦੀ ... ਕਦੇ ਗੈਂਡਾ। ਅਜੀਬ ਸ਼ਬਦ ... ਗੋਲ ਮਟੋਲ ... ਗੇਂਦ ... ਗੁੰਬਦ ... ਗੈਂਡਾ।

ਮੇਰੇ ਵਿਚਾਰ ਗਡਮਡ ਹੋ ਰਹੇ ਸਨ ... ਹਾਂ ਯਾਦ ਆਇਆ, ਮੈਂ ਇਸ ਪਤੀ ਬਾਰੇ ਇਕ ਕਵਿਤਾ ਲਿਖੀ ਸੀ। ਇਹ ਮੇਰੀ ਪਹਿਲੀ ਕਵਿਤਾ ਸੀ, ਇਸ ਵਿਚ ਮੇਰੇ ਹੰਝੂ ਛੁਪੇ ਹੋਏ ਸਨ। ਸੁਣੋਗੇ ਇਹ ਘਟੀਆ ਕਵਿਤਾ?

ਨਫ਼ਰਤ ਹੈ ਮੈਨੂੰ ਪਤੀ ਸ਼ਬਦ ਤੋਂ
ਚਾਹੁੰਦੀ ਹਾਂ ਗਲ ਘੁੱਟ ਸੁਟਾਂ
ਇਸ ਸ਼ਬਦ ਦਾ
ਭੰਨ ਸੁਟਾਂ ਚੂੜੀਆਂ
ਮਿਟਾ ਦੇਵਾਂ ਮੱਥੇ ਦਾ ਕਲੰਕ
ਇਹ ਸੰਧੂਰ
ਲਹੂ ਵਰਗੀ ਇਹ ਸੁਰਖ਼ ਲਕੀਰ
ਨਫ਼ਰਤ ਹੈ ਮੈਨੂੰ ਪਤੀ ਸ਼ਬਦ ਤੋਂ

ਮੈਂ ਇਹ ਕਵਿਤਾ ਲਿਖ ਕੇ ਅਲਮਾਰੀ ਵਿਚ ਰਖ ਦਿੱਤੀ। ਮੇਰੀ ਗ਼ੈਰਹਾਜ਼ਰੀ ਵਿਚ ਪਰਵੇਸ਼ ਨੇ ਸ਼ਾਇਦ ਪਹਿਲਾਂ ਮੇਰੀ ਅੰਗੀ ਨੂੰ ਸੁੰਘਿਆ, ਫੇਰ ਕੰਘੀ ਵਿਚ ਫਸੀ ਵਾਲਾਂ ਦੀ ਲਿਟ ਨੂੰ, ਤੇ ਇਸ ਪਿਛੋਂ ਕਵਿਤਾ ਪੜ੍ਹੀ।

ਜਦ ਮੈਂ ਵਾਪਿਸ ਘਰ ਆਈ ਤਾਂ ਉਸ ਨੇ ਮੇਰੀ ਕਵਿਤਾ ਪੜ੍ਹ ਕੇ ਟੁਕੜੇ ਟੁਕੜੇ ਕਰ ਦਿੱਤੀ। ਤੇ ਇਹ ਟੁਕੜੇ ਉਸ ਨੇ ਮੇਰੇ ਮੂੰਹ ਉਤੇ ਮਾਰੇ।

ਉਹ ਭੜਕ ਕੇ ਬੋਲਿਆ, "ਇਹੋ ਜਿਹੀ ਕਵਿਤਾ ਲਿਖਣ ਦਾ ਕੀ ਮਤਲਬ? ਤੂੰ ਗਲ ਘੁਟਣਾ ਚਾਹੁੰਦੀ ਹੈਂ ਮੇਰਾ? ਮਿਟਾਉਣਾ ਚਾਹੁੰਦੀ ਹੈਂ ਸੰਧੂਰ ਦਾ ਟਿੱਕਾ? ਸ਼ਰਮ ਨਹੀਂ ਆਉਂਦੀ ਤੈਨੂੰ ਇਸ ਤਰ੍ਹਾਂ ਬਕਦੀ ਨੂੰ?"

ਮੈਂ ਹੱਸਣ ਲਗੀ, "ਇਹ ਤਾਂ ਕਵਿਤਾ ਸੀ, ਮੇਰੀਆਂ ਉਮੰਗਾਂ ਦੀ ਲਾਸ਼, ਨਾਰੀ ਦੀ ਚਿਤਾ ਦੀ ਰਾਖ ... ਮੇਰੀ ਸਿਰਜਨਾ ਦੀ ਪੂਰਤੀ।"

ਉਸਨੇ ਡੂੰਘਾ ਸਾਹ ਲਿਆ, ਬੋਲਿਆ, "ਕੋਈ ਹੋਰ ਮਰਦ ਹੈ ਤੇਰੇ ਜ਼ਿਹਨ ਵਿਚ?"

ਮੈਂ ਆਖਿਆ, "ਕੋਈ ਵੀ ਮਰਦ ਨਹੀਂ ... ਜਾਂ ਇਹ ਕਹਿ ਲਵੋ ਸਭ ਮਰਦ ਹਨ। ਤਿੰਨ ਸੌ ਮਰਦ ... ਨਹੀਂ, ਨਹੀਂ ਤਿੰਨ ਹਜ਼ਾਰ ਮਰਦ ... ਅਨੰਤ ਮਰਦ ... ਜਿਨ੍ਹਾਂ ਸਭਨਾਂ ਨਾਲ ਮੁਹੱਬਤ ਕਰ ਸਕਦੀ ਹਾਂ। ਮੇਰੇ ਮਨ ਅੰਦਰ ਅਥਾਹ ਸ਼ਕਤੀ ਹੈ ਪਿਆਰ ਕਰਨ ਦੀ ... ਪਰ ਤੂੰ ਇਸ ਦਾ ਗਲ ਘੁਟ ਦਿੱਤਾ ਹੈ। ਮੁਹੱਬਤ ਤੇ ਨਫ਼ਰਤ ਦੋਵੇਂ ਹਨ ਮੇਰੇ ਅੰਦਰ। ਦੋਵੇਂ ਸ਼ਕਤੀਆਂ ਮੇਰੀਆਂ ਦੋਹਾਂ ਛਾਤੀਆਂ ਵਿਚ ਧੜਕ ਰਹੀਆਂ ਹਨ। ਯਾਦ ਹੈ ਤੈਨੂੰ ਇਕ ਵਾਰ ਤੂੰ

ਮੇਰੀਆਂ ਛਾਤੀਆਂ ਦੀ ਤਾਰੀਫ਼ ਕੀਤੀ ਸੀ? ਹੁਸੀਨ ਗੋਲਾਈਆਂ ... ਅਜੰਤਾ ... ਏਲੋਰਾ ... ਖਜੁਰਾਹੋ ਦੀਆਂ ਨਰਤਕੀਆਂ ਦੀਆਂ ਛਾਤੀਆਂ। ਤੇ ਤੂੰ ਮੈਨੂੰ ਫੜ ਕੇ ਕਹਿਆ ਸੀ। ਤੂੰ ਸਰੀਰਕ ਰੂਪ ਦਾ ਭੁੱਖਾ, ਪਰ ਨਾਮੁਕੰਮਲ! ਅਧੂਰਾ ਮਰਦ!"

ਇਹ ਸੁਣ ਕੇ ਉਸ ਨੂੰ ਸੱਤੀਂ ਕਪੜੀਂ ਅੱਗ ਲੱਗ ਗਈ ਤੇ ਫਿਰ ਗਾਲ੍ਹਾਂ ਦੀ ਬੁਛਾੜ ... ਹੂੰ ... ਤੂੰ ਬੀਵੀ? ... ਪਤਨੀ ... ਚੰਡਾਲਣੀ ... ਰੰਡੀ ...

"ਹਾਂ, ਮੈਂ ਰੰਡੀ ਹਾਂ! ਸੁਣਦਾ ਹੈਂ ਤੂੰ? ਦਿਲ ਕਰਦਾ ਹੈ ਕਪੜੇ ਪਾਣ ਸੁਟਾਂ ਆਪਣੇ, ਤੇ ਨੰਗੀ ਹੋ ਜਾਵਾਂ ਤੇਰੇ ਸਾਹਮਣੇ, ਤੇ ਚੀਖ਼ ਚੀਖ਼ ਕੇ ਆਖਾਂ, ਹਾਂ, ਰੰਡੀ ਹਾਂ ਮੈਂ ... ਤੇਰਾ ਬਿਸਤਰ ਗਰਮ ਕਰਨ ਲਈ! ਪਰ ਕੌਣ ਕਰ ਸਕਦਾ ਹੈ ਤੇਰਾ ਬਿਸਤਰ ਗਰਮ? ਤੂੰ ਪਤੀ ਬਣਨ ਦੇ ਕਾਬਿਲ ਹੀ ਨਹੀਂ। ਨਾਮਰਦ ਕਿਤੋਂ ਦਾ!"

"ਚੁਪ ਹੋ ਜਾਹ," ਇਹ ਆਖ ਕੇ ਉਸ ਨੇ ਮੈਨੂੰ ਜ਼ੋਰ ਦੀ ਥੱਪੜ ਮਾਰਿਆ ਤੇ ਮੈਂ ਫਰਸ਼ ਉਤੇ ਡਿਗ ਪਈ। ਮੈਂ ਧਰਤੀ ਪਿਟ ਕੇ ਬੋਲੀ, "ਕਿਉਂ ਰਖਿਆ ਹੈ ਰੰਡੀ ਨੂੰ ਆਪਣੇ ਘਰ ਵਿਚ? ਗੁੱਤੋਂ ਫੜ ਕੇ ਬਾਹਰ ਕਿਉਂ ਨਹੀਂ ਕਢ ਦੇਂਦਾ? ਧੱਕੇ ਮਾਰ ਕੇ ਕਢ ਦੇਹ ਮੈਨੂੰ ਬਾਹਰ। ਤੂੰ ਲੋਕਾਂ ਨੂੰ ਇਹ ਸਾਬਤ ਕਰਨਾ ਚਾਹੁੰਦਾ ਹੈਂ ਕਿ ਮੈਂ ਪਾਪ ਦੀ ਗਠੜੀ ਹਾਂ ਤੇ ਤੂੰ ਦੇਵਤਾ। ਲੋਕ ਆਖਣ ਤੂੰ ਕਿੰਨਾ ਚੰਗਾ ਹੈਂ। ਮੈਂ ਤੈਨੂੰ ਹੁਕਮ ਦੇਂਦੀ ਹਾਂ ਕਿ ਤੂੰ ਚੀਖ਼ ਕੇ ਆਖ, 'ਬੇਹਯਾ ਰੰਡੀਏ, ਨਿਕਲ ਜਾਹ ਮੇਰੇ ਘਰੋਂ।"

ਉਸ ਦਾ ਚਿਹਰਾ ਵਿਗੜ ਗਿਆ। ਅੱਖਾਂ ਵਿਚ ਅੱਗ ਤੇ ਇਕ ਨਾਮਰਦ ਦੀ ਬੇਵਸੀ। ਉਹ ਚੀਖ਼ ਕੇ ਬੋਲਿਆ, "ਹਾਂ ਹਾਂ, ਨਿਕਲ ਜਾਹ ਮੇਰੇ ਘਰੋਂ। ਬਾਹਰੋਂ ਧੱਕੇ ਖਾ ਕੇ ਇਥੇ ਹੀ ਮੁੜ ਕੇ ਆਵੇਂਗੀ।"

ਉਸ ਦੇ ਇਹ ਸ਼ਬਦ ਸੁਣ ਕੇ ਮੈਨੂੰ ਸਕੂਨ ਆ ਗਿਆ ਜਿਵੇਂ ਕਿਸੇ ਨੇ ਮੇਰੀ ਤਪਦੀ ਹੋਈ ਆਤਮਾ ਨੂੰ ਸ਼ਾਂਤ ਕਰ ਦਿੱਤਾ ਹੋਵੇ। ਮੈਂ ਆਖਿਆ, "ਜਾਂਦੀ ਹਾਂ, ਅੱਜ ਤੋਂ ਪਿਛੋਂ ਕਦੇ ਇਸ ਦਰਵਾਜ਼ੇ ਵੱਲ ਝਾਕ ਕੇ ਵੀ ਨਹੀਂ ਦੇਖਾਂਗੀ। ਇਕ ਵਾਰ ਇਸ ਘਰ ਦੀ ਦਹਿਲੀਜ਼ ਨੂੰ ਛਡਿਆ ਤਾਂ ਫਿਰ ਕਦੇ ਸ਼ਕਲ ਨਹੀਂ ਦਿਖਾਵਾਂਗੀ ਤੈਨੂੰ। ਮੰਗ ਕੇ ਗੁਜ਼ਾਰਾ ਕਰ ਲਵਾਂਗੀ ਪਰ ਇਥੇ ਨਹੀਂ ਆਵਾਂਗੀ ਕਦੇ।"

ਮੈਂ ਉਸ ਘਰ ਵਿਚੋਂ ਆਪਣੀ ਕੋਈ ਚੀਜ਼ ਨਾ ਚੁੱਕੀ ਤੇ ਤਿੰਨੀਂ ਕਪੜੀਂ ਬਾਹਰ ਨਿਕਲ ਗਈ।

# 2

**ਜਿਸ** ਦਿਨ ਮੈਂ ਪਰਵੇਜ਼ ਦੀ ਦਹਿਲੀਜ਼ ਤੋਂ ਬਾਹਰ ਪੈਰ ਰੱਖਿਆ, ਮੈਂ ਫ਼ੈਸਲਾ ਕਰ ਲਿਆ ਕਿ ਅੱਜ ਤੋਂ ਪਿੱਛੋਂ ਕੋਈ ਮਰਦ ਮੇਰੇ ਤੇ ਹਾਵੀ ਨਹੀਂ ਹੋਵੇਗਾ। ਕੋਈ ਮਰਦ ਮੇਰੇ ਉੱਤੇ ਹਕੂਮਤ ਨਹੀਂ ਕਰ ਸਕੇਗਾ। ਮੈਨੂੰ 'ਮਰਦ' ਸ਼ਬਦ ਤੋਂ ਹੰਕਾਰ ਦੀ ਬੂ ਆਉਂਦੀ ਸੀ। ਮੈਂ ਉਸ ਦੀ ਜਾਇਦਾਦ ਸੀ। ਉਸ ਦੀ ਹਕੂਮਤ ਦੋ ਸਾਲ ਤੀਕ ਬਰਦਾਸ਼ਤ ਕੀਤੀ। ਪਰ ਜਦ ਉਸ ਦੇ ਘਰੋਂ ਬਾਹਰ ਨਿਕਲੀ ਤਾਂ ਆਜ਼ਾਦ ਹੋ ਗਈ। ਸਾਰੇ ਬੰਧਨ ਟੁੱਟ ਗਏ।

ਮੈਂ ਨਹੀਂ ਸੀ ਚਾਹੁੰਦੀ ਕਿ ਮੇਰੇ ਨਾਂ ਦੇ ਪਿਛੇ ਕਿਸੇ ਮਰਦ ਦਾ ਨਾਂ ਹੋਵੇ। ਚਾਹੁੰਦੀ ਸਾਂ ਤਾਂ, ਸਿਰਫ਼ ਆਪਣਾ ਨਾਂ ...ਸ਼ਾਲੂ। ਬੱਸ ਸ਼ਾਲੂ ਤੋਂ ਪਿਛੋਂ ਜਾਂ ਪਹਿਲਾਂ ਕੁਝ ਨਾ ਹੋਵੇ। ਸਿਰਫ਼ ਸ਼ਾਲੂ ਹੋਵੇ। ਇਹ ਨਾਂ ਇਥੇ ਹੀ ਖ਼ਤਮ ਹੋ ਜਾਵੇ। ਸਾਰੀ ਵਿਆਕਰਣ ... ਸਾਰੇ ਨਾਂ 'ਲੋਪ ਹੋ ਜਾਣ। ਸਿਰਫ਼ ਮੇਰਾ ਨਾਂ ਸ਼ਾਲੂ। ਸਾਰੇ ਲੋਕ ਮੈਨੂੰ ਸ਼ਾਲੂ ਕਹਿ ਕੇ ਬੁਲਾਉਣ। ਫਿਰ ਇਹ ਲੋਕ ਮੈਨੂੰ ਜ਼ਿਆਦਾ ਇੱਜ਼ਤ ਦੀ ਨਿਗਾਹ ਨਾਲ ਦੇਖਣਗੇ। ਜਾਂ ਨਫ਼ਰਤ ਦੀ ਨਿਗਾਹ ਨਾਲ। ਪਰ ਉਹ ਮੈਨੂੰ ਦੇਖਣਗੇ। ਮੇਰੇ ਨਾਲ ਗੱਲ ਕਰਨਗੇ। ਉਹੋ ਮੈਂ ਚਾਹੁੰਦੀ ਸਾਂ। ਇਸ ਵਿਚ ਸ਼ਾਂਤੀ ਸੀ – ਕਿਸੇ ਫ਼ਕੀਰ ਦੀ ਕੁਟੀਆ ਵਿਚਲੀ ਸ਼ਾਂਤੀ। ਮੈਨੂੰ ਮਹਿਲ ਦੀ ਜ਼ਰੂਰਤ ਨਹੀਂ, ਜਿਸ ਵਿਚ ਕਾਮਯਾਬੀ ਦੀਆਂ ਤਸਵੀਰਾਂ ਹੋਣ। ਸਾਏ ਹੋਣ। ਮੈਨੂੰ ਮਰਦਾਂ ਦੀ ਜ਼ਰੂਰਤ ਨਹੀਂ। ਮੈਂ ਸਿਰਫ਼ ਆਪਣੇ ਆਪ ਨੂੰ ਪਰਖਣਾ ਚਾਹੁੰਦੀ ਸਾਂ ... ਮਹਿਸੂਸ ਕਰਨਾ ਚਾਹੁੰਦੀ ਸੀ ... ਸ਼ਾਲੂ ਦੇ ਰੂਪ ਵਿਚ ਇਸ ਉੱਤੇ ਕਿਸੇ ਦਾ ਪਰਛਾਵਾਂ ਨਾ ਹੋਵੇ। ਨਾ ਬਾਪ ਦਾ .... ਨਾ ਪਤੀ ਦਾ .... ਕਿਸੇ ਦਾ ਕਬਜ਼ਾ ਨਾ ਹੋਵੇ ਮੇਰੇ ਉੱਤੇ। ਮੈਂ .... ਮੈਂ ਰਹਾਂ। ਪਤੀ ਦੇ ਘਰੋਂ ਨਿਕਲੀ ਤਾਂ ਕਿੱਥੇ ਜਾਂਦੀ?

ਜ਼ਾਹਿਰ ਹੈ ਮਾਂ ਦਾ ਘਰ। ਬੀਵੀ ਚਾਹੇ ਮਜ਼ਦੂਰ ਦੀ ਹੋਵੇ, ਚਾਹੇ ਕਰੋੜਪਤੀ ਦੀ, ਮਾਂ ਦਾ ਘਰ ਹੀ ਉਸ ਲਈ ਆਸਰਾ ਰਿਹਾ ਹੈ। ਮੈ ਵੀ ਮਾਂ ਦੇ ਘਰ ਆ ਗਈ।

ਮੇਰੀ ਮਾਂ ਨੇ ਆਖਿਆ, "ਧੀਏ, ਤੇਰੇ ਪਤੀ ਦਾ ਘਰ ਹੀ ਤੇਰਾ ਘਰ ਹੈ। ਕਿਉਂ ਛੱਡ ਦਿੱਤਾ ਆਪਣਾ ਘਰ?"

ਮੈਂ ਜੁਆਬ ਦਿੱਤਾ; "ਜੇ ਤੂੰ ਮੈਨੂੰ ਆਪਣੇ ਕੋਲ ਨਹੀਂ ਰੱਖਣਾ ਤਾਂ ਮੈਂ ਕਿਤੇ ਹੋਰ ਚਲੀ ਜਾਵਾਂਗੀ।" ਕਿੱਥੇ? "ਪਤਾ ਨਹੀਂ। ਬਸ ਇਕ ਗੱਲ ਦਾ ਫੈਸਲਾ ਪੱਕਾ ਹੈ ਕਿ ਮੁੜ ਪਰਵੇਜ਼ ਦੇ ਘਰ ਨਹੀਂ ਜਾਵਾਂਗੀ।"

* * *

ਦਿੱਲੀ ਵਿਚ ਟੈਲੀਵਿਜ਼ਨ ਦੇ ਸੀਰੀਅਲਾਂ ਤੇ ਟੈਲੀ-ਫ਼ਿਲਮਾਂ ਦਾ ਹੜ੍ਹ ਆ

ਗਿਆ ਸੀ। ਦਰਜਨਾਂ ਫ਼ਿਲਮ ਸਟੂਡੀਓ ਨੋਏਡਾ ਵਿਚ ਖੁਲ੍ਹ ਗਏ ਸਨ। ਹਰ ਰਾਈਟਰ, ਹਰ ਭੜਭੂੰਜਾ, ਹਰ ਪਨਵਾੜੀ ਟੀ.ਵੀ. ਸੀਰੀਅਲ ਲਈ ਕਹਾਣੀ ਲਈ ਬੈਠਾ ਸੀ। ਨੌਜੁਆਨ ਕੁੜੀਆਂ ਮੋਢੇ 'ਤੇ ਬੈਗ ਲਟਕਾਈ ਤੇ ਕਾਲੇ ਚਸ਼ਮੇ ਪਹਿਨੀਂ ਸਟੂਡੀਓਜ਼ ਦੇ ਚੱਕਰ ਕੱਢ ਰਹੀਆਂ ਸਨ। ਹਰ ਇਕ ਨੂੰ ਕੰਮ ਮਿਲ ਰਿਹਾ ਸੀ ... ਤਨਖ਼ਾਹ? ਸੈੱਟ ਉੱਤੇ ਚਾਹ ਦਾ ਪਿਆਲਾ ਫੜਾਉਣ ਵਾਲੇ ਮੁੰਡੂ ਨੂੰ ਤਿੰਨ ਸੌ ਰੁਪਿਆ ਰੋਜ਼ ਯਾਨੀ ਨੌਂ ਹਜ਼ਾਰ ਰੁਪਿਆ ਮਹੀਨਾ। ਲੰਚ ਪ੍ਰੋਡਿਊਸਰ ਦੇ ਸਿਰ, ਤੇ ਕਨਵੇਐਂਸ ਲਈ ਪੈਸੇ ਅਡਰੇ। ਲੁੱਟ ਮਚੀ ਹੋਈ ਸੀ।

ਮੈਂ ਤਿੰਨ ਚਾਰ ਡਾਇਰੈਕਟਰਾਂ ਨੂੰ ਮਿਲੀ। ਫੌਰਨ ਹੀ ਕੰਟੀਨਿਊਟੀ ਗਰਲ ਦਾ ਜਾੱਬ ਮਿਲ ਗਿਆ। ਮੇਰੀ ਬੈਕਗ੍ਰਾਊਂਡ ਵੀ ਅਜਿਹੀ ਹੀ ਸੀ .... ਫੈਸ਼ਨ ਮਾਡਲਿੰਗ ਕਾਸਟਿਊਮਜ਼। ਇਹਨਾਂ ਚੀਜ਼ਾਂ ਦਾ ਗਿਆਨ ਮੈਨੂੰ ਪਹਿਲਾਂ ਹੀ ਸੀ। ਜਲਦੀ ਹੀ ਕੰਮ ਸੰਭਾਲ ਲਿਆ। ਇਹ ਕੰਮ ਦਿਹਾੜੀ ਤੇ ਨਹੀਂ ਸੀ, ਸਗੋਂ ਮਾਸਿਕ ਸੀ। ਇਸ ਲਈ ਅੱਠ ਹਜ਼ਾਰ ਰੁਪਿਆ ਮਹੀਨਾ ਮਿਲਦਾ ਸੀ। ਮੈਂ ਬਹੁਤ ਖ਼ੁਸ਼ ਸੀ।

ਇਕ ਦਿਨ ਮੈਂ ਕਨਾਟ ਪਲੇਸ ਵਿਚ ਵਿੰਪੀ ਰੈਸਤੋਰਾਂ ਦੇ ਅੱਗੇ ਕਿਸੇ ਸਕੂਟਰ ਦੀ ਤਲਾਸ਼ ਵਿਚ ਖੜ੍ਹੀ ਸਾਂ ਕਿ ਪਿਛੋਂ ਮੈਨੂੰ ਕਿਸੇ ਨੇ ਆਵਾਜ਼ ਮਾਰੀ। ਮੈਂ ਮੁੜ ਕੇ ਦੇਖਿਆ ਤਾਂ ਰੋਜ਼ੀ ਖੜ੍ਹੀ ਸੀ।

ਉਹ ਖਿੜਖਿੜਾ ਕੇ ਬੋਲੀ, "ਸ਼ਾਲੂ ! ਤੂੰ ਇੱਥੇ ਕਿਵੇਂ?"

ਉਹ ਮੇਰੀ ਪੁਰਾਣੀ ਸਹੇਲੀ ਸੀ ਜੋ ਪਰਵੇਜ਼ ਕੋਲ ਮਾਡਲਿੰਗ ਕਰਦੀ ਸੀ।

ਖੁਸ਼ਮਿਜ਼ਾਜ, ਛੋਟਾ ਕੱਦ, ਗੋਲ ਚਿੱਟਾ ਚਿਹਰਾ, ਮੋਟੀਆਂ ਅੱਖਾਂ, ਘੁੰਗਰਾਲੇ ਲੱਛੇਦਾਰ ਵਾਲ।

ਮੈਂ ਆਖਿਆ, "ਕੋਈ ਆਟੋ ਰਿਕਸ਼ਾ ਦੇਖ ਰਹੀ ਹਾਂ। ਪਰ ਕੋਈ ਵੀ ਨੋਏਡਾ ਜਾਣ ਲਈ ਤਿਆਰ ਨਹੀਂ।"

ਉਹ ਬੋਲੀ, "ਸੁਣਿਐ ਤੂੰ ਪਰਵੇਜ਼ ਨੂੰ ਛੱਡ ਦਿੱਤਾ। ਤੇ ਤਲਾਕ ਦੇ ਕਾਗਜ਼ ਕਚਹਿਰੀ ਵਿਚ ਦਾਖ਼ਿਲ ਕਰ ਦਿੱਤੇ।"

"ਹਾਂ।"

"ਕਾਂਗਰੈਚੂਲੇਸ਼ਨਜ਼। ਆਜ਼ਾਦ ਹੋ ਗਈ।"

ਰੋਜ਼ੀ ਦੀਆਂ ਕੁੱਝ ਗੱਲਾਂ ਮੇਰੇ ਨਾਲ ਮਿਲਦੀਆਂ ਸਨ। ਉਸ ਨੇ ਸ਼ਾਦੀ ਦੇ ਦੋ ਸਾਲ ਪਿਛੋਂ ਤਲਾਕ ਲੈ ਲਿਆ। ਤੇ ਹੁਣ ਤਿੰਨ ਸਾਲ ਤੋਂ ਆਪਣੀ ਮਾਂ ਕੋਲ ਰਹਿ ਰਹੀ ਸੀ। ਪੰਜ ਸਾਲ ਦੇ ਬੱਚੇ ਦੀ ਮਾਂ। ਆਜ਼ਾਦ ਤੇ ਬਿੰਦਾਸ। ਉਹ ਵੀ ਆਪਣੀ ਮਾਂ ਕੋਲ ਰਹਿੰਦਿਆਂ ਪਰੇਸ਼ਾਨ ਸੀ ਤੇ ਮੈਂ ਵੀ। ਉਹ ਕੋਈ ਨਿੱਕਾ ਜਿਹਾ ਫਲੈਟ ਲੱਭ ਰਹੀ ਸੀ ਜਿਸ ਦਾ ਕਿਰਾਇਆ ਥੋੜ੍ਹਾ ਜਿਹਾ ਹੋਵੇ। ਮੈਂ ਵੀ ਇਹੋ ਜਿਹੇ ਫ਼ਲੈਟ ਦੀ ਤਲਾਸ਼ ਵਿਚ ਸਾਂ, ਪਰ ਕਿਸੇ ਚੰਗੀ ਥਾਂ – ਜਿਵੇਂ

ਡੀਫੈਂਸ ਕਾਲੋਨੀ, ਗੁਲਮੋਹਰ ਪਾਰਕ, ਗ੍ਰੀਨ ਪਾਰਕ, ਸਫ਼ਦਰਜੰਗ ਐਨਕਲੇਵ ਯਾਨੀ ਸਾਊਥ ਦਿੱਲੀ ਵਿਚ ਕੋਈ ਵੀ ਜਗ੍ਹਾ।

ਅਸਾਂ ਦੋਹਾਂ ਨੇ ਫ਼ੈਸਲਾ ਕੀਤਾ ਕਿ ਕਿਉਂ ਨਾ ਅਸੀਂ ਇਕੱਠੀਆਂ ਹੀ ਘਰ ਦੀ ਤਲਾਸ਼ ਕਰੀਏ। ਦੋ ਲੜਕੀਆਂ ਇਕੱਠੀਆਂ ਰਹਿਣ ਤਾਂ ਸੌ ਦੁਖ-ਸੁਖ ਸਾਂਝਾ। ਕਿਰਾਇਆ ਤੇ ਸਕਿਉਰਿਟੀ ਵੀ ਅੱਧੀ-ਅੱਧੀ। ਹਰ ਚੀਜ਼ ਅੱਧੀ-ਅੱਧੀ।

ਦੋਹਾਂ ਨੇ ਅਗਲੇ ਦਿਨ ਵਿੰਪੀ ਦੇ ਬਾਹਰ ਹੀ ਮਿਲਣ ਦਾ ਵਾਇਦਾ ਕੀਤਾ। ਤੇ ਇਕ ਦੂਜੀ ਦੇ ਗਲ ਲਗ ਕੇ ਵਿਦਾ ਹੋਈਆਂ।

ਅਗਲੇ ਦਿਨ ਸ਼ਾਮ ਦੇ ਪੂਰੇ ਪੰਜ ਵਜੇ ਮੈਂ ਵਿੰਪੀ ਦੇ ਸਾਹਮਣੇ ਖੜ੍ਹੀ ਸਾਂ। ਮੇਰੇ ਹੱਥ ਵਿਚ ਅਖ਼ਬਾਰ ਸੀ ਜਿਸ ਉੱਤੇ ਮੈਂ ਪੈਨਸਿਲ ਨਾਲ ਖ਼ਾਲੀ ਫਲੈਟਸ ਦੇ ਇਸ਼ਤਹਾਰਾਂ ਉੱਤੇ ਨਿਸ਼ਾਨ ਲਾ ਰੱਖੇ ਸਨ।

ਇਤਨੇ ਵਿਚ ਰੋਜ਼ੀ ਵੀ ਆ ਗਈ। ਦੋਹਾਂ ਨੇ ਦੂਰੋਂ ਹੀ, ਇਕ ਦੂਸਰੇ ਨੂੰ 'ਹੈਲੋ' ਕੀਤੀ। ਤੇ ਦੋਵੇਂ ਮਕਾਨ ਦੀ ਤਲਾਸ਼ ਵਿਚ ਚਲ ਪਈਆਂ।

ਹੁਣ ਹਰ ਰੋਜ਼ ਅਸੀਂ ਸ਼ਾਮ ਨੂੰ ਵਿੰਪੀ ਰੈਸਤੋਰਾਂ ਅੱਗੇ ਮਿਲਦੀਆਂ। ਦੋਹਾਂ ਦੇ ਹੱਥਾਂ ਵਿਚ ਅਖ਼ਬਾਰ। ਅਸੀਂ ਪੈਦਲ ਜਾਂ ਸਕੂਟਰ ਵਿਚ ਕੋਈ ਖ਼ਾਲੀ ਫਲੈਟ ਦੇਖਣ ਜਾਂਦੀਆਂ। ਕਈ ਵਾਰ ਬੱਸਾਂ ਵਿਚ ਧੱਕੇ ਖਾਂਦੀਆਂ, ਪਰ ਦੋਹਾਂ ਦਾ ਇਕੱਠਾ ਹੋਣਾ ਮੈਨੂੰ ਚੰਗਾ ਲੱਗਦਾ ਸੀ।

ਇਕ ਦਿਨ ਮੇਰਾ ਆਪਣੀ ਮਾਂ ਨਾਲ ਝਗੜਾ ਹੋ ਗਿਆ। ਉਸ ਨੇ ਮੈਨੂੰ ਡਾਂਟ ਕੇ ਆਖਿਆ, "ਮੇਰੇ ਨਾਲ ਇਕੱਲੀ ਕੀ ਕਰੇਂਗੀ? ਭੱਟਕ ਜਾਵੇਂਗੀ। ਇੱਕਲੀ ਕੁੜੀ ਦੇ ਰਾਹ ਵਿਚ ਸੈਂਕੜੇ ਮੁਸ਼ਕਲਾਂ। ਇਵੇਂ ਜ਼ਿੰਦਗੀ ਕੱਟਣੀ ਸੌਖੀ ਨਹੀਂ ਹੁੰਦੀ। ਬੰਦਾ ਭੱਟਕ ਜਾਂਦਾ ਹੈ।"

ਪਰ ਮੈਨੂੰ ਭਟਕਣਾ-ਖੁਲ੍ਹਾਪਣ ਪਸੰਦ ਸੀ। ਆਪਣੀ ਮਰਜ਼ੀ ਦੀ ਜ਼ਿੰਦਗੀ। ਆਖ਼ਰ ਔਰਤ ਦੀ ਜ਼ਿੰਦਗੀ ਹੈ ਕੀ? ਪਹਿਲਾਂ ਬਾਪ ਦਾ ਸਾਇਆ – ਉਹ ਧੀ ਦਾ ਰੱਖਿਅਕ। ਫੇਰ ਪਤੀ ਦਾ ਤੇ ਫੇਰ ਪੁੱਤ ਦਾ। ਔਰਤ ਹਮੇਸ਼ਾਂ ਕਿਸੇ ਰੱਖਿਅਕ ਦੇ ਆਸਰੇ ਜੀਉਂਦੀ ਹੈ। ਉਸ ਦਾ ਨਾ ਕੋਈ ਆਪਣਾ ਵਜੂਦ, ਨਾ ਆਪਣੀ ਹਸਤੀ। ਮੈਂ ਇਸੇ ਵਜੂਦ ਦੀ ਤਲਾਸ਼ ਵਿਚ ਸਾਂ। ਮੇਰੀ ਆਪਣੀ ਮਰਜ਼ੀ – ਆਪਣਾ ਇਰਾਦਾ – ਚਾਹੇ ਚੰਗਾ ਹੋਵੇ ਚਾਹੇ ਮਾੜਾ, ਮੇਰਾ ਆਪਣਾ ਫ਼ੈਸਲਾ ਤਾਂ ਹੋਵੇ।

ਆਖ਼ਿਰ ਇਕ ਨਿੱਕਾ ਜਿਹਾ ਫ਼ਲੈਟ ਮਿਲ ਗਿਆ। ਇਹ ਫ਼ਲੈਟ ਨਹੀਂ, ਦਰਅਸਲ ਇਕ ਗਰਾਜ ਸੀ ਜਿਸ ਨੂੰ ਕੋਠੀ ਦੇ ਮਾਲਕ ਸਰਦਾਰ ਜੀ ਨੇ ਇਕ ਖ਼ੂਬਸੂਰਤ ਕਮਰੇ ਵਿਚ ਬਦਲਾ ਦਿੱਤਾ ਹੋਇਆ ਸੀ। ਇਸ ਕਮਰੇ ਦੇ ਇਕ ਹਿੱਸੇ ਵਿਚ ਕਿਚਨ ਬਣਾ ਦਿੱਤਾ ਸੀ, ਵਾਸ਼ ਬੇਸਨ ਸੀ। ਬਾਕੀ ਹਿੱਸਾ ਸਲੀਪਿੰਗ ਰੂਮ।

ਅਸੀਂ ਦੋਹਾਂ ਸਹੇਲੀਆਂ ਨੇ ਇਸ ਡੇਢ ਕਮਰੇ ਦੇ ਫਲੈਟ ਨੂੰ ਆਪਣੀ ਮਰਜ਼ੀ

ਮੁਤਾਬਕ ਸਜ਼ਾ ਲਿਆ। ਰੰਗ ਅਤੇ ਪਰਦਿਆਂ ਦੇ ਡੀਜ਼ਾਈਨ ਆਰਟਿਸਟਕ ਸਨ ਜੋ ਸਾਡੇ ਮਿਜ਼ਾਜ ਨਾਲ ਮੇਲ ਖਾਂਦੇ ਸਨ। ਫ਼ਰਸ਼ ਉੱਤੇ ਡਬਲ ਮੈਟ੍ਰੇਸ ਲਗਾ ਕੇ, ਇਕ ਹੀ ਵਡਾ ਬਿਸਤਰਾ ਵਿਛਾ ਲਿਆ ਜਿਸ ਉੱਤੇ ਅਸੀਂ ਦੋਵੇਂ ਇਕੱਠੀਆਂ ਸੌਂਦੀਆਂ।

ਦੋਵੇਂ ਸਵੇਰੇ ਉਠਦੀਆਂ, ਇਕੱਠੀਆਂ ਚਾਹ ਪੀਂਦੀਆਂ ਤੇ ਆਪਣੀ ਆਪਣੀ ਸਿਗਰਟ ਸੁਲਗਾ ਲੈਂਦੀਆਂ। ਨਾਸ਼ਤੇ ਪਿਛੋਂ ਆਪਣੇ ਆਪਣੇ ਕੰਮ ਤੇ ਨਿਕਲ ਜਾਂਦੀਆਂ ਤੇ ਸ਼ਾਮ ਨੂੰ ਵਾਪਿਸ ਆਉਂਦੀਆਂ।

ਇਕ ਦਿਨ ਘਰੋਂ ਬਾਹਰ ਨਿਕਲੀ ਤਾਂ ਸੋਚਿਆ ਅੱਜ ਬੱਸ ਵਿਚ ਬੈਠ ਕੇ ਜਾਵਾਂਗੀ। ਪਰਸ ਵਿਚ ਸਿਰਫ਼ ਡੇਢ ਸੌ ਰੁਪਿਆ ਬਾਕੀ ਰਹਿ ਗਿਆ ਸੀ। ਜੇ ਇਹ ਖ਼ਰਚ ਹੋ ਗਿਆ ਤਾਂ ਕਿੱਥੋਂ ਲਿਆਵਾਂਗੀ ਰੁਪਿਆ। ਮੈਨੂੰ ਕਫ਼ਾਇਤ ਕਰਨੀ ਚਾਹੀਦੀ ਹੈ। ਆਖ਼ਿਰ ਸਾਰੀ ਦੁਨੀਆਂ ਬੱਸਾਂ ਵਿਚ ਹੀ ਤਾਂ ਸਫ਼ਰ ਕਰਦੀ ਹੈ। ਮੈਨੂੰ ਕਿਹੜੇ ਸੁਰਖ਼ਾਬ ਦੇ ਪਰ ਲਗੇ ਹੋਏ ਨੇ।

ਮੈਂ ਸੜਕ ਉੱਤੇ ਪੈਦਲ ਤੁਰ ਪਈ। ਕੋਲ ਹੀ ਬੱਸ ਸਟਾਪ ਸੀ। ਮੈਂ ਵੀ ਕਿਊ ਵਿਚ ਖੜ੍ਹੀ ਹੋ ਗਈ। ਲੋਕਾਂ ਨੂੰ ਦੇਖ ਰਹੀ ਸਾਂ ... ਚਪੜਾਸੀ .... ਧੋਬੀ .... ਨਾਈ.... ਕਾਲਿਜ ਜਾਣ ਵਾਲੇ ਮੁੰਡਿਆ ਕੁੜੀਆਂ ... ਮਜ਼ਦੂਰ .... ਛਤਰੀਆਂ ਫੜੀਂ ਰਿਟਾਇਰਡ ਬੁੱਢੇ .... ਇਹਨਾਂ ਲੋਕਾਂ ਵਿਚ ਘਿਰੀ ਹੋਈ ਮੈਂ ਸੋਚ ਰਹੀ ਸਾਂ ਕਿਉਂ ਖੜ੍ਹੀਂ ਹੋ ਗਈ ਮੈਂ ਇਥੇ? ਇਹ ਲੋਕ ਮੇਰੀ ਜ਼ਾਤ ਬਰਾਦਰੀ ਦੇ ਨਹੀਂ। ਮੈਂ ਇਹਨਾਂ ਨੂੰ ਛੂਹਣਾ ਨਹੀਂ ਚਾਹੁੰਦੀ। ਪਸੀਨੇ ਦੀ ਗੰਧ। ਧੁਆਂਖੇ ਹੋਏ ਚਿਹਰੇ। ਇਹ ਕਿਸੇ ਹੋਰ ਜ਼ਾਤ ਬਰਾਦਰੀ ਦੇ ਸਨ। ਅਛੂਤ। ਇਹ ਲੋਕ ਮੈਨੂੰ ਘੂਰ ਰਹੇ ਸਨ। ਪਰਖ ਰਹੇ ਸਨ। ਮੁਸਕਰਾ ਰਹੇ ਸਨ। ਏਨੇ ਵਿਚ ਬੱਸ ਆ ਗਈ। ਲੋਕਾਂ ਦੀ ਭੀੜ ਬੱਸ ਦੇ ਦਰਵਾਜ਼ੇ ਉੱਤੇ ਟੁੱਟ ਪਈ। ਮੈਂ ਵੀ ਇਸ ਭੀੜ ਭੜੱਕੇ ਵਿਚ ਬੱਸ ਵਿਚ ਚੜ੍ਹ ਗਈ। ਲੋਕ ਇਕ ਦੂਜੇ ਨੂੰ ਧੱਕੇ ਦੇਂਦੇ, ਲਤਾੜਦੇ, ਮਿਧਦੇ ਬਸ ਅੰਦਰ ਵੜਨ ਦੀ ਕੋਸ਼ਿਸ਼ ਕਰ ਰਹੇ ਸਨ। ਸੁਆਰੀਆਂ ਨਾਲ ਤੂਸੀ ਹੋਈ ਬੱਸ ਚੱਲ ਪਈ।

ਭੀੜ ਵਿਚ ਹਿਚਕੋਲੇ ਖਾਂਦੀ ਮੈਂ ਬੱਸ ਵਿਚ ਖੜ੍ਹੀ ਸਾਂ। ਜਦ ਬੱਸ ਮੋੜ ਕੱਟਦੀ ਤਾਂ ਕੋਲ ਖੜ੍ਹੇ ਆਦਮੀ ਦਾ ਮੋਢਾ ਮੇਰੇ ਮੋਢੇ ਨਾਲ ਖਹਿੰਦਾ। ਉਸ ਦਾ ਸਾਹ, ਪਸੀਨੇ ਦੀ ਗੰਧ ਮੇਰੇ ਨੱਕ ਨੂੰ ਚੜ੍ਹ ਜਾਂਦੀ। ਖੜ੍ਹੇ ਹੋਏ ਆਦਮੀ ਬੰਧੂਆ ਮਜ਼ਦੂਰਾਂ ਵਾਂਗ ਆਪਸ ਵਿਚ ਜੁੜੇ ਹੋਏ ਮੇਰੇ ਉੱਤੇ ਝੁਕ ਜਾਂਦੇ ਤੇ ਮੇਰਾ ਸਾਹ ਰੁਕਣ ਲੱਗਦਾ। ਆਪਣੇ ਆਪ ਨੂੰ ਬਚਾਉਣ ਲਈ ਆਪਣਾ ਬੈਗ ਛਾਤੀ ਨਾਲ ਲਗਾਈਂ ਤੇ ਇਕ ਹੱਥ ਨਾਲ ਛੱਤ ਨਾਲ ਲੱਟਕਦੀ ਬੱਧਰ ਨੂੰ ਫੜੀਂ, ਪਸੀਨੇ ਵਿਚ ਭਿੱਜੀ ਮੈਂ ਇਸ ਜ਼ਿੱਲਤ ਭਰੀ ਦੌੜਦੀ ਹੋਈ ਬੱਸ ਵਿਚ ਸਫ਼ਰ ਕਰ ਰਹੀ ਸਾਂ। ਕਿਸੇ ਦੀ ਕੂਹਣੀ ਮੇਰੀ ਛਾਤੀ ਉੱਤੇ ਤੇ ਕਿਸੇ ਦੀ ਜਾਂਘ

ਮੇਰੇ ਕੂਲਹੇ ਉੱਤੇ। ਭੀੜ ਦੇ ਹੜ੍ਹ ਦਾ ਹਮਲਾ। ਮੈਂ ਮਨ ਹੀ ਮਨ ਵਿਚ ਇਹਨਾਂ ਨੂੰ ਗਾਲ੍ਹਾਂ ਦੇਂਦੀ। ਇਹਨਾਂ ਆਟੋਮੈਟਿਕ ਹਿਚਕੋਲਿਆਂ ਵਿਚ ਭੀੜ ਨੂੰ ਇਕ ਓਪਰਾ ਸਰੀਰਕ ਆਨੰਦ ਮਿਲਦਾ। ਮੈਨੂੰ ਘਿਣ ਆਉਂਦੀ।

ਇਕ ਦਮ ਬੱਸ ਰੁਕੀ ਤੇ ਇਸ ਨੇ ਲੋਕਾਂ ਨੂੰ ਗਲੇ ਸੜੇ ਟਮਾਟਰਾਂ ਵਾਂਗ ਬਾਹਰ ਸੁੱਟ ਦਿੱਤਾ। ਮੈਂ ਵੀ ਬਾਹਰ ਨਿਕਲ ਆਈ ਤੇ ਸੁਖ ਦਾ ਸਾਹ ਲਿਆ। ਬੱਸ ਕਾਲਾ ਧੂੰਆ ਛੱਡਦੀ ਹੋਈ ਧੜ ਧੜ ਕਰਦੀ ਹੋਈ ਚਲੀ ਗਈ।

ਮੈਂ ਫਿਰ ਸੜਕ ਉੱਤੇ ਤੁਰਨ ਲੱਗੀ। ਇਕ ਖ਼ਾਲੀ ਆਟੋ ਰਿਕਸ਼ਾ ਜਾ ਰਿਹਾ ਸੀ। ਮੈਂ ਉਸ ਨੂੰ ਰੋਕਿਆ ਤੇ ਉਸ ਵਿਚ ਬੈਠ ਗਈ, 'ਕਨਾਟ ਪਲੇਸ ਲੈ ਚਲ।' ਮੈਂ ਸਿਗਰਟ ਸੁਲਗਾਈ। ਜ਼ੋਰ ਦਾ ਕਸ਼ ਖਿੱਚਿਆ ਤੇ ਸਾਹ ਵਿਚ ਸਾਹ ਆਇਆ।

ਸ਼ਾਮ ਨੂੰ ਘਰ ਪਰਤੀ। ਰੋਜ਼ੀ ਨਾਲ ਡਿਸਕੋ ਵਿਚ ਮਸਤੀ ਕਰਨ ਲਈ ਤਿਆਰ ਹੋਣ ਲਗੀ ਤਾਂ ਉਸ ਦਾ ਇਰਾਦਾ ਬਦਲ ਗਿਆ। ਉਸ ਨੇ ਆਖਿਆ, "ਕਿਉਂ ਨਾ ਮੇਰੇ ਦੋਸਤ ਨੰਦੀ ਦੇ ਘਰ ਚਲੀਏ। ਉੱਥੇ ਪਾਰਟੀ ਹੈ। ਉਸ ਦੇ ਮੰਮੀ ਡੈਡੀ ਹਰਿਦੁਆਰ ਗਏ ਹੋਏ ਹਨ। ਚਾਰ ਦਿਨਾਂ ਲਈ। ਸਾਨੂੰ ਵੀ ਖੁਲ੍ਹੀ ਛੁੱਟੀ। ਨੰਦੀ ਦੇ ਘਰ ਵਿਚ ਖ਼ੂਬ ਜਸ਼ਨ ਰਹੇਗਾ।"

ਅਸੀਂ ਦੋਵੇਂ ਉਸ ਦੇ ਘਰ ਗਈਆਂ। ਉੱਥੇ ਪਹੁੰਚ ਕੇ ਦੇਖਿਆ ਕਿ ਪੰਜ ਨੌਜੁਆਨ ਝੂਮ-ਝੂਮ ਕੇ ਨੱਚ ਰਹੇ ਸਨ।

ਮੈਂ ਇਹਨਾਂ ਵਿਚੋਂ ਕਿਸੇ ਨੂੰ ਵੀ ਨਹੀਂ ਸੀ ਜਾਣਦੀ। ਕਿਉਂਕਿ ਰੋਜ਼ੀ ਨਾਲ ਸੀ ਇਸ ਲਈ ਮੈਨੂੰ ਡਰ ਨਾ ਲੱਗਾ। ਰਾਤ ਗੁਜ਼ਰਦੀ ਗਈ ਤੇ ਉਹਨਾਂ ਦੇ ਪੈਰ ਲੜਖੜਾਉਣ ਲਗੇ। ਯਕਦਮ ਮੈਨੂੰ ਡਰ ਦਾ ਅਹਿਸਾਸ ਹੋਇਆ। ਪੰਜ ਚੋਬਰਾਂ ਵਿਚ ਦੋ ਕੁੜੀਆਂ। ਰੋਜ਼ੀ ਤਾਂ ਇਸ ਕਿਸਮ ਦੀਆਂ ਪਾਰਟੀਆਂ ਦੀ ਗਿੱਝੀ ਹੋਈ ਸੀ, ਪਰ ਮੈਂ ਸਹਿਮ ਗਈ। ਉਹਨਾਂ ਦਾ ਸ਼ੋਰ, ਬੇਸੁਰੀਆਂ ਆਵਾਜ਼ਾਂ ਤੇ ਕਹਿਕਹੇ ਮੈਨੂੰ ਚੁਭ ਰਹੇ ਸਨ। ਮੈਂ ਇੱਥੇ ਕਿਉਂ ਆ ਗਈ?

ਏਨੇ ਵਿਚ ਬਾਹਰ ਦੀ ਘੰਟੀ ਵਜੀ। ਨੰਦੀ ਨੇ ਦੌੜ ਕੇ ਦਰਵਾਜ਼ਾ ਖੋਲ੍ਹਿਆ।

ਇਕ ਭਾਰੀ ਭਰਕਮ ਆਦਮੀ ਅੰਦਰ ਦਾਖ਼ਲ ਹੋਇਆ। ਕੱਦ ਛੇ ਫੁੱਟ ਤੋਂ ਉੱਚਾ। ਰੰਗ ਕਣਕ ਵੰਨਾ, ਹਿੱਪੀਆਂ ਵਰਗੇ ਲੰਮੇ ਵਾਲ ਤੇ ਸੁਨਿਹਰੀ ਫਰੇਮ ਵਾਲਾ ਚਸ਼ਮਾ। ਉਹ ਚਿਕਲਟ ਚਬਾ ਰਿਹਾ ਸੀ, ਸ਼ਾਇਦ ਤਮਾਕੂ ਕਿਉਂਕਿ ਉਸ ਦੇ ਬੁੱਲ੍ਹਾਂ ਦੇ ਕੋਨਿਆਂ ਵਿਚ ਸੁਰਖ ਰੰਗ ਝਲਕ ਰਿਹਾ ਸੀ।

ਨੰਦੀ ਨੇ ਉਸ ਨੂੰ "ਹੈਲੋ ਬਾਬੀ", ਕਹਿ ਕੇ ਅੰਦਰ ਬੁਲਾਇਆ ਤੇ ਸਾਨੂੰ ਦੋਹਾਂ ਨੂੰ ਮਿਲਵਾਇਆ।

ਉਹ ਮੇਰੇ ਸਾਹਮਣੇ ਸੋਫ਼ੇ ਉੱਤੇ ਬੈਠ ਗਿਆ। ਕੜੱਕ ਦੀ ਆਵਾਜ਼ ਆਈ। ਕੋਈ ਚੀਜ਼ ਟੁੱਟਣ ਦੀ। ਉਹ ਹੱਸਣ ਲੱਗਾ, 'ਘਬਰਾ ਨਾ।"

ਅਸਲ ਵਿਚ ਉਹ ਆਪਣੇ ਚਸ਼ਮੇ ਉਪਰ ਹੀ ਬੈਠ ਗਿਆ ਸੀ, ਜਿਸ ਦਾ ਸ਼ੀਸ਼ਾ ਉਸ ਦੇ ਭਾਰ ਹੇਠਾਂ ਟੁੱਟ ਗਿਆ ਸੀ।

ਉਸ ਨੇ ਟੁੱਟੇ ਹੋਏ ਸ਼ੀਸ਼ੇ ਵਾਲਾ ਚਸ਼ਮਾ ਲਗਾ ਲਿਆ ਤੇ ਇਕ ਅੱਖ ਨਾਲ ਮੈਨੂੰ ਘੂਰਨ ਲੱਗਾ। ਮੇਰੇ ਉੱਤੇ ਨਜ਼ਰ ਗੱਡ ਕੇ ਬੋਲਿਆ, "ਮੇਰਾ ਚਸ਼ਮਾ ਟੁੱਟ ਗਿਆ ਹੈ। ਪਰ ਮੇਰੀ ਅੱਖ ਨਹੀਂ ਫੁੱਟੀ। ਬਹੁਤ ਸੁਹਣੀ ਹੈਂ ਤੂੰ। ਕੀ ਨਾਂ ਹੈ ਤੇਰਾ? ਕੀ ਕਰਦੀ ਹੈਂ? ਕਿੱਥੇ ਰਹਿੰਦੀ ਹੈ?" ਉਸ ਨੇ ਮੇਰੇ ਉੱਤੇ ਸੁਆਲਾਂ ਦੀ ਬੁਛਾੜ ਕਰ ਦਿੱਤੀ। ਮੈਂ ਇਕ ਦਾ ਵੀ ਜੁਆਬ ਨਾ ਦੇ ਸਕੀ। ਝੇਂਪ ਕੇ ਮੈਂ ਕਿਚਨ ਵਿਚ ਚਲੀ ਗਈ ਤੇ ਪਾਣੀ ਪੀਣ ਲੱਗੀ। ਮੈਨੂੰ ਇਸ ਆਦਮੀ ਤੋਂ ਖ਼ੌਫ਼ ਆਇਆ। ਖ਼ਤਰਨਾਕ...ਵਹਿਸ਼ੀ।

ਏਨੇ ਵਿਚ ਇਕ ਨੌਜੁਆਨ ਸਿਗਰਟ ਦਾ ਧੂੰਆਂ ਛੱਡਦਾ ਹੋਇਆ ਮੇਰੇ ਕੋਲ ਆਇਆ ਤੇ ਮੇਰਾ ਹੱਥ ਫੜ ਕੇ ਆਖਣ ਲੱਗਾ, "ਵਿਲ ਯੂ ਡਾਂਸ ਵਿਦ ਮੀ?"

ਮੈਂ ਆਖਿਆ "ਮੈਨੂੰ ਨੱਚਣਾ ਨਹੀਂ ਆਉਂਦਾ।"

"ਮੈਂ ਸਿਖਾ ਦਿਆਂਗਾ ਡਾਰਲਿੰਗ।"

"ਮੈਂ ਨਹੀਂ ਨੱਚਣਾ।"

"ਕਮ ਆਨ ਯਾਰ!"

"ਨਹੀਂ!"

"ਕਿਉਂ? ਆ ਬੇਬੀ ਵਾਲਜ਼ ਡਾਂਸ ਸਿਖਾਵਾਂਗਾ ... ਚਕਰਦਾਰ ਡਾਂਸ ..." ਉਸ ਨੇ ਫਿਰ ਮੇਰਾ ਹੱਥ ਫੜਨਾ ਚਾਹਿਆ।

ਬਾਬੀ ਇਹ ਸਭ ਕੁਝ ਦੇਖ ਰਿਹਾ ਸੀ। ਉਹ ਅੱਗੇ ਵੱਧ ਕੇ ਬੋਲਿਆ, "ਕਿਉਂ ਤੰਗ ਕਰ ਰਿਹਾ ਹੈ ਇਸ ਨੂੰ? ਜੇ ਉਹ ਨਹੀਂ ਡਾਂਸ ਕਰਨਾ ਚਾਹੁੰਦੀ ਤਾਂ ਉਸ ਦੀ ਮਰਜ਼ੀ, ਤੂੰ ਕਿਉਂ ਬੱਕ-ਬੱਕ ਕਰ ਰਿਹਾ ਹੈ।" ਉਸ ਨੇ ਉਸ ਦੋਸਤ ਨੂੰ ਧੱਕਾ ਦਿੱਤਾ। ਮੈਂ ਰੋਜ਼ੀ ਨੂੰ ਲੱਭਣ ਚਲੀ ਗਈ।

ਸਾਰੇ ਘਰ ਵਿਚ ਹੁੱਲੜ ਮਚਿਆ ਹੋਇਆ ਸੀ। ਦੂਜੇ ਕਮਰੇ ਵਿਚ ਗਈ ਤਾਂ ਰੋਜ਼ੀ ਇਕ ਲੜਕੇ ਦੀਆਂ ਜੰਘਾਂ ਉੱਤੇ ਬੈਠੀ ਹੋਈ ਸੀ। ਨਸ਼ੇ ਵਿਚ ਮਸਤ। ਤਿੰਨ ਚਾਰ ਲੜਕੇ ਸਿਗਰਟਾਂ ਫੂਕ ਰਹੇ ਸਨ ਤੇ ਹੱਸ ਰਹੇ ਸਨ। ਮੈਨੂੰ ਰੋਜ਼ੀ ਦਾ ਇਹ ਬੇਸ਼ਰਮੀ ਵਾਲਾ ਰਵੱਈਆ ਪਸੰਦ ਨਾ ਆਇਆ। ਤਬੀਅਤ ਪਰੇਸ਼ਾਨ ਹੋ ਰਹੀ ਸੀ। ਇਤਨੇ ਵਿਚ ਦੇਖਿਆ ਕਿ ਬਾਬੀ ਤਮਾਕੂ ਚਬਾਉਂਦਾ ਹੋਇਆ ਦਾਖ਼ਲ ਹੋਇਆ। ਉਸ ਦੀ ਮੌਜੂਦਗੀ ਵਿਚ ਮੈਂ ਘਬਰਾ ਗਈ। ਪਸੀਨੇ ਛੁੱਟ ਗਏ। ਇਹ ਵਲਗਰ ਆਦਮੀ ਮੇਰੇ ਪਿੱਛੇ ਪਿੱਛੇ ਕਿਉਂ ਆਇਆ? ਪਰ ਰੋਜ਼ੀ ਨੂੰ ਇਸ ਦੀ ਪ੍ਰਵਾਹ ਨਹੀਂ ਸੀ। ਉਹ ਉਸੇ ਤਰ੍ਹਾਂ ਝੂਮ-ਝੂਮ ਕੇ ਹੱਸ ਰਹੀ ਸੀ।

ਉਸ ਨੇ ਨਜ਼ਰਾਂ ਘੁਮਾ ਕੇ ਬਾਬੀ ਨੂੰ ਦੇਖਿਆ। ਬਾਬੀ ਬੋਲਿਆ, "ਮੈਂ ਆਵਾਂ?"

ਮੈਂ ਇਹ ਸਾਰਾ ਕੁਝ ਦੇਖ ਕੇ ਬਾਹਰ ਆ ਗਈ। ਸਖ਼ਤ ਨੀਂਦ ਆ ਰਹੀ ਸੀ। ਮੈਂ ਦੇਖਿਆ ਰੋਜ਼ੀ ਦੇ ਨਾਲ ਵਾਲਾ ਕਮਰਾ ਖ਼ਾਲੀ ਸੀ। ਉੱਥੇ ਜਾ ਕੇ ਮੈਂ ਪਲੰਘ ਉੱਤੇ ਲੇਟ ਗਈ।

ਮੈਂ ਨੀਂਦ ਵਿਚ ਮਦਹੋਸ਼ ਪਈ ਸੀ ਕਿ ਮੈਨੂੰ ਕਿਸੇ ਦਾ ਹੱਥ ਆਪਣੀਆਂ ਛਾਤੀਆਂ ਉੱਤੇ ਸਰਕਦਾ ਮਹਿਸੂਸ ਹੋਇਆ। ਮੈਂ ਚੌਂਕ ਪਈ ਤੇ ਦੇਖਿਆ ਬਾਬੀ ਨੇ ਮੇਰੀ ਅੰਗੀ ਦੀਆਂ ਤਣੀਆਂ ਖੋਲ੍ਹ ਦਿੱਤੀਆਂ ਸਨ ਅਤੇ ਉਹ ਮੇਰੇ ਉੱਤੇ ਝੁੱਕਿਆ ਹੋਇਆ ਸੀ। ਮੈਂ ਕੜਕ ਕੇ ਆਖਿਆ, "ਹੱਥ ਨਾ ਲਾ ਮੈਨੂੰ ! ਹੱਟ ਜਾਹ ! ਮੈਨੂੰ ਇਹ ਸਾਰਾ ਕੁਝ ਪਸੰਦ ਨਹੀਂ।"

"ਕੀ ਪਸੰਦ ਨਹੀਂ।"

"ਇਹੋ ਸਭ ਕੁਝ!"

"ਇਹ ਕੁਝ ਕੀ?"

"ਇਹੋ ... ਹੱਥ ਨਾ ਲਾ ਮੈਨੂੰ।" ਮੈਂ ਪਾਸਾ ਲੈ ਲਿਆ ਤੇ ਸੌਣ ਦੀ ਕੋਸ਼ਿਸ਼ ਕਰਨ ਲੱਗੀ।

ਉਸ ਨੇ ਮੈਨੂੰ ਫਿਰ ਫੜ ਲਿਆ।

ਮੈਂ ਕਿਹਾ, "ਦੇਖ! ਤੂੰ ਮੈਨੂੰ .. ਨਾ..."

ਉਹ ਆਪਣਾ ਹੱਥ ਮੇਰੀ ਬਗਲ ਦੇ ਹੇਠੋਂ ਕੱਢ ਕੇ ਦੁਬਾਰਾ ਮੇਰੀਆਂ ਛਾਤੀਆਂ ਉੱਤੇ ਫੇਰਨ ਲੱਗਾ ... ਭਿੱਜੀ-ਭਿੱਜੀ ... ਕੰਬਦੀ ਹੋਈ ਛੋਹ...।

ਮੈਂ ਉਸ ਦਾ ਹੱਥ ਝੱਟਕ ਕੇ ਬੋਲੀ "ਛੱਡ ਦੇਹ ਮੈਨੂੰ..."

ਇਸ ਪਿਛੋਂ ਉਹ ਫੁਰਤੀ ਨਾਲ ਉਠਿਆ ਤੇ ਜਾ ਕੇ ਦਰਵਾਜ਼ੇ ਦੀ ਚਿਟਕਣੀ ਬੰਦ ਕਰ ਦਿੱਤੀ ਤੇ ਫਿਰ ਮੇਰੇ ਕੋਲ ਆ ਗਿਆ। ਬੋਲਿਆ, "ਹੁਣ ਕੋਈ ਸਾਲਾ ਇੱਥੇ ਨਹੀਂ ਆਵੇਗਾ..."

ਉਸ ਨੇ ਮੈਨੂੰ ਆਪਣੀਆਂ ਬਾਹਾਂ ਵਿਚ ਦਬੋਚ ਲਿਆ। ਉਹ ਆਪਣਾ ਹੱਥ ਮੇਰੀ ਪਿਠ ਉੱਤੇ ਫੇਰਨ ਲੱਗਾ।....ਇਕ ਅਜੀਬ ਕੰਬਣੀ ਮੇਰੇ ਜਿਸਮ ਵਿਚ ਦੌੜ ਗਈ....

ਫਿਰ ਉਸ ਨੇ ਇਕ ਹੀ ਝੱਟਕੇ ਵਿਚ ਮੇਰੀ ਚੁਸਤ ਨੀਲੀ ਜੀਨਜ਼ ਉਤਾਰ ਕੇ ਸੁੱਟ ਦਿੱਤੀ ਜਿਵੇਂ ਕੋਈ ਕੇਲੇ ਦਾ ਛਿਲਕਾ ਉਤਾਰ ਸੁੱਟੇ। ਉਸ ਦਾ ਤਮਾਕੂ ਵਾਲਾ ਸਾਹ ... ਇਕ ਅਜੀਬ ਗੰਧ ਦਾ ਭਬਕਾ ... ਮੈਂ ਆਪਣਾ ਹੱਥ ਉਸ ਦੇ ਮੂੰਹ ਉਤੇ ਰੱਖ ਦਿੱਤਾ, "ਦੇਖ ਬਾਬੀ.... ਮੇਰੇ ਨਾਲ ਏਦਾਂ ਨਾ ਕਰ .... ਮੈਂ ਮਰ ਜਾਵਾਂਗੀ... ਜੇ ਕੁਝ ਹੋ ਗਿਆ ਤਾਂ...."

ਉਹ ਬੋਲਿਆ, "ਕੁਝ ਨਹੀਂ ਹੁੰਦਾ।"

ਉਸ ਨੇ ਮੈਨੂੰ ਜਕੜ ਲਿਆ ਤੇ ਮੇਰੇ ਉੱਤੇ ਹਾਵੀ ਹੋ ਗਿਆ...

ਇਹ ਮੇਰਾ ਪਹਿਲਾ ਸੰਭੋਗ ਸੀ। ਮੇਰੀਆਂ ਅੱਖਾਂ ਵਿਚ ਅੱਥਰੂ ਆ ਗਏ।

ਫਿਰ ਮੈਂ ਦੇਖਿਆ ਬਿਸਤਰੇ ਉੱਤੇ ਲਹੂ ਦੇ ਨਿਸ਼ਾਨ .... ਮੈਂ ਉੱਠੀ... ਚਾਦਰ ਚੁੱਕੀ ਤੇ ਬਾਥਰੂਮ ਵਿਚ ਜਾ ਕੇ ਲਹੂ ਧੋਤਾ। ਫਿਰ ਵਾਪਿਸ ਆ ਕੇ ਬਿਸਤਰੇ ਉੱਤੇ ਲੇਟ ਗਈ ਤੇ ਆਪਣਾ ਮੂੰਹ ਦੂਜੇ ਪਾਸੇ ਕਰ ਲਿਆ।

ਨੀਂਦ ਵਿਚ ਮੈਂ ਫਿਰ ਬਾਬੀ ਦਾ ਹੱਥ ਆਪਣੀ ਬਾਂਹ ਉਤੇ ਸਰਕਦਾ ਮਹਿਸੂਸ ਕੀਤਾ। ਮੇਰੀ ਅੱਖ ਖੁੱਲ੍ਹ ਗਈ। ਹਨੇਰੇ ਵਿਚ ਅੱਖਾਂ ਉਘਾੜ ਕੇ ਦੇਖਿਆ ਤਾਂ ਇਹ ਬਾਬੀ ਨਹੀਂ ਸਗੋਂ ਉਸ ਦਾ ਦੋਸਤ ਕਪਿਲ ਸੀ।

ਬਾਬੀ ਤਾਂ ਬਾਹਰ ਚਲਾ ਗਿਆ ਸੀ। ਮੈਨੂੰ ਨੀਮ ਬੇਹੋਸ਼ੀ ਵਿਚ ਪਤਾ ਨਾ ਲੱਗਾ ਕਿ ਇਹ ਹੱਥ ਕਿਸ ਦਾ ਸੀ? ਮੈਂ ਕਪਿਲ ਨੂੰ ਦੇਖਿਆ ਤੇ ਮੇਰੀ ਚੀਕ ਨਿਕਲ ਗਈ।

ਬਾਬੀ?.... ਉਹ ਹਰਾਮਜ਼ਾਦਾ ਬਾਬੀ ... ਉਸ ਨੇ ਮੈਨੂੰ ਭੋਗ ਕੇ ਆਪਣੇ ਦੋਸਤ ਕਪਿਲ ਨੂੰ ਭੇਜ ਦਿੱਤਾ ਸੀ, ਹੁਣ ਉਸ ਦੀ ਵਾਰੀ ਸੀ? ਮੈਂ ਗੁੱਸੇ ਵਿਚ ਜ਼ੋਰ ਨਾਲ ਉਸ ਨੂੰ ਧੱਕਾ ਦਿੱਤਾ ਤੇ ਉਸ ਦੇ ਚੁੰਗਲ ਵਿਚੋਂ ਨਿਕਲ ਕੇ ਬਹਾਰ ਨੂੰ ਦੌੜੀ ... ਹੇਠਾਂ ਆ ਕੇ ਹਫਦੀ ਹੋਈ ਪੌੜੀਆਂ ਉੱਤੇ ਬੈਠ ਗਈ। ਮੈਨੂੰ ਬਾਬੀ ਤੋਂ ਸਖ਼ਤ ਨਫ਼ਰਤ ਹੋ ਰਹੀ ਸੀ। ਉਹ ਆਦਮੀ ਨਹੀਂ, ਵਹਿਸ਼ੀ ਸੀ! ਮੈਂ ਉਥੇ ਹੀ ਬੈਠੀ ਰਹੀ। ਏਨੇ ਨੂੰ ਦਿਨ ਚੜ੍ਹ ਗਿਆ। ਤੇ ਰੋਜ਼ੀ ਆ ਗਈ।

ਮੈਂ ਉਸ ਨਾਲ ਕੋਈ ਗੱਲ ਨਾ ਕੀਤੀ। ਅਸੀਂ ਦੋਵੇਂ ਸਕੂਟਰ ਲੈ ਕੇ ਘਰ ਆ ਗਈਆਂ। ਨਿੱਕੇ ਫਲੈਟ ਵਿਚ ਪਹੁੰਚ ਕੇ ਦੋਵੇਂ ਉਸੇ ਇਕ ਬਿਸਤਰ ਉੱਤੇ ਲੇਟ ਗਈਆਂ।

ਮੈਂ ਸੋਚਣ ਲੱਗੀ, ਨਾ ਜਾਣੇ ਰੋਜ਼ੀ ਮੈਨੂੰ ਕਿਸ ਖੂਹ ਵਿਚ ਧੱਕਾ ਦੇ ਦੇਵੇ। ਉਹ ਕੀ ਸੋਚਦੀ ਸੀ ਤੇ ਕੀ ਕਰਦੀ ਸੀ - ਇਸ ਵਿਚ ਬਹੁਤ ਫ਼ਰਕ ਸੀ। ਮੈਨੂੰ ਉਸ ਉੱਤੇ ਗੁੱਸਾ ਆ ਰਿਹਾ ਸੀ ਤੇ ਪਛਤਾ ਰਹੀ ਸਾਂ ਕਿ ਕਿਉਂ ਮੈਂ ਇਸ ਚੁੜੇਲ ਨਾਲ ਨੰਦੀ ਦੀ ਪਾਰਟੀ ਤੇ ਗਈ। ਮੈਨੂੰ ਲੱਗਿਆ ਕਿ ਰੋਜ਼ੀ ਨੇ ਪਹਿਲਾਂ ਹੀ ਨੰਦੀ ਨਾਲ ਤੈਅ ਕਰ ਰੱਖਿਆ ਸੀ ਕਿ ਉਹ ਇਕ ਸਹੇਲੀ ਨੂੰ ਨਾਲ ਲਿਆਏਗੀ। ਰਸਦਾਰ ਮਾਡਲ - ਨਾ ਉਸ ਦਾ ਸ਼ਾਲੂ। ਪਰ ਸ਼ਾਇਦ ਮੈਂ ਗ਼ਲਤ ਸੋਚ ਰਹੀ ਸਾਂ। ਰੋਜ਼ੀ ਨੂੰ ਕਿਉਂ ਦੋਸ਼ ਦੇਵਾਂ। ਉਸ ਰਾਤ ਮੈਂ ਪਹਿਲਾਂ ਹੀ ਤਿਆਰ ਬੈਠੀ ਸਾਂ ਕਿਸੇ ਦੀਆਂ ਬਾਹਵਾਂ ਵਿਚ ਜਕੜੇ ਜਾਣ ਲਈ। ਭਲਾ ਮੈਂ ਕਿਉਂ ਚੁਸਤ ਜੀਨਜ਼ ਤੇ ਇਹੋ ਜਿਹੀ ਸ਼ਰਟ ਪਾਈ ਹੋਈ ਸੀ ਜਿਸ ਦੇ ਉਪਰਲੇ ਦੋ ਬਟਨ ਖੁੱਲ੍ਹੇ ਸਨ। ਕਿਉਂ ਵਾਲਾਂ ਨੂੰ ਅਵਾਰਾ ਖੋਲ੍ਹ ਰੱਖਿਆ ਸੀ। ਕਿਉਂ ਚਾਕਲੇਟ ਰੰਗ ਦੀ ਲਿਪਸਟਿਕ ਲਗਾਈ ਸੀ? ਕਿਉਂ ਡਿਊਕ ਸੈਂਟ ਦਾ ਸਪ੍ਰੇਅ ਕੀਤਾ ਸੀ ਆਪਣੀਆਂ ਛਾਤੀਆਂ ਤੇ ਗਰਦਨ ਉੱਤੇ? ਸੈਕਸ ਮੇਰੇ ਅੰਦਰ ਘੁੰਮ ਰਿਹਾ ਸੀ। ਮੇਰੀ ਆਪਣੀ ਖ਼ਾਹਿਸ਼ ਤੇ ਮੇਰੇ ਆਪਣੇ ਖ਼੍ਵਾਬ ਮਚਲ ਰਹੇ ਸਨ। ਕਿਸੇ ਅਨਜਾਣੇ ਭੋਗ ਦੀ ਸਨਸਨੀ ਮੇਰੇ ਅੰਦਰ ਪਹਿਲਾਂ ਤੋਂ ਹੀ ਮੌਜੂਦ ਸੀ...।

## 3

**ਅਗਲੇ** ਦਿਨ ਸ਼ਾਮ ਨੂੰ ਮੈਂ ਕਿਚਨ ਵਿਚ ਦਾਲ ਚਾੜ੍ਹ ਰਹੀ ਸਾਂ ਤੇ ਰੋਜ਼ੀ ਕਮਰੇ ਦੀ ਸਫ਼ਾਈ ਕਰ ਰਹੀ ਸੀ ਕਿ ਬਾਹਰ ਕਾਰ ਦੇ ਹਾਰਨ ਦੀ ਆਵਾਜ਼ ਆਈ। ਰੋਜ਼ੀ ਨੇ ਖਿੜਕੀ ਦਾ ਪਰਦਾ ਹਟਾ ਕੇ ਦੇਖਿਆ ਤੇ ਦੌੜਦੀ ਹੋਈ ਬਾਹਰ ਚਲੀ ਗਈ। ਥੋੜ੍ਹੀ ਦੇਰ ਬਾਅਦ ਵਾਪਿਸ ਆਈ ਤਾਂ ਆਖਣ ਲੱਗੀ, "ਭੂਸ਼ਣ ਤੇ ਬਾਬੀ ਬਾਹਰ ਗੇਟ ਉੱਤੇ ਖੜ੍ਹੇ ਹਨ। ਬਾਬੀ ਤੇਰੇ ਨਾਲ ਗੱਲ ਕਰਨਾ ਚਾਹੁੰਦਾ ਹੈ।"

ਮੈਂ ਜੁਆਬ ਦਿੱਤਾ, "ਕੀ ਗੱਲ ਕਰਨੀ ਹੈ ਉਸ ਨੇ ਮੇਰੇ ਨਾਲ?"

ਉਹ ਬੋਲੀ, "ਮੈਨੂੰ ਨਹੀਂ ਪਤਾ, ਬੱਸ ਮਿਲਣਾ ਚਾਹੁੰਦਾ ਹੈ।"

ਮੈਂ ਕਿਹਾ, "ਮੈਂ ਉਸ ਨੂੰ ਮਿਲਣਾ ਨਹੀਂ ਚਾਹੁੰਦੀ। ਉਸ ਨੂੰ ਆਖ ਦੇਹ ਇੱਥੇ ਨਾ ਆਇਆ ਕਰੇ।"

ਰੋਜ਼ੀ ਬੋਲੀ, "ਤੂੰ ਨਹੀਂ ਮਿਲਣਾ ਤਾਂ ਨਾ ਮਿਲ। ਮੈਂ ਜਾ ਰਹੀ ਹਾਂ ਭੂਸ਼ਣ ਨਾਲ। ਉਹ ਫ਼ੌਰਨ ਤਿਆਰ ਹੋਈ ਤੇ ਚਲੀ ਗਈ।

ਮੈਂ ਪ੍ਰੇਸ਼ਾਨ ਹੋਈ ਕਿ ਉਹ ਮੈਨੂੰ ਕਿਉਂ ਮਿਲਣ ਆਇਆ ਸੀ?

ਇਸ ਪਿਛੋਂ ਉਸ ਨੇ ਕਈ ਦਿਨ ਚੱਕਰ ਲਗਾਏ। ਤੇ ਉਹੀ ਸੁਆਲ ਰੋਜ਼ੀ ਤੋਂ ਕਰਵਾਇਆ। ਰੋਜ਼ੀ ਨੇ ਇਕ ਦਿਨ ਮੈਨੂੰ ਆਖਿਆ, "ਸ਼ਾਲੂ, ਇਕ ਵਾਰ ਤੂੰ ਉਸ ਨੂੰ ਮਿਲ ਕਿਉਂ ਨਹੀਂ ਲੈਂਦੀ। ਖਾ ਤਾਂ ਨਹੀਂ ਜਾਵੇਗਾ। ਉਹ ਆਖਦਾ ਹੈ ਮੈਂ ਮੁਆਫੀ ਮੰਗਣਾ ਚਾਹੁੰਦਾ ਹਾਂ ਸ਼ਾਲੂ ਕੋਲੋਂ। ਮੈਂ ਸ਼ਰਮਿੰਦਾ ਹਾਂ।"

ਰੋਜ਼ੀ ਦੇ ਕਹਿਣ ਤੇ ਮੈਂ ਉਸ ਨਾਲ ਗੇਟ ਤੇ ਚਲੀ ਗਈ। ਬਾਬੀ ਕਾਰ ਵਿਚ ਬੈਠਾ ਸੀ। ਮੈਨੂੰ ਦੇਖ ਕੇ ਬਾਹਰ ਨਿਕਲਿਆ ਤੇ ਕਹਿਣ ਲੱਗਾ, "ਮੈਂ ਮੁਆਫ਼ੀ ਮੰਗਣ ਆਇਆ ਹਾਂ ਤੇਰੇ ਕੋਲੋਂ। ਮੈਂ ਬਹੁਤ ਬਦਤਮੀਜ਼ੀ ਕੀਤੀ ਉਸ ਰਾਤ। ਮੈਨੂੰ ਮੁਆਫ਼ ਕਰੇਂਗੀ ਨਾ?"

ਮੈਂ ਕਿਹਾ, "ਠੀਕ ਹੈ। ਹੁਣ ਜਾਹ ਤੂੰ।"

ਮੈਂ ਉਥੋਂ ਪਰਤੀ ਤੇ ਮੁੜ ਕੇ ਦੇਖਿਆ ਕਿ ਉਹ ਗੇਟ ਉੱਤੇ ਖੜ੍ਹਾ ਮੈਨੂੰ ਘੂਰ ਰਿਹਾ ਸੀ।

ਬਾਬੀ ਨਾਲ ਪਾਰਟੀਆਂ ਵਿਚ ਤਿੰਨ ਚਾਰ ਮੁਲਕਾਤਾਂ ਹੋਈਆਂ। ਉਹ ਖ਼ੌਫ਼ਨਾਕ ਆਦਮੀ ਮੈਨੂੰ ਦਿਲਚਸਪ ਲੱਗਾ। ਉਸ ਅੰਦਰ ਇਕ ਅਜੀਬ ਕਿਸਮ ਦੀ ਖ਼ੂੰਖ਼ਾਰੀ ਸੀ।

ਮੈਨੂੰ ਬਾਰ-ਬਾਰ ਇਸ ਆਦਮੀ ਦਾ ਖ਼ਿਆਲ ਆਉਂਦਾ। ਅਜੀਬ ਵਹਿਸ਼ੀ ਤੇ ਖੁਰਦਰੇ ਮਿਜ਼ਾਜ ਵਾਲਾ।

ਤਿੰਨ ਚਾਰ ਮੁਲਾਕਾਤਾਂ ਪਿਛੋਂ ਇਕ ਦਿਨ ਬਾਬੀ ਨੇ ਮੈਨੂੰ ਕਿਹਾ, "ਮੇਰੇ ਨਾਲ ਡਿਨਰ ਤੇ ਚਲੇਂਗੀ, ਇਕੱਲੀ?"

"ਕਿੱਥੇ?"

"ਜਿੱਥੇ ਤੂੰ ਚਾਹੇਂ, ਮੌਰੀਆ? ਹਯਾਤ? ਜਾਂ ਤਾਜ?"

ਮੈਂ ਕਿਹਾ, "ਤੂੰ ਹੀ ਦੱਸ, ਕਿੱਥੇ?"

"ਕਿਤੇ ਵੀ!"

"ਮੌਰੀਆ ਠੀਕ ਰਹੇਗਾ। ਅੱਠ ਵਜੇ, ਮੈਂ ਤੇਰਾ ਬੁਖ਼ਾਰਾ ਰੈਸਤੋਰਾਂ ਵਿਚ ਇੰਤਜ਼ਾਰ ਕਰਾਂਗਾ।"

ਮੈਂ ਸਾਢੇ ਅੱਠ ਵਜੇ ਬੁਖ਼ਾਰਾ ਪਹੁੰਚੀ ਤੇ ਏਧਰ ਉਧਰ ਦੇਖਣ ਲੱਗੀ। ਵੇਟਰ ਬੋਲਿਆ, "ਮੈਡਮ ਉੱਥੇ, ਉਸ ਟੇਬਲ ਤੇ ਬੈਠੇ ਸਾਹਬ ਤੁਹਾਡਾ ਇੰਤਜ਼ਾਰ ਕਰ ਰਹੇ ਹਨ।"

ਕਬਾਬ ਤੇ ਰੋਸਟਿਡ ਚਿਕਨ ਦੇ ਭਬਕਿਆਂ 'ਚੋਂ ਗੁਜ਼ਰਦੀ ਹੋਈ ਮੈਂ ਕਾਰਨਰ ਦੇ ਟੇਬਲ ਤੇ ਪਹੁੰਚੀ। ਉਥੇ ਬਾਬੀ ਬੈਠਾ ਮੇਰੀ ਰਾਹ ਦੇਖ ਰਿਹਾ ਸੀ। ਮੇਜ਼ ਉੱਤੇ ਦੋ ਵੱਡੀਆਂ ਮੋਮਬੱਤੀਆਂ ਜਗ ਰਹੀਆਂ ਸਨ। ਦੋਵੇਂ ਅੱਧੀਆਂ ਬਲ ਚੁੱਕੀਆਂ ਸਨ।

ਬਾਬੀ ਨੇ ਮੁਸਕਰਾ ਕੇ 'ਹੈਲੋ', ਆਖੀ ਤੇ ਬੋਲਿਆ, "ਤੂੰ ਵਕਤ ਤੋਂ ਦਸ ਮਿੰਟ ਪਹਿਲਾਂ ਆ ਗਈ ਹੈਂ।"

"ਆਈ ਐਮ ਸਾਰੀ, ਆਈ ਐਮ ਲੇਟ।"

ਉਸ ਆਖਿਆ 'ਇੰਡੀਆਂ ਵਿਚ ਲੜਕੀ ਹਮੇਸ਼ਾਂ ਘੱਟ ਤੋਂ ਘੱਟ ਇਕ ਘੰਟਾ ਲੇਟ ਆਉਂਦੀ ਹੈ। ਤੇ ਮੈਨੂੰ ਇਹ ਗੱਲ ਪਸੰਦ ਹੈ। ਤੂੰ ਜਾਣਦੀ ਹੈਂ ਇੰਤਜ਼ਾਰ ਦੀਆਂ ਘੜੀਆਂ ਕਿੰਨੀਆਂ ਹੁਸੀਨ ਹੁੰਦੀਆਂ ਹਨ। ਆ ਬੈਠ।"

ਸਾਹਮਣੇ ਖੜ੍ਹੇ ਬੈਰੇ ਨੂੰ ਉਸ ਨੇ ਇਸ਼ਾਰੇ ਨਾਲ ਬੁਲਾ ਕੇ ਕਿਹਾ, "ਸ਼ੈਮਪੇਨ!"

ਬੈਰਾ ਆਈਸ ਕਿਊਬਜ਼ ਨਾਲ ਭਰੀ ਹੋਈ ਬੱਕਟ ਲੈ ਆਇਆ ਜਿਸ ਵਿਚ ਸ਼ੈਮਪੇਨ ਦੀ ਬੋਤਲ ਸੀ।

ਬਾਬੀ ਨੇ ਬੋਤਲ਼ ਨੂੰ ਹੱਥ ਲਗਾ ਕੇ ਕਿਹਾ, "ਠੀਕ ! ਚਿਲਡ ਹੈ।" ਉਸ ਨੇ ਬੋਤਲ ਦਾ ਕਾਰਕ ਖੋਲ੍ਹਿਆ ਤੇ ਪਟਾਖ਼ ਦੀ ਅਵਾਜ਼ ਨਿਕਲੀ ਤੇ ਸ਼ੈਮਪੇਨ ਦੀ ਝੱਗ ਟੇਬਲ ਉੱਤੇ ਖਿਲਰ ਗਈ।

ਉਹ ਬੋਲਿਆ, "ਇਹ ਸਾਡੀ ਪਹਿਲੀ ਮੁਲਾਕਾਤ ਦੀ ਖੁਸ਼ੀ ਵਿਚ।"

ਉਸ ਨੇ ਸ਼ੈਮਪੇਨ ਦੋ ਗਲਾਸਾਂ ਵਿਚ ਪਾਈ ਤੇ ਛਲਕਦੇ ਹੋਏ ਜਾਮ ਮੇਰੇ

ਵੱਲ ਵਧਾਏ। ਮੈਂ ਜਾਮ ਫੜਿਆ ਤੇ ਉਸ ਦੇ ਜਾਮ ਨਾਲ ਟਕਰਾਇਆ। ਦੋਹਾਂ ਨੇ ਕਿਹਾ, "ਚੀਅਰਜ਼!"

ਮੈਂ ਸ਼ੈਂਮਪੇਨ ਦਾ ਘੁੱਟ ਭਰਿਆ ਜਿਸ ਵਿਚੋਂ ਉਹੀ ਅਜੀਬ ਖੱਟਾ-ਮਿੱਠਾ ਸੁਆਦ ਆਇਆ ਜੋ ਇਕ ਵਾਰ ਮੈਂ ਪਰਵੇਜ਼ ਨਾਲ ਪਾਰਟੀ ਵਿਚ ਪੀ ਕੇ ਮਹਿਸੂਸ ਕੀਤਾ ਸੀ। ਇਸ ਖਿਆਲ ਨਾਲ ਕਿ ਮੈਂ ਸ਼ੈਂਮਪੇਨ ਪੀ ਰਹੀ ਹਾਂ, ਮੈਨੂੰ ਹਲਕਾ ਸਰੂਰ ਜਿਹਾ ਆ ਗਿਆ।

ਅਸੀਂ ਦੋ ਘੰਟੇ ਗੱਲਾਂ ਕਰਦੇ ਰਹੇ। ਤਰ੍ਹਾਂ-ਤਰ੍ਹਾਂ ਦੀਆਂ। ਜ਼ਿਆਦਾਤਰ ਇਕ ਦੂਜੇ ਬਾਰੇ।

ਮੈਂ ਕਿਹਾ, "ਬਾਬੀ, ਮੈਂ ਸ਼ਾਦੀ ਸ਼ੁਦਾ ਹਾਂ।"

ਉਹ ਮੇਰੀ ਗੱਲ ਕੱਟ ਕੇ ਬੋਲਿਆ, "ਸ਼ਾਦੀ ਸ਼ੁਦਾ ਔਰਤਾਂ ਵਿਚ ਮੈਨੂੰ ਖ਼ਾਸ ਦਿਲਚਸਪੀ ਹੈ। ਕਿਸੇ ਜੁਆਨ ਅੱਲ੍ਹੜ ਕੁੜੀ ਵੱਲ ਮੈਂ ਅਟ੍ਰੈਕਟ ਨਹੀਂ ਹੁੰਦਾ। ਸ਼ਾਦੀ ਸ਼ੁਦਾ ਜੁਆਨ ਔਰਤ ਦਾ ਮਜ਼ਾ ਹੀ ਹੋਰ ਹੈ। ਮੈਂ ਪੰਦਰਾਂ ਸਾਲ ਦਾ ਸਾਂ ਜਦ ਮੈਂ ਪਹਿਲੀ ਵਾਰ ਸੈਕਸ ਮਾਣਿਆ। ਇੱਕ ਔਰਤ ਮੇਰੀ ਗੁਆਂਢਣ ਸੀ। ਪਤੀ ਅਕਸਰ ਬਾਹਰ ਰਹਿੰਦਾ ਸੀ, ਬਿਜ਼ਨੇਸ ਲਈ, ਕਦੇ ਬੰਬਈ ਕਦੇ ਬੰਗਲੌਰ। ਇਸ ਜੁਆਨ ਆਂਟੀ ਨੇ - ਮੈਂ ਉਸ ਨੂੰ ਆਂਟੀ ਕਹਿ ਕੇ ਬੁਲਾਉਂਦਾ ਸਾਂ - ਮੈਨੂੰ ਇਕ ਰਾਤ ਫੜ ਲਿਆ ਤੇ ਮੇਰੇ ਨਾਲ ਸੈਕਸ ਕੀਤਾ। ਖੁੱਲ੍ਹਾ, ਬੇਸ਼ਰਮੀ ਵਾਲਾ, ਹੁਸੀਨ ਸੈਕਸ। ਮੈਨੂੰ ਹਮੇਸ਼ਾ ਸ਼ਾਦੀ ਸ਼ੁਦਾ ਔਰਤਾਂ ਹੀ ਚੰਗੀਆਂ ਲੱਗਦੀਆਂ ਹਨ।"

ਉਹ ਰੁਕ ਗਿਆ ਤੇ ਮੇਰੇ ਵੱਲ ਧਿਆਨ ਨਾਲ ਦੇਖਣ ਲੱਗਾ। ਬੋਲਿਆ, "ਪਹਿਲੀ ਵਾਰ ਜਦ ਤੂੰ ਭੂਸ਼ਣ ਦੇ ਘਰ ਮਿਲੀ ਤਾਂ ਮੈਂ ਸਿਰਫ਼ ਮਸਤੀ ਮਾਰਨ ਹੀ ਆਇਆ ਸਾਂ। ਉਸ ਨੇ ਮੈਨੂੰ ਫੋਨ ਕਰਕੇ ਬੁਲਾਇਆ ਕਿ ਦੋ ਲੜਕੀਆਂ ਆਈਆਂ ਹਨ। ਇਕ ਲੰਮੀ ਤੇ ਇਕ ਛੋਟੇ ਕੱਦ ਦੀ। ਦੋਵੇਂ ਖ਼ੂਬਸੂਰਤ ਹਨ। ਤੂੰ ਵੀ ਆ ਜਾਹ। ਮੈਂ ਸ਼ਾਰਟਸ ਪਾਈ ਤੇ ਉਸੇ ਤਰ੍ਹਾਂ ਦੌੜਦਾ ਆਇਆ। ਸੋਚਿਆ ਦੋ ਮੁਰਗੀਆਂ ਫਸ ਗਈਆਂ। ਇਕ ਨੂੰ ਤਾਂ ਸੰਭਾਲ ਹੀ ਲਵਾਂਗਾ। ਕਿੰਨੀ ਦੇਰ ਤੋਂ ਕੋਈ ਕੁੜੀ ਹੱਥ ਨਹੀਂ ਸੀ ਲਗੀ। ਪਰ ਜਦ ਤੈਨੂੰ ਦੇਖਿਆ ਤਾਂ ਹੈਰਾਨ ਹੋਇਆ। ਤੂੰ ਸਾਰੀਆਂ ਕੁੜੀਆਂ ਤੋਂ ਵੱਖਰੀ ਸੀ। ਸੈਕਸ ਨਾਲ ਭਰੀ ਹੋਈ ਪਰ ਬੇਲਾਗ ਜਿਵੇਂ ਕਿਸੇ ਨਾਲ ਕੋਈ ਤੁਅਲਕ ਨਾ ਹੋਵੇ। ਮੇਰੀ ਦਿਲਚਸਪੀ ਵਧ ਗਈ।"

"ਕਿਹੋ ਜਿਹੀ ਦਿਲਚਸਪੀ? ਤੂੰ ਵੀ ਤਾਂ ਆਮ ਲੋਕਾਂ ਵਾਂਗ ਘਿਸੇ ਪਿਟੇ ਫ਼ਿਕਰੇ ਬੋਲ ਰਿਹਾ ਹੈਂ। ਉਸ ਰਾਤ - ਸੱਚ ਤਾਂ ਇਹ ਹੈ - ਕਿ ਤੂੰ ਮੈਨੂੰ ਇਕ ਫ਼ਾਲਤੂ ਔਰਤ ਸਮਝਿਆ ਸੀ। ਮੈਨੂੰ ਭੋਗ ਕੇ ਤੂੰ ਆਪਣੇ ਦੋਸਤ ਕਪਿਲ ਨੂੰ

ਭੇਜ ਦਿੱਤਾ ਤਾਂ ਕਿ ਉਹ ਵੀ ਮਜ਼ਾ ਲੈ ਲਵੇ।"

"ਕੀ....? ਕੀ ਆਖਿਆ ਤੂੰ? ਕਪਿਲ ਨੂੰ ਮੈਂ ਭੇਜਿਆ? ਕਾਹਦੇ ਲਈ?"

"ਬਹੁਤਾ ਨਾਦਾਨ ਨਾ ਬਣ। ਤੂੰ ਹੀ ਤਾਂ ਭੇਜਿਆ ਸੀ।"

"ਉਹ ਸਾਲਾ ਕੁੱਤਾ। ਤੇਰੇ ਕਮਰੇ ਵਿਚ ਆਇਆ ਸੀ?" ਬਾਬੀ ਨੇ ਜ਼ੋਰ ਨਾਲ ਮੇਜ਼ ਉੱਤੇ ਮੁੱਕਾ ਮਾਰਿਆ ਤੇ ਗਲਾਸਾਂ ਵਿਚ ਭਰੀ ਸ਼ੈਮਪੇਨ ਛਲਕ ਪਈ। ਉਸ ਦੇ ਤੌਰ ਬਦਲ ਗਏ ਤੇ ਉਸ ਨੇ ਫੂਕ ਮਾਰ ਦੇ ਦੋਵੇਂ ਮੋਮਬੱਤੀਆਂ ਬੁਝਾ ਦਿੱਤੀਆਂ। ਬੋਲਿਆਂ, "ਤੂੰ ਨਹੀਂ ਜਾਣਦੀ। ਤੇ ਨਾ ਹੀ ਜਾਣ ਸਕੇਂਗੀ। ਇਸ ਖਿਆਲ ਨਾਲ ਹੀ ਮੇਰਾ ਖੂਨ ਖ਼ੌਲ ਰਿਹਾ ਹੈ ਕਿ ਉਹ ਤੇਰੇ ਕਮਰੇ ਵਿਚ ਆਇਆ ਸੀ। ਮੈਨੂੰ ਸ਼ੱਕ ਤਾਂ ਸੀ ਕਿ ਉਹ ਹਰਾਮਜ਼ਾਦਾ ਤੈਨੂੰ ਫੁਸਲਾਉਣ ਦੀ ਕੋਸ਼ਿਸ਼ ਕਰੇਗਾ। ਇਸੇ ਲਈ ਮੈ ਤੈਨੂੰ ਦਰਵਾਜ਼ਾ ਬੰਦ ਕਰਨ ਲਈ ਕਿਹਾ ਸੀ। ਉੱਥੇ ਸਭ ਬਘਿਆੜ ਘੁੰਮ ਰਹੇ ਸਨ।"

"ਬਾਬੀ ਤੂੰ ਬਹੁਤ ਉੱਚਾ ਬੋਲ ਰਿਹਾ ਹੈਂ। ਇਹ ਸੱਚ ਹੈ ਕਪਿਲ ਮੇਰੇ ਕਮਰੇ ਵਿਚ ਆਇਆ ਸੀ ਤੇ ਉਸ ਨੇ ਮੈਨੂੰ ਨੀਂਦ ਵਿਚ ਮਦਹੋਸ਼ ਦੇਖਕੇ ਫੜਨ ਦੀ ਕੋਸ਼ਿਸ਼ ਕੀਤੀ। ਪਰ ਮੈਂ ਚੌਂਕ ਪਈ, ਉਸ ਨੇ ਜ਼ੋਰ ਨਾਲ ਧੱਕਾ ਦਿੱਤਾ ਤੇ ਤੈਨੂੰ ਗਾਲ੍ਹਾਂ ਕੱਢਦੀ ਹੋਈ ਬਾਹਰ ਦੌੜ ਗਈ।"

ਬਾਬੀ ਸੋਚ ਵਿਚ ਪੈ ਗਿਆ। ਕੁਝ ਦੇਰ ਅਸੀਂ ਚੁੱਪ ਰਹੇ। ਉਹ ਮੈਨੂੰ ਘੂਰਦਾ ਰਿਹਾ। ਫਿਰ ਬੋਲਿਆ, "ਸ਼ਾਲੂ, ਤੂੰ ਬਹੁਤ ਸਾਫ਼ ਦਿਲ ਦੀ ਕੁੜੀ ਹੈਂ। ਇਮਾਨਦਾਰ। ਦਲੇਰ। ਤੂੰ ਮੈਨੂੰ ਬਹੁਤ ਚੰਗੀ ਲਗਦੀ ਹੈਂ। ਉਸ ਇਕ ਰਾਤ ਵਿਚ ਹੀ ਤੂੰ ਮੇਰੀ ਹੋ ਗਈ ਹੈਂ ਤੇ ਮੈਂ ਤੇਰਾ। ਤੈਨੂੰ ਮੈਂ ਪਿਆਰ ਕਰਦਾ ਹਾਂ। ਜ਼ਿੰਦਗੀ ਵਿਚ ਅਨੇਕਾਂ ਕੁੜੀਆਂ ਨੂੰ ਕਿਹਾ ਹੋਵੇਗਾ 'ਆਈ ਲਵ ਯੂ!' ਪਰ ਮੇਰੇ ਇਹਨਾਂ ਲਫ਼ਜ਼ਾਂ ਦਾ ਅਰਥ ਕੋਈ ਨਹੀਂ ਸੀ। ਗਾਲ੍ਹ ਨਾ ਕੱਢੀ ਤਾਂ, 'ਆਈ ਲਵ ਯੂ' ਆਖ ਦਿੱਤਾ। ਦੋਵੇਂ ਫ਼ਿਕਰੇ ਮੇਰੇ ਲਈ ਇਕੋ ਜਿਹੇ। ਪਰ ਹੁਣ ਜਦੋਂ ਮੈਂ ਪਿਆਰ ਦਾ ਲਫ਼ਜ਼ ਦੁਹਰਾਇਆ ਤਾਂ ਮੈਨੂੰ ਝੁਣਝੁਣੀ ਆ ਗਈ। ਮੈਨੂੰ ਤੇਰੇ ਨਾਲ ਮੁਹੱਬਤ ਹੈ ... ਇਹੋ ਜਿਹੀ ਮੁਹੱਬਤ ਜੋ ਮੈਂ ਕਦੇ ਸੋਚੀ ਵੀ ਨਹੀਂ ਸੀ..."

* * *

ਰੋਜ਼ੀ ਦਾ ਤੇ ਮੇਰਾ ਸੁਭਾਅ ਵੱਖਰਾ ਸੀ। ਪਰ ਸਾਡੀ ਦੋਸਤੀ ਵਿਚ ਰਸ ਸੀ। ਘੰਟਿਆ-ਬਧੀ, ਗੱਲਾਂ ਕਰਦੀਆਂ ਨਾ ਥੱਕਦੀਆਂ।

ਰੋਜ਼ੀ ਦਾ ਬੁਆਏ ਫਰੈਂਡ ਭੂਸ਼ਣ ਛੱਬੀ ਸਾਲ ਦਾ ਸੀ। ਛਟਿਆ ਹੋਇਆ ਜਿਸਮ, ਤਿੱਖੇ ਨਕਸ਼, ਕਣਕ-ਵੰਨਾ ਰੰਗ ਤੇ ਆਸ਼ਿਕ ਮਿਜ਼ਾਜ। ਬਾਪ ਇਕ ਬਿਲਡਰ ਸੀ ਜੋ ਫਲੈਟ ਬਣਾ ਕੇ ਚੰਗੀ ਕੀਮਤ ਤੇ ਵੇਚਦਾ ਸੀ। ਪਰ ਅਕਸਰ ਬੀਮਾਰ ਰਹਿੰਦਾ ਤੇ ਡਾਕਟਰਾਂ ਦੇ ਆਸਰੇ ਉਮਰ ਲੰਮੀ ਕਰਨ ਦੀਆਂ

ਦਵਾਈਆਂ ਖਾਂਦਾ। ਉਸ ਦੇ ਵੱਡੇ ਦੋ ਲੜਕੇ ਅਮਰੀਕਾ ਵਿਚ ਰਹਿੰਦੇ ਸਨ ਜਿੱਥੇ ਉਹਨਾਂ ਦਾ ਗਾਰਮੈਂਟਸ ਦਾ ਸ਼ੋਅ-ਰੂਮ ਸੀ। ਐਕਸਪੋਰਟ ਦੇ ਬਿਜ਼ਨੈਸ ਵਿਚ ਹਿੰਦੁਸਤਾਨੀ ਗਾਰਮੈਂਟਸ ਦੀ ਬਹੁਤ ਮੰਗ ਸੀ। ਦੋਵੇਂ ਭਰਾ ਚੰਗੀ ਕਮਾਈ ਕਰ ਰਹੇ ਸਨ। ਉਹਨਾਂ ਨੇ ਭੂਸ਼ਣ ਨੂੰ ਵੀ ਉੱਥੇ ਬੁਲਾ ਲਿਆ ਸੀ। ਪਰ ਬਾਪ ਕਿਉਂਕਿ ਬੀਮਾਰ ਰਹਿੰਦਾ ਸੀ, ਇਸ ਲਈ ਭੂਸ਼ਣ ਨੂੰ ਵਾਪਿਸ ਹਿੰਦੁਸਤਾਨ ਆਉਣਾ ਪਿਆ। ਇੱਥੇ ਉਸ ਦਾ ਕੋਈ ਖ਼ਾਸ ਕੰਮ ਨਹੀਂ ਸੀ। ਬਸ ਇਹੋ ਕਹਿੰਦਾ ਕਿ ਉਹ ਅਮਰੀਕਾ ਜਾ ਕੇ ਹੀ ਕਾਮਯਾਬ ਹੋਵੇਗਾ। ਪਰ ਬਾਪ ਦਾ ਪਿਆਰ ਉਸ ਨੂੰ ਬਾਰ-ਬਾਰ ਖਿੱਚ ਲਿਆਉਂਦਾ। ਇਥੇ ਉਹ ਬੱਸ ਐਸ਼ ਕਰਨ ਲਈ ਹੀ ਰਹਿ ਰਿਹਾ ਸੀ ਤੇ ਵਾਪਿਸ ਅਮਰੀਕਾ ਜਾਣ ਦੀਆਂ ਤਦਬੀਰਾਂ ਬਣਾ ਰਿਹਾ ਸੀ। ਬਾਬੀ ਨਾਲ ਉਸ ਦੀ ਨੰਦੀ ਦੀ ਪਾਰਟੀ ਵਿਚ ਮੁਲਾਕਾਤ ਹੋ ਗਈ ਤੇ ਦੋਵੇਂ ਗਹਿਰੇ ਦੋਸਤ ਬਣ ਗਏ। ਨੰਦੀ ਦੀ ਪਾਰਟੀ ਵਿਚ ਰੋਜ਼ੀ ਭੂਸ਼ਣ ਨੂੰ ਛੇੜ ਰਹੀ ਸੀ ਤੇ ਇਸੇ ਛੇੜ ਛਾੜ ਵਿਚ ਦੋਵੇਂ ਇਕ ਦੂਜੇ ਉੱਤੇ ਫ਼ਿਦਾ ਹੋ ਗਏ।

ਅਸੀਂ ਚਾਰੇ ਪੱਕੇ ਦੋਸਤ ਬਣ ਗਏ। ਅਕਸਰ ਹਰ ਸ਼ਾਮ ਮਿਲਦੇ, ਤੇ ਹਫ਼ਤੇ ਵਿਚ ਦੋ ਦਿਨ ਡਿਸਕੋ ਜਾਂਦੇ, ਬੀਅਰ ਪੀਂਦੇ, ਸਿਗਰਟਾਂ ਫੂਕਦੇ। ਡਾਂਸ ਫਲੋਰ ਉੱਤੇ ਰੋਜ਼ੀ ਭੂਸ਼ਣ ਨਾਲ ਨੱਚਦੀ ਤੇ ਮੈਂ ਬਾਬੀ ਨਾਲ।

ਮੈਂ ਆਪਣੀ ਲੈਂਡ ਲੇਡੀ ਨੂੰ ਦੱਸ ਦਿੱਤਾ ਸੀ ਕਿ ਸਾਡੇ ਦੋਹਾਂ ਦੇ ਬੁਆਏ ਫਰੈਂਡਜ਼ ਹਨ – ਬਾਬੀ ਤੇ ਭੂਸ਼ਣ। ਇਹ ਦੋਵੇਂ ਸਾਨੂੰ ਮਿਲਣ ਆਇਆ ਕਰਨਗੇ ਕਿਉਂਕਿ ਸਾਡੀ ਇਹਨਾਂ ਨਾਲ ਸ਼ਾਦੀ ਤੈਅ ਹੋ ਚੁੱਕੀ ਹੈ। ਇਹ ਗੱਲ ਅਸੀਂ ਝੂਠ ਆਖੀ ਸੀ। ਲੈਂਡ ਲੇਡੀ ਨੂੰ ਸਾਡੇ ਕੋਲ ਲੜਕਿਆਂ ਦਾ ਆਉਣਾ ਜਾਣਾ ਪਸੰਦ ਨਹੀਂ ਸੀ, ਪਰ ਬਾਬੀ ਤੇ ਭੂਸ਼ਣ ਲਈ ਉਹ ਰਾਜ਼ੀ ਹੋ ਗਏ। ਰਾਤ ਦੇ ਸਿਰਫ਼ ਦਸ ਵਜੇ ਤੱਕ ਰੁਕਣ ਦੀ ਇਜਾਜ਼ਤ ਸੀ। ਇਸ ਪਿਛੋਂ ਉਹ ਗੇਟ ਉੱਤੇ ਪਿੱਤਲ ਦਾ ਮੋਟਾ ਤਾਲਾ ਜੜ ਦੇਂਦੀ ਸੀ।

ਇਸ ਘਰ ਵਿਚ ਅਸੀਂ ਦੋਵੇਂ ਬਹੁਤ ਮਹਿਫੂਜ਼ ਸਾਂ। ਦਿੱਲੀ ਵਿਚ ਹਰ ਰੋਜ਼ ਚੋਰੀ-ਡਾਕੇ ਦੇ ਕਤਲ ਦੀਆਂ ਵਾਰਦਾਤਾਂ ਹੋ ਰਹੀਆਂ ਸਨ। ਇਕੱਲੀਆਂ ਲੜਕੀਆਂ ਲਈ ਖ਼ਤਰਾ। ਪਰ ਸਰਦਾਰ ਜੀ ਦੀ ਕੋਠੀ ਦੇ ਇਸ ਨਿੱਕੇ ਜਿਹੇ ਕਮਰੇ ਵਿਚ ਕੋਈ ਖ਼ਤਰਾ ਨਹੀਂ ਸੀ।

ਰੋਜ਼ੀ ਨੂੰ ਆਪਣਾ ਮਤਲਬ ਕੱਢਣ ਦੇ ਸਭ ਗੁਰ ਆਉਂਦੇ ਸਨ। ਸੈਕਸ ਉਸ ਦਾ ਹਥਿਆਰ ਸੀ। ਅਜੇ ਉਹ ਸਕੂਲ ਵਿਚ ਹੀ ਪੜ੍ਹਦੀ ਸੀ ਕਿ ਇਕ ਮੁੰਡੇ ਨਾਲ ਬੰਦ ਕਮਰੇ ਵਿਚ ਫੜੀ ਗਈ। ਦੋਹਾਂ ਨੂੰ ਸਕੂਲ ਵਿਚੋਂ ਕੱਢ ਦਿੱਤਾ ਗਿਆ। ਇਹ ਰੋਜ਼ੀ ਦਾ ਪਹਿਲਾ ਸੈਕਸ ਐਡਵੇਂਚਰ ਸੀ। ਉਹ ਫਿਲਮ

ਇੰਸਟੀਚਿਊਟ ਵਿਚ ਜਾਣਾ ਚਾਹੁੰਦੀ ਸੀ। ਹੀਰੋਇਨ ਬਣਨ ਦੇ ਖ੍ਵਾਬ ਦੇਖਦੀ ਸੀ। ਸੋਚਦੀ ਸੀ ਕਿ ਸਭ ਤੋਂ ਆਸਾਨ ਤਰੀਕਾ ਇਹ ਹੈ ਕਿ ਸਟੂਡਿਓ ਵਿਚ ਡਾਇਰੈਕਟਰ, ਪ੍ਰੋਡਿਊਸਰ, ਕੈਮਰਾਮੈਨ - ਸਭਨਾਂ ਦਾ ਬਿਸਤਰਾ ਗਰਮ ਕਰੋ। ਸੈਕਸ ਦੀ ਪੌੜੀ ਉੱਤੇ ਚੜ੍ਹ ਕੇ ਸਭ ਤੋਂ ਉਪਰਲੀ ਮੰਜ਼ਿਲ ਉੱਤੇ ਪਹੁੰਚਣ ਦਾ ਆਸਾਨ ਤਰੀਕਾ .... ਉਹ ਕਿਸੇ ਦੀ ਵੀ ਨਹੀਂ ਸੀ। ਪਰ ਸਭ ਉਸ ਨੂੰ ਚਾਹੁੰਦੇ ਸਨ। ਉਸ ਦੀ ਮਦਦ ਲਈ ਦਿਲ ਜਾਨ ਨਾਲ ਹਰ ਵੇਲੇ ਤਿਆਰ।

* * *

ਜਦੋਂ ਮੈਂ ਤੇ ਰੋਜ਼ੀ ਕਿਸੇ ਏਜੰਸੀ ਦੇ ਦਫ਼ਤਰ ਮਾਡਲ ਦੀ ਅਸਾਈਨਮੈਂਟ ਲਈ ਜਾਂਦੀਆਂ ਤਾਂ ਏਜੰਸੀ ਦਾ ਐਗਜ਼ੀਕਿਊਟਿਵ ਮੈਨੂੰ ਚੁਣਦਾ। ਪਰ ਰੋਜ਼ੀ ਉਸ ਨੂੰ ਆਪਣੇ ਜਾਲ ਵਿਚ ਫਸਾ ਲੈਂਦੀ। ਬੇਹੂਦਾ ਹਰਕਤਾਂ ਕਰਦੀ, ਝੂਠੀ ਮੁਸਕ੍ਰਾਹਟ ...ਬਸ ਚੋਲੀ ਦੇ ਬਟਨ ਖੋਲ੍ਹਣ ਲਈ ਤਿਆਰ। ਉਸ ਨੂੰ ਕੰਮ ਮਿਲ ਜਾਂਦਾ ਤੇ ਮੈਂ ਖਾਲੀ ਵਾਪਸ ਆ ਜਾਂਦੀ। ਦਸ ਵਿਚੋਂ ਅਠ ਕੰਮ ਉਹਨੂੰ ਮਿਲ ਜਾਂਦੇ ਤੇ ਦੋ ਮੇਰੇ ਹਿੱਸੇ ਆ ਜਾਂਦੇ। ਪਰ ਇਹ ਦੋ ਕੰਮ ਹੀ ਕਾਫ਼ੀ ਸਨ ਰੋਟੀ ਪਾਣੀ ਤੋਰਨ ਲਈ।

ਮੈਂ ਕਪੜੇ ਬਦਲ ਕੇ ਤਿਆਰ ਹੋਈ ਬੈਠੀ ਸਾਂ ਕਿ ਬਾਬੀ ਮੈਨੂੰ ਮਿਲਣ ਆਇਆ। ਬੋਲਿਆ, "ਅੱਜ ਮੈਂ ਹਯਾਤ ਹੋਟਲ ਨਹੀਂ ਜਾਣਾ। ਘਰ ਵਿਚ ਕੰਮ ਹੈ। ਕੱਲ੍ਹ ਚਲਾਂਗੇ।"

ਮੈਂ ਆਖਿਆ, "ਠੀਕ ਹੈ।"

ਮੈਂ ਦੋ ਦਿਨਾਂ ਤੋਂ ਸੁੱਤੀ ਨਹੀਂ ਸੀ। ਹਰ ਸ਼ਾਮ ਡਿਸਕੋ ... ਸਾਰੀ ਰਾਤ ਨਾਚ ... ਸਿਗਰਟ ... ਬੀਅਰ। ਮੈਂ ਥੱਕੀ ਹੋਈ ਸਾਂ। ਨੀਂਦ ਹੁਦਾਰ ਵਿਚ ਚਲੀ ਗਈ ਸੀ .... ਅੱਜ ਰਾਤ ਆਰਾਮ ਨਾਲ ਸੌਂਵਾਂਗੀ।

ਬਾਬੀ ਮੇਰੀ ਗੱਲ੍ਹ ਚੁੰਮ ਕੇ ਚਲਾ ਗਿਆ। ਰਾਤ ਦੇ ਦਸ ਵਜ ਚੁੱਕੇ ਸਨ। ਮੈਂ ਸੌਣ ਦੀ ਤਿਆਰੀ ਕਰ ਰਹੀ ਸਾਂ। ਰੋਜ਼ੀ ਆਪਣੀ ਨਾਈਟੀ ਬਦਲ ਰਹੀ ਸੀ ਕਿ ਯਕਦਮ ਮੈਨੂੰ ਮਨ ਵਿਚ ਇਕ ਗੱਲ ਖੁੜਕੀ। ਹੋ ਸਕਦਾ ਹੈ ਬਾਬੀ ਕਿਸੇ ਹੋਰ ਨਾਲ ਹਯਾਤ ਗਿਆ ਹੋਵੇ ... ਕੋਈ ਹੋਰ ਲੜਕੀ। ਮੇਰੇ ਦਿਲ ਵਿਚ ਅਜੀਬ-ਅਜੀਬ ਵਹਿਮ ਉਠਣ ਲੱਗੇ ... ਨੀਂਦ ਉੱਡ ਗਈ। ਮੈਂ ਜਲਦੀ-ਜਲਦੀ ਸਲੈਕਸ ਪਾਇਆ, ਖੁੱਲ੍ਹੇ ਗਲੇ ਦਾ ਲਾਲ ਧਾਰੀਆਂ ਵਾਲਾ ਕਮੀਜ਼ ... ਵਾਲਾਂ ਤੇ ਜਲਦੀ-ਜਲਦੀ ਬਰੱਸ਼ ਫੇਰਿਆ ਤੇ ਰੋਜ਼ੀ ਨੂੰ ਆਖਿਆ, 'ਚੱਲ ਹਯਾਤ ਚਲੀਏ ... ਅਸੀਂ ਆਪਣੀ ਸ਼ਾਮ ਕਿਉਂ ਜ਼ਾਇਆ ਕਰੀਏ। ਤੇਰਾ ਭੂਸ਼ਣ ਤਾਂ ਉੱਥੇ ਜਾਏਗਾ ਨਾ ! ਗੱਪ-ਸ਼ੱਪ ਮਾਰਾਂਗੇ।"

ਰੋਜ਼ੀ ਫ਼ੌਰਨ ਤਿਆਰ ਹੋ ਗਈ।

ਅਸਾਂ ਦੋਹਾਂ ਨੇ ਸਕੂਟਰ ਫੜਿਆ ਤੇ ਹਯਾਤ ਪਹੁੰਚ ਗਈਆਂ। ਉੱਥੇ ਭੂਸ਼ਣ ਇੰਤਜ਼ਾਰ ਕਰ ਰਿਹਾ ਸੀ।

ਅਸੀਂ ਤਿੰਨੇ ਇਕ ਟੇਬਲ ਉੱਤੇ ਬੈਠ ਗਏ। ਭੂਸ਼ਣ ਨੇ ਬੀਅਰ ਦਾ ਆਰਡਰ ਦਿੱਤਾ। ਮੈਂ ਸਿਗਰਟ ਸੁਲਗਾ ਲਈ ... ਹੋਟਲ ਦੀ ਰੰਗੀਨ ਚਹਿਲ ਪਹਿਲ ... ਬੀਅਰ ਦੇ ਘੁੱਟ ਭਰੇ। ਮੂੰਹ ਵਿਚ ਕੜਵਾਹਟ ਘੁਲੀ ਤੇ ਮੇਰਾ ਮੂਡ ਖਿੜ ਗਿਆ।

ਮੈਂ ਖੁਸ਼ ਬੈਠੀ ਸਾਂ ਕਿ ਦੂਰ ਵੱਡੇ ਆਦਮ-ਕਦ ਸ਼ੀਸ਼ੇ ਵਿਚ ਬਾਬੀ ਦੀ ਝਲਕ ਪਈ। ਇਹ ਸ਼ੀਸ਼ਾ ਦੀਵਾਰ ਵਿਚ ਇਸ ਤਰ੍ਹਾਂ ਜੜਿਆ ਹੋਇਆ ਸੀ ਕਿ ਬਾਹਰੋਂ ਆਉਣ ਵਾਲੇ ਦਾ ਅਕਸ ਨਜ਼ਰ ਆਉਂਦਾ ਸੀ। ਪਰ ਬਾਹਰੋਂ ਆਉਣ ਵਾਲੇ ਨੂੰ ਅੰਦਰ ਦਾ ਨਜ਼ਾਰਾ ਦਿਖਾਈ ਨਹੀਂ ਸੀ ਦੇਂਦਾ .... ਇਕ ਤਰ੍ਹਾਂ ਦੀ ਸਕਿਉਰਿਟੀ .... ਇਹਤਿਆਤ।

ਮੈਂ ਦੇਖਿਆ ਬਾਬੀ ਇਕ ਖੂਬਸੂਰਤ ਲੜਕੀ ਦੀ ਬਗਲ ਵਿਚ ਹੱਥ ਪਾਈ ਝੂਮਦਾ ਹੋਇਆ ਆ ਰਿਹਾ ਸੀ। ਯਕਦਮ ਉਸ ਨੇ ਮੈਨੂੰ ਦੇਖਿਆ ਤੇ ਠਠੰਬਰ ਗਿਆ। ਮੈਂ ਚੋਰ ਅੱਖ ਨਾਲ ਉਸ ਨੂੰ ਦੇਖ ਲਿਆ ਸੀ ਤੇ ਇਹ ਜ਼ਾਹਿਰ ਕੀਤਾ ਕਿ ਮੈਂ ਉਸ ਨੂੰ ਨਹੀਂ ਦੇਖਿਆ। ਸਗੋਂ ਭੂਸ਼ਣ ਨਾਲ ਗੱਲਾਂ ਵਿਚ ਮਸਰੂਫ਼ ਸਿਗਰਟ ਦਾ ਧੂੰਆਂ ਛਡਦੀ ਰਹੀ। ਮੈਂ ਇਹ ਵੀ ਦੇਖ ਲਿਆ ਕਿ ਬਾਬੀ ਨੇ ਰੋਜ਼ੀ ਨੂੰ ਅੱਖ ਮਾਰ ਕੇ ਇਸ਼ਾਰਾ ਕੀਤਾ ਕਿ ਚੁੱਪ ਰਹੇ। ਫਿਰ ਉਹ ਦੱਬੇ ਪੈਰੀਂ ਆ ਕੇ ਮੇਰੇ ਪਿੱਛੇ ਖੜ੍ਹਾ ਹੋ ਗਿਆ ਤੇ ਉਸ ਨੇ ਦੋਹਾਂ ਹੱਥਾਂ ਨਾਲ ਮੇਰੀਆਂ ਅੱਖਾਂ ਮੀਚ ਲਈਆਂ। ਲੜਕੀਆਂ ਵਰਗੀ ਪਤਲੀ ਆਵਾਜ਼ ਕੱਢ ਕੇ ਬੋਲਿਆ, "ਦੱਸ ਮੈਂ ਤੇਰੀ ਕਿਹੜੀ ਸਹੇਲੀ ਹਾਂ?"

ਮੈਂ ਉਸ ਦੇ ਹੱਥ ਝਟਕ ਦਿੱਤੇ ਤੇ ਆਖਿਆ, "ਸ਼ੈਫ਼ਾਲੀ ਦੀਆਂ ਉਂਗਲੀਆਂ ਨੇ ਇਹ।"

ਸ਼ੈਫ਼ਾਲੀ ਉਸ ਕੁੜੀ ਦਾ ਨਾਂ ਸੀ ਜਿਸ ਨਾਲ ਬਾਬੀ ਹੋਟਲ ਵਿਚ ਆਇਆ ਸੀ। ਉਸ ਦੇ ਦੋਸਤ ਦੀ ਪੁਰਾਣੀ ਗਰਲ ਫ਼ਰੈਂਡ ਸ਼ੈਫ਼ਾਲੀ ਨੇ ਹੁਣ ਨਵਾਂ ਆਸ਼ਿਕ ਲਭ ਲਿਆ ਸੀ। ਕੀ ਬਾਬੀ ਨੇ ਪਹਿਲਾਂ ਸੋਚ ਰੱਖਿਆ ਸੀ ਕਿ ਉਹ ਉਸ ਨੂੰ ਡਿਸਕੋ ਵਿਚ ਲੈ ਕੇ ਜਾਵੇਗਾ? ਬਾਬੀ ਨੂੰ ਉਕੀ ਉਮੀਦ ਨਹੀਂ ਸੀ ਕਿ ਮੈਂ ਉਥੇ ਪਹੁੰਚ ਜਾਵਾਂਗੀ।

ਉਹ ਬੋਲਿਆ, "ਸ਼ਾਲੂ, ਨਾਰਾਜ਼ ਹੋ ਗਈ ਤੂੰ?"

ਮੈਂ ਤਿੱਖੇ ਲਹਿਜੇ ਵਿਚ ਕਿਹਾ, "ਮੈਂ ਤੇਰੇ ਨਾਲ ਗੱਲ ਨਹੀਂ ਕਰਨਾ ਚਾਹੁੰਦੀ?"

ਉਹ ਵਾਸਤੇ ਪਾਉਣ ਲਗਾ, "ਸ਼ਾਲੂ.... ਸੁਣ .... ਸੁਣ ਤਾਂ ਸਹੀ। ਪਾਗਲ ਹੋ ਗਈ ਹੈਂ ਤੂੰ? ਸ਼ੈਫ਼ਾਲੀ ਮੈਨੂੰ ਅਚਾਨਕ ਹੋਟਲ ਦੀ ਲਾਬੀ ਵਿਚ ਮਿਲ ਗਈ ਸੀ।

"ਬਕਵਾਸ ਨਾ ਕਰ!" "ਮੈਂ ਆਖਿਆ।"

"ਯਕੀਨ ਕਰ ... ਸ਼ਾਲੂ!"

"ਤੂੰ ਇਥੇ ਕਿਵੇਂ ਆ ਗਿਆ, ਤੈਨੂੰ ਤਾਂ ਘਰ ਕੰਮ ਸੀ। ਝੂਠ ਕਿਉਂ ਬੋਲਿਆ? ਕਿਉਂ ਬੋਲਿਆ ਝੂਠ ਮੇਰੇ ਨਾਲ? ਸਾਫ਼ ਆਖ ਦੇਂਦਾ ਕਿ ਤੂੰ ਸ਼ੈਫ਼ਾਲੀ ਨੂੰ ਮਿਲ ਰਿਹਾ ਹੈਂ ਅੱਜ - ਮੈਂ - ਸ਼ਾਇਦ ਬੁਰਾ ਨਾ ਮਨਾਉਂਦੀ।"

ਉਸ ਨੇ ਮੇਰਾ ਹੱਥ ਫੜ ਲਿਆ। ਮੈਂ ਹੱਥ ਛੁਡਾ ਕੇ ਆਖਿਆ, "ਹੱਥ ਨਾ ਲਾ ਮੈਨੂੰ!"

"ਸ਼ਾਲੂ ... ਸ਼ਾਲੂ .... ਰੱਬ ਦਾ ਵਾਸਤਾ ਮੇਰੀ ਗੱਲ ਤਾਂ ਸੁਣ ... ਪਲੀਜ਼ .... ਮੈਂ ਮਿੰਨਤ ਕਰਦਾ ਹਾਂ..."

"ਬਿਲਕੁਲ ਨਾ ਕਰ ਮੇਰੀ ਮਿੰਨਤ। ਸਾਫ਼ ਕਹਿ ਦੇਂਦਾ .... ਸੱਚ ਬੋਲਦਾ। ਪਰ ਤੂੰ ਕਾਇਰ ਹੈਂ .... ਬੁਜ਼ਦਿਲ .... ਝੂਠਾ ! ਦੂਰ ਹੋ ਜਾ ਮੇਰੀਆਂ ਨਜ਼ਰਾਂ ਤੋਂ। ਮੈਂ ਸਫ਼ਾਈ ਨਹੀਂ ਮੰਗਦੀ। ਮੈਂ ਜੋ ਦੇਖਿਆ ਹੈ ਉਹੀ ਸੱਚ ਹੈ...."

ਮੇਰੇ ਮੂੰਹ ਵਿਚ ਜ਼ਹਿਰ ਘੁਲ ਗਿਆ। ਮੈਂ ਗੁੱਸੇ ਵਿਚ ਤੜਪਦੀ ਬਾਹਰ ਨਿਕਲ ਗਈ।

ਡੇਢ ਸਾਲ ਹੋ ਗਿਆ ਸੀ ਮੇਰੇ ਤਲਾਕ ਦੇ ਕਾਗਜ਼ਾਂ ਨੂੰ ਕੋਰਟ ਵਿਚ ਦਾਖ਼ਿਲ ਕਰਵਾਏ। ਦੋ ਤਾਰੀਖਾਂ ਪਈਆਂ। ਪਰ ਮੈਂ ਦੋਵੇਂ ਵਾਰ ਨਾ ਜਾ ਸਕੀ। ਬਸ ਸੁਸਤੀ। ਤਲਾਕ ਦਾ ਲਫ਼ਜ਼ ਹੀ ਬੇਮਾਇਨਾ ਸੀ ਮੇਰੇ ਲਈ। ਜਦ ਮੈਂ ਉਸ ਬੰਦੇ ਨਾਲ ਰਹਿਣਾ ਹੀ ਨਹੀਂ .... ਨਾ ਮਨ .... ਨਾ ਤਨ .... ਨਾ ਸਮਾਜ ਦਾ ਡਰ, ਫਿਰ ਕਾਗਜ਼ ਦੇ ਟੁਕੜੇ ਉੱਤੇ ਪਰਵੇਜ਼ ਨੇ ਦਸਤਖ਼ਤ ਕੀਤੇ ਜਾਂ ਨਹੀਂ - ਕੀ ਫਰਕ ਪੈਂਦਾ ਸੀ। ਮੈਨੂੰ ਆਪਣੀ ਪ੍ਰਵਾਹ ਨਹੀਂ ਸੀ .... ਬਸ ਉਸ ਰਾਤ ਜਦ ਉਸ ਨੇ ਮੈਨੂੰ ਰੰਡੀ ਕਿਹਾ ਤੇ ਬੋਲਿਆ, "ਨਿਕਲ ਜਾਹ ਮੇਰੇ ਘਰੋਂ।" ਸਭ ਰਿਸ਼ਤੇ ਖ਼ਤਮ ਹੋ ਗਏ ਸਨ .... ਨਿਕਲ ਜਾਹ ਮੇਰੇ ਘਰੋਂ ....। ਮੇਰਾ ਘਰ..... ਪੈੱਨ .... ਮੇਰਾ ਕੈਮਰਾ .... ਮੇਰਾ ਤਕੀਆ ... ਮੇਰਾ, ਮੇਰਾ .... ਨਫ਼ਰਤ ਹੋ ਗਈ ਸੀ ਮੈਨੂੰ ਉਥੋਂ ਦੀ ਹਰ ਚੀਜ਼ ਨਾਲ।

ਹੁਣ ਮੈਂ ਨਿੱਕੇ ਜਿਹੇ ਫਲੈਟ ਵਿਚ ਰੋਜ਼ੀ ਨਾਲ ਰਹਿੰਦੀ ਸਾਂ। ਆਰਾਮ! ਆਜ਼ਾਦੀ। ਬਸ ਇਕ ਕਮਰਾ ... ਇਕ ਬਾਥਰੂਮ .... ਇੱਕ ਨਿੱਕਾ ਜਿਹਾ ਕਿਚਨ। ਅਸੀਂ ਦੋਵੇਂ ਸਹੇਲੀਆਂ ਜ਼ਮੀਨ ਉੱਤੇ ਬਿਸਤਰੇ ਜਮਾ ਕੇ ਸੌਂ ਜਾਂਦੀਆਂ। ਉਸ ਦਾ ਆਪਣਾ ਬੁਆਏ ਫ੍ਰੈਂਡ, ਮੇਰਾ ਆਪਣਾ। ਇਕੋ ਬਿਸਤਰਾ। ਉਹ ਮੇਰੇ ਪੈਰਾਂ ਵੱਲ ਸਿਰ ਕਰਕੇ ਸੌਂਦੀ ਤੇ ਮੈਂ ਉਸ ਦੇ ਪੈਰਾਂ ਵੱਲ। ਇਕੋ ਡੱਬੇ ਵਿਚ ਰੱਖੇ ਜੁੱਤੀਆਂ ਦੇ ਜੋੜੇ ਵਾਂਗ।

* * *

ਰੋਜ਼ੀ ਮੈਨੂੰ ਵਰਤ ਰਹੀ ਸੀ। ਮੈਨੂੰ ਹੀ ਨਹੀਂ, ਮੇਰੀ ਹਰ ਚੀਜ਼ ਨੂੰ। ਉਹ ਮੇਰੀ ਸ਼ਰਟ ਪਾ ਲੈਂਦੀ। ਆਖਦੀ "ਹਾਏ, ਮੇਰਾ ਹਾਲਟਰ ਗੁੰਮ ਹੋ ਗਿਆ - ਮੈਨੂੰ ਆਪਣਾ ਦੇ ਦੇ ਨਾ। ਆਪਣਾ ਹਾਲਟਰ - ਛਾਤੀਆਂ ਨੂੰ ਉਭਾਰਨ ਲਈ ਮੈਨੂੰ ਚਾਹੀਦਾ ਹੈ।" ਤੇ ਉਹ ਮੇਰਾ ਹਾਲਟਰ ਪਾ ਲੈਂਦੀ। ਮੈਨੂੰ ਨਹੀਂ ਸੀ ਚੰਗਾ ਲਗਦਾ ਕਿ ਕੋਈ ਮੇਰੇ ਕੱਪੜੇ ਪਹਿਨੇ - ਖ਼ਾਸ ਤੌਰ ਤੇ ਉਹ ਬਲਾਊਜ਼ ਜਾਂ ਅੰਗੀ ਜੋ ਉਸ ਦੇ ਨੰਗੇ ਜਿਸਮ ਦਾ ਪਸੀਨਾ ਚੂਸ ਲਵੇ।

ਰੋਜ਼ੀ ਹਰ ਮਹੀਨੇ ਦਾ ਅੱਧਾ ਕਿਰਾਇਆ ਵੀ ਵਕਤ ਸਿਰ ਨਹੀਂ ਸੀ ਦੇਂਦੀ। ਹਮੇਸ਼ਾ ਇਹ ਰੋਣਾ ਰੋਂਦੀ ਕਿ ਏਜੰਟ ਨੇ ਅਜੇ ਤੀਕ ਉਸ ਨੂੰ ਸ਼ੂਟ ਦੇ ਪੈਸੇ ਨਹੀਂ ਦਿੱਤੇ ... ਜਾਂ ਇਹ ਆਖਦੀ ਕਿ ਉਸ ਨੇ ਆਪਣੇ ਬੱਚੇ ਦੇ ਹੋਸਟਲ ਦੀ ਫ਼ੀਸ ਦੇਣੀ ਹੈ। ਹਰ ਵੇਲੇ ਪੈਸਿਆਂ ਦੀ ਥੁੜ ਰਹਿੰਦੀ। ਦੁਕਾਨਦਾਰ ਨਾਲ ਹੁਦਾਰ ਕਰ ਲੈਂਦੀ। ਹਰ ਇਕ ਨਾਲ ਹੁਦਾਰ। ਇਕ ਸ਼ਾਮ ਮੈਂ ਘਰੋਂ ਬਾਹਰ ਪਾਰਕ ਵਿਚੋਂ ਦੀ ਲੰਘੀ ਤਾਂ ਇਕ ਰੇੜ੍ਹੀ ਵਾਲੇ ਨੇ ਆਖਿਆ, "ਮੇਮ ਸਾਹਿਬ ਤੁਹਾਡੀ ਸਹੇਲੀ ਨੇ ਸੱਤ ਰੁਪਏ ਦੇਣੇ ਹਨ ਮੇਰੇ। ਕਲ੍ਹ ਉਹ ਭੁੰਨੀਆ ਹੋਈਆਂ ਛੱਲੀਆਂ ਲੈ ਗਈ ਸੀ .... ਹੁਦਾਰ ... ਮੈਨੂੰ ਬਹੁਤ ਬੁਰੇ ਲਗਦੇ ਸਨ ਉਸ ਦੇ ਛੋਟੇ - ਛੋਟੇ ਇਹ ਹੁਦਾਰ।

ਮੈਂ ਡਾਂਸ ਪਾਰਟੀ ਵਿਚ ਜਾਣ ਲਈ ਤਿਆਰ ਹੋ ਰਹੀ ਸੀ। ਸਮਝ ਨਹੀਂ ਸੀ ਆ ਰਹੀ ਕੀ ਪਹਿਨਾ ਕੀ ਨਾ ਪਹਿਨਾ। ਅੱਖਾਂ ਉੱਤੇ ਸਬਜ਼ ਰੰਗ ਦਾ ਆਈ ਸ਼ੈਡੋ ਲਗਾ ਚੁੱਕੀ ਸੀ। ਗੱਲ੍ਹਾਂ ਉੱਤੇ ਸੁਰਖ ਬਲੱਸ਼-ਆਨ ਲਗਾਇਆ। ਹੋਠਾਂ ਉੱਤੇ ਪਰਪਲ ਰੰਗ ਦੀ ਲਿਪਸਟਿੱਕ। ਤਦ ਮੇਰੀ ਨਜ਼ਰ ਵਾਰਡਰੋਬ ਵਿਚ ਲਟਕੀ ਲਾਂਗ ਆਫ਼ ਸ਼ੋਲਡਰ ਡ੍ਰੈਸ ਉਤੇ ਪਈ ਜੋ ਕੁਝ ਜ਼ਿਆਦਾ ਹੀ ਸੈਕਸੀ ਭਾਵ ਨੂੰ ਉਭਾਰ ਰਹੀ ਸੀ। ਮੈਂ ਡ੍ਰੈਸ ਨੂੰ ਬੜੇ ਸ਼ੌਕ ਨਾਲ ਪਹਿਨਿਆਂ। ਅੱਖਾਂ ਝੱਪਕੀਆਂ ਤੇ ਨਖ਼ਰੇ ਨਾਲ ਮੁਸਕਰਾ ਕੇ ਆਪਣੇ ਆਪ ਨੂੰ ਜਾਚਿਆ ਤੇ ਯਕਦਮ ਸੋਚਣ ਲੱਗੀ।

ਸ਼ਾਲੂ ਤੂੰ ਖ਼ਤਰਨਾਕ ਰਸਤੇ ਉੱਤੇ ਚੱਲ ਰਹੀ ਹੈ। ਤੇਰੀ ਜ਼ਿੰਦਗੀ ਖ਼ਤਰਿਆਂ ਨਾਲ ਘਿਰੀ ਹੋਈ ਹੈ। ਤੂੰ ਜਿਸ ਮਾਹੌਲ ਵਿਚ ਰਹਿ ਰਹੀ ਹੈ ਉਸ ਤੋਂ ਤੂੰ ਚੰਗੀ ਤਰ੍ਹਾਂ ਵਾਕਿਫ਼ ਹੈਂ। ਰੋਜ਼ੀ ਦੇ ਦੋਸਤਾਂ ਦਾ ਰਾਤ ਦਿਨ ਦਾ ਚੱਕਰ ਤੇ ਰੋਜ਼ੀ ਦਾ ਸਟਾਈਲ। ਉਸ ਦਾ ਛਾਤੀ ਉਭਾਰ ਕੇ ਚੱਲਣਾ ਤੇ ਮਟਕਣਾ। ਹਰ ਇਕ ਦੀ ਨਜ਼ਰ ਪੈਂਦੀ ਸੀ ਉਸ ਉੱਤੇ। ਉਸ ਦਾ ਸਾਥ ਹੀ ਖ਼ਤਰਿਆਂ ਦਾ ਸੂਚਕ ਸੀ। ਇਹ ਸਟਾਈਲ ਉਸ ਨਾਲ ਨੈਚੂਰਲ ਸੀ ਤੇ ਮੇਰੇ ਲਈ ਅਨਨੈਚੁਰਲ। ਇਕ ਡਰ ਜਿਹਾ ਲਰਜ਼ਦਾ ਸੀ ਮੇਰੇ ਅੰਦਰ।

ਰੋਜ਼ੀ ਬੋਲੀ "ਸ਼ਾਲੂ, ਡਰ ਕਾਹਦਾ? ਲੜਕੀ ਹੋਣ ਦੇ ਬਹੁਤੇ ਫਾਇਦੇ ਹਨ।

ਕਿਸੇ ਵੱਲ ਮੁਸਕ੍ਰਾਹਟ ਸੁੱਟੀ, ਸੌ ਕੰਮ ਹੱਲ ਹੋ ਗਏ। ਮੈਂ ਤਾਂ ਜ਼ਿੰਦਗੀ ਵਿਚ ਇਹੋ ਦੇਖਿਆ ਸੀ। ਇਸੇ ਤੇ ਅਮਲ ਕੀਤਾ। ਇਕ ਵਾਰ ਮੈਂ ਲਖਨਊ ਸ਼ੂਟ ਲਈ ਜਾਣਾ ਸੀ ਪਰ ਟਿਕਟ ਨਹੀਂ ਸੀ ਮਿਲ ਰਹੀ! ਮੈਂ ਮਿੰਨਤਾਂ ਕੀਤੀਆਂ ਪਰ ਕਾਊਂਟਰ ਕਲਰਕ ਨੇ ਕੌੜੇ ਲਹਿਜੇ ਵਿਚ ਜੁਆਬ ਦਿੱਤਾ, "ਮੈਡਮ ਜਦ ਟਿਕਟ ਹੈ ਹੀ ਨਹੀਂ ਤਾਂ ਕਿਥੋਂ ਪੈਦਾ ਕਰਾਂ? ਮੇਰੀਆਂ ਅੱਖਾਂ ਵਿਚ ਅੱਥਰੂ ਆ ਗਏ। ਮੈਂ ਰੋਣ ਲੱਗੀ। ਏਨੇ ਨੂੰ ਉਸ ਦਾ ਵੱਡਾ ਅਫ਼ਸਰ ਆ ਗਿਆ। ਮੇਰੇ ਅੱਥਰੂ ਦੇਖ ਕੇ ਉਹ ਪਿਘਲ ਗਿਆ। ਮੇਰੇ ਅੰਦਰ ਮੀਨਾ ਕੁਮਾਰੀ ਦਾ ਇਕ ਟ੍ਰੈਜਿਕ ਸੀਨ ਚੱਲ ਰਿਹਾ ਸੀ - ਕੰਬਦੇ ਹੋਏ ਹੋਂਠ ਅੱਖਾਂ ਵਿਚ ਹੰਝੂ। ਅਫ਼ਸਰ ਉੱਤੇ ਅਸਰ ਹੋਇਆ। ਦੌੜ-ਭੱਜ ਕਰਕੇ ਉਸ ਨੇ ਮੇਰੇ ਹੱਥ ਵਿਚ ਲਖਨਊ ਦੀ ਟਿਕਟ ਫੜਾ ਦਿੱਤੀ। ਮੈਂ ਆਪਣੇ ਨਾਟਕ ਵਿਚ ਸਫ਼ਲ ਰਹੀ। ਔਰਤ ਹੋਣ ਦਾ ਚਮਤਕਾਰ। ਮਰਦ ਨੂੰ ਆਪਣੀਆਂ ਬਾਹਾਂ ਦੀ ਤਾਕਤ ਦਾ ਤੇ ਔਰਤ ਨੂੰ ਆਪਣੀਆਂ ਅਦਾਵਾਂ ਦਾ ਪੂਰਾ ਫ਼ਾਇਦਾ ਉਠਾਉਣਾ ਚਾਹੀਦਾ ਹੈ।"

ਮੈਂ ਰੋਜ਼ੀ ਦੀ ਜ਼ਿੰਦਗੀ ਜੀ ਰਹੀ ਸਾਂ। ਹਰ ਵੇਲੇ ਉਸ ਦੀਆਂ ਪ੍ਰਾਬਲਮਜ਼ ਵਿਚ ਘਿਰੀ ਰਹਿੰਦੀ ... ਉਸ ਦੀਆਂ ਮਾਇਕ ਤੇ ਜਜ਼ਬਾਤੀ ਪ੍ਰਾਬਲਮਜ਼ .... ਹਰ ਰੋਜ਼ ਕੋਈ ਹਾਦਸਾ, ਸ਼ੋਰ ਸ਼ਰਾਬਾ। ਕਦੇ ਮੈਂ ਕਿਚਨ ਵਿਚ ਆਪਣਾ ਹੱਥ ਸਾੜ ਲਿਆ... ਕਦੇ ਉਸ ਦੇ ਆਸ਼ਿਕਾਂ ਦੀ ਭੀੜ .... ਦਮ ਘੁਟਣ ਲੱਗਾ.... ਨਿਕਾ ਜਿਹਾ ਕਮਰਾ ਤੇ ਉਸ ਵਿਚ ਸੈਂਕੜੇ ਘਟਨਾਵਾਂ ਹਰ ਰੋਜ਼ ... ਰੋਜ਼ੀ ... ਅਜਿਹੀ ਕੰਡੇਦਾਰ ਝਾੜੀ ਸੀ ਕਿ ਘੁੰਮਦੇ ਫਿਰਦੇ ਤੇ ਇਸ ਫ਼ਲੈਟ ਵਿਚ ਰਹਿੰਦਿਆਂ ਉਹ ਹਰ ਰੋਜ਼ ਨਵੇਂ ਆਸ਼ਿਕਾਂ ਨੂੰ ਉਲਝਾ ਲੈਂਦੀ .... ਇਹ ਆਸ਼ਿਕ ਜਿਵੇਂ ਤਿਆਰ ਹੀ ਬੈਠੇ ਹੋਣ ਹਮਲਾ ਕਰਨ ਲਈ।

ਰੋਜ਼ੀ ਦੀਆਂ ਅਵਾਰਾ ਹਰਕਤਾਂ ਤੋਂ ਤੰਗ ਆ ਕੇ ਮੈਂ ਉਸ ਨੂੰ ਕਿਹਾ, "ਤੂੰ ਚੀਪ ਔਰਤ ਹੈਂ। ਵਿਕਦੀ ਹੈਂ। ਹਰ ਮਰਦ ਦੀ ਗੋਦੀ ਵਿਚ ਬੈਠਣ ਲਈ ਤਿਆਰ - ਹਰ ਇਕ ਨੂੰ ਭਰਮਾਉਣ ਲਈ ਬੇਤਾਬ। ਇਸ ਲਈ ਜ਼ਾਹਿਰਾ ਤੌਰ ਤੇ ਤੂੰ ਮੈਥੋਂ ਜ਼ਿਆਦਾ ਕਾਮਯਾਬ ਹੈਂ, ਪਰ ਅੰਦਰੋਂ ਖੋਖਲੀ .... ਈਰਖਾ ਨਾਲ ਭਰੀ ਹੋਈ .... ਉਪਰੋਂ ਉਪਰੋਂ ਜਾਨ ਵਾਰ ਸੁਟਣ ਵਾਲੀ ਸਹੇਲੀ।"

ਮੇਰੀਆਂ ਗੱਲਾਂ ਸੁਣ ਕੇ ਰੋਜ਼ੀ ਸੜ ਗਈ। ਭੜਕ ਗਈ ਤੇ ਬੋਲੀ, "ਸ਼ਾਲੂ ਮੈਨੂੰ ਹੋਟਲਾਂ ਵਿਚ ਡਿਸਕੋ ਤੇ ਨੱਚਣ ਦਾ ਕੋਈ ਸ਼ੌਕ ਨਹੀਂ। ਤੂੰ ਭੁੱਖੀ ਹੈਂ ਇਹਨਾਂ ਪਾਰਟੀਆਂ ਦੀ। ਤੂੰ ਹੀ ਮੈਨੂੰ ਖਿੱਚ ਕੇ ਲੈ ਜਾਂਦੀ ਹੈਂ ਆਪਣੇ ਦੋਸਤਾਂ ਨਾਲ। ਉੱਥੇ ਤੂੰ ਬੀਅਰ ਪੀ ਕੇ ਤਿੰਨ-ਤਿੰਨ ਘੰਟੇ ਨੱਚਦੀ ਹੈਂ। ਤੈਨੂੰ ਨੱਚਣ ਦਾ ਜਾਨੂੰਨ ਹੈ। ਤੂੰ ਸਾਰੀ ਸਾਰੀ ਰਾਤ ਨੱਚ ਸਕਦੀ ਹੈਂ। ਇਸ ਤਰ੍ਹਾਂ ਆਪਣੀ ਸੈਕਸ ਦੀ ਭੁੱਖ ਮਿਟਾਉਂਦੀ ਹੈਂ ਤੂੰ। ਸ਼ਾਇਦ ਤੂੰ ਠੰਢੀ ਹੈਂ ..... ਜਾਂ ਕੁਝ ਹੋਰ .... ਕਈ

ਵਾਰ ਬਰਫ਼ ਵਾਂਗ ਠੰਢੀਆਂ ਔਰਤਾਂ ਜ਼ਿਆਦਾ ਹੁਸੀਨ ਦਿਸਦੀਆਂ ਹਨ ਤੇ ਮਰਦਾਂ ਨੂੰ ਵਧੇਰੇ ਖਿੱਚਦੀਆਂ ਹਨ ਆਪਣੇ ਵੱਲ। ਤੂੰ ਲੁਭਾ ਸਕਦੀ ਹੈਂ ਪਰ ਕੁਝ ਦੇ ਨਹੀਂ ਸਕਦੀ .... ਲਲਚਾ ਸਕਦੀ ਹੈਂ ਪਰ ਇਸ ਤੋਂ ਵੱਧ ਕੁਝ ਨਹੀਂ। ਮੈਂ ਆਪਣੇ ਰੂਹ ਤੇ ਜਿਸਮ – ਦੋਵੇਂ ਦੇ ਸਕਦੀ ਹਾਂ .... ਵੰਡ ਸਕਦੀ ਹਾਂ। ਜਿਸਮ ਬਿਨਾਂ ਕੀ ਮਜ਼ਾ ਹੈ ਰੂਹ ਦਾ? ਖੋਖੀ ਅਸਥੂਲ ਰੂਹ ਦਾ ਜਿਸ ਨੂੰ ਤੁਸੀਂ ਨਾ ਛੂਹ ਸਕਦੇ ਹੋ ਨਾ ਬਾਹਾਂ ਵਿਚ ਲੈ ਸਕਦੇ ਹੋ। ਮੈਂ ਤੈਥੋਂ ਵੱਖਰੀ ਹਾਂ। ਸ਼ਾਲੂ ਤੂੰ ਲੋਕਾਂ ਨੂੰ ਉੱਲੂ ਬਣਾਉਂਦੀ ਹੈਂ ..... ਲੋਕਾਂ ਨੂੰ ਭਰਮਾਉਂਦੀ ਹੈਂ ਤੇ ਦੁੱਧ-ਧੋਤੀ ਬਣੀ ਫਿਰਦੀ ਹੈ। ਮੈਂ ਤਾਂ ਕਹਿੰਦੀ ਹਾਂ ਕਿ ਤੂੰ ਬਾਬੀ ਨੂੰ ਠਗਦੀ ਹੈਂ.... ਉਹਦੇ ਕੋਲੋਂ ਤੁਹਫ਼ੇ ਲੈਂਦੀ ਹੈਂ ..... ਉਸ ਨੂੰ ਉਂਗਲਾਂ ਤੇ ਨਚਾਉਂਦੀ ਹੈਂ..... ਬਿਲਕੁਲ ਫਰਾਡ!"

ਰੋਜ਼ੀ ਦੀਆਂ ਇਹ ਗੱਲਾਂ ਮੈਨੂੰ ਬਹੁਤ ਚੁਭੀਆਂ। ਸਾਰੀ ਰਾਤ ਮੈਂ ਸੌਂ ਨਾ ਸਕੀ।

# 4

**ਰਾਤ** ਦਾ ਵੇਲਾ ਸੀ। ਹਲਕੀ ਹਲਕੀ ਬਾਰਿਸ਼ ਹੋ ਰਹੀ ਸੀ। ਮੈਂ ਬੇਗਮ ਅਖ਼ਤਰ ਦੀ ਗਜ਼ਲ ਸੁਣ ਰਹੀ ਸਾਂ -

'ਮੇਰੇ ਹਮਨਵਾ, ਮੇਰੇ ਹਮਨਸ਼ੀਂ ਤੁਮਹੇਂ ਯਾਦ ਹੋ ਕਿ, ਨਾ ਯਾਦ ਹੋ।' ਬਾਬੀ ਨੇ ਝੂਮ ਕੇ ਆਖਿਆ, ਬਾਰਿਸ਼ ਦੀਆਂ ਬੂੰਦਾਂ ਦੀ ਆਵਾਜ਼ ਕਿੰਨੀ ਚੰਗੀ ਲੱਗ ਰਹੀ ਹੈ, ਇਸ ਗਜ਼ਲ ਦੇ ਨਾਲ .... ਭੂਸ਼ਣ ਨਹੀਂ ਆਇਆ ਹੁਣ ਤੀਕ ਤਲੀ ਹੋਈ ਮੱਛੀ ਲੈ ਕੇ।"

ਏਨੇ ਨੂੰ ਦਰਵਾਜ਼ੇ ਉੱਤੇ ਦਸਤਕ ਹੋਈ।

ਬਾਬੀ ਬੋਲਿਆ, "ਆ ਗਿਆ ਭੂਸ਼ਣ। ਸਾਲਾ ਹਰ ਵਾਰ ਦੇਰ ਨਾਲ ਆਉਂਦਾ ਹੈ।" ਫਿਰ ਜ਼ੋਰ ਦੀ ਠਕ-ਠਕ ਹੋਈ।

ਕੋਈ ਕੜਕਵੀਂ ਆਵਾਜ਼ ਵਿਚ ਬੋਲਿਆ, "ਦਰਵਾਜ਼ਾ ਖੋਲ੍ਹੋ।"

ਮੈਂ ਹੈਰਾਨ ਹੋਈ। ਕੌਣ ਬਦਤਮੀਜ਼ ਰਾਤ ਨੂੰ ਇਸ ਵੇਲੇ ਆਇਆ ਹੈ? ਮੈਂ ਉੱਠੀ ਤੇ ਦਰਵਾਜ਼ੇ ਕੋਲ ਜਾ ਕੇ ਬੋਲੀ, "ਕੌਣ ਹੈ?"

ਕਿਸੇ ਨੇ ਜ਼ੋਰ ਦੀ ਦਰਵਾਜ਼ੇ ਉੱਤੇ ਠੁੱਡਾ ਮਾਰਿਆ ਤੇ ਗਰਜਿਆ, "ਅਰੇ ਦਰਵਾਜ਼ਾ ਖੋਲ੍ਹੋ।"

ਮੈਂ ਸਹਿਮ ਗਈ। ਦਰਵਾਜ਼ਾ ਖੋਲ੍ਹਿਆ। ਪੁਲਿਸ ਦਾ ਇਕ ਥਾਣੇਦਾਰ ਤੇ ਦੋ ਸਿਪਾਹੀ ਧੁੱਸ ਦੇ ਕੇ ਅੰਦਰ ਦਾਖ਼ਿਲ ਹੋਏ। ਨਾਲ ਹੀ ਮਕਾਨ ਮਾਲਕ ਸਰਦਾਰ ਜੀ ਤੇ ਸਰਦਾਰਨੀ ਵੀ।

ਥਾਣੇਦਾਰ ਨੇ ਪੈਂਦਿਆ ਹੀ ਪੁੱਛਿਆ "ਕੀ ਹੋ ਰਿਹਾ ਹੈ ਇੱਥੇ? ਸ਼ਰਾਬ ਦਾ ਅੱਡਾ ਬਣਾ ਰੱਖਿਆ ਹੈ? ਤੂੰ ਕੌਣ ਹੈਂ? ਉਸ ਨੇ ਬਾਬੀ ਵੱਲ ਇਸ਼ਾਰਾ ਕਰਕੇ ਪੁੱਛਿਆ।

ਥਾਣੇਦਾਰ ਬੋਲਿਆ, "ਕਿਸ ਦਾ ਯਾਰ ਹੈਂ ਤੂੰ? ਇਸ ਦਾ ਜਾਂ ਦੋਹਾਂ ਦਾ? "

ਫਿਰ ਮੇਰੇ ਵੱਲ ਤੇ ਰੋਜ਼ੀ ਵੱਲ ਦੇਖਿਆ, "ਧੰਦਾ ਕਰਦੀਆਂ ਹੋ? ਚਲੋ ਥਾਣੇ।"

ਥਾਣੇ ਦਾ ਨਾਂ ਸੁਣ ਕੇ ਅਸੀਂ ਤਿੰਨੇ ਘਬਰਾ ਗਏ।

ਸਰਦਾਰ ਜੀ ਤੇ ਸਰਦਾਰਨੀ ਨੇ ਵੀ ਅੱਖਾਂ ਫੇਰ ਲਈਆਂ। ਸਰਦਾਰਨੀ ਕੜਕ ਕੇ ਬੋਲੀ, "ਅਸੀਂ ਇੱਥੇ ਰੰਡੀਆਂ ਕਿਉਂ ਰਖੀਆਂ? ਇਸ ਘਰ ਵਿਚ ਜਿੱਥੇ ਗੁਰੂ ਗ੍ਰੰਥ ਸਾਹਿਬ ਦਾ ਪਾਠ ਹੁੰਦਾ ਹੈ ਉਥੇ ਇਹ ਕੁੜੀਆਂ ਯਾਰਾਂ ਨਾਲ ਸ਼ਰਾਬਾਂ

ਪੀਂਦੀਆਂ ਹਨ ਤੇ ਗਾਲ੍ਹਾਂ ਕੱਢਦੀਆਂ ਹਨ। ਕਢੋ ਇਹਨਾਂ ਨੂੰ ਘਰੋਂ ਬਾਹਰ। ਸਾਨੂੰ ਨਹੀਂ ਲੋੜ ਇਹਨਾਂ ਦੇ ਢਾਈ ਹਜ਼ਾਰ ਰੁੱਪਈਏ ਦੀ! ਹਰਾਮ ਦਾ ਪੈਸਾ! ਕਢੋ ਇਹਨਾਂ ਨੂੰ!"

ਬਾਬੀ ਨੇ ਆਖਿਆ, "ਮੈਂ ਆਪਣੇ ਘਰ ਵਾਲਿਆਂ ਨੂੰ ਫੋਨ ਕਰਕੇ ਇਤਲਾਹ ਦੇਣਾ ਚਾਹੰਦਾ ਹਾਂ।"

ਥਾਣੇਦਾਰ ਕੜਕ ਕੇ ਬੋਲਿਆ, 'ਦੱਲਿਆ, ਥਾਣੇ ਜਾ ਕੇ ਟੈਲੀਫੋਨ ਕਰੀਂ ਆਪਣੇ ਪਿਉ ਨੂੰ!"

ਬਾਬੀ ਦਾ ਸਾਰਾ ਨਸ਼ਾ ਉੱਤਰ ਗਿਆ।

ਥਾਣੇਦਾਰ ਨੇ ਰੋਜ਼ੀ ਤੇ ਮੇਰੇ ਵੱਲ ਦੇਖਿਆ – ਜਲੀਆਂ ਹੋਈਆਂ ਸਿਰਗਟਾਂ, ਸ਼ਰਾਬ ਦੀ ਅੱਧੀ ਬੋਤਲ ਤੇ ਸਾਰੀਆਂ ਚੀਜ਼ਾਂ ਬੇਤਰਤੀਬ। ਰੋਜ਼ੀ ਦੇ ਬਲਾਊਜ਼ ਦੇ ਬਟਨ ਖੁਲ੍ਹੇ ਹੋਏ ਸਨ ਤੇ ਮੇਰੇ ਵਾਲ ਬਿਖਰੇ ਹੋਏ। ਬਾਬੀ ਦੀ ਕਮੀਜ਼ ਉੱਤੇ ਲਿਪਸਟਿਕ ਦੇ ਨਿਸ਼ਾਨ। ਸਾਡੇ ਗੁਨਾਹਗਾਰ ਹੋਣ ਦਾ ਸਬੂਤ। ਥਾਣੇਦਾਰ ਸਾਨੂੰ ਤਿੰਨਾਂ ਨੂੰ ਫੜ ਕੇ ਥਾਣੇ ਲੈ ਗਿਆ। ਦੋਵੇਂ ਸਿਪਾਹੀ ਨਾਲ ਨਾਲ ਤੇ ਸਬੂਤ ਵਜੋਂ ਸ਼ਰਾਬ ਦੀ ਅੱਧੀ ਬੋਤਲ।

ਰਾਤ ਦੇ ਬਾਰਾਂ ਵੱਜੇ ਸਨ। ਸੁੰਨਸਾਨ ਤੇ ਡਰਾਉਣਾ ਦ੍ਰਿਸ਼ .... ਲੋਹੇ ਦੀਆਂ ਸੀਖਾਂ ... ਅਜੀਬ ਬੋ ਸੀ ਫਟੇ ਪੁਰਾਣੇ ਕੰਬਲਾਂ ਦੀ .... ਅਵਾਰਾਗਰਦਾਂ ਦੀ ... ਜੇਬਕਤਰਿਆਂ ਦੀ .... ਪਿਸ਼ਾਬ ਦੀ ਬੋ। ਬਾਬੀ ਨੂੰ ਇਸੇ ਕੋਠੜੀ ਵਿਚ ਬੰਦ ਕਰ ਦਿੱਤਾ ਗਿਆ। ਰੋਜ਼ੀ ਤੇ ਮੈਨੂੰ ਅੱਗੇ ਲੈ ਗਏ ਖੁੱਲ੍ਹੇ ਵਿਹੜੇ ਵਿਚ ... ਉਥੇ ਪਿੱਛਲੇ ਪਾਸੇ ਦੋ ਕੋਠੜੀਆਂ ਸਨ, ਔਰਤਾਂ ਲਈ। ਥਾਣੇਦਾਰ ਸਿਪਾਹੀ ਨੂੰ ਆਖਣ ਲੱਗਾ, "ਬਦਲੂ ਸਿੰਘ! ਇਸ ਹਰਾਮਜ਼ਾਦੀ ਨੂੰ ਤੂੰ ਲੈ ਜਾਹ ਤੇ ਦੂਜੀ ਨੂੰ ਮੈਂ ਲੈ ਜਾਂਦਾ ਹਾਂ। ਤੇ ਬੰਦ ਕਰਦਾ ਹਾਂ ਉਸ ਕੋਠੜੀ ਵਿਚ .... ਉਹ ਸਾਲੀ ਇਕਬਾਲ ਕੌਰ ਡਿਊਟੀ ਤੇ ਹਾਜ਼ਰ ਨਹੀਂ, ਸਵੇਰੇ ਖ਼ਬਰ ਲਵਾਂਗਾ ਉਸਦੀ।"

ਮੈਂ ਡੁਸਕ ਰਹੀ ਸਾਂ ਤੇ ਰੋਜ਼ੀ ਚੁੱਪ ਇਹ ਮੁਸੀਬਤ ਝੱਲ ਰਹੀ ਸੀ। ਕੋਠੜੀ ਦੇ ਨਾਂ ਤੋਂ ਹੀ ਮੇਰੀ ਜਾਨ ਨਿਕਲ ਗਈ। ਲੱਤਾਂ ਕੰਬ ਰਹੀਆਂ ਸਨ। ਜਦੋਂ ਮੈਂ ਤੁਰ ਨਾ ਸਕੀ ਤਾਂ ਥਾਣੇਦਾਰ ਨੇ ਮੈਨੂੰ ਧੱਕਾ ਦਿੱਤਾ ਤੇ ਬੋਲਿਆ, "ਸਾਲੀ ਸ਼ਰੀਫ਼ ਬਣਦੀ ਹੈ। ਚੱਲ ....। ਉਸ ਨੇ ਮੈਨੂੰ ਸੀਖਾਂ ਵਾਲੀ ਕੋਠੜੀ ਵਿਚ ਬੰਦ ਕਰ ਦਿੱਤਾ।

ਥਾਣੇਦਾਰ ਤੇ ਸਿਪਾਹੀ ਚਲੇ ਗਏ। ਮੈਂ ਸੀਖਾਂ ਨੂੰ ਫੜ ਕੇ ਰੋਣ ਲੱਗੀ। ਸਿਰ ਪਟਕ ਰਹੀ ਸਾਂ .... ਦਹਾੜ ਰਹੀ ਸਾਂ, "ਦਰਵਾਜ਼ਾ ਖੋਲ੍ਹੋ। ਕਿਉਂ ਬੰਦ ਕਰ ਰੱਖਿਆ ਹੈ ਮੈਨੂੰ?" ਸੀਖਾਂ ਨੂੰ ਫੜ ਕੇ ਜ਼ੋਰ ਦੀ ਝੰਜੋੜਿਆ ਤੇ ਚੀਕਣ ਲੱਗੀ, "ਖੋਲ੍ਹੋ ਦਰਵਾਜ਼ਾ।" ਸੀਖਾਂ ਦੇ ਖੜਕਣ ਦਾ ਸ਼ੋਰ ਵੱਧਦਾ ਗਿਆ।

ਮੇਰੀ ਅੱਖ ਖੁਲ੍ਹੀ ਤਾਂ ਦੇਖਿਆ ਕਿ ਕੋਈ ਦਰਵਾਜ਼ਾ ਖੜਕਾ ਰਿਹਾ ਸੀ। ਰੋਜ਼ੀ ਮੇਰੀ ਬਗਲ ਵਿਚ ਘੂਕ ਸੁੱਤੀ ਪਈ ਸੀ।

ਡਰ ਨਾਲ ਕੰਬਦੀ ਹੋਈ ਮੈਂ ਏਧਰ-ਓਧਰ ਦੇਖਣ ਲੱਗੀ। ਕੀ ਇਹ ਸੁਪਨਾ ਸੀ? ਹਾਂ, ਸੁਪਨਾ ਹੀ ਤਾਂ ਸੀ, ਪਰ ਬਹੁਤ ਡਰਾਉਣਾ ਤੇ ਸੱਚਾ। ਮੈਂ ਉੱਠ ਕੇ ਦਰਵਾਜ਼ੇ ਕੋਲ ਜਾ ਕੇ ਪੁੱਛਿਆ, "ਕੌਣ ਹੈ? ਕੌਣ ਹੈ? ਕੌਣ ਹੈ ਏਨੀ ਰਾਤ ਗਿਆਂ?"

ਆਵਾਜ਼ ਆਈ, "ਮੈਂ ਹਾਂ - ਮੈਂ - ਬਾਬੀ।"

ਮੈਂ ਦਰਵਾਜ਼ਾ ਖੋਲ੍ਹਿਆ। ਸਾਹਮਣੇ ਬਾਬੀ ਖੜ੍ਹਾ ਸੀ। ਬੋਲਿਆ, "ਕੀ ਘੋੜੇ ਵੇਚ ਕੇ ਸੁੱਤੀ ਹੋਈ ਹੈਂ? ਸਵੇਰ ਹੋ ਗਈ। ਦਸ ਵੱਜਣ ਵਾਲੇ ਹਨ। ਅੱਜ ਇੰਗਲਿਸ਼ ਫ਼ਿਲਮ 'ਬੇਸਿਕ ਇੰਸਟਿੰਕਟ' ਦ ਪ੍ਰੀਮੀਅਰ ਹੈ। ਤਿੰਨ ਟਿਕਟਾਂ ਲਿਆਇਆ ਹਾਂ। ਰੋਜ਼ੀ ਨੂੰ ਵੀ ਜਗਾ। ਉਸ ਨੂੰ ਵੀ ਨਾਲ ਲੈ ਚਲਾਂਗੇ। ਚਲੋ ਜਲਦੀ ਨਾਲ ਤਿਆਰ ਹੋ ਜਾਓ।"

ਜਦ ਵੀ ਮੈਂ ਰੋਜ਼ੀ ਨੂੰ ਛੱਡਣ ਦਾ ਫੈਸਲਾ ਕਰਦੀ ਕੋਈ ਨਾ ਕੋਈ ਹਾਦਸਾ ਵਾਪਰ ਜਾਂਦਾ ਤੇ ਮੈਂ ਰੁਕ ਜਾਂਦੀ। ਸੋਚਦੀ ਸਾਂ ਕਿ ਸ਼ਾਇਦ ਰੋਜ਼ੀ ਮੇਰੀ ਕਮਜ਼ੋਰੀ ਸੀ। ਪਰ ਜਦ ਉਹ ਮੇਰੇ ਨਾਲ ਸੌਂਦੀ ਮੈਨੂੰ ਗੁੱਸਾ ਆਉਂਦਾ। ਮੈਂ ਭੜਕ ਉੱਠਦੀ। ਰੋਜ਼ੀ ਮੈਨੂੰ ਕੋਈ ਕੌੜਾ ਜੁਆਬ ਨਾ ਦੇਂਦੀ, ਸਗੋਂ ਪਿਆਰ ਨਾਲ ਬੋਲਦੀ। ਉਸ ਅੰਦਰ ਛਲ ਕਪਟ ਦੀ ਮਿਠਾਸ ਸੀ। ਮੈਂ ਹਰ ਵਾਰ ਪਿਘਲ ਜਾਂਦੀ.... ਸ਼ਾਇਦ ਮੈਨੂੰ ਉਸ ਦੇ ਈਵਲ ਰੂਪ ਨਾਲ ਪਿਆਰ ਸੀ। ਇਸ ਲਈ ਮੈਂ ਉਸ ਨੂੰ ਨਹੀਂ ਸਾਂ ਛੱਡ ਸਕਦੀ। ਕੀ ਲਗਾਉ ਸੀ ਮੈਨੂੰ ਉਸ ਨਾਲ। ਮੈਂ ਹਰ ਲਮਹਾਂ ਉਸ ਨੂੰ ਨਫ਼ਰਤ ਕਰਦੀ ਸਾਂ .... ਕੁੜ੍ਹਦੀ ਸਾਂ.....। ਨਫ਼ਰਤ ਹੀ ਇਕ ਬੰਧਨ ਬਣ ਗਿਆ ਸੀ। ਉਸ ਤੋਂ ਬਿਨਾਂ ਮੈਂ ਰਹਿ ਵੀ ਤਾਂ ਨਹੀਂ ਸਾਂ ਸਕਦੀ। ਉਹ ਮੇਰਾ ਦੂਸਰਾ ਰੂਪ ਸੀ .... ਈਵਲ ਰੂਪ। ਪਰਛਾਵੇਂ ਵਾਂਗ ਨਾਲ ਨਾਲ। ਮੈਂ ਉਸ ਦੀ ਆਦੀ ਹੋ ਗਈ ਸਾਂ - ਕਿਸੇ ਡ੍ਰੱਗ ਵਾਂਗ। ਜਦ ਉਹ ਕੋਲ ਨਾ ਹੁੰਦੀ ਤਾਂ ਮੈਂ ਉਸ ਨੂੰ ਮਿਸ ਕਰਦੀ। ਉਸ ਦਾ ਰਾਹ ਦੇਖਦੀ। ਸੋਚਣ ਲੱਗਦੀ ਜੇ ਉਹ ਚਲੀ ਗਈ ਤੇ ਮੈਂ ਇੱਕਲੀ ਰਹਿ ਗਈ ਤੇ ਮੇਰੇ ਨਾਲ ਦਾ ਬਿਸਤਰਾ ਖਾਲੀ ਹੋ ਗਿਆ ਤਾਂ ਮੈਂ ਕੀ ਕਰਾਂਗੀ! ਸ਼ਾਇਦ ਹਨ੍ਹੇਰੀ ਰਾਤ ਵਿਚ ਇਸ ਖਾਲੀ ਬਿਸਤਰੇ ਉੱਤੇ ਹੱਥ ਨਾਲ ਉਸ ਨੂੰ ਟਟੋਲਾਂ। ਮੈਂ ਉਸ ਨਾਲ ਜੁੜ ਗਈ ਸਾਂ .... ਮੈਨੂੰ ਉਸ ਦੀ ਜ਼ਰੂਰਤ ਸੀ। ਜਦ ਉਹ ਮੇਰੇ ਨਾਲ ਹੁੰਦੀ ਤਾਂ ਮੇਰੇ ਵਿਚ ਦਲੇਰੀ ਆ ਜਾਂਦੀ .... ਮੇਰੀ ਕਮਜ਼ੋਰੀ ਮੇਰੀ ਬਹਾਦਰੀ ਬਣ ਜਾਂਦੀ। ਕੀ ਇਹ ਕੋਈ ਮਨੋਵਿਗਿਆਨਕ ਪ੍ਰਾਬਲਮ ਸੀ?

ਆਖ਼ਿਰ ਇਕ ਦਿਨ ਮੈਂ ਉਸ ਨੂੰ ਦੱਸ ਦਿੱਤਾ ਕਿ ਮੈਂ ਉਸ ਨੂੰ ਛੱਡ ਕੇ

ਜਾ ਰਹੀ ਹਾਂ। ਕਿਤੇ ਹੋਰ ਥਾਂ ਫਲੈਟ ਲੱਭਾਂਗੀ। ਜਿੱਥੇ ਸਿਰਫ਼ ਮੈਂ ਰਹਾਂਗੀ। ਕਿਸੇ ਨਾਲ ਸਾਂਝਾ ਕਿਚਨ, ਸਾਂਝਾ ਖਾਣਾ, ਸਾਂਝੀ ਬਕਵਾਸ ਨਹੀਂ ਰਖਾਂਗੀ। ਰੋਜ਼ੀ ਚੁੱਪ ਹੋ ਗਈ।

ਰੋਜ਼ੀ ਨੂੰ ਦੱਸੇ ਬਗ਼ੈਰ ਮੈਂ ਅਖ਼ਬਾਰ ਵਿਚ ਕਿਰਾਏ ਦੇ ਫਲੈਟ ਦਾ ਇਸ਼ਤਿਹਾਰ ਪੜ੍ਹਨ ਲੱਗੀ। ਇਕ ਫਲੈਟ ਉੱਤੇ ਲਾਲ ਨਿਸ਼ਾਨੀ ਲਗਾਈ। ਡੀਫੈਂਸ ਕਾਲੋਨੀ ਵਿਚ ਚੰਗੀ ਜਗ੍ਹਾ। ਕਿਰਾਇਆ ਦੋ ਹਜ਼ਾਰ ਰੁਪਏ ਮਹੀਨਾ। ਟੈਲੀਫ਼ੋਨ ਕਰਕੇ ਮਕਾਨ ਮਾਲਕ ਨੂੰ ਮਿਲਣ ਗਈ। ਉੱਥੇ ਇਕ ਬੁੱਢੀ ਔਰਤ ਤੇ ਉਸ ਦੀਆਂ ਦੋ ਧੀਆਂ ਆਲੂ ਛਿੱਲ ਰਹੀਆਂ ਸਨ। ਉਸ ਨੇ ਦੱਸਿਆ ਕਿ ਉਹਨਾਂ ਦੇ ਵੱਡੇ ਲਾਲਾ ਜੀ ਹੀ ਫਲੈਟ ਦੇਣ ਦਾ ਫੈਸਲਾ ਕਰਨਗੇ। ਮੈਨੂੰ ਫਲੈਟ ਪਸੰਦ ਆ ਗਿਆ। ਵੱਡੀ ਕੋਠੀ ਦੇ ਸੀਖਾਂ ਵਾਲੇ ਫਾਟਕ ਦੇ ਅੰਦਰ ਸੀ ਇਹ ਫਲੈਟ। ਦੋ ਤਿੰਨ ਵਾਰ ਟੈਲੀਫੋਨ ਕਰਕੇ ਲਾਲਾ ਜੀ ਨੂੰ ਮਿਲਣ ਦੀ ਕੋਸ਼ਿਸ਼ ਕੀਤੀ। ਪਰ ਉਹ ਸਵੇਰੇ ਹੀ ਆਪਣੀ ਦੁਕਾਨ ਤੇ ਚਲੇ ਜਾਂਦੇ ਤੇ ਰਾਤ ਨੂੰ ਦੇਰ ਨਾਲ ਵਾਪਿਸ ਆਉਂਦੇ।

ਆਖ਼ਿਰ ਇਕ ਦਿਨ ਮੈਂ ਸਵੇਰੇ ਨੌਂ ਵਜੇ ਉਹਨਾਂ ਦੇ ਘਰ ਜਾ ਧਮਕੀ। ਮੈਨੂੰ ਦੇਖ ਕੇ ਲਾਲਾ ਜੀ ਖ਼ੁਸ਼ ਹੋਏ। ਸੱਠ ਦੇ ਕਰੀਬ ਹੋਵੇਗੀ ਉਹਨਾਂ ਦੀ ਉਮਰ। ਰੀਟਾਇਰਡ ਇੰਜੀਨੀਅਰ। ਭੂਰੇ-ਭੂਰੇ ਚਿੱਟੇ ਵਾਲ, ਅੱਖਾਂ ਉੱਤੇ ਮੋਟੀ ਐਨਕ। ਮੈਨੂੰ ਕੁਰਸੀ ਤੇ ਬੈਠਣ ਲਈ ਆਖਿਆ। ਫਿਰ ਪੁੱਛਣ ਲੱਗੇ -

"ਅੱਛਾ ਬੇਟੀ ਤੈਨੂੰ ਫਲੈਟ ਚਾਹੀਦਾ ਹੈ?"

"ਹਾਂ ਜੀ?"

"ਹੁਣ ਕਿੱਥੇ ਰਹਿੰਦੀ ਹੈ?'

"ਨਿਊ ਫ੍ਰੈਂਡਜ਼ ਕਾਲੋਨੀ ਵਿਚ।"

"ਉਥੋਂ ਕਿਉਂ ਛੱਡ ਰਹੀ ਹੈਂ?"

..............................................

"ਕੀ ਕਰਦੀ ਹੈ?"

..............................................

"ਕਿੰਨੀ ਆਮਦਨੀ ਹੈ?"

..............................................

"ਬਾਪ ਕੀ ਕਰਦਾ ਹੈ?"

..............................................

"ਮਾਂ?"

..............................................

"ਤੇਰਾ ਭਰਾ?"

..........................................

"ਕੁਆਰੀ ਹੈਂ?"

..........................................

ਮੈਂ ਚੁੱਪ ਰਹੀ।

"ਸ਼ਾਦੀ-ਸ਼ੁਦਾ ਹੋ?"

ਮੈਂ ਆਪਣੇ ਨਹੁੰ ਚੱਥਣ ਲੱਗੀ।

"ਤਲਾਕਸ਼ੁਦਾ ਹੋ?"

"ਹਾਂ?"

"ਤਲਾਕ .... ਹੋ ਗਿਆ ਜਾਂ ਹੋਣ ਵਾਲਾ ਹੈ?"

"ਅਦਾਲਤ ਵਿਚ ਫੈਸਲਾ ਨਹੀਂ ਹੋਇਆ ਅਜੇ।"

"ਅੱਜ ਕੱਲ੍ਹ ਕਿੱਥੇ ਕੰਮ ਕਰਦੀ ਹੈਂ? ਉਥੋਂ ਦਾ ਟੈਲੀਫੋਨ ਨੰਬਰ?"

..........................................

"ਆਪਣੀ ਕੋਈ ਜ਼ਮਾਨਤ?"

ਸੋਚਣ ਲੱਗੀ।

ਲਾਲਾ ਜੀ ਨੇ ਦਰਜਨਾਂ ਸੁਆਲ ਕਰ ਸੁੱਟੇ। ਘਬਰਾ ਕੇ ਮੈਂ ਸਭ ਕੁਝ ਦੱਸ ਦਿੱਤਾ। ਪਰ ਉਹਨਾਂ ਦੇ ਸੁਆਲ ਮੁੱਕਣ ਵਿਚ ਨਹੀਂ ਸਨ ਆਉਂਦੇ। ਮੇਰੇ ਪਸੀਨੇ ਛੁੱਟ ਗਏ। ਕੀ ਮੈਂ ਮੁਜਰਿਮ ਸਾਂ? ਕਚਹਿਰੀ ਵਿਚ ਖੜ੍ਹੀ ਸਾਂ? ਜਾਂ ਥਾਣੇ ਵਿਚ?

ਬੁੱਢੇ ਨੇ ਸਭ ਗੱਲਾਂ ਨੋਟ ਕਰ ਲਈਆਂ ਤੇ ਆਖਣ ਲੱਗਾ, "ਮੈਂ ਥਾਣੇ ਵਿਚ ਲਿਖਵਾ ਦੇਵਾਂਗਾ ਤਾਂ ਕਿ ਤੇਰੀ ਹਿਫਾਜ਼ਤ ਰਹੇ। ਬੇਟੀ ਤੂੰ ਜੁਆਨ ਹੈਂ। ਆਪਣੀ ਮਾਂ ਕੋਲ ਕਿਉਂ ਨਹੀਂ ਰਹਿੰਦੀ? ਤੈਨੂੰ ਕੌਣ-ਕੌਣ ਮਿਲਣ ਆਵੇਗਾ? ਜੇ ਕੋਈ ਦੋਸਤ ਜਾਂ ਬੁਆਏ ਫ੍ਰੈਂਡ ਮਿਲਣ ਆਏ ਤਾਂ ਉਸ ਦਾ ਹੁਲੀਆ ਦੱਸ ਤੇ ਨਾਲੇ ਉਸ ਦਾ ਪਤਾ ਲਿਖਵਾ। ਇਹ ਬੁੱਢਾ ਉਸ ਦੀ ਤਫ਼ਤੀਸ਼ ਕਰੇਗਾ ... ਅੱਜ ਕੱਲ੍ਹ ਚੋਰਾਂ ਦਾ ਜ਼ਮਾਨਾ ਹੈ ..... ਆਏ ਦਿਨ ਕਤਲ ਹੁੰਦੇ ਰਹਿੰਦੇ ਹਨ ...... ਤੇ ਅਕਸਰ ਨੌਕਰ ਜਾਂ ਕੋਈ ਰਿਸ਼ਤੇਦਾਰ ਜਾਂ ਕਿਰਾਏਦਾਰ ਹੀ ਇਹੋ ਜਿਹੀ ਵਾਰਦਾਤ ਦੇ ਪਿੱਛੇ ਹੁੰਦਾ ਹੈ। ਤੇਰੀ ਜ਼ਮਾਨਤ ਚਾਹੀਦੀ ਹੈ। ਇਹ ਸ਼ਰੀਫ਼ਾਂ ਦਾ ਘਰ ਹੈ। ਅਸੀਂ ਮੁਹੱਲੇਦਾਰ ਹਾਂ। ਇੱਥੇ ਕਿਸੇ ਲੜਕੀ ਨੂੰ ਧੰਦਾ ਨਹੀਂ ਕਰਨ ਦਿਆਂਗੇ।

"ਧੰਦਾ" ਸ਼ਬਦ ਤੋਂ ਮੈਂ ਚੌਂਕੀ। ਇਹ ਬੁੱਢਾ ਮੈਨੂੰ ਕੀ ਸਮਝਦਾ ਹੈ। ਮੈਂ ਗੁੱਸੇ ਵਿਚ ਉੱਠ ਖੜੋਤੀ। ਚੰਗਾ ਫਿਰ ਆਵਾਂਗੀ। ਤੇ ਜੇ ਮੈਂ ਇਹ ਫਲੈਟ ਲੈਣਾ ਹੋਇਆ ਤਾਂ ਮੈਂ..... ਆਪਣੇ ਭਰਾ ਨੂੰ ਆਪਣੇ ਨਾਲ ਲੈ ਕੇ ਆਵਾਂਗੀ।

ਇਹ ਆਖਕੇ ਮੈਂ ਤੇਜ਼ੀ ਨਾਲ ਬਾਹਰ ਨਿਕਲੀ, ਸਗੋਂ ਉਥੋਂ ਦੌੜ ਆਈ।

ਬਹੁਤ ਸਾਰੇ ਮਕਾਨ ਮਾਲਕ ਮੇਰੀ ਸ਼ਕਲ ਦੇਖਦੇ ਤੇ ਇਨਕਾਰ ਕਰ ਦੇਂਦੇ।

ਕਈ ਥਾਈਂ ਧੱਕੇ ਖਾ ਕੇ ਮੈਂ ਫਿਰ ਪੁਰਾਣੇ ਫਲੈਟ ਵਿਚ ਵਾਪਿਸ ਆ ਗਈ ਤੇ ਉਸੇ ਕੋਠੜੀ ਵਿਚ ਰੋਜ਼ੀ ਨਾਲ ਰਹਿਣ ਲੱਗੀ।

ਪਰ ਫ਼ਲੈਟ ਦੀ ਤਲਾਸ਼ ਜਾਰੀ ਰਹੀ।

ਇਕ ਦਿਨ ਸ਼ਾਮ ਦਾ ਵੇਲਾ ਸੀ। ਬੱਦਲ ਘਿਰੇ ਹੋਏ ਸਨ। ਧੁੰਦਲੀ ਰੋਸ਼ਨੀ ਸੀ। ਰੋਜ਼ੀ ਇਕ ਪਾਸੇ ਬੈਠੀ ਫ਼ਿਲਮ ਫੇਅਰ ਦੇ ਪੰਨੇ ਪਲਟ ਰਹੀ ਸੀ। ਯਕਦਮ ਉਹ ਫਿਲਮ ਫੇਅਰ ਨੂੰ ਜ਼ਮੀਨ ਉਤੇ ਪਟਕ ਕੇ ਬੋਲੀ, "ਸ਼ਾਲੂ ਤੂੰ ਮੈਨੂੰ ਛਡ ਕੇ ਜਾ ਰਹੀ ਹੈਂ? ਇਕੱਲੀ ਰਹਿਣਾ ਚਾਹੁੰਦੀ ਹੈਂ? ਕਿਉਂ? ਮੇਰੇ ਨਾਲ ਨਾਰਾਜ਼ ਹੈ? ਮੈਂ ਤੇਰੀਆਂ ਮਿੰਨਤਾਂ ਕੀਤੀਆਂ ਪਰ ਤੂੰ ਨਹੀਂ ਮੰਨਦੀ, ਤੂੰ ਨਹੀਂ ਮੰਨਦੀ, ਤੂੰ ਜਾ ਰਹੀ ਹੈਂ .... ਮੇਰੀ ਛਾਤੀ ਪਾਟਦੀ ਹੈ। ਮੈਨੂੰ ਕਦੇ ਏਨਾ ਗਮ ਨਹੀਂ ਹੋਇਆ। ਜਿੰਨਾ ਤੇਰੇ ਚਲੇ ਜਾਣ ਦਾ ਹੋ ਰਿਹਾ ਹੈ। ਆਖ਼ਿਰ ਅਸੀਂ ਦੋਵੇਂ ਇਕੱਲੀਆਂ ਹਾਂ। ਇਕੱਲੀ ਔਰਤ ਦੀ ਵੀ ਕੋਈ ਜ਼ਿੰਦਗੀ ਹੁੰਦੀ ਹੈ। ਤੇਰਾ ਮੇਰਾ ਇਕੋ ਜਿਹਾ ਹਾਲ ਹੈ। ਦੋਵੇਂ ਤਲਾਕਸ਼ੁਦਾ.... ਨੌਜੁਆਨ .... ਖ਼ੂਬਸੂਰਤ ਮਾਡਲ ... ਦੋ ਸਹੇਲੀਆਂ। ਮੈਨੂੰ ਫ਼ਿਕਰ ਹੈ ਤੂੰ ਇਕੱਲੀ ਕਿਵੇਂ ਰਹੇਂਗੀ। ਇਕੱਲੇ ਰਹਿਣਾ ਬਹੁਤ ਔਖਾ ਹੈ। ਮੈਨੂੰ ਤੇਰੀ ਜ਼ਰੂਰਤ ਹੈ ਤੇ ਤੈਨੂੰ ਮੇਰੀ। ਅਸੀਂ ਦੋਵੇਂ ਜ਼ਰੂਰਤਮੰਦ ਹਾਂ। ਇਕ ਦੂਜੀ ਦਾ ਸਹਾਰਾ। ਮੇਰੇ ਵਿਚ ਕੁਝ ਨੁਕਸ ਜ਼ਰੂਰ ਹੋਣਗੇ ... ਮੈਂ ਮੁਆਫ਼ੀ ਮੰਗਦੀ ਹਾਂ। ਕਿਉਂ ਮੇਰੇ ਨਾਲ ਗੱਲ ਨਹੀਂ ਕਰਦੀ? ਹਰ ਰੋਜ਼ ਤੂੰ ਆਪਣੇ ਪੈਰ ਮੇਰੇ ਮੂੰਹ ਵੱਲ ਕਰਕੇ ਸੌਂ ਜਾਂਦੀ ਹੈ। ਮੈਂ ਬੁਰੀ ਹਾਂ, ਤਾਂ ਆਪਣੇ ਲਈ। ਕਈ ਵਾਰ ਮੈਂ ਸੋਚਦੀ ਹਾਂ, ਸ਼ਾਇਦ ਤੈਨੂੰ ਮੇਰੇ ਨਾਲ ਹਸਦ ਹੈ .... ਹਸਦ ਤੈਨੂੰ ਖਾਈ ਜਾ ਰਿਹਾ ਹੈ। ਮੈਂ ਕਾਮਯਾਬ ਹਾਂ। ਤੂੰ ਹੁਣ ਤੀਕ ਨਾਕਾਮਯਾਬ ਹੈਂ। ਤੈਨੂੰ ਕੋਈ ਖ਼ਾਸ ਕੰਮ ਨਹੀਂ ਮਿਲ ਰਿਹਾ, ਬਸ ਇਕ ਅੱਧੀ ਮਾਡਲਿੰਗ ਅਸਾਈਨਮੇਂਟ। ਤੂੰ ਖਾਲੀ ਖਾਲੀ ਰਹਿੰਦੀ ਹੈਂ। ਪਰ ਕੰਮ ਏਦਾਂ ਨਹੀਂ ਮਿਲਦਾ। ....ਏਜੰਸੀ ਦੇ ਐਗਜ਼ੀਕਿਊਟਿਵ ਪਹਿਲਾਂ ਸ਼ਕਲ ਦੇਖਦੇ ਹਨ, ਫਿਰ ਚੋਲੀ ਦਾ ਉਭਾਰ ... ਨਹੀਂ ਮੈਂ ਗਲਤ ਕਹਿ ਰਹੀ ਹਾਂ। ਪਹਿਲਾਂ ਉਹ ਚੋਲੀ ਦਾ ਉਭਾਰ ਦੇਖਦੇ ਹਨ ਫਿਰ ਸੂਰਤ ... ਤੂੰ ਚੰਗੀ ਸੂਰਤ ਵਾਲੀ ਹੈ .... ਲੰਮਾ ਕੱਦ .... ਲਚਕੀਲੇ ਅੰਗ .... ਸਭ ਕੁਝ ਹੈ ਤੇਰੇ ਕੋਲ ਪਰ ਤੂੰ ਕਾਮਯਾਬ ਨਹੀਂ। ਤੂੰ ਸਮਝਦੀ ਹੈਂ ਕਿ ਮਾਡਲ ਲਈ ਹੁਸੀਨ ਹੋਣਾ ਹੀ ਕਾਫ਼ੀ ਹੈ? ਨਹੀਂ, ਸ਼ਾਲੂ ਨਹੀਂ। ਉਸ ਨੂੰ ਆਪਣੇ ਖ਼ਰੀਦਦਾਰ ਨੂੰ ਲੁਭਾਉਣਾ ਪੈਂਦਾ ਹੈ .... ਨਖ਼ਰੇ ਨਾਲ .... ਅਦਾਵਾਂ ਨਾਲ .... ਖਿਚਣਾ ਪੈਂਦਾ ਹੈ ਉਸ ਨੂੰ ਆਪਣੀ ਤਰਫ਼। ਜਦ ਤੁਸੀਂ ਕਾਮਯਾਬ ਹੋ ਜਾਓ ਤੇ ਤੁਹਾਡਾ ਨਾਂ ਮੂਹਰਲੀ ਕਤਾਰ ਵਿਚ ਆ ਜਾਵੇ

ਤਾਂ ਮੈਂ ਛਿੱਤਰ ਮਾਰੋ ਉਸ ਹਰਾਮੀ ਐਗਜ਼ੀਕਿਊਟਿਵ ਦੇ ਸਿਰ, ਜਿਹੜਾ ਚੋਲੀ ਦੇ ਬਟਨ ਖੋਲ੍ਹਣਾ ਚਾਹੁੰਦਾ ਸੀ।"

ਰੋਜ਼ੀ ਹਫ ਰਹੀ ਸੀ। ਲੰਮਾ ਸਾਹ ਲੈ ਕੇ ਬੋਲੀ, "ਮੰਡੀ ਵਿਚ ਆਪਣਾ ਮੁੱਲ ਪੁਆਣਾ ਇਕ ਆਰਟ ਹੈ .... ਚਾਹੇ ਲਿਪਟਨ ਚਾਹ ਹੋਵੇ ਜਾਂ ਲਕਸ ਸਾਬਣ .... ਗਾਹਕਾਂ ਨੂੰ ਲੁਭਾਉਣਾ ਪੈਂਦਾ ਹੈ। ਤੂੰ ਇਸ ਗੱਲ ਨੂੰ ਨਹੀਂ ਸਮਝਦੀ। ਹੌਲੀ-ਹੌਲੀ ਠੋਕਰਾਂ ਖਾ ਕੇ ਸਮਝ ਜਾਵੇਂਗੀ। ਪਰ ਤੂੰ ਮੇਰੇ ਨਾਲ ਕਿਉਂ ਖ਼ਫ਼ਾ ਹੈਂ? ਮੇਰੀ ਜ਼ਿੰਦਗੀ ਮੇਰੀ ਆਪਣੀ ਜ਼ਿੰਦਗੀ ਹੈ। ਜਿਵੇਂ ਦਿਲ ਕਰੇ ਜੀਵਾਂ। ਇਹੋ ਗੱਲ ਤੂੰ ਮੈਨੂੰ ਕਹਿੰਦੀ ਹੈਂ। ਤੂੰ ਆਪਣੇ ਪਤੀ ਨੂੰ ਛੱਡ ਕੇ ਆਜ਼ਾਦ ਹੋ ਗਈ। ਮਰਯਾਦਾ ਦੀਆਂ ਘਸੀਆਂ ਪਿਟੀਆਂ ਰਸਮਾਂ ਨੂੰ ਤੋੜ ਕੇ ਹੁਣ ਤੂੰ ਬਾਬੀ ਨਾਲ ਰਹਿ ਰਹੀ ਹੈਂ, ਜਾਂ ਉਹਦੇ ਨਾਲ ਸੌਂ ਰਹੀ ਹੈਂ। ਇਹ ਤੇਰਾ ਆਪਣਾ ਫੈਸਲਾ ਹੈ.... ਆਪਣਾ ਮਾਰਲ.... ਆਪਣਾ ਧਰਮ। ਤੂੰ ਆਪਣਾ ਧਰਮ ਮੇਰੇ ਉਤੇ ਕਿਉਂ ਮੜ੍ਹਨਾ ਚਾਹੁੰਦੀ ਹੈਂ। ਮੈਂ ਸਿਰਫ ਏਨਾਂ ਜਾਣਦੀ ਹਾਂ ਕਿ ਤੂੰ ਮੈਨੂੰ ਚੰਗੀ ਲੱਗਦੀ ਹੈਂ। ਤੂੰ ਮੇਰੀ ਸਾਥਣ ਹੈਂ। ਤੇਰੇ ਬਗੈਰ ਮੈਂ ਅਧੂਰੀ ਹਾਂ। ਮੈਂ ਤੈਨੂੰ ਜਾਣ ਨਹੀਂ ਦੇਵਾਂਗੀ। ਰੱਬ ਦਾ ਵਾਸਤਾ ਮੈਨੂੰ ਛੱਡ ਕੇ ਨਾ ਜਾਵੀਂ..... ਮੈਂ ਤੇਰੇ ਪੈਰੀਂ ਪੈਂਦੀ ਹਾਂ.... ।"

ਉਸ ਨੇ ਮੇਰੇ ਪੈਰ ਫੜ ਲਏ। ਉਹ ਬੋਲੀ, "ਤੂੰ ਮੈਨੂੰ ਛੱਡਕ ਜਾ ਰਹੀ ਹੈਂ ਤੇ ਵੱਖਰੀ ਕਿਸੇ ਫ਼ਲੈਟ ਵਿਚ ਰਹੇਂਗੀ, ਕਿਉਂ?"

"ਇਸ ਲਈ ਕਿ ਮੈਨੂੰ ਇਹ ਝੂਠ ਤੇ ਸੈਕਸ ਵਿਚ ਲਿਬੜੀ ਜ਼ਿੰਦਗੀ ਪਸੰਦ ਨਹੀਂ।"

"ਤਾਂ ਕੀ ਪਸੰਦ ਹੈ ਤੈਨੂੰ? ਪਵਿੱਤਰਤਾ? ਸ਼ਾਲੂ, ਇਹ ਪਵਿੱਤਰਤਾ ਸਭ ਤੋਂ ਵੱਡਾ ਝੂਠ ਹੈ। ਤੈਨੂੰ ਅੱਜ ਜੋ ਮੇਰੇ ਵਿਚ ਬੁਰਾ ਨਜ਼ਰ ਆ ਰਿਹਾ ਹੈ ਕਲ੍ਹ ਤੂੰ ਇਸੇ ਨੂੰ ਖੁਸ਼ੀ ਨਾਲ ਸਵੀਕਾਰ ਕਰੇਂਗੀ। ਜਿਨ੍ਹਾਂ ਚੀਜ਼ਾਂ ਨੂੰ ਤੂੰ ਦੁਰਕਾਰ ਰਹੀ ਹੈਂ, ਤੇਰੇ ਹਾਲਾਤ ਇਹੋ ਜਿਹੇ ਹਨ ਕਿ ਬਾਅਦ ਵਿਚ ਤੂੰ ਇਹਨਾਂ ਦਾ ਹੀ ਸਹਾਰਾ ਲਵੇਂਗੀ। ਇਹ ਤੇਰੀ ਹੋਣੀ ਹੈ। ਤੂੰ ਕਿਉਂ ਨਹੀਂ ਸਮਝਦੀ। ਜਿੰਨੇ ਤੇਰੇ ਦੋਸਤ ਹਨ, ਜਾਂ ਮੇਰੇ, ਸਭ ਬਹਾਰ ਦਾ ਮਜ਼ਾ ਲੁੱਟਣ ਵਾਲੇ ਆਯਾਸ਼, ਸੈੱਕਸ ਦੇ ਭੁੱਖੇ ਸਭ ਚੋਰ। ਤੂੰ ਬਾਬੀ ਦੇ ਪਿੱਛੇ ਪਈ ਹੋਈ ਜਾਂ ਉਹ ਤੇਰੇ ਪਿੱਛੇ ਪਿਆ ਹੋਇਆ ਹੈ, ਤੁਸੀਂ ਦੋਵੇਂ ਇਕ ਦੂਸਰੇ ਨਾਲ ਕਦੇ ਨਫ਼ਰਤ ਕਰਦੇ ਹੋ, ਕਦੇ ਮੁਹੱਬਤ - ਇਹ ਸਾਰੀ ਖੇਡ ਹੈ। ਤੈਨੂੰ ਅੱਜ ਤੀਕ ਨਹੀਂ ਪਤਾ ਲੱਗਿਆ ਕਿ ਉਹ ਤੇਰੇ ਨਾਲ ਸ਼ਾਦੀ ਕਰਨਾ ਚਾਹੁੰਦਾ ਹੈ ਜਾਂ ਨਹੀਂ। ਮੈਨੂੰ ਪਤਾ ਹੈ ਕਿ ਉਹ ਕਦੇ ਤੇਰੇ ਨਾਲ ਸ਼ਾਦੀ ਨਹੀਂ ਕਰੇਗਾ। ਸਿਰਫ਼ ਤੈਨੂੰ ਹੀ ਨਹੀਂ ਪਤਾ। ਮੈਨੂੰ ਤੇਰੇ ਨਾਲ ਡੂੰਘੀ ਹਮਦਰਦੀ ਹੈ। ਤੂੰ ਆਪਣਾ ਸਮਾਂ ਬਰਬਾਦ ਕਰ ਰਹੀ ਹੈਂ।

ਜ਼ਿੰਦਗੀ ਤਬਾਹ ਕਰ ਰਹੀ ਹੈਂ। ਤੇ ਤੂੰ ਸਮਝਦੀ ਹੈਂ ਕਿ ਤੂੰ ਮੁਹੱਬਤ ਲਈ ਕੁਰਬਾਨੀ ਦੇ ਰਹੀਂ ਹੈਂ? ਸਭ ਬਕਵਾਸ! ਮੈਂ ਇਹ ਸਾਰੀਆਂ ਗੱਲਾਂ ਕਹਿਣਾ ਨਹੀਂ ਸਾਂ ਚਾਹੁੰਦੀ, ਪਰ ਬਿਨ ਕਹਿਆਂ ਰਿਹਾ ਵੀ ਨਹੀਂ ਜਾਂਦਾ।"

ਉਸ ਨੇ ਹੌਕਾ ਭਰਿਆ ਤੇ ਮਾਸੂਮ ਮੁਸਕ੍ਰਾਹਟ ਨਾਲ ਮੇਰੇ ਵੱਲ ਦੇਖਿਆ ਤੇ ਆਖਿਆ, "ਜੇ ਤੂੰ ਜਾਣ ਦਾ ਫ਼ੈਸਲਾ ਕਰ ਹੀ ਲਿਆ ਤੂੰ ਸਾਰੇ ਗਿਲੇ ਸ਼ਿਕਵੇ ਛੱਡ ਦੇਹ। ਵਿਛੜਨ ਲੱਗਿਆਂ ਕੌੜੇ ਬੋਲ ਨਾ ਬੋਲ। ਮੁਸਕ੍ਰਾਉਂਦੀ ਹੋਈ ਜਾਹ। ਮੇਰਾ ਇਸ ਨਾਲ ਮਨ ਹੌਲਾ ਹੋ ਜਾਵੇਗਾ। ਜ਼ਿੰਦਗੀ ਦਾ ਕੀ ਪਤਾ, ਜੇ ਅਸੀਂ ਅਚਾਨਕ ਕਿਸੇ ਗਲੀ ਦੇ ਮੋੜ ਤੇ ਮਿਲ ਪਈਏ ਤਾਂ ਘੱਟ ਤੋਂ ਘੱਟ ਇਕ ਦੂਸਰੇ ਨੂੰ ਮੁਸਕ੍ਰਾ ਕੇ ਤਾਂ ਮਿਲੀਏ। ਖੁਸ਼ੀ ਦੀਆਂ ਇਕ ਦੋ ਕਿਰਨਾਂ ਤਾਂ ਪਾ ਸਕੀਏ ਇਕ ਦੂਜੇ ਦੀ ਝੋਲੀ ਵਿਚ। ਤੇ ਇਕ ਗੱਲ - ਇਕ ਗੱਲ ਜੋ ਮੇਰੇ ਗਲੇ ਵਿਚ ਅਟਕ ਜਾਂਦੀ ਹੈ ਮੈਂ ਕਹਿ ਨਹੀਂ ਸਕਦੀ, ਪਰ ਕਹਿਣਾ ਚਾਹੁੰਦੀ ਹਾਂ - ਸ਼ਾਲੂ, ਤੇਰੇ ਬਗੈਰ ਮੈਂ ਅਧੂਰੀ ਰਹਾਂਗੀ। ਮੇਰੇ ਦਿਲ ਵਿਚ ਚੀਸ ਉਠਦੀ ਹੈ, ਇਹ ਸੋਚ ਕੇ ਕਿ ਕੱਲ੍ਹ ਨੂੰ ਤੂੰ ਇਸ ਬਿਸਤਰੇ ਉੱਤੇ ਨਹੀਂ ਹੋਵੇਂਗੀ। ਇਹ ਬਿਸਤਰ ਖਾਲੀ ਹੋਵੇਗਾ ਤੇਰੇ ਬਗ਼ੈਰ। ਜਿੰਨਾਂ ਤੂੰ ਮੈਨੂੰ ਨਫ਼ਰਤ ਕਰਦੀ ਹੈਂ, "ਮੈਨੂੰ ਕੋਸਦੀ ਹੈਂ, ਉਨਾਂ ਹੀ ਮੈਂ ਤੇਰੇ ਕਰੀਬ ਹੋ ਜਾਂਦੀ ਹਾਂ? ਕਿਉਂ? ਇਸ ਦਾ ਪਤਾ ਨਹੀਂ।"

ਮੈਂ ਦੇਖਿਆ ਉਸ ਦੀਆਂ ਅੱਖਾਂ ਵਿਚ ਅੱਥਰੂ ਛਲਕ ਰਹੇ ਸਨ।

* * *

ਕਿਸੇ ਨੇ ਮੈਨੂੰ ਦੱਸਿਆ ਕਿ ਹੌਜ਼ ਖ਼ਾਸ ਦੀ ਕੋਠੀ ਵਿਚ ਇਕ ਬੁੱਢੀ ਰਹਿੰਦੀ ਹੈ, ਇਕੱਲੀ। ਚਾਰ ਕਮਰਿਆਂ ਦੀ ਕੋਠੀ ਤੇ ਪਿੱਛੇ ਵੱਡਾ ਵਿਹੜਾ।

ਮੈਂ ਉਸ ਨੂੰ ਮਿਲਣ ਗਈ। ਉਸ ਨੇ ਮੇਰਾ ਸਾਰਾ ਅਤਾ ਪਤਾ ਪੁੱਛਿਆ। ਲੰਮਾ ਹੌਕਾ ਭਰਿਆ ਤੇ ਆਖਿਆ, "ਤੂੰ ਮੇਰੀ ਧੀ ਵਰਗੀ ਹੈਂ। ਕਿਰਾਇਆ ਦੋ ਹਜ਼ਾਰ ਰੁਪਿਆ ਮਹੀਨਾ। ਪਹਿਲੀ ਤਾਰੀਖ਼ ਨੂੰ ਕਿਰਾਇਆ ਮਿਲ ਜਾਣਾ ਚਾਹੀਦਾ ਹੈ। ਮੈਂ ਮੰਗਾਂਗੀ ਨਹੀਂ। ਤੇਰੀ ਆਪਣੀ ਜ਼ਿੰਮੇਵਾਰੀ ਹੋਵੇਗੀ ਕਿਰਾਇਆ ਦੇਣ ਦੀ। ਹਰ ਹਾਲਤ ਵਿਚ ਪਹਿਲੀ ਤਾਰੀਖ ਨੂੰ।"

ਮੈਂ ਉਸ ਦੀਆਂ ਸਾਰੀਆਂ ਸ਼ਰਤਾਂ ਮੰਨ ਲਈਆਂ। ਉਸ ਨੇ ਕੋਈ ਪੇਸ਼ਗੀ ਵੀ ਨਾ ਮੰਗੀ। ਨਾ ਕਿਸੇ ਕਿਸਮ ਦੀ ਜ਼ਮਾਨਤ।

ਬੋਲੀ, "ਬਸ ਇਕ ਸ਼ਰਤ! ਸਿਰਫ਼ ਇਹੋ ਕਿ ਕੋਈ ਮਰਦ ਤੈਨੂੰ ਮਿਲਣ ਨਹੀਂ ਆਵੇਗਾ।"

ਮੈਂ ਕਿਹਾ, "ਮੇਰਾ ਬੁਆਏ ਫ੍ਰੈਂਡ ਹੈ, ਜਿਸ ਨਾਲ ਮੈਂ ਸ਼ਾਦੀ ਕਰਨ ਵਾਲੀ ਹਾਂ, ਉਹ ਜ਼ਰੂਰ ਆਵੇਗਾ।"

ਉਸ ਨੇ ਮੇਰੇ ਚਿਹਰੇ ਉੱਤੇ ਡੂੰਘੀ ਨਿਗਾਹ ਸੁੱਟੀ ਤੇ ਕੁਝ ਸੋਚਕੇ ਬੋਲੀ,

"ਠੀਕ ਹੈ। ਬਸ ਹੋਰ ਕਿਸੇ ਮਰਦ ਦਾ ਆਉਣਾ ਜਾਣਾ ਨਾ ਹੋਵੇ।"

ਇਹ ਔਰਤ ਸੱਠ ਦੇ ਕਰੀਬ ਸੀ। ਰੰਗ ਖੜੀਆਂ ਮਿੱਟੀ ਵਰਗਾ... ਚਿਕਨਾ.... ਪੱਕੇ ਹੋਏ ਵਾਲ.... ਝੁਰੜੀਆਂ .... ਜਿਸਮ ਭਾਰਾ ਜਿਸ ਉਤੇ ਮਾਸ ਦੀ ਰੇਸ਼ਮੀ ਤਹਿ ਚੜ੍ਹੀ ਹੋਈ ਸੀ।

ਉਹ ਪਾਰਸੀ ਜਾਂ ਗੁਜਰਾਤਣ ਜਾਂ ਸਿੰਧਣ - ਮੈਂ ਅੰਦਾਜ਼ਾ ਨਾ ਲਾ ਸਕੀ। ਉਸ ਨੇ ਮੈਨੂੰ ਦੱਸਿਆ ਕਿ ਉਸ ਦੀ ਮਾਂ ਪਾਰਸੀ ਤੇ ਬਾਪ ਪੰਜਾਬੀ ਸੀ। ਦੋਵੇਂ ਕਿੰਨੀ ਦੇਰ ਹੋਈ ਗੁਜ਼ਰ ਚੁਕੇ ਸਨ। ਉਸ ਦਾ ਪਤੀ ਬਿਜ਼ਨੈੱਸਮੈਨ ਸੀ। ਬਾਰਾਂ ਸਾਲ ਪਹਿਲਾਂ ਦਿਲ ਦਾ ਦੌਰਾ ਪਿਆ ਤੇ ਉਹ ਸੁਰਗਵਾਸ ਹੋ ਗਿਆ। ਪਿੱਛੇ ਇਕ ਜੁਆਨ ਧੀ ਛੱਡ ਗਿਆ ਸੀ, ਪਰ ਉਹ ਚੰਡੀਗੜ੍ਹ ਜਾ ਰਹੀ ਸੀ ਕਿ ਰਸਤੇ ਵਿਚ ਬੱਸ ਦੀ ਟੱਕਰ ਹੋ ਗਈ ਤੇ ਉਹ ਮੌਕੇ ਤੇ ਹੀ ਦਮ ਤੋੜ ਗਈ....

ਇਹ ਕਹਿੰਦੇ ਕਹਿੰਦੇ ਬੁੱਢੀ ਦੀਆਂ ਅੱਖਾਂ ਭਰ ਆਈਆਂ। ਉਸ ਨੇ ਸਾੜ੍ਹੀ ਦੇ ਪੱਲੇ ਨਾਲ ਆਪਣੇ ਅੱਥਰੂ ਪੂੰਝੇ ਤੇ ਬੋਲੀ, "ਤੂੰ ਮੇਰੀ ਧੀ ਬਰਾਬਰ ਹੈਂ। ਕੋਈ ਚਿੰਤਾ ਨਾ ਕਰ। ਆਰਾਮ ਨਾਲ ਰਹਿ ਮੇਰੇ ਕੋਲ। ਉਸ ਨੇ ਮੇਰੇ ਸੁਡੌਲ ਸ਼ਰੀਰ ਨੂੰ ਦੇਖਿਆ, ਇਕ ਅਜਿਹੀ ਤੱਕਣੀ ਜਿਸ ਵਿਚ ਆਹਾਂ ਤੇ ਸੁਪਨੇ ਛਿਪੇ ਹੋਏ ਸਨ। ਉਹ ਬੋਲੀ, "ਕਾਸ਼! ਮੇਰੀ ਧੀ ਜੀਉਂਦੀ ਹੁੰਦੀ। ਪਰ ਹੁਣ ਤੂੰ ਹੀ ਮੇਰੀ ਧੀ ਹੈਂ। ਤੇਰੇ ਵਾਂਗ ਹੀ ਉਸਦਾ ਸ਼ਰੀਰ ਸੀ - ਭਰਿਆ- ਭਰਿਆ। ਤੇ ਸ਼ਕਲ ਸੂਰਤ ਵੀ ਬਿਲਕੁਲ ਤੇਰੇ ਵਰਗੀ।"

ਇਸ ਔਰਤ ਦਾ ਨਾਂ ਗੰਗਾਵਤੀ ਸੀ। ਮੈਂ ਇਸ ਧਰਮ-ਮਾਂ ਦਾ ਸ਼ੁਕਰੀਆ ਅਦਾ ਕੀਤਾ। ਦੁਨੀਆਂ ਵਿਚ ਬੁਰੇ ਲੋਕ ਵੀ ਹਨ ਤੇ ਭਲੇ ਵੀ। ਉਸ ਬੁੱਢੇ ਲਾਲਾ ਜੀ ਤੋਂ ਕਿੰਨੀ ਵੱਖਰੀ ਸੀ ਇਹ ਔਰਤ। ਸਿਰ ਛੁਪਾਉਣ ਲਈ ਟਿਕਾਣਾ ਤਾਂ ਮਿਲਿਆ।

ਉਹ ਇਕੱਲੀ ਰਹਿੰਦੀ ਸੀ... ਮੰਦਰ ਜਾਂਦੀ ਸੀ। ਲੋਕ ਭਲਾਈ ਲਈ ਇਕ ਸੰਸਥਾ ਵਿਚ ਸ਼ੌਕੀਆ ਕੰਮ ਕਰਦੀ ਸੀ।

ਇਥੇ ਮੈਨੂੰ ਹਰ ਤਰ੍ਹਾਂ ਦਾ ਸਕੂਨ ਸੀ। ਰੋਜ਼ੀ ਤੋਂ ਛੁਟਕਾਰਾ ਪਾ ਲਿਆ ਸੀ। ਮੈਂ ਮਾਡਲਿੰਗ ਦਾ ਕੰਮ ਫਿਰ ਤੋਂ ਸ਼ੁਰੂ ਕਰ ਲਿਆ। ਦੋ ਚਾਰ ਚੰਗੀਆਂ ਅਸਾਈਨਮੈਂਟਾਂ ਮਿਲ ਗਈਆਂ। ਬਾਬੀ ਖੁਸ਼ ਸੀ ਕਿ ਮੈਂ ਆਰਾਮ ਨਾਲ ਰਹਿ ਰਹੀ ਸਾਂ।

ਬਰਸਾਤਾਂ ਦੇ ਦਿਨ ਸਨ। ਸੱਤ ਦਿਨ ਲਗਾਤਾਰ ਝੜੀ ਲੱਗੀ ਰਹੀ। ਹਰ ਚੀਜ਼ ਭਿੱਜੀ-ਭਿੱਜੀ, ਗਿੱਲੀ-ਗਿੱਲੀ। ਹਰ ਕੱਪੜੇ ਵਿਚੋਂ ਬਾਸ ਆ ਰਹੀ ਸੀ। ਮੈਨੂੰ ਮਲੇਰੀਆ ਬੁਖ਼ਾਰ ਚੜ੍ਹ ਗਿਆ। ਦਿੱਲੀ ਵਿਚ ਹਰ ਤੀਸਰੇ ਜਣੇ ਨੂੰ ਜ਼ੁਕਾਮ, ਬੁਖ਼ਾਰ, ਮਲੇਰੀਏ ਦਾ ਦੌਰਾ ਪਿਆ ਹੋਇਆ ਸੀ। ਤੇਜ਼ ਬੁਖ਼ਾਰ ਨਾਲ ਮੇਰਾ ਜਿਸਮ

ਤਪ ਰਿਹਾ ਸੀ।

ਗੰਗਾਵਤੀ ਨੇ ਮੇਰੀ ਸੇਵਾ ਕੀਤੀ। ਦਵਾਈਆਂ ਦਿੱਤੀਆਂ ਅਤੇ ਅੱਠ ਦਸ ਦਿਨ ਬਾਅਦ ਮੈਂ ਫਿਰ ਤੰਦਰੁਸਤ ਹੋ ਗਈ। ਮੇਰੀਆਂ ਅੱਖਾਂ ਵਿਚ ਸ਼ੁਕਰਾਨੇ ਦੇ ਹੰਝੂ ਸਨ। ਉਸਨੇ ਮੈਨੂੰ ਪਿਆਰ ਨਾਲ ਸੀਨੇ ਨਾਲ ਲਗਾਇਆ ਤੇ ਮੇਰਾ ਮੱਥਾ ਚੁੰਮ ਕੇ ਆਖਿਆ, "ਤੂੰ ਮੇਰੀ ਧੀ ਹੈਂ। ਮਾਂ ਦਾ ਫ਼ਰਜ਼ ਸੀ ਕਿ ਧੀ ਦੀ ਸੇਵਾ ਕਰੇ।"

ਉਸ ਨੇ ਬਦਾਮ, ਪਿਸਤੇ ਪਾ ਕੇ ਹਲਵਾ ਬਣਾਇਆ ਤੇ ਮੈਨੂੰ ਆਪਣੇ ਹੱਥ ਨਾਲ ਖੁਆਇਆ। ਹਰ ਵਾਰ ਆਖਿਆ, "ਰੱਬ ਦਾ ਲੱਖ-ਲੱਖ ਸ਼ੁਕਰ ਹੈ ਕਿ ਮੈਨੂੰ ਤੇਰੇ ਵਰਗੀ ਧੀ ਮਿਲੀ।"

ਇਕ ਰਾਤ ਮੈਨੂੰ ਨੀਂਦ ਨਹੀਂ ਸੀ ਆ ਰਹੀ। ਦਰਦ ਨਾਲ ਮੇਰਾ ਸਿਰ ਫਟ ਰਿਹਾ ਸੀ। ਗੰਗਾਵਤੀ ਨੇ ਮੈਨੂੰ ਨੀਂਦ ਦੀਆਂ ਗੋਲੀਆਂ ਦਿੱਤੀਆਂ। ਮੈਂ ਗੋਲੀਆਂ ਖਾਧੀਆਂ ਤਾਂ ਉਹ ਥਾਪੜ ਕੇ ਮੈਨੂੰ ਸੁਆਉਣ ਲੱਗੀ। ਹੌਲੀ-ਹੌਲੀ ਮੈਨੂੰ ਨੀਂਦ ਦੀ ਘੂਕੀ ਚੜ੍ਹਨ ਲੱਗੀ। ਉਸ ਦੇ ਨ਼ਰਮ ਹੱਥ ਤੇ ਉਂਗਲੀਆਂ ਜਿਵੇਂ ਰਬੜ ਦੇ ਪਤਲੇ ਦਸਤਾਨੇ ਪਾ ਰੱਖੇ ਹੋਣ - ਉਹ ਮੇਰੀਆਂ ਛਾਤੀਆਂ ਮਸਲ ਰਹੀ ਸੀ। ਉਸ ਦੇ ਪੋਪਲੇ ਮੂੰਹ ਦੇ ਸਾਹ - ਭਾਰੀ ਭਾਰੀ ਸਾਹ - ਅਤੇ ਪਤਲੀ ਝਿੱਲੀ ਵਾਲੇ ਹੱਥ ਮੈਂ ਆਪਣੇ ਸਰੀਰ ਉੱਤੇ ਫਿਸਲਦੇ ਹੋਏ ਮਹਿਸੂਸ ਕੀਤੇ। ਮੇਰੀ ਅੱਖ ਖੁੱਲ੍ਹ ਗਈ। ਦੇਖਿਆ ਮੈਂ ਅਧ ਨੰਗੀ ਪਈ ਸਾਂ ਤੇ ਲਿੰਮ੍ਹੇ ਹਨੇਰੇ ਵਿਚ ਗੰਗਾਵਤੀ ਮੇਰੇ ਉਪਰ ਝੁਕੀ ਮੇਰੀਆਂ ਛਾਤੀਆਂ ਚੂਸ ਰਹੀ ਸੀ.... ਮੈਂ ਘਬਰਾ ਕੇ ਉਠਣਾ ਚਾਹਿਆ। ਹਨੇਰੇ ਵਿਚ ਗੰਗਾਵਤੀ ਦਾ ਵੱਡਾ ਚਿਹਰਾ ਨਜ਼ਰ ਆਇਆ, ਜਿਸ ਉੱਤੇ ਝੁਰੜੀਆਂ ਦਾ ਜਾਲ ਸੀ। ਉਸ ਨੇ ਮੈਨੂੰ ਜਕੜ ਰੱਖਿਆ ਸੀ। ਮੈਂ ਪੂਰੇ ਜ਼ੋਰ ਨਾਲ ਧੱਕਾ ਦੇ ਕੇ ਉਸ ਨੂੰ ਆਖਿਆ, "ਹਟ ਜਾ! ਦੂਰ ਹੋ ਜਾ!"

ਪਰ ਉਸ ਦੀ ਜਕੜ ਹੋਰ ਵੀ ਮਜ਼ਬੂਤ ਹੋ ਗਈ। ਉਹ ਡੂੰਘੀ ਆਵਾਜ਼ ਵਿਚ ਬੋਲੀ, "ਨਾਮੁਰਾਦੇ! ਮੈਂ ਤੇਰੀ ਮਾਂ ਹਾਂ! ਮਾਂ ਨਾਲ ਕਾਹਦਾ ਪਰਦਾ? ਮੈਂ ਤੈਨੂੰ ਖੁਆਉਂਦੀ ਹਾਂ, ਪਿਆਉਂਦੀ ਹਾਂ, ਤੈਥੋਂ ਕਿਰਾਇਆ ਥੋੜ੍ਹਾ ਲੈਂਦੀ ਹਾਂ, ਫਿਰ ਵੀ ਤੂੰ ਨਖ਼ਰੇ ਕਰਦੀ ਹੈਂ। ... ਉਸ ਮੋਟੇ ਬਾਬੀ ਨਾਲ ਭੋਗ ਕਰਦਿਆਂ ਤੈਨੂੰ ਸ਼ਰਮ ਨਹੀਂ ਆਉਂਦੀ? ਮੈਂ ਕੀ ਬੁਰਾ ਕੀਤਾ ਹੈ ਤੇਰਾ? ਵੱਡੀ ਸਤਵੰਤੀ ਬਣਦੀ ਹੈਂ...।"

ਗੰਗਾਵਤੀ ਵਿਚ ਦਸ ਔਰਤਾਂ ਦੀ ਸ਼ਕਤੀ ਸੀ। ਉਸ ਨੇ ਮੈਨੂੰ ਥੱਪੜ ਮਾਰਿਆ ਤੇ ਆਪਣੇ ਹੋਠਾਂ ਨਾਲ ਮੇਰੇ ਜਿਸਮ ਦਾ ਭੋਗ ਕੀਤਾ। ਮੈਂ ਚੀਕਣ ਲੱਗੀ। ਪਰ ਉਹ ਉਸੇ ਵਹਿਸ਼ੀ ਸੰਭੋਗ ਵਿਚ ਪਾਗਲ ਹੋਈ ਕਾਮ-ਵਾਸਨਾ ਵਿਚ ਜੁਟੀ ਇਕ ਦੈਂਤਣੀ ਵਾਂਗ ਮੇਰੇ ਉੱਤੇ ਹਾਵੀ ਸੀ....।

ਥੋੜ੍ਹੀ ਦੇਰ ਪਿਛੋਂ ਉਹ ਹਫ਼ਦੀ ਹੋਈ ਪਲੰਘ ਉਤੇ ਡਿਗ ਪਈ।

ਮੈਂ ਉਸ ਲਾਸ਼ ਨੂੰ ਪੈਰ ਨਾਲ ਪਰ੍ਹੇ ਧਕਿਆ ਤੇ ਗਾਊਨ ਪਾ ਕੇ ਦੂਜੇ ਕਮਰੇ ਵਿਚ ਗਈ। ਜਿੱਥੇ ਮੇਰੀ ਚਟਾਈ ਵਿਛੀ ਹੋਈ ਸੀ।

ਅਗਲੀ ਸਵੇਰ ਗੰਗਾਵਤੀ ਉਸੇ ਤਰ੍ਹਾਂ ਤੁਲਸੀ ਦੇ ਬੂਟੇ ਨੂੰ ਪਾਣੀ ਦੇ ਰਹੀ ਸੀ.... ਉਸ ਦੇ ਚਿਹਰੇ ਉੱਤੇ ਧਰਮ-ਮਾਤਾ ਦਾ ਜਲਾਲ ਸੀ।

ਮੈਂ ਸੋਚਦੀ ਸਾਂ ਕਿ ਇਸ ਚੁੜੇਲ ਦੇ ਹੱਥ ਦੀ ਕੋਈ ਚੀਜ਼ ਨਹੀਂ ਖਾਵਾਂਗੀ .... ਇਥੋਂ ਚਲੀ ਜਾਵਾਂਗੀ....।"

ਬਹੁਤ ਸੋਚਣ ਪਿਛੋਂ ਮੈਂ ਬਾਬੀ ਨਾਲ ਸ਼ਾਦੀ ਕਰਨ ਦਾ ਫੈਸਲਾ ਕਰ ਲਿਆ।

ਗੰਗਾਵਤੀ ਮੰਦਿਰ ਗਈ ਹੋਈ ਸੀ। ਉਸ ਦੀ ਗੈਰਹਾਜ਼ਰੀ ਵਿਚ ਮੈਂ ਦੋਵੇਂ ਸੂਟਕੇਸ ਚੁੱਕੇ ਤੇ ਨੋਇਡਾ ਚਲੀ ਗਈ, ਆਪਣੀ ਧਰਮ-ਮਾਂ ਨੂੰ ਛੱਡ ਕੇ ਅਸਲੀ ਮਾਂ ਦੇ ਘਰ। ਦੋਵੇਂ ਘਰ ਮੈਨੂੰ ਓਪਰੇ ਲੱਗ ਰਹੇ ਸਨ।

ਸ਼ਾਦੀ ਦੇ ਫੈਸਲੇ ਉੱਤੇ ਮੇਰੀ ਮਾਂ ਰਜ਼ਾਮੰਦ ਹੋ ਗਈ। ਬਾਬੀ ਖੁਸ਼ ਸੀ। ਮੈਂ ਵੀ ਬੇਹਦ ਖੁਸ਼ ਸਾਂ। ਆਖ਼ਿਰ ਮੇਰੀ ਜ਼ਿੰਦਗੀ ਦੀ ਕਿਸ਼ਤੀ ਕਿਥੋਂ ਤੀਕ ਤੇ ਕਦੋਂ ਤੀਕ ਡਗਮਗਾਉਂਦੀ ਰਹੇਗੀ। ਨਾ ਕੋਈ ਮੰਜ਼ਿਲ, ਨਾ ਕੋਈ ਟਿਕਾਣਾ। ਹੁਣ ਘੱਟ ਤੋਂ ਘੱਟ ਸਕੂਨ ਤਾਂ ਹੋਵੇਗਾ। ਆਖ਼ਿਰ ਮੈਂ ਸ਼ਾਦੀ ਤਾਂ ਕਰਨੀ ਹੀ ਸੀ। ਬਾਬੀ ਨੂੰ ਰੋਂਦਾ ਹੋਇਆ ਆਪਣੇ ਕਦਮਾਂ ਵਿਚ ਪਿਆ ਦੇਖ ਕੇ ਮੈਂ ਇਹ ਫੈਸਲਾ ਕੀਤਾ ਸੀ।

ਇਕ ਦਿਨ ਦੁਪਹਿਰ ਵੇਲੇ ਬੈਠੀ ਮੈਂ ਸਟਾਰਡਸਟ ਪੜ੍ਹ ਰਹੀ ਸਾਂ ਕਿ ਇਕ ਆਦਮੀ ਆਇਆ ਤੇ ਉਸ ਨੇ ਮੈਨੂੰ ਇਕ ਚਿੱਠੀ ਫੜਾਈ। ਮੈਂ ਲਿਫ਼ਾਫਾ ਖੋਲ੍ਹਿਆ। ਮੋਟੀ ਹਿੰਦੀ ਵਿਚ ਲਿਖਿਆ ਹੋਇਆ ਖਤ ਪੜ੍ਹਿਆ ਤਾਂ ਦਿਲ ਡੁੱਬ ਗਿਆ।

ਗੰਗਾਵਤੀ ਨੇ ਆਤਮ-ਹਤਿਆ ਕਰ ਲਈ ਸੀ।

ਚਿੱਠੀ ਵਿਚ ਲਿਖਿਆ ਸੀ, "ਬੇਟੀ ਸ਼ਾਲੂ, ਮੈਂ ਤੈਨੂੰ ਬਹੁਤ ਲੱਭਿਆ। ਪਤਾ ਨਾ ਚਲਿਆ ਕਿ ਤੂੰ ਕਿੱਥੇ ਹੈਂ। ਮੈਂ ਇਹ ਖ਼ਤ ਛੱਡ ਕੇ ਜਾ ਰਹੀ ਹਾਂ। ਮੇਰਾ ਆਸ਼ੀਰਵਾਦ ਲੈ ਬੇਟੀ। ਖੁਸ਼ ਰਹਿ ... ਬੁੱਢ-ਸੁਹਾਗਣ ਹੋ। ਮੈਂ ਤੇਰੇ ਬਗ਼ੈਰ ਜ਼ਿੰਦਾ ਨਹੀਂ ਰਹਿ ਸਕਦੀ। ਜ਼ਿੰਦਾ ਰਹਿਣ ਵਿਚ ਹੁਣ ਕੋਈ ਸੁਖ ਜਾ ਦੁਖ ਨਹੀਂ ਰਿਹਾ। ਨਾ ਕੋਈ ਅਰਥ। ਮੈਂ ਆਪਣੀ ਜ਼ਿੰਦਗੀ ਖ਼ਤਮ ਕਰ ਰਹੀ ਹਾਂ .... ਗੰਗਾ ਮਾਤਾ ਦੀ ਗੋਦ ਵਿਚ ਜਾ ਰਹੀ ਹਾਂ। ਆਪਣੀ ਮਮਤਾ ਤੈਨੂੰ ਅਰਪਣ ਕਰਦੀ ਹਾਂ। ਇਸ ਨੂੰ ਸਵੀਕਾਰ ਕਰਨਾ ਬੇਟੀ...

ਤੇਰੀ ਧਰਮ ਮਾਂ, ਗੰਗਾ।"

ਉਸ ਆਦਮੀ ਨੇ ਮੈਨੂੰ ਇਕ ਛੋਟਾ ਜਿਹਾ ਸੁਰਖ ਮਖਮਲ ਦਾ ਬਟੂਆ ਵੀ ਦਿੱਤਾ। ਉਸ ਨੂੰ ਖੋਲ੍ਹ ਕੇ ਦੇਖਿਆ। ਇਸ ਵਿਚ ਸੋਨੇ ਦੀ ਨੱਥ ਸੀ ਤੇ ਦੋ ਚੂੜੀਆਂ। ਜੋ ਸ਼ਾਇਦ ਗੰਗਾਵਤੀ ਕਰਵਾ ਚੌਥ ਦੇ ਦਿਨ ਪਾਉਂਦੀ ਸੀ। ਪਤਾ ਨਹੀਂ ਕਿਉਂ ਉਸ ਨੇ ਮੈਨੂੰ ਇਹ ਸ਼ਗਨ ਭੇਜਿਆ। .... ਮੈਂ ਬਹੁਤ ਦੇਰ ਤੀਕ ਬੈਠੀ ਇਹ ਖ਼ਤ ਦੇਖਦੀ ਰਹੀ।

ਸੋਚਦੀ ਰਹੀ – ਕੀ ਗੰਗਾਵਤੀ ਨੇ ਪਾਪ ਕੀਤਾ ਸੀ? ਮੇਰੇ ਸਰੀਰ ਨੂੰ ਚੁੰਮਿਆ ਹੀ ਤਾਂ ਸੀ, ਆਪਣੇ ਜਿਸਮ ਨੂੰ ਸ਼ਾਂਤ ਕਰਨ ਲਈ, ਅਤ੍ਰਿਪਤ ਆਤਮਾ ਨੂੰ ਤ੍ਰਿਪਤ ਕਰਨ ਲਈ। ਕੀ ਇਹ ਪਾਪ ਸੀ? ਉਸ ਨੇ ਪਾਪ ਨਹੀਂ ਸੀ ਕੀਤਾ, ਸ਼ਾਇਦ ਮੈਂ ਪਾਪ ਕੀਤਾ ਸੀ ਉਸ ਨੂੰ ਛੱਡ ਕੇ ... ਧੋਖਾ ਦੇ ਕੇ ਉਸ ਦੇ ਘਰੋਂ ਦੌੜ ਆਈ ਸਾਂ। ਇੱਕਲੀ ਛਡ ਕੇ ਉਸ ਨੂੰ ... ਉਸ ਦੇ ਘਰੋਂ ਸੁੰਨਸਾਨ ਇਕੱਲ ਵਿਚ। ਵਿਅਰਥ ਰਸਹੀਣ ਹਨੇਰੇ ਜੀਵਨ ਵਿਚ .... ਤੇ ਉਸਨੇ ਆਤਮਹੱਤਿਆ ਕਰ ਲਈ ਸੀ। ਮੈਨੂੰ ਬਹੁਤ ਦੁੱਖ ਹੋਇਆ। ਮੇਰੀ ਵਜ੍ਹਾ ਕਰਕੇ ... ਮੈਂ ਹੀ ਕਾਰਣ ਸੀ ਉਸ ਦੀ ਹੱਤਿਆ ਦਾ – ਜ਼ਿੰਦਗੀ ਤੇ ਮੌਤ – ਦੋਵੇਂ ਮੇਰਾ ਪਿੱਛਾ ਕਰ ਰਹੀਆਂ ਸਨ।

ਮੈਂ ਉਸ ਪੁਰਾਣੇ ਘਰ ਵਿਚ ਗੰਗਾਵਤੀ ਦੀ ਆਤਮਾ ਨੂੰ ਮੱਥਾ ਟੇਕਣ ਗਈ ਜਿੱਥੇ ਉਸ ਨੇ ਮੈਨੂੰ ਇਕ ਦਿਨ ਸ਼ਰਨ ਦਿੱਤੀ ਸੀ। ਸੋਚਿਆ .... ਕਿਹੜੇ ਰਿਸ਼ਤੇਦਾਰ ਨੂੰ ਖ਼ਬਰ ਦਿੱਤੀ ਜਾਵੇ। ਹੁਣ ਘਰ ਵਿਚ ਕੌਣ ਹੋਵੇਗਾ। ਮੈਨੂੰ ਤਾਂ ਉਸ ਦਾ ਕੁਝ ਪਤਾ ਹੀ ਨਹੀਂ ਸੀ – ਨਾ ਅੱਗੇ ਨਾ ਪਿੱਛੇ ਦਾ। ਬਸ ਉਸ ਦੀ ਮਮਤਾ ਵਿਚ ਡੁਬੀ ਉਸ ਦੇ ਬਾਰੇ ਸੋਚਦੀ – ਕਦੇ ਉਦਾਰਤਾ ਨਾਲ, ਕਦੇ ਨਫ਼ਰਤ ਨਾਲ।

ਉਸ ਦੀ ਗੁਆਂਢਣ ਜਵਾਲਾ ਦੇਵੀ ਕੋਲੋਂ ਪੁੱਛਿਆ ਜੋ ਉਸ ਦੀ ਉਮਰ ਦੀ ਸੀ – ਤਿੰਨ ਪੁੱਤਾਂ ਦੀ ਮਾਂ ਤੇ ਛੇ ਪੋਤਿਆਂ ਦੀ ਦਾਦੀ। ਉਸ ਨੇ ਮੈਨੂੰ ਦੱਸਿਆ ਕਿ ਗੰਗਾਵਤੀ ਦੀ ਸ਼ਾਦੀ ਬਚਪਨ ਵਿਚ ਹੀ ਹੋ ਗਈ ਸੀ। ਪਰ ਉਸ ਦਾ ਪਤੀ ਕੁਝ ਹੀ ਮਹੀਨਿਆਂ ਪਿਛੋਂ ਮਰ ਗਿਆ ਸੀ। ਉਹ ਬਾਲ ਵਿਧਵਾ ਸੀ। ਕੋਈ ਔਲਾਦ ਨਹੀਂ ਸੀ ਉਸ ਦੀ। ਤਰਸਦੀ ਰਹੀ ਔਲਾਦ ਨੂੰ। ਸਾਰੀ ਉਮਰ ਇਕੱਲਿਆਂ ਕੱਟ ਦਿੱਤੀ। ...ਪੂਜਾ ਪਾਠ.... ਮੰਦਿਰ ... ਤੇ ਇਕੱਲੀ ਜਾਨ। ਇਸ ਵੱਡੇ ਵਿਹੜੇ ਵਿਚ ਦੀਵਾ ਜਗਾਉਂਦੀ, ਖ਼ੁਦ ਹੀ ਰੋਟੀ ਪਕਾਉਂਦੀ, ਖ਼ੁਦ ਕੱਪੜੇ ਧੋਂਦੀ, ਖ਼ੁਦ ਹੀ ਵਿਹੜੇ ਵਿਚ ਡਿਗੇ ਨਿੰਮ ਦੇ ਪੱਤੇ ਹੂੰਝਦੀ, ਔਲਾਦ ਨੂੰ ਤਰਸਦੀ ਹੋਈ ਆਪਣੀ ਸੁੰਨੀ ਕੁੱਖ ਨੂੰ ਹਰੀ ਕਰਨ ਦੀ ਲੋਚਾ ਵਿਚ ਸਿਸਕਦੀ ਹੋਈ ਉਹ ਮਰ ਗਈ।

ਜਵਾਲਾ ਦੇਵੀ ਨੇ ਇਹ ਸਾਰੀਆਂ ਗੱਲਾਂ ਦੱਸੀਆਂ ਤੇ ਆਖਿਆ, "ਤੈਨੂੰ

ਉਸ ਨੇ ਆਪਣੀ ਬੇਟੀ ਆਖਿਆ ਸੀ ਨਾ...? ਬੇਟੀ .... ਸ਼ਾਲੂ .... ਤੇਰਾ ਨਾਂ ਉਸ ਦੀ ਜ਼ੁਬਾਨ ਉੱਤੇ ਸੀ, ਜਦ ਉਸ ਦੇ ਮੂੰਹ ਵਿਚ ਗੰਗਾ ਜਲੀ ਦੀ ਚੂਲੀ ਪਾਈ ਤਾਂ ਉਸ ਦੀ ਫੂਲੀ ਹੋਈ ਜੀਭ ਤੋਂ ਸਿਰਫ਼ ਤੇਰਾ ਨਾਂ ਨਿਕਲਿਆ - ਸ਼ਾਲੂ! ਉਸ ਨੇ ਕੰਬਦੇ ਹੋਏ ਹੱਥ ਨਾਲ ਤਕੀਏ ਦੇ ਹੇਠੋਂ ਟਟੋਲ ਕੇ ਇਕ ਸੁਰਖ਼ ਮਖਮਲੀ ਬਟੂਆ ਤੇ ਖ਼ਤ ਕੱਢ ਕੇ ਮੈਨੂੰ ਦਿੱਤਾ ਤੇ ਆਖਿਆ, "ਇਹ ਸ਼ਾਲੂ .... ਸ਼ਾਲੂ ਬੇਟੀ ਨੂੰ ਦੇ ਦੇਣਾ। ਇਹ ਆਖ ਕੇ ਉਸ ਨੇ ਸੁਆਸ ਤਿਆਗ ਦਿੱਤੇ। ਤੇਰਾ ਪਤਾ ਲੱਭ ਕੇ ਅਸੀਂ ਇਹ ਚੀਜ਼ਾਂ ਤੈਨੂੰ ਭਿਜਵਾ ਦਿੱਤੀਆਂ।

ਮੇਰੀਆਂ ਅੱਖਾਂ ਸਾਹਮਣੇ ਸਾਰਾ ਦ੍ਰਿਸ਼ ਫਿਰ ਗਿਆ ... ਗੰਗਾਵਤੀ ਦੀ ਆਪਣੀ ਬੇਟੀ ਦੇ ਚੰਡੀਗੜ੍ਹ ਜਾਣ ਦੀ ਕਥਾ ਤੇ ਉਸ ਦਾ ਐਕਸੀਡੈਂਟ, ਸਭ ਮਨਘੜਤ ਸੀ। ਉਸ ਦੀ ਕੋਈ ਬੇਟੀ ਨਹੀਂ ਸੀ, ਨਾ ਪਤੀ, ਨਾ ਕੋਈ ਬੇਟਾ। ਉਸ ਨੇ ਮੈਨੂੰ ਬੇਟੀ ਕਿਹਾ ਸੀ ਤੇ ਇਸ ਖ਼ਿਆਲੀ ਬੇਟੀ ਨੂੰ ਸੱਚ ਸਮਝਣ ਲੱਗੀ ਸੀ .... ਉਸਦੀ ਕਲਪਨਾ ਤੇ ਇਸ ਦਾ ਸੱਚ।

ਮੇਰੇ ਅੰਦਰ ਭਾਵ ਬਦਲ ਰਹੇ ਸਨ। ਸਤਿ ਕੀ ਹੈ ਤੇ ਅਸਤਿ ਕੀ ਹੈ? ਸਮਝ ਵਿਚ ਨਹੀਂ ਸੀ ਆਉਂਦਾ। ਬੁੱਢੀ ਗੰਗਾਵਤੀ ... ਮੇਰੀ ਧਰਮ ਮਾਂ .... ਦੇਵੀ ਸੀ ਜਾਂ ਦੈਂਤਣੀ! ਤੇ ਮੈਂ ਕੀ ਸਾਂ? ਫ਼ੈਸ਼ਨ ਦੀ ਦੁਨੀਆਂ ਵਿਚ ਆਪਣੇ ਜਿਸਮ ਨੂੰ ਬਚਾ ਕੇ ਰੱਖਣ ਵਾਲੀ ਉੱਤਮ ਨਾਰੀ ਜਾਂ ਜਿਸਮ ਦੀ ਨੁਮਾਇਸ਼ ਨੂੰ ਸਾਧਨ ਬਣਾ ਕੇ ਲੋਕਾਂ ਨੂੰ ਭਰਮਾਉਣ ਵਾਲੀ ਨਟਨੀ? ਕੀ ਹਾਂ ਮੈਂ? ਮੇਰੇ ਅੰਦਰ ਦੰਦ-ਭਾਵ ਸਨ - ਦੋ ਹਕੀਕਤਾਂ - ਦੋ ਯਥਾਰਥ-ਦੋਵੇਂ ਸੱਚ! ... ਦੋਵੇਂ ਝੂਠ!

ਕਿਹੜਾ ਸੱਚ ਸੀ। ਸੱਚ ਵਿਚ ਵੀ ਤਾਂ ਝੂਠ ਹੁੰਦਾ ਹੈ। ਖੋਟੀ ਦੁਨੀਆਂ ਵਿਚ ਖੋਟਾ ਮਨੁੱਖ ਸੱਚਾ ਲੱਗਦਾ ਹੈ। ਤੇ ਮੈਂ ਕੀ ਹਾਂ?

# 5

**ਗੰਗਾਵੰਤੀ** ਦਾ ਘਰ ਛੱਡਣ ਪਿਛੋਂ ਮੈਂ ਆਪਣੀ ਮਾਂ ਦੇ ਘਰ ਗਈ। ਪਰ ਇਥੇ ਫਿਰ ਉਹੀ ਪੁਰਾਣੇ ਪ੍ਰਾਬਲਮਜ਼। ਮੇਰੀ ਮਾਂ ਦੀ ਮਮਤਾ ਮੇਰੇ ਉੱਤੇ ਹਾਵੀ ਹੋ ਰਹੀ ਸੀ। ਉਸ ਨੂੰ ਮੇਰੇ ਖਾਣ ਪੀਣ ਤੇ ਕਿਸੇ ਛੋਟੇ ਮੋਟੇ ਫਲੈਟ ਵਿਚ ਇਕੱਲਿਆਂ ਰਹਿਣ ਦੀ ਚਿੰਤਾ ਖਾਈ ਜਾ ਰਹੀ ਸੀ। ਮੈਨੂੰ ਇਹਨਾਂ ਗੱਲਾਂ ਤੋਂ ਚਿੜ੍ਹ ਸੀ। ਇਕ ਤਰ੍ਹਾਂ ਦਾ ਬੰਧਨ।

ਆਖ਼ਿਰ ਮੈਂ ਨਵਾਂ ਫ਼ਲੈਟ ਲੱਭ ਲਿਆ। ਇਸ ਵਾਰ ਮੈਨੂੰ ਜ਼ਿਆਦਾ ਮੁਸ਼ਕਿਲ ਨਾ ਹੋਈ। ਆਸਾਨੀ ਨਾਲ ਹੀ ਘਰ ਮਿਲ ਗਿਆ। ਸਰਦਾਰ ਜੀ ਵਾਲੇ ਡੇਢ ਕਮਰੇ ਦੇ ਘਰ ਵਰਗਾ ਹੀ ਸੀ। ਫ਼ਰਕ ਸਿਰਫ਼ ਏਨਾ ਸੀ ਕਿ ਇਹ ਕਮਰਾ ਗਰਾਜ ਦੇ ਉੱਪਰ ਸੀ ਤੇ ਸਰਦਾਰ ਜੀ ਵਾਲਾ ਗਰਾਜ ਵਿਚ। ਪਰ ਇਹ ਇਲਾਕਾ ਬੜਾ ਖੁਸ਼ਗਵਾਰ ਸੀ। ਗੁਲਮੋਹਰ ਦੇ ਫੁੱਲਾਂ ਨਾਲ ਲੱਦਿਆ ਹੋਇਆ ਤੇ ਹੋਰ ਛੋਟੇ-ਛੋਟੇ ਘਣੇ ਦਰੱਖ਼ਤ। ਆਰਟਿਸਟਾਂ, ਰਾਈਟਰਾਂ ਤੇ ਜਰਨਿਲਿਸਟਾਂ ਦੀ ਕਾਲੋਨੀ। ਇਥੋਂ ਹਰ ਥਾਂ ਨੇੜੇ ਸੀ – ਦੁਕਾਨਾਂ, ਸਬਜ਼ੀ ਮਾਰਕੀਟ, ਸਿਨੇਮਾ ਹਾਲ। ਮੈਨੂੰ ਇਹ ਜਗ੍ਹਾ ਬਹੁਤ ਪਸੰਦ ਆਈ। ਮੈਂ ਇਸ ਕਮਰੇ ਨੂੰ ਪਹਿਲਾਂ ਵਾਂਗ ਹੀ ਸਜਾ ਲਿਆ। ਬਾਬੀ ਜਦੋਂ ਵੀ ਆਉਂਦਾ, ਮੇਰੇ ਕਮਰੇ ਦੀਆਂ ਚੀਜ਼ਾਂ ਏਧਰ ਓਧਰ ਕਰ ਦੇਂਦਾ। ਭੁੰਨੇ ਹੋਏ ਪਿਸਤੇ ਦੇ ਛਿਲਕੇ ਫ਼ਰਸ਼ ਉੱਤੇ ਸੁਟ ਦੇਂਦਾ ਜਾਂ ਕਾਗਜ਼ ਜਾਂ ਤਸਵੀਰ ਤੇ ਜਾਂ ਫਿਰ ਕੋਈ ਮੈਗਜ਼ੀਨ ਚੁੱਕ ਕੇ ਕਿਤੇ ਰੱਖ ਦੇਂਦਾ। ਮੈਨੂੰ ਗੁੱਸਾ ਚੜ੍ਹ ਜਾਂਦਾ। "ਖ਼ਬਰਦਾਰ, ਜੇ ਮੇਰੇ ਕਮਰੇ ਦੀਆਂ ਚੀਜ਼ਾਂ ਨੂੰ ਛੇੜਿਆ ਤਾਂ। ਜਿਸ ਚੀਜ਼ ਨੂੰ ਹੱਥ ਲਾਉਂਦਾ ਹੈਂ, ਉਹੀ ਖ਼ਰਾਬ ਕਰ ਦੇਂਦਾ ਹੈਂ। ਤੂੰ ਮੇਰੇ ਘਰ ਦੀਆਂ ਅੱਧੀਆਂ ਚੀਜ਼ਾਂ ਤੋੜ ਸੁਟੀਆਂ। ਤੇਰੇ ਹੱਥ ਕਿਸੇ ਇਨਸਾਨ ਦੇ ਨਹੀਂ ਸਗੋਂ ਕਿਸੇ ਰਾਕਸ਼ ਦੇ ਹਨ।"

ਬਾਬੀ ਹੱਸਿਆ, "ਹੁਣ ਤੋਂ ਮੈਂ ਕਿਸੇ ਚੀਜ਼ ਨੂੰ ਹੱਥ ਨਹੀਂ ਲਾਵਾਂਗਾ ... ਕਿਸੇ ਚੀਜ਼ ਨੂੰ ਨਹੀਂ ... ਸਿਰਫ਼ ਤੈਨੂੰ ... ਤੈਨੂੰ ਹੀ।"

ਉਸ ਨੂੰ ਚਾਹ ਦੀ ਤਲਬ ਹੋ ਰਹੀ ਸੀ। ਪਤਾ ਨਹੀਂ ਕਿਉਂ? ਉਸ ਨੇ ਮੈਨੂੰ ਚਾਹ ਬਣਾਉਣ ਲਈ ਨਾ ਆਖਿਆ ਤੇ ਖ਼ੁਦ ਹੀ ਪਤੀਲੀ ਵਿਚ ਪਾਣੀ ਪਾ ਕੇ ਗੈਸ ਉੱਤੇ ਰੱਖ ਦਿੱਤਾ। ਭਾਫ਼ ਦੇ ਭਬਕੇ। ਪਤੀਲੀ ਨੂੰ ਤੌਲੀਏ ਨਾਲ ਫੜ ਕੇ ਚੁੱਕਿਆ ਤਾਂ ਪਤੀਲੀ ਹੱਥੋਂ ਛੁੱਟ ਗਈ। ਉਬਲਦਾ ਪਾਣੀ ਗੈਸ 'ਤੋਂ ਹੁੰਦਾ ਹੋਇਆ ਹੇਠਾਂ ਰੱਖੀਆਂ ਕਿਤਾਬਾਂ ਤੇ ਦਰੀ ਉੱਤੇ ਪੈ ਗਿਆ। ਗੁੱਸੇ ਨਾਲ ਮੇਰਾ

ਚਿਹਰਾ ਤਪ ਉਠਿਆ।

"ਚਾਹ ਬਣਾਉਣ ਲਈ ਮੈਨੂੰ ਨਹੀਂ ਸੈਂ ਆਖ ਸਕਦਾ?" ਤੇ ਮੈਂ ਪੈਰ ਪਟਕਦੀ ਬਾਹਰ ਨਿਕਲ ਗਈ।

ਥੋੜ੍ਹੀ ਦੇਰ ਪਿਛੋਂ ਮੇਰਾ ਗੁੱਸਾ ਠੰਢਾ ਹੋਇਆ ਤੇ ਮੈਂ ਅੰਦਰ ਆਈ ਤਾਂ ਦੇਖਿਆ ਕਿ ਉਹ ਗੋਡਿਆ ਭਾਰ ਹੋ ਕੇ ਕਿਤਾਬਾਂ ਤੇ ਦਰੀ ਸਾਫ਼ ਕਰ ਰਿਹਾ ਸੀ। ਫ਼ਰਸ਼ ਨੂੰ ਰਗੜ-ਰਗੜ ਕੇ ਚਮਕਾ ਦਿੱਤਾ ਸੀ ਉਸ ਨੇ। ਹਰ ਚੀਜ਼ ਪਹਿਲਾਂ ਨਾਲੋਂ ਜ਼ਿਆਦਾ ਸਾਫ਼ ਸੁਥਰੀ ਨਜ਼ਰ ਆ ਰਹੀ ਸੀ।

ਪਤੀਲੀ ਵਿਚ ਕੁਝ ਚਾਹ ਬਚੀ ਸੀ। ਉਸ ਨੇ ਚਾਹ ਪਿਆਲੇ ਵਿਚ ਪਾਈ ਤੇ ਮੈਨੂੰ ਪੇਸ਼ ਕੀਤੀ।

"ਪਾਗਲ ਹੋ ਗਿਆ ਹੈਂ ਤੂੰ? ਮੈਂ ਨਹੀਂ ਪੀਂਦੀ। ਖ਼ੁਦ ਹੀ-ਪੀ ਲੈ!"

ਉਸ ਨੇ ਕਸਮਾਂ ਖਾਧੀਆਂ ਤੇ ਯਕੀਨ ਦਿਵਾਇਆ ਕਿ ਉਹ ਚਾਹ ਆਪਣੇ ਲਈ ਨਹੀਂ, ਸਗੋਂ ਮੇਰੇ ਲਈ ਬਣਾ ਰਿਹਾ ਸੀ। ਮੈਂ ਚਾਹ ਦਾ ਪਿਆਲਾ ਫੜਿਆ ਤੇ ਘੁੱਟ ਭਰਿਆ। ਕੌੜੀ ਜ਼ਹਿਰ, ਪਰ ਮੈਂ ਉਸ ਜ਼ਹਿਰ ਵਰਗੀ ਚਾਹ ਨੂੰ ਪੀ ਲਿਆ ਤੇ ਆਖਿਆ, "ਬਹੁਤ ਵਧੀਆ ਚਾਹ ਬਣਾ ਲੈਂਦਾ ਹੈਂ ਤੂੰ!" ਤੇ ਇਕ ਫੈਸ਼ਨ ਮੈਗਜ਼ੀਨ ਦੇ ਵਰਕੇ ਪਲਟਦੀ ਰਹੀ।

ਇਕ ਦਮ ਰੁਕ ਗਈ ਤੇ ਹੈਰਾਨੀ ਨਾਲ ਇਕ ਤਸਵੀਰ ਨੂੰ ਦੇਖਣ ਲਗੀ। ਖਿੜਖਿੜਾ ਕੇ ਹੱਸੀ ਤੇ ਬਾਬੀ ਨੂੰ ਆਖਿਆ, "ਦੇਖ, ਇਹ ਮੇਰੀ ਤਸਵੀਰ ਹੈ। ਪਰਵੇਜ਼ ਨੇ ਖਿੱਚੀ ਸੀ ਇਹ ਫੋਟੋ ... ਹਰ ਚੀਜ਼ ਖੁਲ੍ਹੀ ਤੇ ਨੰਗੀ, ਤੇ ਢੱਕੀ ਹੋਈ ... ਛਾਤੀਆਂ ਉੱਤੇ ਮੇਰੇ ਖੁੱਲ੍ਹੇ ਹੱਥ ਤੇ ਲੰਮੀਆਂ ਉਂਗਲਾਂ। ਨੰਗੀ ਹੋ ਕੇ ਵੀ ਮੈਂ ਨੰਗੀ ਨਹੀਂ। ਮੇਰੀ ਲੰਮੀ ਗਰਦਨ ... ਗੱਲ੍ਹਾਂ ਦੀ ਹੱਡੀ ਦੀ ਪਤਲੀ ਲਕੀਰ ... ਮੀਚੀਆਂ ਹੋਈਆਂ ਅੱਖਾਂ ... ਨਸ਼ੇ ਵਿਚ ਮਸਤ... ਦਿਲ ਕਰਦਾ ਹੈ ਚੁੰਮ ਲਵਾਂ ਇਸ ਤਸਵੀਰ ਨੂੰ।"

ਇਹ ਆਖ ਕੇ ਮੈਂ ਤਸਵੀਰ ਚੁੰਮ ਲਈ ... ਫ਼ਾਲਸਾਈ ਰੰਗ ਦੀ ਲਿਪਸਟਿਕ ਦਾ ਨਿਸ਼ਾਨ ਪੈ ਗਿਆ ਤਸਵੀਰ ਉੱਤੇ।

ਬਾਬੀ ਬੋਲਿਆ, "ਤੂੰ ਤਸਵੀਰ ਨੂੰ ਨਹੀਂ, ਪਵਰੇਜ਼ ਨੂੰ ਚੁੰਮ ਰਹੀ ਹੈਂ। ਇਹ ਤਸਵੀਰ ਤੇਰੀ ਜ਼ਰੂਰ ਹੈ ਪਰ ਇਹ ਪਰਵੇਜ਼ ਦਾ ਆਰਟ ਹੈ ... ਉਸ ਦੀ ਰਚਨਾ। ਤੂੰ ਉਸ ਦੀ ਰਚਨਾ ਨੂੰ ਚੁੰਮ ਰਹੀ ਹੈਂ।"

ਮੈਂ ਚੁੱਪ ਹੋ ਗਈ। ਹਾਸਾ ਗੁਆਚ ਗਿਆ। ਅੱਖਾਂ ਭਿੱਜੀਆਂ। ਖੱਬੇ ਹੱਥ ਨਾਲ ਮੈਂ ਅੱਥਰੂ ਪੂੰਝੇ, "ਸ਼ਾਇਦ ਤੂੰ ਠੀਕ ਆਖਦਾ ਹੈਂ। ਮੈਂ ਜ਼ਿੰਦਗੀ ਵਿਚ ਉਸ ਨੂੰ ਕਦੇ ਨਾ ਚੁੰਮਿਆ ... ਪਤਾ ਨਹੀਂ ਕਿਉਂ। ਸੋਚਦੀ ਹਾਂ ਪਰਵੇਜ਼ ਨੇ ਮੈਨੂੰ ਬਹੁਤ ਕੁਝ ਦਿੱਤਾ ... ਮੈਨੂੰ ਸਲੀਕਾ ਦਿੱਤਾ ... ਨਵੀਂ ਦੁਨੀਆਂ ਨਾਲ ਜਾਣੂੰ

ਕਰਵਾਇਆ ... ਹੁਸਨ ਨੂੰ ਚਮਕਾਉਣ ਦੀ ਚੇਤਨਾ ਜਗਾਈ ਮੇਰੇ ਅੰਦਰ ... ਮੈਂ ਅੱਜ ਜੋ ਕੁਝ ਹਾਂ ਉਸੇ ਦੀ ਬਦੌਲਤ ਹਾਂ।"

ਬਾਬੀ ਨੇ ਮੈਨੂੰ ਘੂਰ ਕੇ ਦੇਖਿਆ ਉਸ ਦੇ ਚਿਹਰੇ ਉਤੇ ਇਕ ਛਾਂ ਜਿਹੀ ਫਿਰ ਗਈ। ਤੇ ਉਹ ਕਟਾਖ਼ਸ਼ ਨਾਲ ਬੋਲਿਆ, "ਇਸੇ ਕਰਕੇ ਅੱਧੇ ਘੰਟੇ ਤੋਂ ਉਸ ਦੀਆਂ ਗੱਲਾਂ ਕਰ ਰਹੀ ਹੈਂ ਤੂੰ। ਇਸ ਦਾ ਮਤਲਬ ਇਹ ਕਿ ਉਸ ਨੂੰ ਯਾਦ ਕਰ ਰਹੀ ਹੈਂ। ਉਸ ਨੂੰ ਆਪਣੇ ਅੰਦਰੋਂ ਕੱਢ ਨਹੀਂ ਸਕੀ ਹੁਣ ਤੀਕ? ਉਹ ਤੇਰੇ ਅੰਦਰ ਹੈ ਉੱਲੂ ਦਾ ਪੱਠਾ।" ਉਸ ਦਾ ਚਿਹਰਾ ਈਰਖਾ ਵਿਚ ਲਾਲ ਹੋ ਗਿਆ।

ਮੈਂ ਆਖਿਆ, "ਲੱਖਾਂ ਕਰੋੜਾਂ ਅਰਬਾਂ ਖ਼ਰਬਾਂ ਯਾਦਾਂ ਵਾਂਗ ਉਹ ਵੀ ਮੇਰੇ ਸੀਨੇ ਅੰਦਰ ਦੱਬਿਆ ਪਿਆ ਹੋਵੇ ਕਿਤੇ। ਕਿਉਂ ਫ਼ਿਕਰ ਕਰਦਾ ਹੈ। ਮੈਂ ਤੇਰੀ ਹਾਂ।"

ਬਾਬੀ ਦੇ ਅੰਦਰ ਸ਼ੈਤਾਨ ਬੈਠਾ ਹੋਇਆ ਸੀ। ਉਹ ਮੈਨੂੰ ਦੁਰਕਾਰਦਾ, ਫਿਰ ਆਪਣੇ ਵੱਲ ਖਿੱਚਦਾ, ਧੱਕਾ ਦੇਂਦਾ ... ਫਿਰ ਪਿਆਰ ਨਾਲ ਮੇਰੀਆਂ ਮਿੰਨਤਾਂ ਕਰਨ ਲਗਦਾ। ਦੋ ਭਾਵ : ਪਿਆਰ ਤੇ ਨਫ਼ਰਤ ਦੇ ਮਧ ਰਹੇ ਸਨ ਉਸ ਅੰਦਰ। ਗੁੱਸੇ ਵਿਚ ਤੜਪ ਕੇ ਉਹ ਪਿਆਲੇ ਤੋੜ ਦੇਂਦਾ। ਪਰਦੇ ਪਾੜ ਸੁੱਟਦਾ, ਫੋਟੋਗ੍ਰਾਫ਼ਸ ਦੇ ਚੀਥੜੇ ਚੀਥੜੇ ਕਰ ਦੇਂਦਾ। ਜਦੋਂ ਗੁੱਸੇ ਦਾ ਭੂਤ ਉੱਤਰ ਜਾਂਦਾ ਤਾਂ ਮੁਆਫ਼ੀਆਂ ਮੰਗਦਾ। ਮਿੰਨਤਾਂ ਕਰਦਾ। ਤੋਹਫ਼ੇ ਲਿਆਉਂਦਾ ... ਸੋਨੇ ਦੀਆਂ ਚੂੜੀਆਂ ਚੜ੍ਹਾਉਂਦਾ ਮੇਰੀ ਵੀਣੀ ਉੱਤੇ ... ਪੈਰਾਂ ਤੋਂ ਸਿਰ ਤੀਕ ਚੁੰਮਦਾ। ਫਿਰ ਰੋਣੀ ਆਵਾਜ਼ ਵਿਚ ਮੇਰੇ ਪਿਆਰ ਦੀ ਭੀਖ ਮੰਗਦਾ। ਅੱਖਾਂ ਸੁਰਖ਼ ਹੋ ਜਾਂਦੀਆਂ ਤੇ ਉਸ ਦੇ ਅੰਦਰ ਇਕ ਵਹਿਸ਼ੀ ਚਮਕ ਆ ਜਾਂਦੀ।

ਪਾਗਲਪਣ ਦਾ ਦੌਰਾ ਪੈਂਦਾ ਸੀ ਉਸ ਨੂੰ। ਇਸੇ ਤਰ੍ਹਾਂ ਇਕ ਰਾਤ ਉਸ ਨੂੰ ਪਿਆਰ ਦਾ ਦੌਰਾ ਪਿਆ। ਗੁੱਸੇ ਵਿਚ ਦਹਾੜਦਾ ਮੇਰੇ ਉੱਤੇ ਝੱਪਟਿਆ ਤੇ ਮੈਨੂੰ ਜ਼ੋਰ ਦੀ ਧੱਕਾ ਦਿੱਤਾ। ਉਸ ਨੇ ਆਪਣਾ ਸਿਗਰਟ ਲਾਈਟਰ ਕੱਢਿਆ। ਉਸ ਨਾਲ ਮੋਮਬਤੀ ਜਗਾਈ ਤੇ ਆਪਣੀ ਬਾਂਹ ਮਚਦੀ ਹੋਈ ਮੋਮਬਤੀ ਉੱਤੇ ਰੱਖ ਦਿੱਤੀ। ਸੜੀ ਹੋਈ ਚਮੜੀ ਦੀ ਬੂ ਆਈ। ਮੈਂ ਲਾਪ੍ਰਵਾਹੀ ਨਾਲ ਉਸ ਵੱਲ ਦੇਖਿਆ। ਢੱਠੇ ਖੂਹ ਵਿਚ ਪਵੇ। ਇਹ ਤਾਂ ਪਾਗਲ ਹੈ। ਕਿਸ ਨੂੰ ਦਿਖਾ ਰਿਹਾ ਹੈ ਆਪਣੇ ਆਪ ਨੂੰ ਸਾੜ ਕੇ? ਜਗਦੀ ਮੋਮਬਤੀ ਨਾਲ ਆਪਣੀ ਬਾਂਹ ਉੱਤੇ ਨਿਸ਼ਾਨ ਪਾਉਂਦਾ ਹੋਇਆ ਗਿਣਨ ਲੱਗਾ, "ਇਕ! ਦੋ! ਤਿੰਨ!"

ਮੈਂ ਚੀਖ ਕੇ ਉਸ ਨੂੰ ਫੜਿਆ, ਪਰ ਉਸ ਨੇ ਮੈਨੂੰ ਧੱਕਾ ਦੇ ਦਿਤਾ ਤੇ ਗਰਜਿਆ, "ਛੱਡ ਦੇਹ ਮੈਨੂੰ! ਛੱਡ ਦੇਹ!" ਗੁੱਸੇ ਵਿਚ ਉਬਲਦਾ ਹੋਇਆ ਉਹ ਆਖੀ ਜਾ ਰਿਹਾ ਸੀ, " ਦੱਸ! ਮੈਨੂੰ ਮੁਹੱਬਤ ਕਰਦੀ ਹੈਂ ਕਿ ਨਹੀਂ? ਦੱਸ! ਮੁਹੱਬਤ ਕਰਦੀ ਹੈਂ ਕਿ ਨਹੀਂ?"

ਮੈਂ ਮੋਮਬਤੀ ਉਸ ਦੇ ਹੱਥੋਂ ਖੋਹ ਲਈ ਤੇ ਉਸ ਨੂੰ ਬੁਝਾ ਦਿੱਤਾ। ਮੇਰੇ ਅੰਦਰ ਉਬਾਲ ਉੱਠਿਆ। ਮੈਂ ਉਸ ਕੋਲੋਂ ਬਦਲਾ ਲੈਣਾ ਚਾਹੁੰਦੀ ਸਾਂ। ਮੈਂ ਮੋਮਬਤੀ ਚੁਕੀ, ਬਾਲੀ ਤੇ ਆਪਣੀ ਬਾਂਹ ਦਾਗ਼ਣ ਲੱਗੀ। ਆਪਣੇ ਆਪ ਨੂੰ ਸਾੜ ਸੁੱਟਣ ਦੇ ਜਨੂੰਨ ਵਿਚ, ਮੈਂ ਵੀ ਆਪਣੇ ਨਿਸ਼ਾਨ ਗਿਣਨ ਲੱਗੀ। ਕਿਸੇ ਸਤੀ ਵਾਂਗ ਚਿਤਾ ਉੱਤੇ ਬੈਠ ਕੇ, ਆਪਣਾ ਬਲੀਦਾਨ ਦੇ ਕੇ, ਪੁਰਖਿਆਂ ਦੀ ਘੋਰ ਰੀਤ ਨੂੰ ਪਾਲਣਾ ਚਾਹੁੰਦੀ ਸਾਂ ਮੈਂ। ਇਕ ਤਿੱਖੀ ਮੱਚਦੀ ਹੋਈ ਪੀੜ ਮੇਰੇ ਜਿਸਮ ਨੂੰ ਚੀਰ ਗਈ। ਮੈਂ ਦੰਦ ਭੀਚ ਲਏ ਤੇ ਅਸਹਿ ਪੀੜ ਦੇ ਘੁੱਟ ਭਰਨ ਲਗੀ। ਬਾਬੀ ਜੰਗਲੀ ਜਾਨਵਰ ਵਾਂਗ ਮੇਰੇ ਉੱਤੇ ਝਪਟਿਆ ਤੇ ਚੀਖ਼ ਕੇ ਬੋਲਿਆ, "ਸ਼ਾਲੂ ... ਸ਼ਾਲੂ ... ਸ਼ਾਲੂ ਮੈਨੂੰ ਯਕੀਨ ਹੋ ਗਿਆ ਤੇਰੀ ਮੁਹੱਬਤ ਦਾ। ਮੈਨੂੰ ਪਤਾ ਹੈ ਤੂੰ ਮੈਨੂੰ ਮੁਹੱਬਤ ਕਰਦੀ ਹੈਂ। ਪਲੀਜ਼ ... ਮੈਨੂੰ ਮੁਆਫ਼ ਕਰ ਦੇਹ।"

ਉਸ ਰਾਤ ਮੈਨੂੰ ਸਮਝ ਪੈ ਗਈ ਕਿ ਅਸੀਂ ਦੋਵੇਂ ਇਕ ਦੂਜੇ ਨੂੰ ਤਬਾਹ ਕਰਨ ਉੱਤੇ ਤੁਲੇ ਹੋਏ ਹਾਂ।

* * *

ਬਾਬੀ ਹਰ ਵਾਰ ਮੈਨੂੰ ਪੁੱਛਦਾ, "ਕਿੱਥੇ ਜਾ ਰਹੀ ਹੈਂ? ਕਿਸ ਨੂੰ ਮਿਲਣ? ਕਦੋਂ ਪਰਤੇਂਗੀ? ਤੈਨੂੰ ਲੈਣ ਮੈਂ ਆ ਜਾਵਾਂਗਾ।" ਤੇ ਉਹ ਐਨ ਵਕਤ ਤੋਂ ਦਸ ਮਿੰਟ ਪਹਿਲਾਂ ਆ ਕੇ ਸੜਕ ਉੱਤੇ ਮੇਰਾ ਇੰਤਜ਼ਾਰ ਕਰਦਾ। ਜੇ ਮੈਂ ਉਸ ਨੂੰ ਆਖਦੀ ਨਹੀਂ ਬਾਬੀ ਦੇਰ ਹੋ ਜਾਵੇਗੀ। ਉਹ ਲੋਕ ਮੈਨੂੰ ਖ਼ੁਦ ਹੀ ਛੱਡ ਆਉਣਗੇ ਮੇਰੇ ਘਰ... ਸ਼ਾਇਦ ... ਤ੍ਰਿਕਾਲਾਂ ਪੈਣ ਤੋਂ ਪਹਿਲਾਂ ਹੀ। ਮੈਂ ਆਪਣੀ ਮਾਂ ਕੋਲ ਨਹੀਂ ਗਈ।' ਤਾਂ ਉਹ ਆਖਦਾ, 'ਕੋਈ ਗੱਲ ਨਹੀਂ ਮੈਂ ਦੇਰ ਨਾਲ ਲੈਣ ਆ ਜਾਵਾਂਗਾ ਤੈਨੂੰ, ਦਸ ਵਜੇ ਰਾਤ ... ਗਿਆਰਾਂ ਵਜੇ ... ਅੱਧੀ ਰਾਤ ... ਆ ਜਾਵਾਂਗਾ ਮੈਂ, ਤੇ ਤੈਨੂੰ ਫ਼ਲੈਟ ਵਿਚ ਪਹੁੰਚਾ ਦੇਵਾਂਗਾ। ਮੈਨੂੰ ਪਤਾ ਹੋਣਾ ਚਾਹੀਦਾ ਹੈ ਕਿ ਤੂੰ ਕਿੱਥੇ ਹੈਂ!"

ਮੁਹੱਬਤ ਦੇ ਜਨੂੰਨ ਵਿਚ ਬਾਬੀ ਮੇਰਾ ਅੰਗ ਰੱਖਿਅਕ ਬਣ ਗਿਆ। ਪਹਿਰੇਦਾਰ! ਮੈਂ ਕਿੱਥੇ ਜਾਂਦੀ ਹਾਂ? ਕਿਸ ਨੂੰ ਮਿਲਦੀ ਹਾਂ? ਕੀ ਗੱਲਾਂ ਕਰਦੀ ਹਾਂ.... ਕੀ ਖਾਂਦੀ ਹਾਂ। ਕਦੋਂ ਵਾਪਿਸ ਆਵਾਂਗੀ – ਮੈਨੂੰ ਇਹਨਾਂ ਸੁਆਲਾਂ ਤੇ ਤਲਖ਼ੀ ਹੋਣ ਲਗੀ। ਮੈਂ ਨਹੀਂ ਸੀ ਚਾਹੁੰਦੀ ਕਿ ਉਹ ਹਰ ਰੋਜ਼ ਮੇਰਾ ਰੋਜ਼ਨਾਮਚਾ ਤਿਆਰ ਕਰੇ, ਨਕਲੋ-ਹਰਕਤ ਦੀ ਪੈਰਵੀ ਕਰੇ।

ਉਸ ਦੀ ਮੌਜੂਦਗੀ ਮੇਰੇ ਲਈ ਬੋਝ ਬਣ ਗਈ। ਉਹ ਮੌਜੂਦ ਨਾ ਹੁੰਦਿਆਂ ਵੀ ਮੌਜੂਦ ਰਹਿੰਦਾ ... ਇਕ ਪਰਛਾਵਾਂ ਜਿਹਾ ਮੇਰੇ ਮਨ ਉੱਤੇ ਲਰਜ਼ਦਾ। ਮੈਂ ਉਸ ਦੀਆਂ ਗੱਲਾਂ ਕਰਦੀ ਕਿਉਂਕਿ ਉਹ ਮੇਰੇ ਅਸਤਿਤਵ ਦਾ ਇਕ ਧੜਕਦਾ ਹੋਇਆ ਅੰਗ ਬਣ ਗਿਆ ਸੀ। ਹਰ ਵਾਰ, ਹਰ ਥਾਂ ਉਸੇ ਦੀਆਂ ਗੱਲਾਂ, ਉਹੀ

ਗੱਲਾਂ ਜਿਵੇਂ ਰੀਕਾਰਡ ਪਲੇਅਰ ਦੀ ਸੂਈ ਇਕ ਹੀ ਸੁਰ ਉੱਤੇ ਅਟਕ ਜਾਵੇ ਤੇ ਦੁਹਰਾਉਂਦੀ ਰਹੇ - ਅਵਾਰਾ ਹੂੰ ... ਅਵਾਰਾ ਹੂੰ....।"

ਮੇਰੀ ਜ਼ਿੰਦਗੀ ਦੀ ਸੂਈ ਬਾਬੀ ਉੱਤੇ ਹੀ ਅਟਕ ਗਈ ਸੀ। ਬਹੁਤ ਸਾਰੀਆਂ ਸਹੇਲੀਆਂ ਮੇਰੇ ਨਾਲੋਂ ਕੱਟੀਆਂ ਗਈਆਂ, ਬਹੁਤ ਸਾਰੇ ਦੋਸਤ ਟੁੱਟ ਗਏ ... ਕਈ ਕਈ ਮਹੀਨੇ ਉਹਨਾਂ ਨੂੰ ਨਾ ਮਿਲਦੀ ... ਇਕੱਲੀ ... ਇਕੱਲੀ ਮਹਿਸੂਸ ਕਰਨ ਲੱਗ ਪਈ ਸਾਂ। ਉਹ ਫੈਕਟਰੀ ਵਿਚੋਂ ਸਿੱਧਾ ਮੇਰੇ ਫਲੈਟ ਵਿਚ ਆ ਜਾਂਦਾ ... ਜਦ ਦਿਲ ਕਰਦਾ ਧਮਕ ਪੈਂਦਾ। ਮੈਂ ਚੌਂਕ ਉੱਠਦੀ। ਕਈ ਵਾਰ ਉਹ ਦੋ ਮਿੰਟ ਲਈ ਆਉਂਦਾ ਤੇ ਹੈਲੋ ਆਖ ਕੇ ਚਲਾ ਜਾਂਦਾ। ਮੈਨੂੰ ਇਹ ਗੱਲ ਚੁਭਣ ਲੱਗ ਪਈ ਸੀ। ਮੇਰੀ ਆਪਣੀ ਕੋਈ ਆਜ਼ਾਦੀ ਨਹੀਂ ਸੀ ਰਹੀ। ਮੇਰਾ ਫਲੈਟ ਬਸ ਇਕ ਨਿੱਕਾ ਜਿਹਾ ਕਮਰਾ ਹੀ ਤਾਂ ਸੀ ਜਿੱਥੇ ਮੈਂ ਫਰਸ਼ ਉੱਤੇ ਹੀ ਚਟਾਈ ਵਿਛਾ ਕੇ ਬਿਸਤਰ ਲਾ ਕੇ ਸੌਂਦੀ ਸਾਂ। ਇਥੇ ਹੀ ਕੱਪੜੇ ਬਦਲਦੀ। .... ਇਥੇ ਹੀ ਸ਼ੀਸ਼ੇ ਸਾਹਮਣੇ ਖੜ੍ਹੀ ਹੋ ਕੇ ਵੱਖਰੇ - ਵੱਖਰੇ ਪੋਜ਼ ਬਣਾ ਕੇ ਆਪਣੇ ਆਪ ਨੂੰ ਦੇਖਦੀ, ਅੰਗੀ ਤੋਂ ਬਿਨਾਂ ਆਪਣੇ ਸਤਨ੍ਹਾ ਦਾ ਰੂਪ ਨਿਹਾਰਦੀ। ਇਹ ਸਭ ਕੁਝ ਨੰਗਾ ਹੋ ਗਿਆ ਸੀ। ਮੇਰੇ ਲਈ ਕੋਈ ਪ਼ਰਦਾ ਨਹੀਂ ਸੀ ਰਹਿ ਗਿਆ।

ਨਾ ਚਾਹੁੰਦਿਆਂ ਵੀ ਬਾਬੀ ਦੀ ਜਾਇਦਾਦ ਬਣ ਗਈ ਸਾਂ ਮੈਂ। ਜ਼ਮੀਨ ਦਾ ਖਾਲੀ ਪਲਾਟ ਸਾਂ ... ਜਿਸ ਉੱਤੇ ਉਸ ਨੇ ਹੱਲ ਚਲਾਇਆ ਤੇ ਬੀ ਬੀਜੇ ... ਤੇ ... ਮੇਰਾ ਮਾਲਕ ਬਣ ਬੈਠਾ, ਮੇਰੇ ਜਿਸਮ ਦਾ, ਮੇਰੀ ਰੂਹ ਦਾ... ਮੇਰੇ ਮਨ ਦਾ, ਮੇਰੀ ਆਸਥਾ ਦਾ ਮਾਲਿਕ। ਮੈਂ ਉਸ ਨੂੰ ਕਿੰਨਾ ਹੀ ਟਾਲਦੀ, ਕਿੰਨੀ ਹੀ ਬਹਿਸ ਕਰਦੀ ਕਿ ਉਹ ਹਰ ਰੋਜ਼ ਮੇਰੇ ਨਾਲ ਏਦਾਂ ਨਾ ਚੰਬੜਿਆ ਰਹੇ। ਉਸ ਨੂੰ ਸਮਝਾਇਆ ਕਿ ਸਾਡੇ ਆਪਸੀ ਰਿਸ਼ਤੇ ਨੂੰ ਮਜ਼ਬੂਤ ਬਣਾਉਣ ਲਈ ਤੇ ਦੇਰ ਤੀਕ ਜੀਵਿਤ ਰੱਖਣ ਲਈ ਫ਼ਾਸਲਾ ਬਹੁਤ ਜ਼ਰੂਰੀ ਹੈ। ਇਕ ਵਾਰ ਮੈਂ ਸ਼ਿਵ ਮੰਦਿਰ ਦੇ ਸਤੰਭਾਂ ਵੱਲ ਇਸ਼ਾਰਾ ਕਰਕੇ ਬੋਲੀ, "ਬਾਬੀ, ਤੈਨੂੰ ਪਤਾ ਹੈ ਕਿ ਇਸ ਮੰਦਿਰ ਦੀ ਛੱਤ ਕਿਉਂ ਮਜ਼ਬੂਤ ਹੈ? ਕਿਉਂ ਇਹ ਹਜ਼ਾਰਾਂ ਮਣ ਪੱਥਰਾਂ ਦਾ ਭਾਰ ਖੜ੍ਹਾ ਹੈ ਇਸ ਤਰ੍ਹਾਂ? ਇਸ ਦੀ ਵਜ੍ਹਾ ਇਹ ਹੈ ਕਿ ਇਹਨਾਂ ਸਤੰਭਾ ਦਰਮਿਆਨ ਫ਼ਾਸਲਾ ਹੈ ਜਿਸ ਨੇ ਇਸ ਮਹਾਨ ਛੱਤ ਨੂੰ ਸੰਭਾਲਿਆ ਹੋਇਆ ਹੈ। ਫ਼ਾਸਲਾ ਸ਼ਕਤੀ ਦੇਂਦਾ ਹੈ। ਸਾਨੂੰ ਇਕ ਦੂਜੇ ਵਿਚਕਾਰ ਥੋੜ੍ਹਾ ਜਿਹਾ ਫ਼ਾਸਲਾ ਰੱਖਣਾ ਚਾਹੀਦਾ ਹੈ ਤਾਂ ਕਿ ਸਾਡਾ ਪਿਆਰ ਸਦਾ ਮਹਿਕਦਾ ਰਹੇ।"

ਉਸ ਨੇ ਮੇਰੀ ਇਹ ਗੱਲ ਨਾ ਮੰਨੀ। ਉਹ ਆਪਣੀ ਗੱਲ ਉੱਤੇ ਹੀ ਅੜਿਆ ਰਿਹਾ ਕਿ ਇਹ ਉਸ ਦਾ ਹੱਕ ਸੀ ਕਿ ਉਹ ਮੇਰੀ ਹਰ

ਹਰਕਤ ... ਹਰ ਕਦਮ ... ਹਰ ਦੋਸਤ ... ਹਰ ਸਹੇਲੀ ਦੇ ਬਾਰੇ ਜਾਣੇ। ਤੇ ਮੇਰੇ ਬਾਰੇ ਕਿ ਮੈਂ ਕਿਥੇ ਹਾਂ, ਕੀ ਕਰ ਰਹੀ ਹਾਂ, ਕਿਸ ਨੂੰ ਮਿਲ ਰਹੀ ਹਾਂ।

ਮੈਂ ਉਠ ਕੇ ਤਿਆਰ ਹੋਣ ਲਗੀ। ਉਸ ਵੇਲੇ ਬਾਬੀ ਬੋਲਿਆ, "ਕਿਥੇ ਜਾਣ ਦੀ ਤਿਆਰੀ ਹੈ?"

ਮੈਂ ਆਖਿਆ, "ਮੇਰੇ ਇਕ ਦੋਸਤ ਨੇ ਲੰਚ ਉੱਤੇ ਬੁਲਾਇਆ ਹੈ, ਉੱਥੇ ਜਾ ਰਹੀ ਹਾਂ?"

ਬਾਬੀ ਦਾ ਚਿਹਰਾ ਵਿਗੜ ਗਿਆ। ਬੋਲਿਆ, "ਤੇਰਾ ਮਰਦਾਂ ਨਾਲ ਢਿਡ ਨਹੀਂ ਭਰਦਾ? ਹਰ ਵੇਲੇ ਤਿਆਰ ਰਹਿੰਦੀ ਹੈਂ ਕਿਸੇ ਨਵੇਂ ਦੋਸਤ ਨੂੰ ਮਿਲਣ ਲਈ। ਤੈਨੂੰ ਹੀ ਜ਼ਿਆਦਾ ਐਕਸਾਈਟਮੈਂਟ ਹੁੰਦੀ ਹੈ।"

ਮੈਂ ਆਖਿਆ, "ਹਾਂ, ਹੁੰਦੀ ਹੈ ਮੈਨੂੰ ਐਕਸਾਈਟਮੈਂਟ। ਕਿਉਂ ਨਾ ਹੋਵੇ? ਮੈਂ ਘਰ ਦੀ ਚਾਰ ਦੀਵਾਰੀ ਵਿਚ ਰਹਿਣ ਲਈ ਨਹੀਂ ਬਣੀ। ਮੈਂ ਨਹੀਂ ਚਾਹੁੰਦੀ ਕਿ ਮੈਂ ਇਕ ਹੀ ਚਿਹਰਾ ਦੇਖਦੀ ਰਹਾਂ ਹਰ ਵੇਲੇ। ਬਚਪਨ ਤੋਂ ਉਪਦੇਸ਼ ਸੁਣਦੀ ਆ ਰਹੀ ਹਾਂ। ਪਹਿਲਾਂ ਮਾਂ ਦਾ ਉਪਦੇਸ਼ ਫਿਰ ਸੱਸ ਦਾ ... ਫਿਰ ਪਰਵੇਜ਼ ਦਾ ਤੇ ਹੁਣ ਤੇਰਾ। ਇਹ ਉਪਦੇਸ਼ ਮੇਰਾ ਪਿੱਛਾ ਨਹੀਂ ਛੱਡਦਾ। ਮੈਨੂੰ ਸੁਪਨਿਆਂ ਵਿਚ ਵੀ ਉਪਦੇਸ਼ ਦੀ ਘਿਨਾਉਣੀ ਗੂੰਜ ਸੁਣਾਈ ਦੇਂਦੀ ਹੈ। ਸਭਨਾਂ ਨੂੰ ਛੱਡ ਕੇ ਕਿਧਰੇ ਦੌੜ ਜਾਣ ਨੂੰ ਦਿਲ ਕਰਦਾ ਹੈ। ਮੈਂ ਤਾਂ ਕਿਸੇ ਨੂੰ ਉਪਦੇਸ਼ ਨਹੀਂ ਦਿੰਦੀ, ਕਿਸੇ ਨੂੰ ਨਹੀਂ ਬਦਲਣਾ ਚਾਹੁੰਦੀ। ਕੁਦਰਤ ਦਾ ਆਪਣਾ ਨਿਯਮ ਹੈ, ਮੇਰੇ ਖ਼ੂਨ ਦੀ ਗਰਦਿਸ਼ ਆਪਣੀ ਗਰਦਿਸ਼ ਹੈ। ਕਿਸੇ ਬੇਗਾਨੇ ਦਾ ਖ਼ੂਨ ਮੇਰੀਆਂ ਨਸਾਂ ਵਿਚ ਨਹੀਂ ਦੌੜ ਸਕਦਾ। ਤੈਨੂੰ ਪਤਾ ਹੈ ਕਿ ਮੈਂ ਕਿੰਨੀ ਪ੍ਰੇਸ਼ਾਨ ਰਹਿੰਦੀ ਹਾਂ? ਦਿਨ ਬਦਿਨ ਮੈਂ ਸੁੰਗੜ ਰਹੀ ਹਾਂ ... ਠੰਢੀ ਹੋ ਰਹੀ ਹਾਂ ਮੈਂ .... ਆਪਣੇ ਆਪ ਤੋਂ ਦੌੜ ਰਹੀ ਹਾਂ। ਜੇ ਅਸੀਂ ਹਰ ਤੀਸਰੇ ਦਿਨ ਜਾਂ ਹਫ਼ਤੇ ਵਿਚ ਚਾਰ ਦਿਨ ਮਿਲੀਏ ਤਾਂ ਚੰਗਾ ਹੈ। ਹੁਣ ਪਤਾ ਨਹੀਂ ਕਿਉਂ .... ਉਹ ਪਹਿਲਾਂ ਵਰਗੀ ਤੜਪ ਖ਼ਤਮ ਹੁੰਦੀ ਜਾ ਰਹੀ ਹੈ। ਤੈਨੂੰ ਪਤਾ ਹੈ ਕਿ ਮੇਰੀ ਜ਼ਿੰਦਗੀ ਵਿਚ ਕੋਈ ਹੋਰ ਮਰਦ ਨਹੀਂ। ਜੇ ਕੋਈ ਹੁੰਦਾ ਤਾਂ ਮੈਂ ਝੱਟ ਦੱਸ ਦੇਂਦੀ। ਮੇਰੇ ਵਿਚ ਏਨੀ ਦਲੇਰੀ ਹੈ। ਪਰ ਮੇਰੀ ਜ਼ਿੰਦਗੀ ਵਿਚ ਸਿਰਫ਼ ਤੂੰ ਹੈਂ। ਫਿਰ ਵੀ ... ਤੂੰ .... ਦੱਸ, ਕਿਉਂ ਤੈਨੂੰ ਸ਼ੱਕ ਹੈ ਮੇਰੇ ਪਿਆਰ ਉੱਤੇ? ਤੇਰੀ ਮੁਹੱਬਤ ਸ਼ੱਕ ਦੀ ਬੁਨਿਆਦ ਉੱਤੇ ਖੜ੍ਹੀ ਹੈ? ਦੋਸਤ ਸ਼ੱਕ ਨਹੀਂ ਕਰਦੇ ਹੁੰਦੇ, ਸਿਰਫ਼ ਦੁਸ਼ਮਣ ਕਰਦੇ ਹਨ ਸ਼ੱਕ। ਦੋਸਤੀ ਵਿਚ ਇਤਬਾਰ ਹੁੰਦਾ ਹੈ, ਭਰੋਸਾ, ਯਕੀਨ। ਆਪਸ ਵਿਚਲਾ ਸਾਂਝਾ ਜਜ਼ਬਾ! ਪਰ ਸ਼ੱਕ ਦੁਸ਼ਮਣੀ ਦਾ ਜਜ਼ਬਾ ਹੈ। ਜਦ ਅਸੀਂ ਦੁਸ਼ਮਣ ਨੂੰ ਗਲੇ ਮਿਲਦੇ ਹਾਂ ਤਾਂ ਚੁਕੰਨੇ ਹੁੰਦੇ ਹਾਂ ਕਿ ਕਿਤੇ ਪਿੱਠ ਵਿਚ ਛੁਰਾ ਨਾ ਖੋਭ ਦੇਵੇ। ਕਿਤੇ ਜ਼ਹਿਰ ਨਾ ਪਿਆ ਦੇਵੇ। ਕੀ ਤੂੰ ਮੇਰਾ ਦੁਸ਼ਮਣ ਹੈਂ?

ਕੀ ਮੈਂ ਤੇਰੀ ਦੁਸ਼ਮਣ ਹਾਂ? ਤੂੰ ਕੀ ਹੈਂ? ਸੁਣ! ਅੱਜ ਰਾਤ ਮੈਂ ਤੈਨੂੰ ਨਹੀਂ ਮਿਲਾਂਗੀ। ਨਾ ਹੀ ਕੱਲ੍ਹ ... ਬੱਸ ਪਰਸੋਂ ਸ਼ਾਮ ਨੂੰ ਮਿਲਾਂਗੀ ਤੈਨੂੰ। ਸੁਣ ਲਈ ਮੇਰੀ ਗੱਲ? ਪਰ ਜੇ ਤੂੰ ਮੈਨੂੰ ਲਭਣ ਲਈ ਮੇਰੇ ਕਿਸੇ ਦੋਸਤ, ਰਿਸ਼ਤੇਦਾਰ ਜਾਂ ਸਹੇਲੀ ਨੂੰ ਟੈਲੀਫੋਨ ਕੀਤਾ ਤਾਂ ਮੈਂ ਤੇਰੇ ਨਾਲੋਂ ਨਾਤਾ ਤੋੜ ਦਿਆਂਗੀ। ਫਿਰ ਮੈਂ ਤੈਨੂੰ ਕਦੇ ਨਹੀਂ ਮਿਲਾਂਗੀ। ਤੂੰ ਸ਼ਾਇਦ ਜਾਣਦਾ ਨਹੀਂ ਮੈਂ ਬਹੁਤ ਟੇਢੀ ਕੁੜੀ ਹਾਂ। ਮੈਂ ਆਪਣੀ ਬਾਂਹ ਮੋਮਬਤੀ ਦੀ ਲਾਟ ਨਾਲ ਦਾਗ ਤਾਂ ਸਕਦੀ ਹਾਂ - ਆਪਣੀ ਮੁਹੱਬਤ ਸਾਬਿਤ ਕਰਨ ਲਈ, ਪਰ ਬਾਰ-ਬਾਰ ਨਹੀਂ। ਬਾਰ-ਬਾਰ ਮੁਹੱਬਤ ਦਾ ਯਕੀਨ ਦਿਵਾਉਣਾ ਮਜ਼ਾਕ ਹੈ ... ਭੱਦਾ ਮਜ਼ਾਕ ... ਮੈਂ ਇਹ ਗੱਲ ਦੁਹਰਾਉਣਾ ਨਹੀਂ ਚਾਹੁੰਦੀ। ਬਸ ਹੁਣ ਤੂੰ ਚਲਾ ਜਾਹ!"

ਦੰਦ ਪੀਂਹਦਾ ਹੋਇਆ ਉਹ ਉੱਠਿਆ ਤੇ ਚਲਾ ਗਿਆ। ਮੈਂ ਦਰਵਾਜ਼ਾ ਬੰਦ ਕਰ ਦਿੱਤਾ।

ਉਹ ਸਾਹ ਰੋਕ ਕੁਝ ਦੇਰ ਬਾਹਰ ਖੜ੍ਹਾ ਰਿਹਾ। ਮੈਂ ਬਿੜਕ ਲਈ, ਉਹ ਉਥੇ ਹੀ ਖੜ੍ਹਾ ਸੀ। ਉਸ ਦੇ ਸਾਹਾਂ ਦੀ ਮੱਧਮ ਜਿਹੀ ਧੜਕਣ ਮੈਂ ਮਹਿਸੂਸ ਕੀਤੀ। ਫਿਰ ਉਹ ਭਾਰੇ - ਭਾਰੇ ਕਦਮ ਭਰਦਾ ਪੌੜੀਆਂ ਤੋਂ ਹੇਠਾਂ ਉਤਰ ਗਿਆ ...।

ਮੈਂ ਬਾਬੀ ਨੂੰ ਕਿਉਂ ਚੁਣਿਆ, ਇਸ ਦਾ ਮੈਨੂੰ ਪਤਾ ਨਹੀਂ। ਔਰਤ ਕਿਸੇ ਮਰਦ ਨੂੰ ਕਿਉਂ ਚੁਣਦੀ ਹੈ? ਇਹ ਇਕ ਗੁਝਾ ਭੇਦ ਹੈ ... ਮਿਸਟ੍ਰੀ ... ਅਜਿਹਾ ਭੇਦ ਜੋ ਉਹ ਖ਼ੁਦ ਵੀ ਨਹੀਂ ਜਾਣਦੀ। ਮੈਨੂੰ ਕਈ ਸੁਹਣੇ ਸੁਣੱਖੇ ਨੌਜੁਆਨ ਮਿਲੇ। ਸਲੀਕੇ ਵਾਲੇ ... ਗਲਬਾਤ ਵਿਚ ਚੰਗੇ। ਮੈਨੂੰ ਉਹਨਾਂ ਵਿਚ ਕੋਈ ਦਿਲਚਸਪੀ ਨਾ ਹੋਈ। ਪਰ ਬਾਬੀ? ਉੱਚਾ ... ਦੇਓ-ਕੱਦ ... ਵਹਿਸ਼ੀ .... ਅੱਖਾਂ ਵਿਚ ਗੁੰਡਾਪਣ। ਉਸ ਦੇ ਵਡੇਰੇ ਪਿਸ਼ਾਵਰ ਤੋਂ ਆਏ ਸਨ। ਇਸ ਕਰਕੇ ਉਸ ਵਿਚੋਂ ਪਠਾਣ ਦੀ ਕੁਰੱਖ਼ਤ ਬੂ ਆਉਂਦੀ ਸੀ। ਉਹ ਤਮਾਕੂ ਚੱਬਦਾ ਸੀ। ਕੱਥੇ-ਰੰਗੇ ਦੰਦ ... ਕਾਲੀ ਮੋਟੀ ਤਹਿ ਜੰਮੀ ਹੋਈ ਉਸ ਦੇ ਹੋਠਾਂ ਉੱਤੇ, ਖ਼ੌਫ਼ ਆਉਂਦਾ ਸੀ ਉਹਦੇ ਕੋਲੋਂ। ਤੇ ਮੈਂ ਉਸੇ ਨਾਲ ਜੁੜ ਗਈ। ਲੋਕ ਹੈਰਾਨ ਹੁੰਦੇ ਸਨ ਕਿ ਮੈਂ ਬਾਬੀ ਵਿਚ ਕੀ ਵੇਖਿਆ ਸੀ? ਮੈਨੂੰ ਖ਼ੁਦ ਇਲਮ ਨਹੀਂ। ਕਦੇ-ਕਦੇ ਸੋਚਦੀ ਹਾਂ ਕਿ ਏਨੀ ਪਵਿੱਤਰ ਸਾਂ, ਗੰਗੋਤਰੀ ਦੀਆਂ ਲਹਿਰਾਂ ਵਾਂਗ ਸ਼ਫ਼ਾਫ਼ ਕਿ ਮੈਨੂੰ ਗੰਦਾ ਨਾਲ ਹੀ ਸ਼ਾਂਤ ਕਰ ਸਕਦਾ ਸੀ। ਬਾਬੀ ਇਸ ਕਿਸਮ ਦਾ ਭ੍ਰਸ਼ਟ ਨਾਲਾ ਸੀ।

* * *

ਬਾਬੀ ਨਾਲ ਡਾਂਸ ਫਲੋਰ ਤੇ ਜਾਂਦੀ ਤਾਂ ਕਈ ਵਾਰ ਝਗੜਾ ਹੋ ਜਾਂਦਾ। ਜਿਸ ਤਰੀਕੇ ਨਾਲ ਮੈਂ ਡਾਂਸ ਕਰਦੀ, ਉਸ ਨੂੰ ਪਸੰਦ ਨਹੀਂ ਸੀ। ਉਹ ਇਸ

ਨੂੰ ਵਲਗਰ ਸਮਝਦਾ। ਉਸ ਨੂੰ ਠੰਢਾ-ਠੰਢਾ ਡਾਂਸ ਪਸੰਦ ਸੀ ... ਹਲਕਾ-ਹਲਕਾ ਧੂੰਆਂ। ਮੈਨੂੰ ਭੜਕਦਾ ਹੋਇਆ। ਜਿਸ ਵਿਚ ਅੰਗ ਖੁਲ੍ਹ-ਖੁਲ੍ਹ ਜਾਣ ਤੇ ਜਿਸ ਵਿਚ ਤੂਫ਼ਾਨੀ ਨਸ਼ਾ ਤੇ ਅੱਗ ਹੋਵੇ। ਮੇਰੀ ਨਜ਼ਰ ਵਿਚ ਮਰਦਾਂ ਦਾ ਸ਼ਰਮੀਲਾ ਡਾਂਸ ਜਿਸ ਵਿਚ ਸੈਕਸੀ ਭੁੱਖ ਹੁੰਦੀ ਹੈ, ਕਲਾ ਨਹੀਂ ਹੁੰਦੀ। ਮੈਨੂੰ ਇਹ ਅਸ਼ਲੀਲ ਲਗਦਾ ਹੈ। ਪਰ ਬਾਬੀ ਨੂੰ ਇਹ ਪਸੰਦ ਸੀ। ਸਾਡੇ ਦੋਹਾਂ ਵਿਚ ਟੱਕਰਾਂ ਹੁੰਦੀਆਂ - ਅਸੀਂ ਦੋਵੇਂ ਵੱਖਰੇ ਸਾਂ ਇਕ ਦੂਜੇ ਤੋਂ। ਕੋਈ ਚੀਜ਼ ਵੀ ਤਾਂ ਮੇਲ ਨਹੀਂ ਸੀ ਖਾਂਦੀ - ਨਾ ਸ਼ਕਲ, ਨਾ ਸੁਭਾਅ, ਨਾ ਮਿਜਾਜ਼, ਸ਼ਾਇਦ ਇਸੇ ਕਰਕੇ ਸਾਡੇ ਦੋਹਾਂ ਵਿਚ ਖਿੱਚ ਸੀ।

ਇਕ ਸ਼ਾਮ ਮੈਂ ਰੋਜ਼ੀ ਤੇ ਭੂਸ਼ਣ ਨਾਲ ਡਿਸਕੋ ਗਈ ਜਿਥੇ ਬਾਬੀ ਸਾਡਾ ਇੰਤਜ਼ਾਰ ਕਰ ਰਿਹਾ ਸੀ। ਉਹ ਇਕ ਮੇਜ਼ ਉੱਤੇ ਬੈਠਾ ਬੀਅਰ ਪੀ ਰਿਹਾ ਸੀ। ਉਸ ਦੀਆਂ ਅੱਖਾਂ ਲਾਲ ਸਨ। ਸ਼ਾਇਦ ਉਸ ਨੇ ਮੇਰੇ ਜਾਣ ਤੋਂ ਪਹਿਲਾਂ ਹੀ ਕਈ ਬੋਤਲਾਂ ਪੀਤੀਆਂ ਹੋਈਆਂ ਸਨ। ਗੁੱਸੇ ਵਿਚ ਭਰਿਆ ਪੀਤਾ ਬੈਠਾ ਸੀ ਅਸੀਂ ਏਨੀਂ ਦੇਰ ਨਾਲ ਕਿਉਂ ਆਏ ਸਾਂ।

ਉਹ ਉੱਠਿਆ ਤੇ ਮੇਰੀ ਬਾਂਹ ਫੜ ਕੇ ਬੋਲਿਆ, "ਮੇਰੇ ਨਾਲ ਡਾਂਸ ਨਹੀਂ ਕਰੇਂਗੀ?

"ਨਹੀਂ!"

"ਨਹੀਂ?"

"ਨਹੀਂ!"

"ਮੈਂ ਫਿਰ ਪੁੱਛਦਾ ਹਾਂ-"

"ਛੱਡ ਬਾਬੀ, ਮੈਂ ਨਹੀਂ ਡਾਂਸ ਕਰਨਾ ਚਾਹੁੰਦੀ ਤੇਰੇ ਨਾਲ। ਤੂੰ ਬਹੁਤ ਪੀਤੀ ਹੋਈ ਹੈ। ਲੜਖੜਾ ਰਿਹਾ ਹੈਂ। ਛੱਡ ਮੇਰਾ ਹੱਥ - ਪਲੀਜ਼!"

ਉਹ ਮੇਰਾ ਹੱਥ ਝੱਟਕ ਕੇ ਚਲਾ ਗਿਆ। ਕਿਸੇ ਹੋਰ ਕੁੜੀ ਨਾਲ ਡਾਂਸ ਕਰਨ ਲੱਗਾ। ਉਸ ਨੇ ਡਾਂਸ ਫਲੋਰ ਉਤੇ ਹੀ ਸਿਗਰਟ ਦੀ ਡੱਬੀ ਵਿਚੋਂ ਇਕ ਸਿਗਰਟ ਕੱਢ ਕੇ ਸੁਲਘਾ ਲਈ।

ਤਦ ਹੀ ਇਕ ਸਕਿਉਰਿਟੀ ਗਾਰਡ ਭੀੜ ਨੂੰ ਚੀਰਦਾ ਹੋਇਆ ਬਾਬੀ ਵੱਲ ਵੱਧਿਆ।

"ਜਨਾਬ ... ਸਰ ... ਫਲੋਰ ਉੱਤੇ ਸਿਗਰਟ ਪੀਣਾ ਮਨ੍ਹਾਂ ਹੈ।"

ਬਾਬੀ ਗੁੱਸੇ ਵਿਚ ਬੋਲਿਆ, "ਦਿਸਦਾ ਨਹੀਂ ਤੈਨੂੰ? ਮੈਂ ਸਿਗਰਟ ਨਹੀਂ ਪੀ ਰਿਹਾ ... ਸਿਰਫ਼ ਮੂੰਹ ਨਾਲ ਲਗਾ ਰੱਖੀ ਹੈ - ਸਮਝੇ? ਈਡੀਅਟ!"

ਮੈਂ ਸੋਚਿਆ - ਕਿਤੇ ਬਾਬੀ ਝਗੜਾ ਨਾ ਕਰ ਲਵੇ। ਅਸੂਲ ਦੇ ਖ਼ਿਲਾਫ਼ ਗੱਲ ਕਰ ਰਿਹਾ ਹੈ। ਆਪਣੇ ਆਪ ਨੂੰ ਹੀਰੋ ਸਾਬਿਤ ਕਰਨ ਲਈ ਲੜ ਨਾ

ਪਵੇ। ਮੈਂ ਆਪਣੀ ਥਾਂ ਤੋਂ ਉਠੀ ਤੇ ਹੌਲੀ ਨਾਲ ਪਿਛੋਂ ਦੀ ਜਾ ਕੇ ਉਸ ਦੇ ਮੂੰਹ ਵਿਚੋਂ ਸਿਗਰਟ ਕੱਢ ਕੇ ਫਰਸ਼ ਉੱਤੇ ਮਸਲ ਸੁੱਟੀ। ਬਾਬੀ ਨੇ ਮੈਨੂੰ ਨਹੀਂ ਸੀ ਦੇਖਿਆ। ਉਸ ਨੇ ਸਮਝਿਆ ਕਿ ਸਕਿਉਰਿਟੀ ਗਾਰਡ ਨੇ ਉਸਦੀ ਸਿਗਰਟ ਕੱਢ ਕੇ ਸੁੱਟ ਦਿਤੀ ਸੀ। ਗੁੱਸੇ ਵਿਚ ਉਸਨੇ ਸਕਿਉਰਿਟੀ ਗਾਰਡ ਨੂੰ ਗਲੋਂ ਫੜ ਲਿਆ ਤੇ ਗਰਜਿਆ, "ਤੇਰੀ ਇਹ ਹਿੰਮਤ ਕਿ ਮੇਰੇ ਮੂੰਹ ਵਿਚੋਂ ਸਿਗਰਟ ਕੱਢ ਲਵੇਂ?"

ਉਹ ਬੋਲਿਆ, "ਮੈਂ ਤੁਹਾਡੀ ਸਿਗਰਟ ਨਹੀਂ ਕੱਢੀ ਸਰ - "

"ਝੂਠ ਬੋਲਦਾ ਹੈ ਬਦਤਮੀਜ਼!"

ਬਾਬੀ ਨੇ ਉਸ ਨੂੰ ਧੱਕਾ ਦਿੱਤਾ ਤੇ ਬੈਰੇ ਦੇ ਹੱਥੋਂ ਟ੍ਰੇ ਡਿਗ ਪਈ ਤੇ ਦੋ ਗਲਾਸ ਟੁੱਟ ਗਏ। ਰੌਲਾ ਪੈ ਗਿਆ। ਇਸ ਤੋਂ ਪਹਿਲਾਂ ਕਿ ਬਾਬੀ ਉਸ ਨੂੰ ਘਸੁੰਨ ਕੱਢ ਮਾਰਦਾ ਮੈਂ ਵਿਚ ਪੈ ਕੇ ਬਚਾਉ ਕਰਨ ਦੀ ਕੋਸ਼ਿਸ਼ ਕੀਤੀ। ਉਹ ਗੁੱਸੇ ਵਿਚ ਤਿਲਮਿਲਾ ਉਠਿਆ, "ਛੱਡ ਦੇ ਮੈਨੂੰ! ਵੱਡੀ ਵਕੀਲ ਬਣ ਕੇ ਆਈ ਹੈ ਇਸ ਕੁੱਤੇ ਦੀ।" ਉਸ ਨੇ ਬੈਰੇ ਦੇ ਮੂੰਹ ਉੱਤੇ ਸੌ ਰੁਪਏ ਦਾ ਨੋਟ ਕੱਢ ਮਾਰਿਆ, "ਇਹ ਲੈ ਟੁੱਟੇ ਹੋਏ ਗਲਾਸਾਂ ਦੇ ਪੈਸੇ। ਬਾਕੀ ਤੇਰੀ ਟਿਪ। ਦਫ਼ਾ ਹੋ ਜਾਂ ਮੇਰੀਆਂ ਨਜ਼ਰਾਂ ਤੋਂ।"

ਮੈਨੂੰ ਇਸ ਕਿਸਮ ਦੀ ਗੁੰਡਾਗਰਦੀ ਦੇਖ ਕੇ ਵਹਿਸ਼ਤ ਹੋਈ। ਦਿਮਾਗ ਚਕਰਾ ਗਿਆ। ਮੈਂ ਡਾਂਸ ਫਲੋਰ ਤੋਂ ਬਾਹਰ ਨਿਕਲ ਗਈ। ਤੇ ਵੱਡੇ ਹਾਲ ਵਿਚੋਂ ਦੀ ਹੁੰਦੀ ਹੋਈ ਬਾਗ ਵਿਚ ਚਲੀ ਗਈ। ਪਤਾ ਨਹੀਂ ਮੈਂ ਕਿਧਰ ਜਾ ਰਹੀ ਸਾਂ। ਬਾਬੀ ਮੇਰਾ ਪਿੱਛਾ ਕਰ ਰਿਹਾ ਸੀ। ਘਾਹ ਦੀ ਪਟੜੀ ਦੇ ਕਿਨਾਰੇ ਲੱਗੇ ਹੋਏ ਬਿਜਲੀ ਦੇ ਖੰਭਿਆਂ ਨੂੰ ਠੁਡੇ ਮਾਰਦਾ ਹੋਇਆ ਆ ਰਿਹਾ ਸੀ। ਉਸ ਨੇ ਕਈ ਬਲਬ ਤੋੜ ਸੁਟੇ। ਮੈਂ ਦੌੜਨ ਲਗੀ।

"ਰੁਕ ਜਾ!" ਉਹ ਗਰਜਿਆ! "ਠਹਿਰ ਜਾ!"

ਪਰ ਮੈਂ ਨਾ ਰੁਕੀ। ਸਗੋਂ ਹੋਰ ਤੇਜ਼ ਹੋ ਗਈ। ਉਸ ਦੇ ਕਦਮ ਵੀ ਤੇਜ਼ ਹੋ ਗਏ। ਅਖ਼ੀਰ ਉਸ ਨੇ ਮੈਨੂੰ ਫੜ ਲਿਆ। ਉਸ ਦਾ ਮੋਟਾ ਜਿਸਮ ਪਸੀਨੇ ਨਾਲ ਭਿਜਿਆ ਪਿਆ ਸੀ। ਉਹ ਹਫ਼ ਰਿਹਾ ਸੀ। "ਕਿਥੇ ਜਾ ਰਹੀਂ ਹੈਂ? ਰਾਤ ਦੇ ਦੋ ਵਜੇ ਸੜਕ ਉੱਤੇ ਇਕੱਲੀ - ਅਵਾਰਾ ਰੰਡੀ ਵਾਂਗ!"

ਉਹ ਮੈਨੂੰ ਧੱਕੇ ਦੇਂਦਾ ਇਕ ਦਰੱਖਤ ਹੇਠਾਂ ਲੈ ਗਿਆ। ਮੈਂ ਚੀਖ਼ ਕੇ ਆਖਿਆ "ਛੱਡ ਦੇਹ ਮੈਨੂੰ! ਵਹਿਸ਼ੀ! ਕੁੱਤੇ!"

ਉਸ ਨੇ ਮੈਨੂੰ ਥੱਪੜ ਮਾਰਿਆ, "ਖਾਮੋਸ਼! ਚਲ ਮੇਰੇ ਨਾਲ ... ਜਹੱਨਮ ਵਿਚ ਵੀ ਤੇਰਾ ਪਿੱਛਾ ਨਹੀਂ ਛੱਡਾਂਗਾ। ਤੂੰ ਏਦਾਂ ਨਹੀਂ ਜਾ ਸਕਦੀ। ਰਾਤ ਦੇ ਹਨੇਰੇ ਵਿਚ ... ਅਵਾਰਾ, ਚੱਲ ਮੇਰੇ ਨਾਲ!"

ਉਸ ਨੇ ਮੈਨੂੰ ਆਪਣੀ ਕਾਰ ਵਿਚ ਸੁਟਿਆ ਤੇ ਤੇਜ਼ੀ ਨਾਲ ਚਲਾਉਂਦਾ ਹੋਇਆ ਮੈਨੂੰ ਮੇਰੇ ਫਲੈਟ ਵਿਚ ਲੈ ਆਇਆ। ਧੱਕਾ ਦੇ ਕੇ ਬੋਲਿਆ, "ਇਥੇ ਮਰ ਸਾਲੀਏ। ਮੇਰੇ ਨਾਲ ਟੱਕਰ ਲੈਂਦੀ ਹੈ? ਸਿੱਧੀ ਕਰ ਦਿਆਂਗਾ ਤੈਨੂੰ!"

ਉਸ ਦੀ ਸ਼ਕਲ ਦੇਖ ਕੇ ਮੈਂ ਸਹਿਮ ਗਈ। ਗੁੱਸੇ ਨਾਲ ਭਰਿਆ ਹੋਇਆ। "ਲੋਕਾਂ ਨਾਲ ਘੁੰਮਣ ਫਿਰਨ ਲਈ ਮਰਦੀ ਜਾਂਦੀ ਹੈ ਤੇ ਮੈਥੋਂ ਦੂਰ ਭੱਜਦੀ ਹੈ। ਦੱਸਦਾ ਹਾਂ ਤੈਨੂੰ ਇਸ ਦਾ ਮਜ਼ਾ। ਖੋਲ੍ਹ ਦਰਵਾਜ਼ਾ। ਖੋਲ੍ਹ ਵੀ।"

ਇਹ ਆਖ ਕੇ ਉਹ ਮੇਰੇ ਉਤੇ ਝਪਟਿਆ। ਮੈਂ ਕਿਹਾ, "ਕੀ ਹੋ ਗਿਆ ਹੈ ਤੈਨੂੰ? ਦਰਵਾਜ਼ਾ ਤਾਂ ਖੁਲ੍ਹਾ ਹੈ।"

ਉਸ ਨੇ ਮੈਨੂੰ ਥੱਪੜ ਮਾਰਿਆ।

"ਅੱਜ ਗਰਭਵਤੀ ਕਰਾਂਗਾ ਤੈਨੂੰ, ਆਪਣੇ ਬੇਟੇ ਦੀ ਮਾਂ ਬਣਾਵਾਂਗਾ ਤੈਨੂੰ।"

ਉਹ ਹਫ਼ਦਾ ਹੋਇਆ ਬੋਲ ਰਿਹਾ ਸੀ, "ਅੱਜ ਚਖਾਵਾਂਗਾ ਤੈਨੂੰ ਮਜ਼ਾ - ਮਹਾਂਭੋਗ ਦਾ। ਤੇਰਾ ਢਿਡ ਨਹੀਂ ਭਰਦਾ ਲੋਕਾਂ ਨੂੰ ਮਿਲ ਕੇ? ਮੈਂ ਭਰਾਂਗਾ ਤੇਰਾ ਢਿਡ ਅੱਜ!"

ਮੈਂ ਸਾਰਾ ਜ਼ੋਰ ਲਾ ਕੇ ਉਸ ਨੂੰ ਪਿੱਛੇ ਸੁੱਟਣ ਦੀ ਕੋਸ਼ਿਸ਼ ਕੀਤੀ। ਪਰ ਉਹ ਧੱਫੇ ਮਾਰਦਾ ਹੋਇਆ ਪੂਰੀ ਸ਼ਿੱਦਤ ਨਾਲ ਸੰਭੋਗ ਕਰ ਰਿਹਾ ਸੀ। ਮੇਰਾ ਮੂੰਹ ਖੁੱਲ੍ਹ ਗਿਆ ... ਤੇ ਸਾਹ ਰੁਕ ਗਿਆ। ਮੈਂ ਤੜਪ ਕੇ ਉਸ ਦੇ ਮੋਢੇ ਵਿਚ ਦੰਦ ਖੋਭ੍ਹ ਦਿੱਤੇ। ਪਰ ਉਸ ਨੂੰ ਪ੍ਰਵਾਹ ਨਹੀਂ ਸੀ। ਉਸ ਵਿਚ ਅੰਨ੍ਹੀ ਸ਼ਕਤੀ ਸੀ। ਕਿਸੇ ਗੁਝੇ ਬਦਲੇ ਦੀ ਭਾਵਨਾ।

ਮੈਂ ਚੀਖਣਾ ਚਾਹੁੰਦੀ ਸੀ ਪਰ ਗੁਆਂਢੀਆਂ ਤੇ ਲੋਕਾਂ ਦੇ ਡਰ ਤੋਂ ਸਿਰਫ਼ ਦੱਬੀਆਂ ਹੋਈਆਂ ਸਿਸਕੀਆਂ ਹੀ ਮੇਰੀ ਚੀਖ਼ ਸੀ। ਹੌਲੀ-ਹੌਲੀ ਉਸ ਦੇ ਜ਼ਬਰਦਸਤੀ ਭੋਗ ਵਿਚ ਅਜੀਬ ਗੰਧ ਤੇ ਹਫ਼ਦੀ ਹੋਈ ਵਹਿਸ਼ਤ ਵਿਚ ਮੈਨੂੰ ਆਨੰਦ ਆਉਣ ਲੱਗਾ। ਉਸ ਦੇ ਰਾਕਸ਼ਸੀ ਭੋਗ ਨੇ ਤੇ ਗਾਲ੍ਹਾਂ ਨੇ ਉਸ ਦੇ ਆਂਤਰਿਕ ਭਾਵਾਂ ਦੀ ਜਵਾਲਾ ਨੂੰ ਭੜਕਾ ਦਿੱਤਾ ਸੀ। ਮੈਂ ਵੀ ਉਸ ਨੂੰ ਉਸੇ ਭਾਵ ਵਿਚ ਜਕੜ ਲਿਆ। ਤੇ ਮੇਰੇ ਕੰਨਾਂ ਵਿਚ ਇਹ ਸ਼ਬਦ - "ਤੈਨੂੰ ਆਪਣੇ ਬੇਟੇ ਦੀ ਮਾਂ ਬਣਾਵਾਂਗਾ ਸਾਲੀਏ" - ਆਦਿਕਾਲੀਨ ਮੰਤਰ ਬਣ ਗਏ ਤੇ ਮੇਰਾ ਸਾਰਾ ਜਿਸਮ ਖੁਲ੍ਹ ਗਿਆ ...

ਕਿੰਨੀ ਜ਼ਾਲਿਮ ਸੀ ਇਹ ਰਾਤ। ਕਿੰਨੀ ਨਿਰਦਈ। ਕਿੰਨੀ ਘਿਨਾਉਣੀ!....ਮੇਰਾ ਸਰੀਰ ਕੰਬ ਰਿਹਾ ਸੀ। ਮੈਂ ਜ਼ਰੂਰ ਗਰਭਵਤੀ ਹੋ ਗਈ ਸਾਂ। ਗਰਭ ਠਹਿਰ ਗਿਆ ਤਾਂ ਕੀ ਹੋਵੇਗਾ ਮੇਰਾ ... ਕੀ ਕਰਾਂਗੀ ਮੈਂ .... ਕੀ ਕਰਦੀਆਂ ਨੇ ਔਰਤਾਂ? ਜੇ ਮੈਂ ਗਰਭਵਤੀ ਹੋ ਗਈ ਤਾਂ ਇਕੱਲੀ ਆਪਣੇ ਬੇਟੇ ਨੂੰ ਪਾਲਾਂਗੀ ... ਇਸ ਬੇਟੇ ਨੂੰ ... ਪਰ ਬੇਟਾ ਹੀ ਕਿਉਂ? ਬੇਟੀ ਵੀ ਤਾਂ ਹੋ ਸਕਦੀ

ਹੈ ... ਮੇਰੀ ਸੂਰਤ ... ਤੇ ਉਸ ਨੂੰ ਪਾਲਾਂਗੀ ... ਵੱਡੀ ਕਰਾਂਗੀ, ਪਰ ਕਿਵੇਂ? ਜ਼ਿੰਦਗੀ ਦਾ ਸਾਰਾ ਸੁੱਖ ਦੁੱਖ .... ਸੰਘਰਸ਼ .... ਭਾਵਨਾਵਾਂ .... ਸੁਪਨੇ ਸਭ ਕੁਝ ਖ਼ਤਮ।

ਤੇ ਫਿਰ ਗਰਭ ਗਿਰਾ ਦੇਵਾਂ? ਪਰ ਕਿਵੇਂ? ਮੈਂ ਤਾਂ ਕਿਸੇ ਡਾਕਟਰ ਨੂੰ ਵੀ ਨਹੀਂ ਸੀ ਜਾਣਦੀ ... ਸ਼ਾਇਦ ਡਾਕਟਰ ਜਾਂ ਕੋਈ ਨਰਸ ਮੈਨੂੰ ਬਿਸਤਰ ਉੱਤੇ ਲਿਟਾ ਕੇ ਕਿਸੇ ਤੇਜ਼ ਤਿਖੇ ਔਜ਼ਾਰ ਨਾਲ ਮੇਰੀ ਯੋਨੀ ਦੇ ਅੰਦਰ ... ਇਸ ਚਿਪਟੇ ਹੋਏ ਜੀਵ ਨੂੰ ਖੁਰਚ ਸੁਟੇ ... ਦਰਦ .... ਦਰਦ ਬੇਹਦ ਦਰਦ, ਜੋ ਮੈਂ ਸਹਿ ਨਾ ਸਕਾਂਗੀ .... ਡਰ ਨਾਲ ਮੇਰਾ ਸਿਰ ਚਕਰਾ ਰਿਹਾ ਸੀ। .... ਇਹ ਅਣਦੇਖੀ ਪੀੜ ਜੋ ਬੇਟਾ ਜੰਮਣ ਤੋਂ ਵੀ ਅਧਿਕ ਹੁੰਦੀ ਹੈ .... ਮੈਂ ਆਪਣੀਆਂ ਸਹੇਲੀਆਂ ਦੇ ਗਰਭਪਾਤ ਬਾਰੇ ਸੁਣਿਆ ਸੀ ... ਰੋਜ਼ੀ ਨੇ ਮੈਨੂੰ ਆਪਣੇ ਕਿੱਸੇ ਸੁਣਾਏ ਸਨ। ਉਹ ਖ਼ੁਦ ਤਿੰਨ ਵਾਰ ਗਰਭ ਗਿਰਾ ਚੁੱਕੀ ਸੀ। ਉਸ ਨੂੰ ਤਜਰਬਾ ਸੀ। ਉਹ ਇਕ ਡਾਕਟਰ ਨੂੰ ਵੀ ਜਾਣਦੀ ਸੀ ਤੇ ਨਰਸ ਨੂੰ ਵੀ ਜੋ ਇਹ ਕੰਮ ਕਰਦੀ ਸੀ। ਬੱਸ ਪੰਜ ਹਜ਼ਾਰ ਰੁਪਏ ਫੀਸ।

ਮੈਨੂੰ ਬਹੁਤ ਸਾਰੀਆਂ ਔਰਤਾਂ ਦਾ ਖ਼ਿਆਲ ਆਇਆ ... ਸੀਤਾ ਮਾਤਾ ਦਾ .... ਕੁੰਤੀ ਦਾ ... ਕਿਉਂ ਨਾ ਕੁੰਤੀ ਵਾਂਗ ਬੱਚਾ ਜੰਮ ਕੇ ਦਰਿਆਬੁਰਦ ਕਰ ਦੇਵਾਂ ....। ਸ਼ਾਇਦ ਮੈਂ ਕੋਈ ਪਾਪ ਕੀਤਾ ਹੋਵੇ। ਹਾਂ, ਇਕ ਵਾਰ ... ਮੈਂ ਸਹੁੰ ਖਾਧੀ ਸੀ ਕਿ ਜੇ ਇੱਛਾ ਪੂਰੀ ਹੋ ਗਈ ਤਾਂ ਦੁਰਗਾ ਮਾਤਾ ਦੇ ਮੰਦਿਰ ਵਿਚ ਜਾ ਕੇ ਸੌ ਰੁਪਏ ਦਾ ਪ੍ਰਸ਼ਾਦ ਤੇ ਛਤਰ ਚੜ੍ਹਾਵਾਂਗੀ। ਪਰ ਮੈਂ ਮੰਦਿਰ ਨਾ ਗਈ। ਸ਼ਾਇਦ ਦੇਵੀ ਨਾਰਾਜ਼ ਹੋ ਗਈ ਸੀ ... ਬੇਹਤਰ ਹੈ ਮੈ ਮੰਦਿਰ ਜਾ ਕੇ ਪ੍ਰਾਰਥਨਾ ਕਰਾਂ ... ਪਛਚਾਤਾਪ ਕਰਾਂ ... ਮੱਥਾ ਰਗੜਾਂ ...। ਜੇ ਦੇਵੀ ਮਾਤਾ ਮੈਨੂੰ ਇਸ ਬਿਪਤਾ ਤੋਂ ਮੁਕਤ ਕਰ ਦੇਵੇ .... ਇਸ ਪਾਪ ਤੋਂ .... ਪਾਪ? ਕੀ ਮਰਦ ਔਰਤ ਦਾ ਸੰਭੋਗ ਪਾਪ ਹੈ? ਨਹੀਂ! ਇਹ ਪਾਪ ਤਾਂ ਨਹੀਂ ਕੀਤਾ ਸੀ। ਮੇਰੀ ਮਰਜ਼ੀ ਤੋਂ ਬਿਨਾਂ ਤਾਂ ਨਹੀਂ ਸੀ ਬਾਬੀ ਨੇ ਮੈਨੂੰ ਫੜਿਆ ... ਇਕ ਡਰ ਜਿਹਾ ਦੌੜ ਗਿਆ ਮੇਰੇ ਅੰਦਰ ... ਮੈਂ ਕੰਬ ਉਠੀ .... ਇਕ ਤਿੱਖੀ ਪੀੜ ਜਿਹੀ ਜੋ ਮੇਰੇ ਪੇਟ ਵਿਚੋਂ ਹੁੰਦੀ ਹੋਈ ਮੇਰੀਆਂ ਛਾਤੀਆਂ ਤੇ ਮੇਰੇ ਸਿਰ ਵਿਚੋਂ ਦੀ ਚੰਗਿਆੜੇ ਖਿਲਾਰਦੀ ਹੋਈ ਲੰਘ ਗਈ ... ਇਕ ਬੇਹੋਸ਼ੀ ... ਕੰਬਦੀ ਹੋਈ ਅਰਧ-ਅਕਾਂਖਿਆ ... ਮੈਂ ਖ਼ਿਲਾਅ ਵਿਚਾਲੇ ਲਟਕ ਰਹੀ ਸਾਂ...

* * *

ਕਈ ਦਿਨ ਗੁਜ਼ਰ ਗਏ। ਮੈਂ ਬਾਹਰ ਖੁੱਲ੍ਹੀ ਛੱਤ ਉੱਤੇ ਬੈਠੀ ਢਲਦੀ ਹੋਈ ਸ਼ਾਮ ਨੂੰ ਦੇਖ ਰਹੀ ਸਾਂ। ਕੁਝ ਪਕਾਉਣ ਨੂੰ ਜੀਅ ਨਹੀਂ ਸੀ ਕਰਦਾ। ਨਾ ਕੁਝ ਖਾਣ ਨੂੰ। ਬੱਸ ਇਹੋ ਦਿਲ ਕਰਦਾ ਸੀ ਕਿ ਇਸੇ ਤਰ੍ਹਾਂ ਗੁੰਮ ਸੁੰਮ ਬੈਠੀ ਰਹਾਂ।

ਸ਼ਾਮ ਨੂੰ ਬਾਬੀ ਮੈਨੂੰ ਮਿਲਣ ਆਇਆ। ਉਸ ਦੇ ਚਿਹਰੇ ਉੱਤੇ ਪ੍ਰੇਸ਼ਾਨੀ ਸੀ... ਫ਼ਿਕਰ ਦੀਆਂ ਲਕੀਰਾਂ। ਉਹ ਮੇਰੇ ਲਾਗੇ ਬੈਠ ਗਿਆ। ਕੁਝ ਦੇਰ ਚੁੱਪ ਬੈਠਾ ਮੈਨੂੰ ਦੇਖਦਾ ਰਿਹਾ। ਫਿਰ ਉਸਨੇ ਪਿਆਰ ਨਾਲ ਮੇਰਾ ਹੱਥ ਫੜਿਆ।

ਮੈਂ ਹੱਥ ਛੁਡਾ ਕੇ ਕਿਹਾ, "ਨਾ ਛੂਹ ਮੈਨੂੰ! ਹੱਥ ਨਾ ਲਗਾ, ਸਮਝਿਆ? ਨਾ ਛੂਹ ਮੈਨੂੰ। ਮੈਨੂੰ ਵਹਿਸ਼ਤ ਹੁੰਦੀ ਹੈ ਤੈਥੋਂ। ਜਾਣਦਾ ਹੈਂ ਕੀ ਹੋਇਆ ਉਸ ਰਾਤ? ਪਤਾ ਹੈ ਤੈਨੂੰ ਉਸ ਰਾਤ ਦਾ? ਉਸ ਰਾਤ... ਮੇਰੇ ਸਰੀਰ ਵਿਚ ਅਜੀਬ ਗੰਧ ਘੁਲ ਗਈ ਹੈ। ਮੈਨੂੰ ਪਤਾ ਨਹੀਂ ਲਗਦਾ ਹੈ ਕਿ ਮੈਂ ਕੀ ਕਰਾਂ ... ਮੈਨੂੰ ਗਰਭ ਠਹਿਰ ਗਿਆ ਹੈ।...."

ਉਹ ਮੁਜ਼ਰਿਮਾਂ ਵਾਂਗ ਬੈਠ ਰਿਹਾ। ਫਿਰ ਹਿੰਮਤ ਕਰਕੇ ਬੋਲਿਆ, "ਸ਼ਾਲੂ ਫ਼ਿਕਰ ਨਾ ਕਰ, ਕੁਝ ਨਹੀਂ ਹੋਵੇਗਾ। ਤੇ ਜੇ ਕੁਝ ਹੋ ਗਿਆ ਤਾਂ ਮੈਂ ਤੇਰੇ ਨਾਲ ਹਾਂ..."

"ਫ਼ਿਕਰ ਕਿਉਂ ਨਾ ਕਰਾਂ? ਮੈਂ ਉਬਲ ਰਹੀ ਹਾਂ ਅੰਦਰੋਂ। ਕਿੰਨਾ ਅਸਾਨ ਹੈ ਇਹ ਆਖ ਦੇਣਾ ਕਿ ਫ਼ਿਕਰ ਨਾ ਕਰ। ਹਰ ਮਰਦ ਇਹ ਫ਼ਜ਼ੂਲ ਗੱਲ ਆਖਦਾ ਹੈ? ਇਸੇ ਤਰ੍ਹਾਂ ਭੌਂਕਦਾ ਹੈ – ਫ਼ਿਕਰ ਨਾ ਕਰ, ਗਰਭ ਗਿਰਾ ਦਿਆਂਗੇ, ਫ਼ਿਕਰ ਨਾ ਕਰ – ਪਰ ਮੈਨੂੰ ਫ਼ਿਕਰ ਹੈ। ਸੁਣ ਰਿਹਾ ਹੈਂ ਤੂੰ? ਮੇਰੇ ਜ਼ਿਹਨ ਵਿਚ ... ਦਿਮਾਗ ਵਿਚ ਹਲਚਲ ਹੈ .... ਮੈਂ ਸੋਚ ਨਹੀਂ ਸਕਦੀ ... ਕੁਝ ਸੋਚ ਨਹੀਂ ਸਕਦੀ – ਬੱਸ ਇਕ ਹੀ ਫ਼ਿਕਰ ਖਾਈ ਜਾ ਰਹੀ ਹੈ – ਜੇ ਕੁਝ ਹੋ ਗਿਆ ਤਾਂ–"

"ਸ਼ਾਲੂ, ਮੈਂ ਤੇਰੇ ਨਾਲ ਸ਼ਾਦੀ ਕਰਾਂਗਾ।"

"ਸ਼ਾਦੀ? ਬਕਵਾਸ ਬੰਦ ਕਰ। ਮੈਂ ਤੈਨੂੰ ਸੌ ਵਾਰ ਕਹਿ ਚੁੱਕੀ ਹਾਂ ਕਿ ਮੈਂ ਸ਼ਾਦੀ ਨਹੀਂ ਕਰਨਾ ਚਾਹੁੰਦੀ। ਹੁਣ ਤੀਕ ਇਕ ਨਰਕ 'ਚੋਂ ਨਿਕਲੀ ਨਹੀਂ, ਤਲਾਕ ਨਹੀਂ ਹੋਇਆ ... ਤੇ ਤੂੰ ਸ਼ਾਦੀ ਦੀ ਸੋਚ ਰਿਹਾ ਹੈਂ? ਉਹ ... ਉਹ ... ਕੀ ਉਹ ਤੇਰੀ ਚਾਲ ਸੀ ਕਿ ਮੈਂ ਗਰਭਵਤੀ ਹੋ ਜਾਵਾਂ ਤੇ ਤੂੰ ਮੇਰੇ ਨਾਲ ਸ਼ਾਦੀ ਕਰ ਲਵੇਂ ਤੇ ਮੈਨੂੰ ਬੀਵੀ ਬਣਾ ਦੇ ਘਰ ਦੀ ਚਾਰਦੀਵਾਰੀ ਵਿਚ ਕੈਦ ਕਰ ਦੇਵੇਂ? ਹੱਥ ਨਾ ਲਾ ਮੈਨੂੰ! ਮੈਂ ਤੇਰੇ ਨਾਲ ਸ਼ਾਦੀ ਨਹੀਂ ਕਰਨਾ ਚਾਹੁੰਦੀ। ਬਿਲਕੁਲ ਨਹੀਂ। ਮੈਂ ਸ਼ਾਦੀ ਲਈ ਨਹੀਂ ਬਣੀ। ਮੈਂ ਇਕ ਔਰਤ ਦੇ ਤੌਰ ਤੇ ਰਹਿਣਾ ਚਾਹੁੰਦੀ ਹਾਂ – ਬੀਵੀ ਬਣ ਕੇ ਨਹੀਂ – ਸਿਰਫ਼ ਔਰਤ। ਸਮਝਿਆ ਤੂੰ? ਔਰਤ। ਜਾਣਦਾ ਹੈ ਔਰਤ ਸ਼ਬਦ ਦੇ ਮਾਇਨੇ? ਸਮਝਦਾ ਹੈਂ ਇਸ ਦਾ ਮਤਲਬ? ਪਰ ਤੂੰ ਤਾਂ ਇਕੋ ਗੱਲ ਦੀ ਰਟ ਲਾਈ ਹੋਈ ਹੈ – ਔਰਤ ਕੀ ਹੈ? ਮਾਂ ... ਭੈਣ ... ਬੇਟੀ। ਬਾਰ ਬਾਰ ਇਹ ਸ਼ਬਦ ਦੁਹਰਾਉਂਦਾ ਹੈ ਔਰਤ ਦੇ ਬਾਰੇ ਵਿਚ। ਪਰ ਬਾਬੀ ਤੂੰ ਨਹੀਂ ਸਮਝਦਾ .... ਤੂੰ ਜਾਣਦਾ ਹੀ ਨਹੀਂ ...

ਨਫ਼ਰਤ ਉਬਲ ਰਹੀ ਹੈ ਮੇਰੇ ਅੰਦਰ।"

ਉਹ ਚੁੱਪ ਹੋ ਗਿਆ। ਪ੍ਰੇਸ਼ਾਨ ਨਜ਼ਰਾਂ ਨਾਲ ਦੇਖਣ ਲੱਗਾ। ਫਿਰ ਬੋਲਿਆ, "ਸ਼ਾਲੂ, ਸ਼ਾਦੀ ਨਹੀਂ ਕਰਨਾ ਚਾਹੁੰਦੀ ਤਾਂ ਠੀਕ ਹੈ, ਸ਼ਾਦੀ ਤੋਂ ਬਗੈਰ ਰਹਾਂਗੇ... ਵੱਖਰੇ ਵੱਖਰੇ, ਪਰ ਇਕੱਠੇ ... ਜੇ ਤੂੰ ਲੋਕਾਂ ਨੂੰ ਕਹਿਣਾ ਚਾਹੁੰਦੀ ਹੈਂ ਕਿ ਤੂੰ ਸ਼ਾਦੀਸ਼ੁਦਾ ਹੈਂ, ਮੇਰੀ ਬੀਵੀ ਹੈਂ, ਪਰ ਦਰਅਸਲ ਸ਼ਾਦੀ ਨਹੀਂ ਕਰਨਾ ਚਾਹੁੰਦੀ ਤਾਂ ਵੀ ਠੀਕ ਹੈ। ਮੈਨੂੰ ਇਹ ਵੀ ਮਨਜ਼ੂਰ ਹੈ .... ਮੈਂ ਤੇਰੀ ਦੇਖ ਭਾਲ ਕਰਾਂਗਾ ਤੇ ਬੱਚੇ ਦੀ ਵੀ ... ਮੈਨੂੰ ਹਰ ਚੀਜ਼ ਮੰਨਜ਼ੂਰ ਹੈ, ਹਰ ਸ਼ਰਤ ਮੰਨਜ਼ੂਰ ਹੈ। ਜਿਵੇਂ ਵੀ ਤੂੰ ਖੁਸ਼ ਰਹੇਂ...."

"ਖੁਸ਼? ਕਿਸਦੀ ਖੁਸ਼ੀ? ਮੈਂ ਕਿਵੇਂ ਖੁਸ਼ ਰਹਿ ਸਕਦੀ ਹਾਂ? ਮੈਂ ... ਮੈਂ ਤੇਰਾ ਗਲਾ ਕੱਟ ਕੇ ਹੀ ਖੁਸ਼ ਹੋ ਸਕਦੀ ਹਾਂ। ਸਮਝਿਆ? ਖੁਸ਼ੀ ਦੀ ਗੱਲ ਨਾ ਕਰ। ਇਹ ਬਹੁਤ ਜ਼ਲੀਲ ਜਜ਼ਬਾ ਹੈ। ਸ਼ਰਾਬ ਪੀ ਕੇ ਤੁਸੀਂ ਮਰਦ ਖੁਸ਼ ਹੁੰਦੇ ਹੋ.... ਹੋਟਲਾਂ ਵਿਚ ਡਿਨਰ ਖਾ ਕੇ ... ਔਰਤ ਨਾਲ ਸੰਭੋਗ ਕਰਕੇ। ਬਸ ਤੁਹਾਨੂੰ ਖੁਸ਼ੀ ਚਾਹੀਦੀ ਹੈ। ਪਰ ਮੈਂ ਖੁਸ਼ੀ ਨਹੀਂ ਚਾਹੁੰਦੀ ....ਆਪਣੀ ਹੋਣੀ ਨੂੰ ਪਛਾਨਣਾ ਚਾਹੁੰਦੀ ਹਾਂ, ਦੱਸ ਮੈਂ ਤੇਰੀ ਕੀ ਲੱਗਦੀ ਹਾਂ? ਤੂੰ ਕੀ ਲਗਦਾ ਹੈਂ ਮੇਰਾ? ਜਾਣਦਾ ਹੈ ਮੈਂ ਕੀ ਹਾਂ? ਮੈਂ ਸਿਰਫ਼ ਤੇਰੀ ਰਖੇਲ ਬਣ ਗਈ ਹਾਂ। ਰਖੇਲ! ਪੰਜ ਹਜ਼ਾਰ ਰੁਪੱਈਆ ਤਨਖਾਹ ਵਾਲੀ ਰੰਡੀ। ਔਰਤ ਬਣਦਿਆਂ ਬਣਦਿਆਂ ਮੈਂ ਤੇਰੀ ਰਖੇਲ ਬਣ ਗਈ। ਮੈਂ ਕੀ ਹਾਂ? ਦੱਸ ਮੈਨੂੰ? ਕਿਥੇ ਹਾਂ ਮੈਂ? ਸਮਾਜ ਵਿਚ ਮੇਰੀ ਕੀ ਥਾਂ ਹੈ? ਤੂੰ ਮੇਰੇ ਨਾਲ ਮੁਹੱਬਤ ਕੀਤੀ ਪਰ ਦਿਲ ਹੀ ਦਿਲ ਵਿਚ ਮੈਨੂੰ ਰਖੇਲ ਸਮਝਿਆ... ਚਲਾ ਜਾਹ। ਨਿਕਲ ਜਾਹ ਇਥੋਂ। ਮੈਂ ਤੈਨੂੰ ਮਿਲਣਾ ਨਹੀਂ ਚਾਹੁੰਦੀ.... ਮੈਂ ਇਥੋਂ ਦੌੜ ਜਾਣਾ ਚਾਹੁੰਦੀ ਹਾਂ ... ਛੁਪ ਜਾਣਾ ਚਾਹੁੰਦੀ ਹਾਂ ਕਿਧਰੇ ... ਆਪਣੀ ਮਾਂ ਕੋਲ ਚਲੀ ਜਾਵਾਂ .... ਜਾਂ ਕਿਸੇ ਸਹੇਲੀ ਕੋਲ... ਜਾਂ ਭੈਣ ਕੋਲ....। ਪਰ ਹਾਏ ਰੱਬਾ, ਮੇਰਾ ਸਿਰ ਪਾਟਿਆ ਜਾ ਰਿਹਾ ਹੈ। ਬਾਬੀ .... ਸੁਣ ਰਿਹਾ ਹੈਂ ਬਾਬੀ? ਦੂਰ ਹੋ ਜਾ ਮੇਰੀਆਂ ਨਜ਼ਰਾ ਤੋਂ!"

ਉਸ ਨੇ ਮੇਰਾ ਹੱਥ ਫੜ ਕੇ ਆਖਿਆ, "ਸ਼ਾਲੂ, ਆਪਣੇ ਆਪ ਨੂੰ ਤਬਾਹ ਨਾ ਕਰ। ਤੂੰ ਚਲੀ ਗਈ ਤਾਂ ਮੈਂ ਤੈਨੂੰ ਲੱਭਦਾ ਫਿਰਾਂਗਾ ... ਸੜਕਾਂ ਤੇ ... ਹੋਟਲਾਂ ਵਿਚ ... ਪਤਾ ਨਹੀਂ ਕਿੱਥੇ -ਕਿੱਥੇ। ਤੂੰ ਇੱਥੇ ਹੀ ਰਹਿ, ਇਸ ਫਲੈਟ ਵਿਚ। ਮੈਂ ਚਲਾ ਜਾਂਦਾ ਹਾਂ...."

ਉਹ ਉੱਠਿਆ ਤੇ ਚਲਾ ਗਿਆ। ਮੈਂ ਉਸ ਦੇ ਕਦਮਾਂ ਦੀ ਆਹਟ ਸੁਣਦੀ ਰਹੀ। ਫਿਰ ਖ਼ਾਮੋਸ਼ੀ ਛਾ ਗਈ। ਮੈਂ ਏਧਰ ਓਧਰ ਦੇਖਿਆ। ਕਮਰਾ ਬਹੁਤ ਵੀਰਾਨ ਤੇ ਖ਼ਾਲੀ-ਖ਼ਾਲੀ ਨਜ਼ਰ ਆਇਆ। ਮੇਰੀ ਜ਼ਿੰਦਗੀ ਵਾਂਗ।

## 6

**ਮੈਂ** ਆਪਣੇ ਕਮਰੇ ਵਿਚ ਲੇਟੀ ਹੋਈ ਸਾਂ। ਉਸ ਵੇਲੇ ਭੂਸ਼ਣ ਮੈਨੂੰ ਮਿਲਣ ਆਇਆ। ਉਹ ਤੇ ਬਾਬੀ ਇਕੱਠੇ ਨਿਊਯਾਰਕ ਗਏ ਸਨ। ਬਾਬੀ ਮੈਨੂੰ ਹਰ ਰੋਜ਼ ਅੱਧਾ ਅੱਧਾ ਘੰਟਾ ਟੈਲੀਫ਼ੋਨ ਕਰਦਾ - ਚਾਹੇ ਬਰਫ਼ ਪੈ ਰਹੀ ਹੋਵੇ ਚਾਹੇ ਉਹ ਕਿਸੇ ਹੋਟਲ ਵਿਚ ਹੋਵੇ, ਚਾਹੇ ਭੂਸ਼ਣ ਕੋਲ ਬੈਠਾ ਮੇਰੀਆਂ ਗੱਲਾਂ ਕਰ ਰਿਹਾ ਹੋਵੇ। ਭੂਸ਼ਣ ਆਪਣੇ ਬਾਪ ਦੀ ਬਿਮਾਰੀ ਦੀ ਖ਼ਬਰ ਸੁਣ ਕੇ ਪਹਿਲਾਂ ਹੀ ਦਿੱਲੀ ਵਾਪਿਸ ਆ ਗਿਆ ਸੀ।

ਬਾਬੀ ਉੱਥੇ ਰੁਕਿਆ ਰਿਹਾ।

ਮੈਨੂੰ ਦੇਖ ਕੇ ਭੂਸ਼ਣ ਬੋਲਿਆ, "ਬਹੁਤ ਉਦਾਸ ਨਜ਼ਰ ਆ ਰਹੀ ਹੈਂ। ਫ਼ਿਕਰ ਨਾ ਕਰ, ਬਾਬੀ ਜਲਦੀ ਵਾਪਿਸ ਆ ਜਾਵੇਗਾ।"

ਮੈਂ ਕਿਹਾ, "ਪਾਗਲ ਨਿਊਯਾਰਕ ਵਿਚ ਹੀ ਠਹਿਰ ਗਿਆ ਹੈ। ਗੋਰੀਆਂ ਉੱਤੇ ਲੱਟੂ ਹੋ ਗਿਆ ਹੋਣਾ ਹੈ ਉੱਥੇ। ਮੈਂ ਇਥੇ ਬੋਰ ਹੋ ਰਹੀ ਹਾਂ।"

ਭੂਸ਼ਣ ਬੋਲਿਆ, "ਇਕ ਦੋਸਤ ਦੇ ਘਰ ਪਾਰਟੀ ਹੈ। ਤੂੰ ਸਾਰਿਆਂ ਨੂੰ ਜਾਣਦੀ ਹੈਂ। ਚਲੇਂਗੀ ਮੇਰੇ ਨਾਲ?"

"ਨਹੀਂ, ਮੈਂ ਕਿਤੇ ਨਹੀਂ ਜਾਣਾ ਚਾਹੁੰਦੀ।"

ਉਹ ਬੋਲਿਆ, "ਉਥੇ ਲੋਕਾਂ ਨੂੰ ਮਿਲੇਂਗੀ ਤਾਂ ਤਬੀਅਤ ਠੀਕ ਹੋ ਜਾਵੇਗੀ। ਬਹੁਤ ਸਾਰੀਆਂ ਲੜਕੀਆਂ ਹਨ ਉਸ ਪਾਰਟੀ ਵਿਚ ਜੋ ਤੈਨੂੰ ਜਾਣਦੀਆਂ ਹਨ। ਕੁਝ ਮਾਡਲ ਵੀ ਹਨ ...ਮੁਲਾਕਾਤ ਹੋ ਜਾਏਗੀ ...ਜਲਦੀ ਵਾਪਿਸ ਆ ਜਾਵਾਂਗੇ। ਠੀਕ?"

"ਅੱਛਾ!"

"ਮੈਂ ਤਿਆਰ ਹੋ ਕੇ ਨੌਂ ਵਜੇ ਆ ਜਾਵਾਂਗਾ।" ਤੇ ਉਹ ਚਲਾ ਗਿਆ। ਕੁਝ ਦੇਰ ਮੈਂ ਇਸੇ ਤਰ੍ਹਾਂ ਲੇਟੀ ਹੋਈ ਸੋਚਦੀ ਰਹੀ। ਫਿਰ ਉਠੀ। ਗਰਮ ਪਾਣੀ ਨਾਲ ਨਹਾਤੀ। ਚੁਸਤ ਜੀਨਜ਼ ਤੇ ਬਾਗਿਆਨਾ ਚੋਲੀ ਪਾਈ, ਜਿਸ ਵਿਚੋਂ ਮੇਰਾ ਜਿਸਮ ਝਾਕਦਾ ਸੀ। ਹੋਠਾਂ ਉੱਤੇ ਚਾਕਲੇਟ ਰੰਗ ਦੀ ਲਿਪਸਟਿਕ ਲਗਾਈ, ਅੱਖਾਂ ਵਿਚ ਕੱਜਲ। ਸ਼ੀਸ਼ੇ ਵਿਚ ਆਪਣੇ ਆਪ ਨੂੰ ਦੇਖਿਆ। ਇਕ ਦੂਸਰੀ ਸ਼ਾਲੂ ਹੀ ਮੁਸਕਰਾ ਰਹੀ ਸੀ।

ਠੀਕ ਨੌਂ ਵਜੇ ਭੂਸ਼ਣ ਆ ਗਿਆ। ਬੋਲਿਆ, "ਚਲ, ਚਲੀਏ!"

ਮੈਂ ਬਾਹਰ ਆ ਕੇ ਦੇਖਿਆ, ਕਾਰ ਵਿਚ ਪਿੱਛਲੀ ਸੀਟ ਉੱਤੇ ਇਕ ਮੇਮ

ਤੇ ਉਸ ਦਾ ਨੌਜੁਆਨ ਬੁਆਏ ਫ੍ਰੈਂਡ ਬੈਠੇ ਸਨ। ਬਾਹਾਂ ਵਿਚ ਬਾਹਾਂ ਪਾਈਂ। ਮੇਮ ਕੋਲੋਂ ਫ੍ਰੈਂਚ ਸੈਂਟ ਦੀ ਖੁਸ਼ਬੂ ਆ ਰਹੀ ਸੀ। ਮੈਂ ਅਗਲੀ ਸੀਟ ਉੱਤੇ ਭੂਸ਼ਣ ਨਾਲ ਬੈਠ ਗਈ।

ਥੋੜ੍ਹੀ ਦੇਰ ਪਿਛੋਂ ਅਸੀਂ ਪਾਰਟੀ ਵਿਚ ਪਹੁੰਚੇ। ਮੈਂ ਇਕ ਗਲਾਸ ਵਾਈਨ ਦਾ ਪੀਤਾ। ਉਸ ਨੇ ਦੋ ਪੈੱਗ ਵਿਸਕੀ ਦੇ। ਗੱਲਾਂ ਕਰਦਿਆਂ ਰਾਤ ਦੇ ਬਾਰਾਂ ਵੱਜ ਗਏ। ਵਿਚ ਵਿਚਾਲੇ ਡਾਂਸ ਵੀ ਕੀਤਾ। ਮੇਮ ਨੇ ਆਪਣੇ ਬੁਆਏ ਫ੍ਰੈਂਡ ਨਾਲ ਤੇ ਮੈਂ ਭੂਸ਼ਣ ਨਾਲ।

ਭੂਸ਼ਣ ਤੇ ਉਸਦਾ ਅੰਗਰੇਜ਼ ਦੋਸਤ ਅੱਧੀ ਰਾਤ ਤੀਕ ਨੱਚਦੇ ਰਹੇ। ਮੈਂ ਉਹਨਾਂ ਨੂੰ ਦੇਖਦੀ ਰਹੀ।

ਪਾਰਟੀ ਖਤਮ ਹੋਣ ਪਿਛੋਂ ਭੂਸ਼ਣ ਮੈਂ ਤੇ ਦੋਵੇਂ ਅੰਗਰੇਜ਼-ਲੜਕਾ ਲੜਕੀ, ਕਾਰ ਵਿਚੇ ਬੈਠੇ। ਭੂਸ਼ਣ ਨੇ ਕਾਰ ਸਟਾਰਟ ਕੀਤੀ ਤੇ ਉਸ ਅੰਗਰੇਜ਼ ਜੋੜੇ ਨੂੰ, ਜੋ ਚੁਮਾ ਚੱਟੀ ਵਿਚ ਮਸਰੂਫ਼ ਸਨ, ਉਹਨਾਂ ਦੇ ਗੈਸਟ ਹਾਊਸ ਵਿਚ ਉਤਾਰਿਆ। ਫਿਰ ਉਹ ਮੈਨੂੰ ਛੱਡਣ ਲਈ ਚਲ ਪਿਆ।

ਥੋੜ੍ਹੀ ਦੇਰ ਪਿਛੋਂ ਉਸ ਨੇ ਆਖਿਆ, ਆਪਣਾ ਹੱਥ ਏਧਰ ਕਰ। ਮੈਂ ਨਸ਼ੇ ਵਿਚ ਨਹੀਂ, ਸਮਝੀ!" ਇਹ ਕਹਿ ਕੇ ਉਸ ਨੇ ਮੇਰਾ ਹੱਥ ਚੁੰਮ ਲਿਆ। ਲੜਖੜਾਉਂਦੀ ਆਵਾਜ਼ ਵਿਚ ਬੋਲਿਆ, "ਆਈ ਲਵ ਯੂ, ਸ਼ਾਲੂ! ਆਈ ਲਵ ਯੂ!"

ਮੈਂ ਉਸ ਦਾ ਹੱਥ ਝਟਕ ਦਿੱਤਾ। ਉਸ ਨੇ ਫਿਰ ਆਪਣਾ ਹੱਥ ਮੇਰੇ ਪੱਟ ਉੱਤੇ ਰੱਖਿਆ ਤੇ ਜ਼ਬਰਦਸਤੀ ਚੁੰਮਣ ਲੱਗਾ। ਮੈਂ ਆਖਿਆ, "ਪਾਗਲ ਹੋ ਗਿਆ ਹੈਂ ਤੂੰ? ਬੀਹੇਵ ਯੂਅਰ ਸੈਲਫ਼!"

ਪਰ ਉਹ ਬਾਜ਼ ਨਾ ਆਇਆ। ਉਸ ਦਾ ਹੱਥ ਸਟੇਅਰਿੰਗ ਉੱਤੇ ਸੀ ਤੇ ਦੂਸਰੇ ਹੱਥ ਨਾਲ ਉਹ ਮੈਨੂੰ ਦਬੋਚ ਕੇ ਚੁੰਮ ਰਿਹਾ ਸੀ। ਮੈਂ ਗੁੱਸੇ ਵਿਚ ਭੜਕ ਕੇ ਉਸ ਨੂੰ ਰੋਕਿਆ।

ਮੇਰੀ ਖ਼ੂਬਸੂਰਤੀ ਮੇਰੇ ਲਈ ਸਰਾਪ ਬਣ ਗਈ। ਹਰ ਕੋਈ ਇਹੋ ਆਖਦਾ, 'ਮੈਨੂੰ ਤੇਰੇ ਨਾਲ ਮੁਹੱਬਤ ਹੈ ਸ਼ਾਲੂ, ਮੈਂ ਤੇਰੇ ਬਿਨਾਂ ਜ਼ਿੰਦਾ ਨਹੀਂ ਰਹਿ ਸਕਦਾ' - ਬੱਸ ਇਸੇ ਤਰ੍ਹਾਂ ਦੇ ਘਿਸੇ ਪਿਟੇ ਫ਼ਿਕਰੇ ਜੋ ਫ਼ਿਲਮਾਂ ਵਿਚ ਹੀਰੋ ਆਪਣੀ ਹੀਰੋਇਨ ਨੂੰ ਕਹਿੰਦਾ ਹੈ। ਮੈਂ ਆਪਣੇ ਚਾਹੁਣ ਵਾਲਿਆਂ ਦੇ ਫ਼ਿਕਰੇ ਸੁਣਦੀ ਤਾਂ ਬਾਸੀ ਲਗਦੇ। ਬੁਝੇ ਹੋਏ ਫ਼ਿਕਰੇ।

ਥੋੜ੍ਹੀ ਦੇਰ ਪਿਛੋਂ ਉਸ ਨੇ ਫਿਰ ਆਪਣਾ ਹੱਥ ਮੇਰੇ ਪੱਟ ਉੱਤੇ ਰੱਖ ਦਿੱਤਾ। ਮੈਂ ਉਸ ਨੂੰ ਡਾਂਟਿਆ। ਉਸ ਨੇ ਕਾਰ ਤੇਜ਼ ਕਰ ਦਿੱਤੀ। ਪਾਗਲਾਂ ਵਾਂਗ ...ਕਾਰ ਮੋੜ ਕੱਟਦੀ ਹੋਈ ਤੇਜ਼ੀ ਨਾਲ ਦੌੜ ਰਹੀ ਸੀ। ਮੈਨੂੰ ਡਰ ਲੱਗ ਰਿਹਾ ਸੀ।

ਇਹ ਜ਼ਰੂਰ ਕਿੱਧਰੇ ਟੱਕਰ ਮਾਰ ਦੇਵੇਗਾ। ਮੈਂ ਮਿੰਨਤ ਕੀਤੀ, "ਰੱਬ ਦੇ ਵਾਸਤੇ ਕਾਰ ਤੇਜ਼ ਨਾ ਚਲਾ ...ਮੈਨੂੰ ਡਰ ਲਗਦਾ ਹੈ।" ਬਾਬੀ ਵੀ ਕਈ ਵਾਰ ਇਹੋ ਜਿਹੇ ਖ਼ਤਰਨਾਕ ਤਮਾਸ਼ੇ ਕਰ ਚੁਕਾ ਸੀ। ਮੈਂ ਚੀਖ਼ ਕੇ ਆਖਿਆ, "ਭੂਸ਼ਣ ਗੱਡੀ ਰੋਕ!"

ਪਰ ਉਸ ਉੱਤੇ ਕੋਈ ਭੂਤ ਸਵਾਰ ਸੀ। ਮੈਂ ਸਹਿਮ ਗਈ। ਉਸ ਦੀਆਂ ਖ਼ੌਫ਼ਨਾਕ ਅੱਖਾਂ ਦੇਖ ਕੇ, ਮੈਂ ਉਸ ਦਾ ਹੱਥ ਫੜ ਲਿਆ। ਤਾਂ ਕਿ ਉਹ ਸ਼ਾਂਤ ਹੋ ਜਾਵੇ। ਪਰ ਉਸ ਦੀਆਂ ਵਹਿਸ਼ੀ ਹਰਕਤਾਂ ਤੇ ਜਬਰੀ ਪਿਆਰ ਨੇ ਮੈਨੂੰ ਪ੍ਰੇਸ਼ਾਨ ਕਰ ਦਿੱਤਾ। ਗੁੱਸਾ ਆ ਰਿਹਾ ਸੀ ਮੈਨੂੰ। ਮੈਂ ਖਿੜਕੀ ਦਾ ਸ਼ੀਸ਼ਾ ਖੋਲ੍ਹ ਕੇ ਆਪਣਾ ਸਿਰ ਉਸ ਦੀ ਬਾਹੀ ਉੱਤੇ ਰੱਖ ਦਿੱਤਾ। ਮੇਰੇ ਲੰਮੇ ਵਾਲ ਖੁੱਲ੍ਹ ਗਏ।

ਉਸ ਨੇ ਮੈਨੂੰ ਵਾਲਾਂ ਤੋਂ ਫੜਿਆ ਤੇ ਜ਼ੋਰ ਨਾਲ ਖਿੱਚ ਕੇ ਮੈਨੂੰ ਫਿਰ ਚੁੰਮਣ ਲੱਗਾ। ਮੈਂ ਆਪਣੇ ਆਪ ਨੂੰ ਉਸ ਕੋਲੋਂ ਛੁਡਾਉਣ ਦੀ ਕੋਸ਼ਿਸ਼ ਕੀਤੀ।

ਗੁੱਸੇ ਵਿਚ ਤੜਪ ਕੇ ਮੈਂ ਉਸ ਨੂੰ ਧੱਕਾ ਦਿੱਤਾ ਤੇ ਮੇਰੀਆਂ ਅੱਖਾਂ ਵਿਚੋਂ ਅੱਥਰੂ ਟੱਪਕਣ ਲੱਗੇ। ਭੂਸ਼ਣ ਦੀ ਤਸਵੀਰ ਜੋ ਮੇਰੇ ਮਨ ਅੰਦਰ ਸੀ ਚਕਨਾਚੂਰ ਹੋ ਗਈ। ਮੇਰੀਆਂ ਹਿਚਕੀਆਂ ਉੱਚੀਆਂ ਹੋ ਗਈਆਂ। ਅੱਖਾਂ ਦਾ ਕੱਜ਼ਲ ਵਗ ਗਿਆ ...ਲਿਪਸਟਿਕ ਪਿਘਲ ਗਈ ...ਮੇਰੇ ਉਲਝੇ ਹੋਏ ਵਾਲਾ ਹਵਾ ਵਿਚ ਉੱਡ ਰਹੇ ਸਨ। ਚੁੜੇਲ ਵਾਂਗ। ਚਾਹੁੰਦੀ ਸਾਂ ਮੈਂ ਬਿਲਕੁਲ ਚੁੜੇਲ ਬਣ ਜਾਵਾਂ ...ਬਦਸੂਰਤ ...ਬਦਸ਼ਕਲ ਚੁੜੇਲ!

ਕਾਰ ਹੌਲੀ ਹੌਲੀ ਰੁਕਣ ਲੱਗੀ। ਮੇਰਾ ਘਰ ਆ ਗਿਆ ਤੇ ਭੂਸ਼ਣ ਨੇ ਗੱਡੀ ਰੋਕੀ।

ਆਪਣੇ ਆਪ ਨੂੰ ਸੰਭਾਲਦੀ ਹੋਈ ਗੱਡੀ ਵਿਚੋਂ ਉਤਰੀ ਤਾਂ ਭੂਸ਼ਣ ਭਰੜਾਈ ਹੋਈ ਆਵਾਜ਼ ਵਿਚ ਬੋਲਿਆ, "ਸ਼ਾਲੂ, ਮੈਨੂੰ ਮੁਆਫ਼ ਕਰ ਦੇਹ। ਮੈਂ ਜੋ ਕੁਝ ਕੀਤਾ, ਪਾਗਲ ਜਜ਼ਬੇ ਵਿਚ ਆ ਕੇ ਕੀਤਾ। ਮੈਂ ਸ਼ਰਮਿੰਦਾ ਹਾਂ। ਮੈਨੂੰ ਪਤਾ ਹੈ ਕਿ ਕੋਈ ਵੀ ਔਰਤ ਮੇਰੀ ਇਸ ਹਰਕਤ ਨੂੰ ਮੁਆਫ਼ ਨਹੀਂ ਕਰੇਗੀ। ਪਰ ...ਤੂੰ ਮੈਨੂੰ ਮੁਆਫ਼ ਕਰ ਦੇਹ।"

ਮੈਂ ਇਹ ਗੱਲ ਬਾਬੀ ਨੂੰ ਕਦੇ ਨਾ ਦੱਸੀ। ਜਾਣਦੀ ਸਾਂ ਕਿ ਜੇ ਬਾਬੀ ਨੂੰ ਪਤਾ ਲੱਗ ਗਿਆ ਤਾਂ ਦੋਹਾਂ ਵਿਚ ਖ਼ੂਨ ਖ਼ਰਾਬਾ ਹੋ ਜਾਵੇਗਾ। ਸਾਰੀ ਉਮਰ ਦੀ ਦੋਸਤੀ ਖ਼ਤਮ। ਤੇ ਇਸ ਦੀ ਥਾਂ ਨਫ਼ਰਤ ਤੇ ਬਦਲਾ ਹੋਵੇਗਾ। ਇਹਨਾਂ ਦੋਹਾਂ ਦੋਸਤਾਂ ਵਿਚ ਮੈਂ ਹੀ ਵਜ੍ਹਾ ਬਣਾਂਗੀ ਇਸ ਦੀ। ਇਹ ਗੱਲ ਮੈਂ ਆਪਣੇ ਦਿਲ ਵਿਚ ਹੀ ਰੱਖੀ।

# 7

**ਜਦ** ਛੇ ਹਫ਼ਤੇ ਲੰਘ ਗਏ ਤੇ ਮੈਨੂੰ ਮਾਹਵਾਰੀ ਨਾ ਆਈ ਤਾਂ ਮੈਨੂੰ ਚਿੰਤਾ ਲੱਗ ਗਈ। ਬਾਰ-ਬਾਰ ਆਪਣੇ ਪੇਟ ਉੱਤੇ ਹੱਥ ਫੇਰਦੀ, ਕਿਸੇ ਗੁੱਝੇ ਖੌਫ਼ ਤੋਂ ਡਰੀ ਹੋਈ। ਇਕ ਬੇਚੈਨੀ ਜਿਹੀ ਭਰ ਗਈ ਸੀ ਸਾਰੇ ਜਿਸਮ ਵਿਚ। ਸ਼ੀਸ਼ੇ ਸਾਹਮਣੇ ਖੜ੍ਹੇ ਹੋ ਕੇ ਆਪਣੇ ਚਿਹਰੇ ਨੂੰ ਦੇਖਦੀ। ਕੀ ਮੈਂ ਬਦਲ ਰਹੀ ਸਾਂ? ਭਾਰੀ ਹੋ ਰਹੀ ਸਾਂ?

ਮੈਂ ਆਪਣੀ ਪੁਰਾਣੀ ਲੇਡੀ ਡਾਕਟਰ ਕੋਲ ਗਈ ਤੇ ਚੈਕ-ਅਪ ਕਰਵਾਇਆ। ਉਸ ਨੇ ਟੈਸਟ ਕੀਤਾ। ਤਿੰਨ ਦਿਨ ਪਿਛੋਂ ਫਿਰ ਗਈ ਤਾਂ ਪਤਾ ਲੱਗਾ ਕਿ ਮੈਨੂੰ ਗਰਭ ਠਹਿਰ ਗਿਆ ਸੀ।

ਮੈਂ ਗੁੱਸੇ ਵਿਚ ਵਿਲਕ ਉੱਠੀ। ਬਾਬੀ ਨੂੰ ਗਾਲ੍ਹਾਂ ਦਿੱਤੀਆਂ। ਜਾਨਵਰ! ਘਟੀਆ! ਕੁੱਤਾ! ਮੇਰੇ ਮੂੰਹ ਉੱਤੇ ਕਾਲਖ ਮਲ ਦਿੱਤੀ।"

ਜਦ ਬਾਬੀ ਨਿਊਯਾਰਕ ਤੋਂ ਵਾਪਿਸ ਪਰਤਿਆਂ ਤਾਂ ਮੈਨੂੰ ਮਿਲਣ ਆਇਆ। ਉਸ ਨੂੰ ਦੇਖ ਕੇ ਮੈਨੂੰ ਢਾਰਸ ਬੱਝ ਗਈ। ਥੋੜ੍ਹੀ ਦੇਰ ਮੈਂ ਖਾਮੋਸ਼ ਉਸ ਨੂੰ ਘੂਰਦੀ ਰਹੀ। ਫਿਰ ਲੰਮਾ ਸਾਹ ਲੈ ਕੇ ਬੋਲੀ, "ਤੂੰ ਮੈਨੂੰ ਇਸ ਹਾਲਤ ਵਿਚ ਛੱਡ ਕੇ ਨਿਊਯਾਰਕ ਚਲਾ ਗਿਆ। ਬਾਬੀ, ਇਸ ਵਿਚ ਤੇਰਾ ਕੋਈ ਕਸੂਰ ਨਹੀਂ, ਸਭ ਮੇਰਾ ਦੋਸ਼ ਹੈ। ਸ਼ਾਇਦ ਮੈਨੂੰ ਹੀ ਤੜਪ ਸੀ ਕਿ ਮੈਂ ਗਰਭਵਤੀ ਹੋ ਜਾਵਾਂ। ਇਸ ਦਾ ਸੰਤਾਪ ਭੋਗਾਂ। ਜ਼ੁਲਮ ਦੇ ਭਰੇ ਹੋਏ ਖ਼ੂਨੀ ਆਨੰਦ ਨੂੰ ਚੱਖਾਂ ...ਅਜੀਬ ਗੱਲ ਹੈ ਕਿ ਮੈਨੂੰ ਡਰ ਨਹੀਂ ਲੱਗ ਰਿਹਾ ...ਹੁਣ ...ਹੁਣ ਤਸਕੀਨ ਹੈ। ਮੈਨੂੰ ਪਤਾ ਹੈ ਕਿ ਕੀ ਹੋਵੇਗਾ। ਮੈਂ ਸਭ ਕੁਝ ਝੱਲ ਸਕਦੀ ਹਾਂ .... ਕਿਉਂਕਿ ਹੁਣ ਮੈਨੂੰ ਤੇਰੇ ਨਾਲ ਮੁਹੱਬਤ ਨਹੀਂ ਰਹੀ। ਨਫ਼ਰਤ ਵੀ ਨਹੀਂ ਰਹੀ ...ਮੈਂ ਬੇਲਾਗ ਜਿਹੀ ਹੋ ਗਈ ਹਾਂ ...ਨਿਰਾਸ਼ ...ਜਾਂ ਕੁਝ ਹੋਰ ...ਨਹੀਂ ਜਾਣਦੀ ਇਹ ਕੀ ਹੈ।"

ਉਹ ਦੇਰ ਤੀਕ ਖਾਮੋਸ਼ ਬੈਠਾ ਰਿਹਾ। ਉਸ ਨੇ ਮੇਰਾ ਹੱਥ ਫੜਨਾ ਚਾਹਿਆ ਪਰ ਉਸ ਦੀ ਹਿੰਮਤ ਨਾ ਪਈ। ਉਸ ਨੂੰ ਪਤਾ ਲੱਗ ਗਿਆ ਸੀ ਕਿ ਹੁਣ ਮੈਂ ਉਸ ਦੀ ਨਹੀਂ ਰਹੀ। ਮੇਰੀ ਆਵਾਜ਼ ਵਿੱਚ ਦਰਦ ਸੀ ਤੇ ਉਸ ਕੋਲੋਂ ਸੈਂਕੜੇ ਕੋਹਾਂ ਦਾ ਫ਼ਾਸਲਾ।

ਉਹ ਸੋਚ ਵਿਚ ਪੈ ਗਿਆ। ਸ਼ਰਮਿੰਦਗੀ ਦੇ ਸਮੁੰਦਰ ਵਿਚ ਡੁੱਬ ਗਿਆ। ਚਿੰਤਾ ਦੀਆਂ ਡੂੰਘੀਆਂ ਲਕੀਰਾਂ ਉਸ ਦੇ ਮੱਥੇ ਉੱਤੇ ਉਭਰ ਆਈਆਂ।

ਮੈਂ ਬੋਲੀ, "ਬਾਬੀ ਮੇਰੇ ਨਾਲ ਭੋਗ ਕਰਦਿਆਂ ਤੂੰ ਚੀਖ ਕੇ ਕਿਹਾ ਸੀ ਨਾ - ਸਾਲੀਏ ਮੈਂ ਤੇਰੇ ਨਾਲ ਭੋਗ ਕਰਕੇ ਤੈਨੂੰ ਗਰਭਵਤੀ ਬਣਾਵਾਂਗਾ! ਤੇਰੀ ਪ੍ਰਾਰਥਨਾ ਕਬੂਲ ਹੋ ਗਈ। ਤੂੰ ਮੇਰੇ ਬੇਟੇ ਦਾ ਬਾਪ ਹੋਵੇਗਾ .... ਮੈਂ ਬੱਚਾ ਪਾਲਣਾ ਚਾਹੁੰਦੀ ਹਾਂ। ਤੇਰਾ ਬੀਜ ਮੇਰੇ ਅੰਦਰ ਪਲ ਰਿਹਾ ਹੈ, ਮੈਂ ਇਸ ਨੂੰ ਡੇਗਣਾ ਨਹੀਂ ਚਾਹੁੰਦੀ। ਬੱਸ ਇਹ ਚਾਹੁੰਦੀ ਹਾਂ ਕਿ ਤੂੰ ਮੈਨੂੰ ਸਹਾਰਾ ਦੇਵੇਂ ...ਸੀਨੇ ਨਾਲ ਲਗਾ ਲਵੇਂ ...ਆਪਣੇ ਕੋਲ ਰੱਖੇਂ ...ਮੇਰੀ ਤਨਹਾਈ ਵਿਚ ਮੇਰੇ ਨਾਲ ਰਹੇਂ ...ਹੋਰ ਕੁਝ ਨਹੀਂ ਚਾਹੁੰਦੀ। ਮੈਨੂੰ ਪ੍ਰਵਾਹ ਨਹੀਂ ਕਿ ਦੁਨੀਆਂ ਕੀ ਆਖੇਗੀ, ਤੇਰੀ ਮਾਂ ... ਜਾਂ ਤੇਰਾ ਬਾਪ ... ਜਾਂ ਭਰਾ ਕੀ ਆਖਣਗੇ। ਮੈਂ ਆਪਣੀ ਜ਼ਿੰਦਗੀ ਦੀ ਖ਼ੁਦ ਮਾਲਿਕ ਹਾਂ ...ਮੈਂ ਤੈਨੂੰ ਦੋਸ਼ੀ ਨਹੀਂ ਠਹਿਰਾਉਂਦੀ। ਸ਼ਾਇਦ ਤੇਰੇ ਇਸ ਭਿਅਕਰ ਸੈਕਸ ਕਰਨ ਵਿਚ, ਮੈਨੂੰ ਖੁਦ ਨੂੰ ਮਜ਼ਾ ਆਉਣ ਲੱਗਾ ਸੀ ...ਜਿਵੇਂ ਕੋਈ ਡ੍ਰੱਗ ਇਡਿਕਟ ਹੋ ਜਾਵੇ ....ਨਫ਼ਰਤ ਕਰਦਾ ਹੋਇਆ, ਚੀਕਦਾ ਹੋਇਆ, ਨਾ ਨਾ ਕਰਦਾ ਹੋਇਆ ਵੀ ਡ੍ਰੱਗ ਲਈ ਤੜਪੇ। ਮੈਂ ਤੇਰੇ ਵਾਈਲਡ ਕਿਸਮ ਦੇ ਸੈਕਸ ਦੀ ਇਡਿਕਟ ਹੋ ਗਈ ਸਾਂ। ਤੇਰੀ ਬਾਂਦੀ ... ਤੇਰੀ ਸ਼ਾਲੂ .... ਬਸ ਉਸੇ ਦਾ ਮਜ਼ਾ ਲੈਣ ਦੀ ਆਦੀ ਹੋ ਗਈ ਸਾਂ ... ਭੋਗ ਕਰਨ ਤੋਂ ਪਹਿਲਾਂ ਵੀ ਨਫ਼ਰਤ ਕਰਦੀ ਸਾਂ ਤੇ ਬਾਅਦ ਵਿਚ ਵੀ ਨਫ਼ਰਤ। ਬਸ ਦਰਮਿਆਨ ਵਿਚ ਛੋਟਾ ਜਿਹਾ ਟੁਕੜਾ ਸੀ ਸਾਡੇ ਸੰਬੰਧ ਦਾ - ਸੈਕਸ ਦੀ ਅੱਗ ਨਾਲ ਭਰਿਆ ਹੋਇਆ। ਤੇ ਤੂੰ ਇਸ ਅੱਗ ਨੂੰ ਬੁਝਾਉਂਦਾ ਸੀ ਤੇ ਮੈਨੂੰ ਆਨੰਦ ਦੇਂਦਾ ਸੀ। ਇਹੋ ਸੱਚ ਸੀ ਸਾਡੇ ਇਕ ਦੂਜੇ ਦੇ ਜੁੜ ਰਹਿਣ ਦਾ।"

ਉਸ ਨੇ ਮੇਰਾ ਹੱਥ ਫੜ ਲਿਆ ਤੇ ਬੋਲਿਆ, "ਸ਼ਾਲੂ, ਮੈਂ ਤੇਰੇ ਨਾਲ ਸ਼ਾਦੀ ਕਰਾਂਗਾ ... ਤੂੰ ਮੇਰੀ ਦੁਲਹਨ ਬਣੇਂਗੀ।"

"ਬਾਬੀ, ਤੂੰ ਮੈਨੂੰ ਨਹੀਂ ਸਮਝਿਆ। ਮੈਂ ਸ਼ਾਦੀ ਨਹੀਂ ਕਰਾਂਗੀ। ਸ਼ਾਦੀ ਦੇ ਬੰਧਨ ਵਿਚ ਦੁਬਾਰਾ ਨਹੀਂ ਪੈਣਾ ਚਾਹੁੰਦੀ। ਸਿੰਗਲ ਮਦਰ — ਯਾਨੀ ਇਕੱਲੀ ਤਨਹਾ ਮਾਂ ਦੇ ਤੌਰ ਤੇ ਆਪਣੇ ਬੱਚੇ ਨੂੰ ਪਾਲਣਾ ਚਾਹੁੰਦੀ ਹਾਂ। ਮੇਰੇ ਵਿਚ ਇਹ ਹਿੰਮਤ ਹੈ। ਇਹ ਹਿੰਮਤ ਮੈਂ ਉਸ ਦਿਨ ਆਪਣੇ ਅੰਦਰ ਮਹਿਸੂਸ ਕੀਤੀ ਸੀ ਜਿਸ ਦਿਨ ਮੈਂ ਪਰਵੇਜ਼ ਦਾ ਘਰ ਛੱਡਿਆ ਤੇ ਉਸ ਦੀ ਦਹਿਲੀਜ਼ ਤੋਂ ਬਾਹਰ ਨਿਕਲੀ। ਜ਼ਿੰਦਗੀ ਦਾ ਬਹੁਤ ਲੰਮਾਂ ਪੈਂਡਾ ਤੈਅ ਕੀਤਾ ਸੀ। ਥੱਕ ਗਈ ਹਾਂ ਹੁਣ। ਹੋਰ ਕੁਝ ਨਹੀਂ ਕਹਿਣਾ ਚਾਹੁੰਦੀ। ਤੂੰ ਜਾਹ। ਮੈਂ ਆਰਾਮ ਕਰਨਾ ਚਾਹੁੰਦੀ ਹਾਂ। ਮੇਰੇ ਸਿਰ ਵਿਚ ਦਰਦ ਹੋ ਰਿਹਾ ਹੈ। ਜਿਸਮ ਟੁਟ ਰਿਹਾ ਹੈ।"

ਬਾਬੀ ਨੇ ਮਰੇ ਮੱਥੇ ਉੱਤੇ ਹੱਥ ਰੱਖਿਆ ਤੇ ਬੋਲਿਆ, "ਤੈਨੂੰ ਤਾਂ ਬੁਖ਼ਾਰ ਹੈ।" ਉਸ ਨੇ ਆਪਣੀ ਜੇਬ ਵਿਚੋਂ ਇਕ ਸੀਸ਼ੀ ਕੱਢੀ ਤੇ ਆਖਣ ਲੱਗਾ, "ਇਹ

ਗੋਲੀਆਂ ਖਾ ਲੈ, ਤਬੀਅਤ ਠੀਕ ਹੋ ਜਾਵੇਗੀ।"

ਉਸ ਦੀ ਹਥੇਲੀ ਉੱਤੇ ਤਿੰਨ ਛੋਟੀਆਂ ਲਾਲ ਗੋਲੀਆਂ ਸਨ।

ਉਸ ਨੇ ਫ੍ਰਿਜ ਖੋਲ੍ਹਿਆ ਪਾਣੀ ਦਾ ਗਿਲਾਸ ਭਰਿਆ ਤੇ ਮੈਨੂੰ ਫੜਾ ਕੇ ਬੋਲਿਆ, "ਲੈ, ਇਹ ਤਿੰਨੇ ਗੋਲੀਆਂ ਖਾ ਲੈ।"

"ਮੈਂ ਕੱਲ੍ਹ ਸਵੇਰੇ ਆਵਾਂਗਾ।" ਇਹ ਆਖ ਕੇ ਉਹ ਚਲਾ ਗਿਆ।

ਸਵੇਰੇ ਉੱਠੀ ਤਾਂ ਤਬੀਅਤ ਬਹੁਤ ਖ਼ਰਾਬ ਸੀ। ਪੇਟ ਵਿਚ ਗੁੜਗੁੜਾਹਟ ਤੇ ਤਿੱਖਾ ਦਰਦ। ਮੈਨੂੰ ਆਪਣੀਆਂ ਜੰਘਾਂ ਵਿਚ ਕੁੱਝ ਗਿੱਲਾ ਜਿਹਾ ਤੇ ਗਰਮ ਮਹਿਸੂਸ ਹੋਇਆ। ਖ਼ੂਨ ਰਿਸ ਰਿਹਾ ਸੀ। ਹਫ਼ਦੀ ਹੋਈ ਮੈਂ ਬਿਸਤਰੇ ਉੱਤੇ ਲੇਟ ਗਈ।

# 8

ਮੈਂ ਬਾਬੀ ਨਾਲ ਦਿਨ ਰਾਤ ਜੁੜੀ ਹੋਈ ਸਾਂ, ਪਰ ਪਰਵੇਜ਼ ਦੀਆਂ ਗੱਲਾਂ ਵੀ ਯਾਦ ਆਉਂਦੀਆਂ ਜਿਵੇਂ ਜਾਲੀ ਵਿਚੋਂ ਦੀ ਛਣ ਕੇ ਡੁੱਬਦੇ ਸੂਰਜ ਦੀਆਂ ਕਿਰਨਾਂ। ਉਸ ਦੀਆਂ ਖ਼ੂਬੀਆਂ ... ਬੇਹੱਦ ਠਰ੍ਹੰਮਾ ਸੀ ਉਸ ਵਿਚ ... ਆਰਟ ਸੀ ... ਚੰਗੀਆਂ ਭਾਵਨਾਵਾਂ ਸਨ, ਜੋ ਸ਼ਾਇਦ ਮੇਰੇ ਸੁਭਾਅ ਕਾਰਣ ਠੰਢੀਆਂ ਹੋ ਗਈਆਂ ਸਨ। ਮੈਂ ਆਰਟ ਦੀ ਦੁਨੀਆਂ ਤੋਂ ਹਟ ਕੇ ਬਾਬੀ ਦੀਆਂ ਗਰਮ ਪਾਰਟੀਆਂ ਵਿਚ ਘੁੰਮਦੀ। ਇਹ ਪਾਰਟੀਆਂ ਕੀ ਸਨ – ਸ਼ਰਾਬ, ਡਿਸਕੋ ਵਿਚ ਸਾਰੀ ਸਾਰੀ ਰਾਤ ਨੱਚਣਾ, ਹੋਟਲਾਂ ਵਿਚ ਜਾਣਾ। ਰੋਜ਼ਾਨਾ ਦਾ ਇਹੋ ਚੱਕਰ। ਮੈਂ ਸ਼ਰਾਬ ਵੀ ਪੀਣ ਲਗ ਪਈ ਸਾਂ। ਆਪਣੀ ਜ਼ਿੰਦਗੀ ਦੇ ਮਨੋਰਥ ਤੋਂ ਦੂਰ ਜਾ ਰਹੀ ਸਾਂ, ਸਗੋਂ ਦੂਰ ਜਾ ਚੁਕੀ ਸਾਂ। ਬਦਲ ਗਈ ਸਾਂ ਮੈਂ।

ਮੈਂ ਇਕੱਲੀ ਸਾਂ – ਤਨਹਾ – ਇਸ ਛੋਟੇ ਜਿਹੇ ਫਲੈਟ ਵਿਚ। ਬਾਹਰ ਨਿੰਮ ਦਾ ਦਰੱਖ਼ਤ ਸੀ ਤੇ ਇਸ ਦੇ ਹਰੇ ਪੱਤੇ ਮੇਰੀ ਖਿੜਕੀ ਵਿਚੋਂ ਦੀ ਝਾਕਦੇ। ਕਈ ਵਾਰ ਮੈਂ ਬਾਹਰ ਦਾ ਦਰਵਾਜ਼ਾ ਬੰਦ ਕਰਕੇ, ਗੁਸਲਖਾਨੇ ਵਿਚ ਨਹਾ ਕੇ ਆਪਣੀ ਲੁੰਗੀ ਬੰਨ੍ਹ ਕੇ ਘੁੰਮਦੀ।

ਸ਼ੀਸ਼ੇ ਵਿਚ ਆਪਣੀ ਸ਼ਕਲ ਦੇਖਦੀ ਤਾਂ ਲਗਦਾ ਮੈਂ ਬਦਸੂਰਤ ਹੁੰਦੀ ਜਾ ਰਹੀ ਸਾਂ। ਹੌਲੀ-ਹੌਲੀ ਮੇਰੇ ਨਕਸ਼ ਬਦਲ ਰਹੇ ਸਨ। ਸ਼ਾਇਦ ਧੁੱਪ ਵਿਚ ਫਿਰਨ ਕਰਕੇ ਤੇ ਬੱਸਾਂ ਤੇ ਸਕੂਟਰਾਂ ਵਿਚ ਸਫ਼ਰ ਕਰਕੇ ਮੇਰਾ ਰੰਗ ਸਾਉਲਾ ਪੈਂਦਾ ਜਾ ਰਿਹਾ ਸੀ ... ਦੋ ਸਾਲ ਬਾਅਦ ਉਹ ਨਹੀਂ ਰਹਾਂਗੀ ਜੋ ਮੈਂ ਹੁਣ ਸਾਂ ...

ਕਦੇ ਕਦੇ ਮੈਂ ਸੋਚਦੀ ਇਸ ਰਸਤੇ ਉਤੇ ਨਹੀਂ ਤੁਰਾਂਗੀ, ਫਿਰ ਵੀ ਤੁਰੀ ਜਾ ਰਹੀ ਸਾਂ। ਸ਼ਾਇਦ ਕਿਸੇ ਅੰਨ੍ਹੇ ਖ਼ੂਹ ਵੱਲ ... ਜਾਂ ਘਣੇ ਜੰਗਲ ਵੱਲ .... ਦਰਿੰਦਿਆਂ ਤੋ ਬਚ ਕੇ ਲੰਘ ਰਹੀ ਸਾਂ। ਹਰ ਕਦਮ ਉਤੇ ਡਰ, ਵਹਿਸ਼ਤ, ਖ਼ੌਫ਼...

* * *

ਪਰਵੇਜ਼ ਮੇਰੇ ਬਾਰੇ ਦੂਸਰਿਆਂ ਕੋਲੋਂ ਖ਼ਬਰਾਂ ਲੈਂਦਾ ਰਹਿੰਦਾ। ਲੋਕਾਂ ਨੂੰ ਪੁੱਛਦਾ ਮੈਂ ਕਿਥੇ ਰਹਿ ਰਹੀ ਹਾਂ ਤੇ ਕਿਹੜੇ ਨਵੇਂ ਦੋਸਤ ਨਾਲ ਘੁੰਮ ਰਹੀ ਹਾਂ। ਕੀ ਪਹਿਨਦੀ ਹਾਂ? ਕੀ ਖਾਂਦੀ ਹਾਂ?

ਉਸ ਨੂੰ ਪਤਾ ਸੀ ਕਿ ਰੋਜ਼ੀ ਤੇ ਮੈਂ ਇਕੱਠੀਆਂ ਰਹਿ ਰਹੀਆਂ ਸਾਂ। ਉਸ ਨੇ ਰੋਜ਼ੀ ਨੂੰ ਇਕ ਹਫ਼ਤੇ ਦੀ ਅਸਾਈਨਮੈਂਟ ਦਿੱਤੀ ਸੀ। ਉਹ ਉਸ ਕੋਲ ਫੋਟੋ

ਸੈਸ਼ਨ ਲਈ ਗਈ ਹੋਈ ਸੀ। ਉਹੀ ਕੈਮਰਾ, ਉਹੀ ਲਾਈਟਾਂ, ਉਹੀ ਐਂਗਲਜ਼, ਉਹੀ ਟਾਪ ਲਾਈਟ, ਉਹੀ ਬੈਕਗ੍ਰਾਊਂਡ, ਨਵੇਂ-ਨਵੇਂ ਪੋਜ਼ .... ਅੰਗੜਾਈਆਂ। ਯਾਨੀ ਜੋ ਮੈਂ ਕਰਦੀ ਸਾਂ ਉਹ ਹੁਣ ਰੋਜ਼ੀ ਕਰ ਰਹੀ ਸੀ।

ਪਰ ਮੈਂ ਜਾਣਦੀ ਸਾਂ ਕਿ ਪਰਵੇਜ਼ ਆਪਣੀ ਕਲਪਨਾ ਵਿਚ ਮੈਨੂੰ ਰਖ ਕੇ ਰੋਜ਼ੀ ਦੇ ਪੋਜ਼ ਲੈ ਰਿਹਾ ਸੀ।

ਰੋਜ਼ੀ ਮੈਨੂੰ ਆਖ ਕੇ ਗਈ ਸੀ ਕਿ ਉਹ ਫੋਟੋ ਸੈਸ਼ਨ ਤੋਂ ਫਾਰਿਗ਼ ਹੋ ਕੇ ਇਕ ਵਜੇ ਘਰ ਆ ਜਾਵੇਗੀ ਤੇ ਅਸੀਂ ਇਕੱਠੀਆਂ ਲੰਚ ਖਾਵਾਂਗੀਆਂ। ਹੁਣ ਤਿੰਨ ਵਜ ਚੁਕੇ ਸਨ। ਸੋਚਿਆ ਮੈਂ ਹੀ ਟੈਲੀਫ਼ੋਨ ਕਰ ਲਵਾਂ। ਸਟੂਡੀਓ ਦਾ ਚਪੜਾਸੀ ਮੇਰੀ ਆਵਾਜ਼ ਪਛਾਣਦਾ ਸੀ। ਮੈਂ ਪੁਛਿਆ, "ਰੋਜ਼ੀ ਦਾ ਫੋਟੋ ਸੈਸ਼ਨ ਕਦੋਂ ਖ਼ਤਮ ਹੋਵੇਗਾ? ਜ਼ਰਾ ਉਸ ਨੂੰ ਬੁਲਾ ਦੇਹ!"

ਥੋੜ੍ਹੀ ਦੇਰ ਪਿਛੋਂ ਦੂਸਰੇ ਪਾਸਿਉਂ ਭਾਰੀ ਆਵਾਜ਼ ਸੁਣਾਈ ਦਿੱਤੀ, "ਹੈਲੋ!"

ਮੈਂ ਕਿਹਾ, "ਹੈਲੋ! ਮਿਹਰਬਾਨੀ ਕਰਕੇ ਰੋਜ਼ੀ ਨੂੰ ਬੁਲਾ ਦਿਉ, ਇਕ ਮਿੰਟ ਲਈ।"

ਪਰਵੇਜ਼ ਜ਼ਰਾ ਕੁ ਰੁਕਿਆ ਤੇ ਫਿਰ ਬੋਲਿਆ, "ਸ਼ਾਲੂ, ਤੇਰੀ ਆਵਾਜ਼ ਬਹੁਤ ਭਾਰੀ ਹੈ! ਮੈਂ ਤਾਂ ਪਛਾਣ ਹੀ ਨਾ ਸਕਿਆ। ਕਿੰਨੀ ਭਾਰੀ ਤੇ ਖੁਰਦਰੀ ਹੋ ਗਈ ਹੈ ਤੇਰੀ ਆਵਾਜ਼...?"

ਕਈ ਮਹੀਨਿਆਂ ਪਿਛੋਂ ਪਰਵੇਜ਼ ਨੇ ਗੱਲ ਕੀਤੀ ਤੇ ਉਸ ਨੇ ਸਿਰਫ਼ ਇਹੋ ਕਿਹਾ ਕਿ ਮੇਰੀ ਆਵਾਜ਼ ਖੁਰਦਰੀ ਤੇ ਭਾਰੀ ਹੈ ਪਰ ਉਸ ਨੂੰ ਹਸਦੀ ਤੇ ਸੈਕਸੀ ਆਵਾਜ਼ ਦੇ ਭਾਰੀਪਣ ਦੀ ਖ਼ੂਬਸੂਰਤੀ ਦਾ ਗਿਆਨ ਨਹੀਂ। ਜਾਂ ਸ਼ਾਇਦ ਉਸ ਨੇ ਮੈਨੂੰ ਚਿੜਾਉਣ ਲਈ ਕਿਹਾ ਹੋਵੇ।

ਮੈਂ ਟੈਲੀਫੋਨ ਰੱਖ ਦਿੱਤਾ।

ਲੋਕ ਮੇਰੇ ਬਾਰੇ ਤਰ੍ਹਾਂ ਤਰ੍ਹਾਂ ਦੀ ਅਫਵਾਹਾਂ ਫੈਲਾ ਰਹੇ ਸਨ : ਕਿਸੇ ਯਾਰ ਨਾਲ ਰਹਿੰਦੀ ਹਾਂ ... ਧੰਦਾ ਕਰਦੀ ਹਾਂ ... ਰਾਤ ਦਾ ਤਿੰਨ ਹਜ਼ਾਰ ਰੁਪਈਆ ... ਪਰਲੇ ਦਰਜੇ ਦੀ ਫਲੱਰਟ ....

ਇਕ ਗੱਲ ਦਾ ਮੈਂ ਸਿੱਟਾ ਕੱਢ ਲਿਆ ਕਿ ਲੋਕ ਏਦਾਂ ਦੇ ਹੀ ਹਨ ਤੇ ਏਦਾਂ ਦੇ ਹੀ ਰਹਿਣਗੇ ... ਮੈਂ ਵੀ ਏਦਾਂ ਦੀ ਹੀ ਰਹਾਂਗੀ। ਇਹੋ ਨਿਯਮ ਹੈ ਕੁਦਰਤ ਦਾ .... ਤੇ ਸਮਾਜ ਦਾ। ਜਦ ਮੈਂ ਚੌਦਾਂ ਸਾਲ ਦੀ ਸਾਂ, ਉਸ ਵੇਲੇ ਵੀ ਮੁਹੱਲੇ ਦੀਆਂ ਔਰਤਾਂ ਆਖਦੀਆਂ, "ਸ਼ਾਲੂ ਦਾ ਇਸ਼ਕ ਚੱਲ ਰਿਹਾ ਹੈ ਅਜ ਕਲ੍ਹ ਕਿਸੇ ਕ੍ਰਿਸਚੀਅਨ ਲੜਕੇ ਨਾਲ।" ਜਦ ਮੈਂ ਵੀਹਾਂ ਸਾਲਾਂ ਦੀ ਹੋ ਗਈ ਤਦ ਵੀ ਮੇਰੀ ਆਵਾਰਗੀ ਦੇ ਚਰਚੇ ਸਨ। ਜਦੋਂ ਮੈਂ ਪਰਵੇਜ਼ ਨਾਲ ਸ਼ਾਦੀ ਕੀਤੀ ਤੇ ਦੁਲਹਨ ਬਣ ਕੇ ਉਸ ਦੇ ਘਰ ਵਿਚ ਕਦਮ ਰਖਿਆ ਤਦ ਵੀ

ਲੋਕ ਇਹੋ ਆਖਦੇ ਸਨ ਕਿ ਮੈਂ ਪਰਵੇਜ਼ ਦੇ ਰੁਪਏ ਉਤੇ ਡੁੱਲ੍ਹ ਗਈ। ਹੁਣ ਸੋਚਦੀ ਹਾਂ ਕਿ ਜਦੋਂ ਮੈਂ ਸੱਤਰ ਸਾਲ ਦੀ ਹੋ ਜਾਵਾਂਗੀ ਤੇ ਲੋਕ ਮੈਨੂੰ ਕਿਸੇ ਬੁਢੇ ਨਾਲ ਗੱਲ ਕਰਦਿਆਂ ਦੇਖਣਗੇ ਤਾਂ ਇਹੋ ਕਹਿਣਗੇ, "ਹਾਂ, ਉਹ ਸ਼ਾਲੂ? ਏਨੀ ਬੁੱਢੀ ਹੋ ਗਈ ਹੈ - ਅੱਜ ਕਲ੍ਹ ਫਲਾਂ ਬੁੱਢੇ ਨਾਲ ਇਸ਼ਕ ਕਰ ਰਹੀ ਹੈ।"

ਮੈਂ ਆਪਣੇ ਬਾਰੇ ਵਿਚ ਲਾਪ੍ਰਵਾਹ ਹੁੰਦੀ ਜਾ ਰਹੀ ਸਾਂ ... ਬੁਝੀ ਬੁਝੀ ਰਹਿੰਦੀ ਸਾਂ।

ਇਕ ਦਿਨ ਉਂਜ ਹੀ ਬੈਠੀ ਪੁਰਾਣੀਆਂ ਫੋਟੋਆਂ ਦੇਖ ਰਹੀ ਸਾਂ ਕਿ ਕਿਸੇ ਦੇ ਕਦਮਾਂ ਦੀ ਆਵਾਜ਼ ਸੁਣਾਈ ਦਿੱਤੀ।

ਦੇਖਿਆ ਤਾਂ ਪਰਵੇਜ਼ ਖੜ੍ਹਾ ਸੀ।

ਮੈਂ ਹੈਰਾਨ ਹੋ ਗਈ। ਪਹਿਲਾਂ ਤਾਂ ਉਹ ਕਦੇ ਨਹੀਂ ਸੀ ਆਇਆ। ਕਿਹਨੇ ਉਸ ਨੂੰ ਮੇਰਾ ਨਵਾਂ ਐਡਰੈੱਸ ਦੇ ਦਿੱਤਾ? ਜ਼ਰੂਰ ਮੇਰੀ ਸਹੇਲੀ ਨੇ ਦੇ ਦਿੱਤਾ ਹੋਵੇਗਾ। ਉਹ ਦੂਰ ਦੇ ਰਿਸ਼ਤੇ ਤੋਂ ਪਰਵੇਜ਼ ਦੀ ਭੂਆ ਦੀ ਧੀ ਸੀ। ਉਹ ਅਕਸਰ ਹੀ ਮੇਰੇ ਬਾਰੇ ਉਸ ਕੋਲੋਂ ਪੁਛ ਗਿਛ ਕਰਦਾ ਰਹਿੰਦਾ ਸੀ।

ਮੈਂ ਭਰੀ ਪੀਤੀ ਬੈਠੀ ਸਾਂ। ਉਸ ਨੂੰ ਸਾਹਮਣੇ ਖੜ੍ਹ ਦੇਖ ਕੇ ਮੈਂ ਆਖਿਆ, "ਕਿਵੇਂ ਆਉਣਾ ਹੋਇਆ? ਇਹ ਦੇਖਣ ਆਇਆ ਹੈਂ ਕਿ ਕਿਹੜਾ ਯਾਰ ਹੈ ਅੱਜ ਕਲ੍ਹ ਮੇਰੇ ਕੋਲ?" ਉਸ ਦੇ ਮੱਥੇ ਤੇ ਤਿਊੜੀਆਂ ਪੈ ਗਈਆਂ। ਬੋਲਿਆ, "ਨਹੀਂ... ਇਹ ਪੁੱਛਣ ਆਇਆ ਹਾਂ ਤੇਰੇ ਕਪੜੇ ਤੈਨੂੰ ਭੇਜੇ ਸਨ, ਮਿਲ ਗਏ?"

"ਹਾਂ, ਹਾਂ ਮਿਲ ਗਏ। ਪਰ ਉਹਨਾਂ ਵਿਚ ਮੇਰੀਆਂ ਬਹੁਤ ਸਾਰੀਆਂ ਚੀਜ਼ਾਂ ਨਹੀਂ ਸਨ।"

"ਕੀ ਸੀ ਤੇਰਾ? ਜ਼ਰਾ ਮੈਂ ਵੀ ਪੁੱਛਾਂ?"

"ਖਾਸ ਤੌਰ ਤੇ ਮੇਰੀਆਂ ਚੋਲੀਆਂ ... ਬਲਾਊਜ਼ .... ਇਹ ਸਭ ਕੁਝ ਤੇਰੇ ਕੋਲ ਹੈ। ਤੂੰ ਹਮੇਸ਼ਾਂ ਮੇਰੇ ਨਾਲ ਫਰਾਡ ਖੇਡਦਾ ਰਿਹਾ ...."

"ਮੈਂ ਇਹ ਚੀਜ਼ਾਂ ਰਖ ਲਈਆਂ ਆਪਣੇ ਕੋਲ - ਤੇਰੇ ਬਲਾਊਜ਼, ਅੰਗੀਆਂ, ਚੋਲੀਆਂ, ਪੈਂਟੀਆਂ। ਇਹ ਇਸ ਲਈ ਕਿ ਮੇਰੇ ਘਰ ਵਿਚ ਤੇਰੀ ਮਹਿਕ ਰਹੇ। ਉਸ ਘਰ ਵਿਚ ਹਾਲਾਂ ਵੀ ਤੇਰੀ ਥਾਂ ਹੈ ਜੇ ਤੂੰ ਆਉਣਾ ਚਾਹੇ ਤਾਂ।"

"ਉਸ ਜੇਲ੍ਹਖਾਨੇ ਵਿਚ। ਕਦੇ ਵੀ ਨਹੀਂ ਆਵਾਂਗੀ ਉਥੇ। ਮੈਂ ਤੈਥੋਂ ਆਪਣਾ ਹੱਕ ਮੰਗਦੀ ਹਾਂ ਤਾਂ ਤੂੰ ਹਰ ਵਾਰ ਟਾਲ ਦੇਂਦਾ ਹੈਂ। ਹਰ ਵਾਰ ਨਵੇਂ ਬਹਾਨੇ।"

ਉਹ ਬੋਲਿਆ, "ਤੈਨੂੰ ਕਿਸ ਤਰ੍ਹਾਂ ਯਕੀਨ ਦਿਵਾਵਾਂ ਕਿ ਮੇਰੇ ਕੋਲ ਦੇਣ ਨੂੰ ਖੋਟੀ ਦੁਆਨੀ ਵੀ ਨਹੀਂ। ਬੰਦਾ ਕਿਸੇ ਨੂੰ ਕੀ ਦੇ ਸਕਦਾ ਹੈ। ਰੱਬ ਹੈ ਸਭਨਾਂ ਨੂੰ ਦੇਣ ਵਾਲਾ!"

"ਰੱਬ ਨੂੰ ਕਿਉਂ ਵਿਚ ਲਿਆਉਂਦਾ ਹੈਂ? ਤੂੰ ਇਹੋ ਆਖਣਾ ਚਾਹੁੰਦਾ ਹੈਂ

ਨਾ ਕਿ ਤੂੰ ਸੱਚਾ ਹੈਂ ਤੇ ਮੈਂ ਝੂਠੀ? ਪਰਵੇਜ਼, ਅੱਜ ਰੱਬ ਨੇ ਮੇਰੇ ਅੰਦਰ ਸ਼ਕਤੀ ਭਰ ਦਿੱਤੀ ਕਿ ਮੈਂ ਆਪਣੇ ਹੱਕ ਦੀ ਗੱਲ ਕਰ ਸਕਾਂ। ਮੈਂ ਆਪਣਾ ਹੱਕ ਮੰਗਦੀ ਹਾਂ। ਰਹਿਣ ਲਈ ਘਰ ... ਕੋਈ ਛੋਟੀ ਮੋਟੀ ਝੌਂਪੜੀ .... ਸਿਰ ਲੁਕਾਉਣ ਲਈ ਥਾਂ।"

"ਝੌਂਪੜੀ ਤਾਂ ਮੇਰੇ ਕੋਲ ਵੀ ਨਹੀਂ। ਮੈਂ ਵੀ ਕਿਰਾਏ ਦੇ ਮਕਾਨ ਵਿਚ ਰਹਿੰਦਾ ਹਾਂ। ਤੇ ਨਵਾਂ ਕਾਨੂੰਨ ਬਣ ਗਿਆ ਹੈ ਕਿ ਕਿਰਾਏਦਾਰਾਂ ਨੂੰ ਮਾਲਕ ਮਕਾਨ ਠੁੱਡੇ ਮਾਰ ਕੇ ਬਾਹਰ ਕੱਢ ਸਕਦਾ ਹੈ। ਕਾਨੂੰਨ ਦੇ ਪਲੜੇ ਬਦਲ ਗਏ ਹਨ। ਮੇਰੇ ਕੋਲ ਮਕਾਨ ਕਿਥੇ?"

"ਮੈਨੂੰ ਕੀ ਪੁੱਛਦਾ ਹੈ? ਜਿਸ ਦਿਨ ਮੈਨੂੰ ਵਿਆਹ ਕੇ ਲਿਆਇਆ ਸੈਂ ਉਸ ਦਿਨ ਨਹੀਂ ਸੀ ਸੋਚਿਆ ਕਿ ਬੀਵੀ ਨੂੰ ਘਰ ਚਾਹੀਦਾ ਹੈ?

"ਘਰ ਸੀ। ਪਰ ਤੂੰ ਉਸ ਨੂੰ ਛਡ ਕੇ ਚਲੀ ਗਈ। ਸਭ ਪਤਾ ਹੈ ਮੈਨੂੰ। ਤੇ ਹੁਣ ਤੂੰ ਉਸ ਨਾਲ ਰਹਿ ਰਹੀ ਹੈਂ ਜਿਸ ਕੋਲ ਲੱਖਾਂ ਕਰੋੜਾਂ ਰੁੱਪਈਆ ਹੈ। ਉਸ ਨੂੰ ਆਖ ਕਿ ਤੈਨੂੰ ਮਕਾਨ ਲੈ ਦੇਵੇ।"

"ਮੈਂ ਆਪਣਾ ਹੱਕ ਮੰਗ ਰਹੀ ਹਾਂ, ਤੇ ਤੂੰ ਲੈ ਬੈਠਾ ਹੈਂ ਕਿੱਸਾ ਆਪਣੀ ਗੁਰਬਤ ਦਾ ... ਤੇ ਮਜਬੂਰੀ ਦਾ ... ਤੇ ਯਤਾਮਤ ਦਾ।"

"ਸ਼ਾਲੂ, ਮੈਂ ਏਨਾ ਰੁਪੱਈਆ ਕਿਥੋਂ ਲਿਆਵਾਂ? ਭੀਖ ਮੰਗਾਂ? ਕਰਜ਼ਾ ਚੁੱਕਾਂ ... ਤੂੰ ਦਿਵਾ ਦੇਹ ਮੈਨੂੰ ਕਿਤੋਂ ਕਰਜ਼ਾ ਤੇ ਮੈਂ ਤੈਨੂੰ - ।"

"ਮੈਨੂੰ ਨਹੀਂ ਪਤਾ! ਚੋਰੀ ਕਰ। ਡਾਕਾ ਮਾਰ!"

"ਤੂੰ ਬਹੁਤ ਬਦਲ ਗਈ ਹੈਂ। ਪਹਿਲਾਂ ਵਰਗਾ ਜਲੌਅ ਨਹੀਂ ਰਿਹਾ ਤੇਰੇ ਚਿਹਰੇ ਉਤੇ ... ਤੈਨੂੰ ਆਪਣੀ ਸਿਹਤ ਦਾ ਖ਼ਿਆਲ ਰਖਣਾ ਚਾਹੀਦਾ ਹੈ।"

"ਕੀ ਇਹੋ ਦੱਸਣ ਆਇਆ ਹੈ ਮੈਨੂੰ ਕਿ ਮੇਰੀ ਸ਼ਕਲ ਸੂਰਤ ਚੰਗੀ ਨਹੀਂ ਰਹੀ? ਕਿਉਂ ਰਖਾਂ ਮੈਂ ਆਪਣੀ ਸਿਹਤ ਦਾ ਖ਼ਿਆਲ? ਜਾਂ ਤੇਰਾ ਖ਼ਿਆਲ? ਜਾਂ ਆਪਣਾ? ਮੈਂ ਕਿਉਂ ਕਿਸੇ ਹੋਰ ਦੇ ਜਜ਼ਬਾਤ ਦੀ ਪ੍ਰਵਾਹ ਕਰਾਂ? ਆਪਣੀ ਕਿਉਂ ਨਹੀਂ? ਆਪਣੇ ਤਰੀਕੇ ਦੀ ਸੋਚ - ਮੇਰੀ ਆਪਣੀ ਸੋਚ। ਪਹਿਲਾਂ ਤੂੰ ਮੇਰੇ ਜ਼ਿਹਨ ਦੇ ਕਿਸੇ ਖੂੰਜੇ ਵਿਚ ਬੈਠਾ ਮੈਨੂੰ ਘੂਰਦਾ ਸੀ। ਹੁਣ ਭੁਲ ਗਈ ਹਾਂ ਮੈਂ ਉਸ ਘਰ ਨੂੰ। ਉਹ ਕੋਈ ਘਰ ਸੀ ਜਿਥੇ ਮੈਂ ਸਾਹ ਵੀ ਲੈਂਦੀ ਤਾਂ ਤੇਰੀ ਮਰਜ਼ੀ ਨਾਲ?"

ਪਰਵੇਜ਼ ਨੇ ਗੁੱਸੇ ਨਾਲ ਆਖਿਆ, "ਕੀ ਬੋਲ ਰਹੀ ਹੈ ਤੂੰ?"

"ਮੈਨੂੰ ਖ਼ੁਦ ਨਹੀਂ ਪਤਾ ਕਿ ਮੈਂ ਕੀ ਬੋਲ ਰਹੀ ਹਾਂ। ਇਹ ਲਫ਼ਜ਼ ਮੇਰੇ ਅੰਦਰੋਂ ਉਬਲ ਕੇ ਨਿਕਲ ਰਹੇ ਹਨ। ਤੂੰ ਇਹੋ ਚਾਹੁੰਦਾ ਹੈਂ ਨਾ ਕਿ ਮੈਂ ਕੁਝ ਵੀ ਨਾ ਬਣ ਸਕਾਂ? ਕੋਈ ਕੰਮ ਨਾ ਕਰ ਸਕਾਂ? ਭਿਖਾਰਨ ਬਣ ਕੇ ਤੇਰੇ ਦਰ ਉੱਤੇ

ਪਰਤ ਆਵਾਂ ਤੇ ਮਿੰਨਤਾਂ ਕਰਾਂ - ਮੇਰੇ ਪਿਆਰੇ ਪਤੀ - ਮੇਰੇ ਸਵਾਮੀ! .... ਮੈਨੂੰ ਆਪਣੇ ਘਰ ਵਿਚ ਵਸਾ ਲਵੋ ... ਮੈਂ ਆਪਣਾ ਪੇਟ ਨਹੀਂ ਪਾਲ ਸਕਦੀ। ਪਰ ਮੈਨੂੰ ਤੇਰੀ ਮਦਦ ਦੀ ਲੋੜ ਨਹੀਂ?"

ਉਸ ਦੇ ਜਾਣ ਦੇ ਪਿਛੋਂ ਮੈਂ ਉਹਦੇ ਬਾਰੇ ਸੋਚਦੀ ਰਹੀ। ਫਿਰ ਬਾਬੀ ਦੇ ਬਾਰੇ। ਦੋਹਾਂ ਦੀਆਂ ਸੂਰਤਾਂ ਮੇਰੇ ਜ਼ਿਹਨ ਵਿਚ ਰਲ-ਗਡ ਹੋ ਰਹੀਆਂ ਸਨ।

ਬਾਬੀ ਸਵੇਰੇ ਸਵੇਰੇ ਮੇਰੇ ਫਲੈਟ ਵਿਚ ਆਇਆ। ਮੈਂ ਸੁੱਤੀ ਪਈ ਸਾਂ। ਮੈਨੂੰ ਜਗਾ ਕੇ ਬੋਲਿਆ, "ਦਿਨ ਚੜ੍ਹ ਆਇਆ। ਨੌ ਵੱਜ ਗਏ। ਉਠ ਚਾਹ ਬਣਾ। ਮੈਂ ਘਰੋਂ ਗੋਭੀ ਦੇ ਪਰਾਉਂਠੇ ਲੈ ਕੇ ਆਇਆ ਹਾਂ।"

ਮੈਂ ਉਠ ਕੇ ਮੂੰਹ ਉਤੇ ਪਾਣੀ ਦੇ ਛਿੱਟੇ ਮਾਰੇ, ਸਿਰ ਦੇ ਵਾਲ ਪਾਣੀ ਵਿਚ ਡੁਬੋਏ ਤੇ ਨੁਚੜਦੇ ਹੋਏ ਵਾਲਾਂ ਨੂੰ ਸਮੇਟਦੀ ਹੋਈ ਕਮਰੇ ਵਿਚ ਆਈ।

ਚਾਹ ਪੀਂਦਿਆਂ ਬਾਬੀ ਬੋਲਿਆ, "ਮੇਰਾ ਦੋਸਤ ਹੈਨਰੀ ਬੰਬਈ ਤੋਂ ਆਇਆ। ਅੱਜ ਉਸ ਦਾ ਖਾਣਾ ਹੈ। ਮੈਂ ਸੋਚਿਆ, ਇਥੇ ਤੇਰੇ ਫਲੈਟ ਵਿਚ ਲੰਚ ਕਰੀਏ। ਠੀਕ ਰਹੇਗਾ ਨਾ?"

"ਕਿਉਂ ਨਹੀਂ।"

ਬਾਬੀ ਚਿਕਨ ਲੈ ਆਇਆ। ਮੈਂ ਚਿਕਨ ਰੋਸਟ ਕੀਤਾ। ਆਲੂ ਬੂੰਦੀ ਦਾ ਰਾਇਤਾ .... ਤੇ ਬੀਅਰ ਦੀਆ ਚਾਰ ਬੋਤਲਾਂ....।

ਹੈਨਰੀ ਬਾਬੀ ਦੀ ਗਾਰਮੈਂਟ ਫੈਕਟਰੀ ਨੂੰ ਫੈਸ਼ਨ ਦੇ ਨਮੂਨੇ ਦੇਂਦਾ ਸੀ ਤੇ ਮਾਲ ਖਰੀਦਦਾ ਸੀ। ਇਕ ਪ੍ਰਕਾਰ ਦਾ ਪਾਰਟਨਰ। ਈਮਾਨਦਾਰ ਸਾਉਲਾ ਕ੍ਰਿਸਚੀਅਨ। ਪੂਰਾ ਨਾਂ ਸੀ ਹੈਨਰੀ ਡਸੂਜ਼ਾ। ਉਸ ਦੀ ਕੰਪਨੀ ਆਪਣਾ ਮਾਲ ਯੋਰਪ ਭੇਜਦੀ ਸੀ। ਰੂਸ, ਮਿਡਲ ਈਸਟ ਤੇ ਹੁਣ ਕੋਰੀਆ ਦੀ ਇਕ ਵੱਡੀ ਗਾਰਮੈਂਟ ਫੈਕਟਰੀ ਨਾਲ ਕੰਮ ਕਰ ਰਿਹਾ ਸੀ।

ਹੈਨਰੀ ਪੂਰੇ ਇਕ ਵਜੇ ਆਇਆ। ਦੋਵੇਂ ਦੋਸਤ ਬਿਜ਼ਨੈੱਸ ਦੀਆਂ ਗੱਲਾਂ ਕਰਦੇ ਰਹੇ। ਬਾਬੀ ਨੇ ਮੇਰੇ ਬਾਰੇ ਦਸਿਆ ਕਿ ਮੇਰੀ ਬੈਕਗ੍ਰਾਉਂਡ ਫੈਸ਼ਨ ਤੇ ਮਾਡਲਿੰਗ ਦੀ ਸੀ। ਮੈਨੂੰ ਕਾਸਟਿਊਮਜ਼ ਦੀ ਚੰਗੀ ਸਮਝ ਸੀ। ਗੱਲਾਂ ਹੁੰਦੀਆਂ ਰਹੀਆਂ।

ਲੰਚ ਕਰਨ ਪਿਛੋਂ ਹੈਨਰੀ ਨੇ ਆਖਿਆ, "ਕੱਲ੍ਹ, ਸ਼ਾਮ ਦਾ ਖਾਣਾ ਮੇਰੇ ਨਾਲ ਹੋਟਲ ਵਿਚ ਹੋਵੇਗਾ। ਠੀਕ ਹੈ ਨਾ ਬਾਬੀ?"

ਬਾਬੀ ਨੇ ਕਿਹਾ, "ਹਾਂ, ਬਿਲਕੁਲ ਠੀਕ।"

ਹੈਨਰੀ ਚਲਾ ਗਿਆ।

ਬਾਬੀ ਨੇ ਮੈਨੂੰ ਟੈਲੀਫ਼ੋਨ ਉਤੇ ਦਸਿਆ ਕਿ ਉਹ ਸ਼ਾਮ ਨੂੰ ਮਸਰੂਫ਼ ਹੈ। ਇਸ ਲਈ ਉਹ ਡਿਨਰ ਉਤੇ ਦੇਰ ਨਾਲ ਆਵੇਗਾ। ਤੂੰ ਸਿਧੀ ਹੈਨਰੀ ਦੇ ਹੋਟਲ

ਪਹੁੰਚ ਜਾਵੀਂ। ਮੈਂ ਤੈਨੂੰ ਉਥੇ ਮਿਲਾਂਗਾ।

ਮੈਂ ਤਿਆਰ ਹੋ ਕੇ ਹਾਲੀ ਡੇ ਇਨ ਪਹੁੰਚ ਗਈ। ਕਾਊਂਟਰ ਉਤੇ ਜਾ ਕੇ ਹੈਨਰੀ ਡਸੂਜ਼ਾ ਦਾ ਰੂਮ ਨੰਬਰ ਪੁਛਿਆ ਤਾਂ ਕਾਊਂਟਰ ਰਾਹਲ ਨੇ ਦਸਿਆ ਕਿ ਮਿਸਟਰ ਡਸੂਜ਼ਾ ਡਾਈਨਿੰਗ ਰੂਮ ਵਿਚ ਤੁਹਾਡਾ ਇੰਤਜ਼ਾਰ ਕਰ ਰਹੇ ਹਨ।

ਮੈਂ ਡਾਈਨਿੰਗ ਰੂਮ ਵਿਚ ਪਹੁੰਚੀ ਤਾਂ ਦੇਖਿਆ ਹੈਨਰੀ ਇਕ ਖੂੰਜੇ ਵਿਚ ਬੈਠਾ ਸਿਗਰਟ ਪੀ ਰਿਹਾ ਸੀ। ਕੋਲ ਪਹੁੰਚ ਕੇ ਮੈਂ ਉਸ ਨੂੰ ਹੈਲੋ ਕੀਤੀ। ਉਸ ਨੇ ਖੜ੍ਹੇ ਹੋ ਕੇ ਮੇਰੇ ਨਾਲ ਹੱਥ ਮਿਲਾਇਆ ਤੇ ਬੈਠਣ ਲਈ ਆਖਿਆ। ਬੋਲਿਆ, ਬਾਬੀ ਕਿਥੇ ਹੈ?"

ਮੈਂ ਆਖਿਆ, "ਉਸ ਨੂੰ ਜ਼ਰੂਰੀ ਕੰਮ ਸੀ। ਇਸ ਲਈ ਉਹ ਲੇਟ ਆਵੇਗਾ।"

ਉਹ ਬੋਲਿਆ, "ਆਮ ਤੌਰ ਤੇ ਮੈਂ ਆਪਣੇ ਮਹਿਮਾਨ ਨੂੰ ਬੀਅਰ ਜਾਂ ਵਿਸਕੀ ਜਾਂ ਵਾਈਨ ਪੁੱਛਦਾ ਹਾਂ, ਪਰ ਤੈਨੂੰ ਨਹੀਂ। ਤੂੰ ਮੇਰੇ ਦੋਸਤ ਦੀ ਮਾਸ਼ੂਕਾ ਹੈਂ। ਇਸ ਲਈ ਗਰਮ ਗਰਮ ਸੂਪ। ਬੋਲ, ਕਿਹੜਾ ਸੂਪ ਪੀਏਂਗੀ?

ਮੈਂ ਚਿਕਨ ਸੂਪ ਤੇ ਫਿਸ਼ ਕਟਲਟ ਦਾ ਆਰਡਰ ਦਿੱਤਾ। ਉਸ ਨੇ ਵੀ ਇਸੇ ਕਿਸਮ ਦਾ ਆਰਡਰ ਦਿੱਤਾ ਤੇ ਅਸੀਂ ਦੋਵੇਂ ਗੱਲਾਂ ਕਰਨ ਲਗੇ।

ਉਸ ਨੇ ਬਾਬੀ ਦੀ ਤਾਰੀਫ਼ ਕੀਤੀ – ਬਤੌਰ ਬਿਜ਼ਨੈੱਸ ਪਾਰਟਨਰ ਤੇ ਬਤੌਰ ਇਨਸਾਨ। ਫਿਰ ਬੋਲਿਆ, "ਬਾਬੀ ਈਮਾਨਦਾਰ ਹੈ। ਤੈਨੂੰ ਪਿਆਰ ਕਰਦਾ ਹੈ। ਤੇਰੇ ਉਤੇ ਜਾਨ ਦੇਂਦਾ ਹੈ ਪਰ ਤੇਜ਼ ਮਿਜ਼ਾਜ ਹੈ। ਮੈਂ ਦੋ ਦਿਨਾਂ ਵਿਚ ਕੁਝ ਅਜਿਹੀਆਂ ਗੱਲਾਂ ਦੇਖੀਆਂ ਹਨ ਜਿਨ੍ਹਾਂ ਦਾ ਮੇਰੇ ਉਤੇ ਡੂੰਘਾ ਅਸਰ ਹੋਇਆ ਹੈ।"

"ਕੀ ਗੱਲਾਂ?"

"ਸ਼ਾਲੂ, ਤੂੰ ਟੇਲੈਂਟਿੰਡ ਹੈ। ਤੇਰੇ ਅੰਦਰ ਸ਼ਕਤੀ ਹੈ .... ਤੂੰ ਜ਼ਿੰਦਗੀ ਵਿੱਚ ਤਰੱਕੀ ਕਰ ਸਕਦੀ ਹੈਂ ... ਆਪਣੇ ਪੈਰਾਂ ਉਤੇ ਖੜ੍ਹੀ ਹੋ ਕੇ ਕਿਤੇ ਵੀ ਪਹੁੰਚ ਸਕਦੀ ਹੈ ... ਪਰ ਮੈਂ ਦੇਖ ਰਿਹਾ ਹਾਂ ਬਾਬੀ ਨੇ ਤੈਨੂੰ ਜਕੜ ਰਖਿਆ ਹੈ। ਉਹ ਬਹੁਤ ਸ਼ੱਕੀ ਹੈ। ਜੇ ਤੂੰ ਉਸ ਨਾਲ ਸ਼ਾਦੀ ਕਰ ਲਈ ਤਾਂ ਤਬਾਹ ਹੋ ਜਾਵੇਂਗੀ।"

ਉਹ ਰੁਕ ਗਿਆ। ਫਿਰ ਕੁਝ ਸੋਚ ਕੇ ਬੋਲਿਆ, "ਤੇਰਾ ਪਹਿਲਾ ਖਾਵੰਦ ਪਰਵੇਜ਼ ਸੀ। ਹੁਣੇ ਉਸ ਦੇ ਚੁੰਗਲ 'ਚੋਂ ਬਾਹਰ ਨਿਕਲੀ ਹੈਂ ਕਿ ਫਿਰ ਮੁਹੱਬਤ ਦੇ ਜਾਲ ਵਿਚ ਫਸ ਗਈ। ਮੁਹੱਬਤ ਚੰਗੀ ਚੀਜ਼ ਹੈ ਪਰ ਕਿਸੇ ਦੇ ਗੁਲਾਮ ਬਣ ਜਾਣਾ ਤੇ ਉਸ ਦੇ ਇਸ਼ਾਰਿਆਂ ਉਤੇ ਨੱਚਣਾ ... ਅਜਿਹੇ ਬੰਦੇ ਨਾਲ ਸ਼ਾਦੀ ਕਰਨਾ ਜੋ ਹਰ ਵੇਲੇ ਸ਼ੱਕ ਕਰੇ ... ਸ਼ੱਕ ਦੀ ਅੱਗ ਵਿਚ ਮਚਦਾ ਰਹੇ – ਦਮ ਘੁਟ ਕੇ ਰਹਿ ਜਾਵੇਗਾ ਤੇਰਾ। ਪਰਵੇਜ਼ ਵਿੱਚ ਮੁਹੱਬਤ ਦਾ ਲਾਵਾ ਨਹੀਂ

ਸੀ .... ਇਸ ਲਈ ਤੂੰ ਬਗੈਰ ਕਿਸੇ ਜਜ਼ਬਾਤੀ ਦਰਦ ਦੇ ਉਸ ਤੋਂ ਅਲੱਗ ਹੋ ਗਈ। ਅਲੱਗ ਹੋ ਕੇ ਤੈਨੂੰ ਹਰ ਚੀਜ਼ ਖੁਲ੍ਹ ਖੁਲ੍ਹ ਤੇ ਖੁਸ਼ਗਵਾਰ ਲੱਗੀ। ਪਰ ਬਾਬੀ ਤੋਂ ਅਲੱਗ ਨਹੀਂ ਹੋ ਸਕੇਂਗੀ। ਇਕ ਵਾਰ ਸ਼ਾਦੀ ਕੀਤੀ ਤਾਂ ਸਾਰੀ ਉਮਰ ਦੀ ਬੰਧਿਸ਼ .... ਝਗੜਾ .... ਲੜਾਈ .... ਜ਼ਹਿਰ ਖਾ ਲੈਣ ਦੀ ਧਮਕੀ .... ਬੰਦੂਕ ਦੀ ਗੋਲੀ ਦੀ ਧਮਕੀ ... ਤੇ ਜ਼ਿੰਦਗੀ ਖ਼ਤਮ। ਤੈਨੂੰ ਚਾਹੀਦਾ ਹੈ ਕਿ ਸੋਚ ਸਮਝ ਕੇ ਕਦਮ ਰਖੇਂ। ਵੱਡੀ ਦੁਨੀਆਂ ਵਿਚ ਜਾਹ .... ਆਜ਼ਾਦ। ਕੋਈ ਪੁੱਛਣ ਵਾਲਾ ਨਾ ਹੋਵੇ .... ਖੁਦ ਦੀ ਮਾਲਿਕ .... ਇਹ ਸਾਰੀਆਂ ਗੱਲਾਂ ਤੈਨੂੰ ਇਸ ਲਈ ਕਹਿ ਰਿਹਾ ਹਾਂ ਕਿ ਮੈ ਤੈਨੂੰ ਭੈਣ ਆਖਿਆ ਹੈ .... ਭੈਣ ... ਤੂੰ ਮੇਰੀ ਭੈਣ ਹੈਂ। ਇਸ ਲਈ ਤੇਰੀ ਤਰੱਕੀ ਤੇ ਬਿਹਤਰੀ ਬਾਰੇ ਸੋਚ ਰਿਹਾ ਹਾਂ।"

"ਮੈਨੂੰ ... ਕੀ ਕਰਨਾ ਚਾਹੀਦਾ ਹੈ?"

"ਮੈਂ ਕੁਝ ਨਹੀਂ ਕਹਿ ਸਕਦਾ। ਇਹ ਤੇਰਾ ਆਪਣਾ ਫੈਸਲਾ ਹੈ। ਖੁਦ ਸੋਚ, ਤੇ ਆਪਣੇ ਦਿਲ ਦੀ ਗੱਲ ਮੰਨ। ਕਿਸੇ ਹੋਰ ਦੀ ਨਹੀਂ। ਨਾ ਬਾਬੀ ਦੀ ਨਾ ਮੇਰੀ। ਬਸ ਆਪਣੇ ਦਿਲ ਦੀ। ਕੱਲ੍ਹ ਨੂੰ ਤੈਨੂੰ ਪਛਤਾਉਣਾ ਨਾ ਪਵੇ। ਜ਼ਿੰਦਗੀ ਦੇ ਬੇਸ਼ੁਮਾਰ ਰਸਤੇ ਹਨ ... ਆਖ਼ਿਰ ਤੂੰ ਕਰਨਾ ਕੀ ਚਾਹੁੰਦੀ ਹੈਂ। ਕੀ ਬਣਨਾ ਚਾਹੁੰਦੀ ਹੈ ਤੂੰ?"

"ਰਾਈਟਰ!"

"ਰਾਈਟਰ? ਰਾਈਟਰ ਬਣਦੇ ਨਹੀਂ ਪੈਦਾ ਹੁੰਦੇ ਹਨ। ਹਾਂ, ਜੇ ਤੂੰ ਡੀਜ਼ਾਈਨਰ ਬਣਨਾ ਚਾਹੇ ਤਾਂ ਸ਼ਾਇਦ ਬਣ ਸਕਦੀ ਹੋਵੇਂ। ਇਹ ਅਜਿਹਾ ਕਿੱਤਾ ਹੈ ਜੋ ਤੂੰ ਸਿਖ ਸਕਦੀ ਹੈਂ।"

"ਡੀਜ਼ਾਈਨ ....? ਮੈਨੂੰ ਕਾਸਟਿਊਮਜ਼ ਡੀਜ਼ਾਈਨ ਦਾ ਕੁਝ ਕੁਝ ਇਲਮ ਤਾਂ ਹੈ, ਪਰ ਪੂਰਾ ਨਹੀਂ। ਮੈਂ ਸਿਖਣਾ ਚਾਹਾਂਗੀ ... ਜੇ .... ਇਸ ਤਰ੍ਹਾਂ ਮੈਂ ਆਪਣੇ ਪੈਰਾਂ ਤੇ ਖੜ੍ਹੀ ਹੋ ਜਾਵਾਂਗੀ, ਕਮਾ ਸਕੀਗੇ ਤੇ ਫਖ਼ਰ ਨਾਲ ਸਿਰ ਉੱਚਾ ਕਰਕੇ ਤੁਰ ਸਕਾਂਗੀ.... ।"

"ਦੇਖ ਜਲਦੀ ਨਾ ਕਰ। ਤੂੰ ਬੰਬਈ ਜਾਣਾ ਚਾਹੁੰਦੀ ਹੈਂ? ਦੱਸ।"

"ਮੈਨੂੰ ਫਿਲਮ ... ਟੀ. ਵੀ. ਸੀਰੀਅਲ ਵਿਚ ਕੰਮ ਕਰਨ ਦਾ ਸ਼ੌਕ ਹੈ!"

ਹੈਨਰੀ ਦੇ ਮੱਥੇ ਉਤੇ ਵੱਟ ਪੈ ਗਏ। ਉਹ ਬੋਲਿਆ, "ਫ਼ਿਲਮ? ਇਹ ਧੋਖੇ ਤੇ ਫ਼ਰੇਬ ਦੀ ਦੁਨੀਆਂ ਹੈ ਸ਼ਾਲੂ! ਤੈਨੂੰ ਤਾਂ ਕੋਈ ਅਜਿਹਾ ਕੰਮ ਕਰਨਾ ਚਾਹੀਦਾ ਹੈ ... ਅਜਿਹਾ ਕੰਮ .... ਮੈਂ ਭਰਾ ਦੇ ਨਾਤੇ ਏਨੀ ਮਦਦ ਕਰ ਸਕਦਾ ਹਾਂ ਕਿ ਬੰਬਈ ਵਿਚ ਤੂੰ ਮੇਰੇ ਘਰ ਵਿਚ ਮੇਰੀ ਮਾਂ ਤੇ ਭੈਣ ਨਾਲ ਰਹਿ ਸਕਦੀ ਹੈਂ। ਮੇਰੀ ਮਾਂ ਖੁਲ੍ਹੇ ਦਿਲ ਦੀ ਹੈ.... ਉਹ ਹਰ ਰੋਜ਼ ਚਰਚ ਜਾਂਦੀ ਹੈ ... ਤੈਨੂੰ ਆਪਣੀ

ਬੇਟੀ ਵਾਂਗ ਰਖੇਗੀ। ਮੇਰਾ ਵੱਡਾ ਬਿਜ਼ਨੈਸ ਹੈ .... ਕਦੇ ਦਿੱਲੀ ... ਕਦੇ ਕਲਕੱਤਾ .... ਕਦੇ ਨਿਊਯਾਰਕ .... ਤੂੰ ਜੇ ਮੇਰੇ ਨਾਲ ਕੰਮ ਵਿਚ ਮਦਦ ਕਰਨੀ ਚਾਹੇਂ ਤਾਂ ਮੈਂ ਤੈਨੂੰ ਪਹਿਲਾਂ ਪਹਿਲਾਂ ਦਸ ਹਜ਼ਾਰ ਰੁਪਿਆ ਮਹੀਨਾ ਦੇਵਾਂਗਾ। ਇਸ ਤੋਂ ਵੱਧ ਨਹੀਂ ਦੇ ਸਕਦਾ। ਵੈਸੇ ਦਸ ਹਜ਼ਾਰ ਰੁਪਿਆ ਬੰਬਈ ਵਿਚ ਕੋਈ ਵਡੀ ਰਕਮ ਨਹੀਂ। ਜੇ ਤੇਰਾ ਕੰਮ ਚੰਗਾ ਹੋਇਆ ਤਾਂ ਥੋੜ੍ਹੀ ਦੇਰ ਪਿਛੋਂ ਤਨਖਾਹ ਵਧਾ ਦਿਆਂਗਾ। ਇਸ ਨੂੰ ਆਪਣੇ ਭਰਾ ਵਲੋਂ ਭੈਣ ਦੀ ਮਦਦ ਸਮਝਣਾ। ਬੰਬਈ ਆਉਣਾ ਚਾਹੇ ਤਾਂ ਟੈਲੀਫੋਨ ਕਰ ਦੇਵੀਂ।"

"ਬੰਬਈ ਕਦੋਂ ਜਾ ਰਹੇ ਹੋ?"

"ਕਲ੍ਹ ਸ਼ਾਮ!"

ਮੈਂ ਸੋਚਣ ਲਗੀ – ਆਖ਼ਿਰ ਕਦੋਂ ਤੀਕ ਬਾਬੀ ਦੀਆਂ ਧਮਕੀਆਂ ਸਹਿੰਦੀ ਰਹਾਂਗੀ। ਕਦੋਂ ਤੀਕ ਇਹ ਸਿਲਸਿਲਾ ਚਲੇਗਾ ਉਹਦੇ ਨਾਲ। ਹਰ ਰੋਜ਼ ਝਗੜਾ। ਹਰ ਗਲ ਉਤੇ ਬਹਿਸ ... ਬਕਵਾਸ ... ਸ਼ਰਾਬ ਪੀ ਕੇ ਕਦੇ ਕਾਰ ਦੀ ਟੱਕਰ .... ਕਦੇ ਮੈਂ ਆਪਣੀ ਬਾਂਹ ਸਾੜ ਲਈ ਆਪਣੇ ਪਿਆਰ ਦੇ ਸਬੂਤ ਦੇਣ ਲਈ ... ਬਿਲਕੁਲ ਬੇਹੂਦਾ ਤੇ ਬੇਮਾਇਨੇ ਜ਼ਿੰਦਗੀ। ਕਿਉਂ ਨਾ ਆਪਣੀ ਜ਼ਿੰਦਗੀ ਦਾ ਖੁਦ ਫੈਸਲਾ ਕਰਾਂ ....

ਏਨੇ ਨੂੰ ਦੂਰ ਤੋਂ ਬਾਬੀ ਆਪਣੀ ਐਨਕ ਵਿਚੋਂ ਅੱਖਾਂ ਝਮਕਦਾ ਹੋਇਆ ਦਿਖਾਈ ਦਿੱਤਾ। ਉਹ ਸਾਡੇ ਡਿਨਰ ਟੇਬਲ ਉਤੇ ਆ ਗਿਆ। ਸਾਨੂੰ ਦੇਖ ਕੇ ਬਹੁਤ ਖੁਸ਼ ਹੋਇਆ।

ਉਸ ਨੇ ਹੈਨਰੀ ਨੂੰ ਆਖਿਆ, "ਚਲ ਤੇਰੇ ਕਮਰੇ ਵਿਚ ਚਲ ਕੇ ਕਾਫ਼ੀ ਪੀਂਦੇ ਹਾਂ।"

ਅਸੀਂ ਤਿੰਨੇ ਉਠ ਕੇ ਹੈਨਰੀ ਦੇ ਬੈਡਰੂਮ ਵਿਚ ਆ ਗਏ। ਦੋਹਾਂ ਨੇ ਸਿਗਰਟ ਸੁਲਘਾ ਲਈ। ਹੈਨਰੀ ਨੇ ਸਕਾਚ ਦੀ ਬੋਤਲ ਖੋਲ੍ਹੀ। ਉਹਨਾਂ ਦੋਹਾਂ ਨੇ ਇਕ ਇਕ ਪੈੱਗ ਪੀਤਾ। ਮੈਂ ਬੀਅਰ ਪੀਤੀ। ਤੇ ਅਸੀਂ ਬੇਝਿਜਕ ਹੋ ਕੇ ਗੱਲਾਂ ਕਰਨ ਲਗੇ।

ਗੱਲ ਮੇਰੇ ਭਵਿੱਖ ਬਾਰੇ ਹੋਣ ਲਗੀ। ਮੈਂ ਕੀ ਬਣਨਾ ਚਾਹੁੰਦੀ ਹਾਂ। ਕੀ ਖ਼੍ਵਾਬ ਹਨ ਮੇਰੇ। ਮੈਂ ਕੀ ਬਣ ਸਕਦੀ ਹਾਂ? ਦੋਵੇਂ ਤਿੰਨ ਤਿੰਨ ਪੈੱਗ ਚੜ੍ਹਾ ਚੁੱਕੇ ਸਨ।

ਹੈਨਰੀ ਨੇ ਬਾਬੀ ਨੂੰ ਕਿਹਾ, "ਸ਼ਾਲੂ ਬੰਬਈ ਜਾਣਾ ਚਾਹੁੰਦੀ ਹੈ। ਮੈਂ ਉਸਨੂੰ ਆਖਿਆ ਕਿ ਬੰਬਈ ਵਿਚ ਉਸ ਲਈ ਬਹੁਤ ਚਾਂਸ ਹੈ। ਮਾਡਲ ਬਣਨਾ ਹੈ ਤਾਂ ਮਾਡਲਿੰਗ ਦੀਆਂ ਸੈਂਕੜੇ ਏਜੰਸੀਆਂ ਹਨ। ਡੀਜ਼ਾਈਨ ਸੈਂਟਰ ਹੈ। ਗਾਰਮੈਂਟ ਫੈਸ਼ਨ ਦੀਆਂ ਕੰਪਨੀਆਂ ਹਨ। ਮੇਰੇ ਖ਼ਿਆਲ ਵਿਚ ਬੰਬਈ ਵਿਚ ਇਸ ਦਾ

ਫ਼ਿਊਚਰ ਹੈ। ਮੈਂ ਸ਼ਾਲੂ ਦੀ ਮਦਦ ਕਰ ਸਕਦਾ ਹਾਂ।"

ਬਾਬੀ ਬੌਂਦਲਿਆ ਹੋਇਆ ਦੇਖਣ ਲਗਾ, "ਕਾਹਦੀ ਮਦਦ?"

"ਸ਼ਾਲੂ ਦੀ ਮਦਦ!"

"ਤੂੰ ਕੌਣ ਹੈਂ ਮਦਦ ਕਰਨ ਵਾਲਾ? ਮੈਂ ਜੂ ਕਰ ਰਿਹਾ ਸਾਂ ਇਸ ਦੀ ਮਦਦ....।"

"ਮੇਰਾ ਮਤਲਬ ਹੈ ਸ਼ਾਲੂ ਦਾ ਭਵਿੱਖ ... ਉਸ ਦੇ ਭਰਾ ਤੇ ਨਾਤੇ। ਜੇ ਉਹ ਬੰਬਈ ਜਾਣਾ ਚਾਹੁੰਦੀ ਹੈ ਤੇ ਮੇਰੀ ਮਾਂ ਤੇ ਭੈਣ ਨਾਲ ਰਹਿ ਸਕਦੀ ਹੈਂ। ਮੈਂ ਇਸ ਨੂੰ ਆਸਾਨੀ ਨਾਲ ਦਸ ਹਜ਼ਾਰ ਰੁਪਏ ਮਹੀਨਾ ਦੇ ਸਕਦਾ ਹਾਂ। ਇਸ ਦਾ ਭਵਿੱਖ ਬਣ ਜਾਵੇਗਾ-"

ਇਕ ਦਮ ਬਾਬੀ ਦੇ ਚਿਹਰੇ ਦਾ ਰੰਗ ਬਦਲ ਗਿਆ। ਉਹ ਭੜਕ ਕੇ ਬੋਲਿਆ, "ਕਿਸ ਦਾ ਭਵਿੱਖ? ਤੂੰ ਕੀ ਜੋਤਸ਼ੀ ਹੈਂ? ਤੇਰਾ ਆਪਣਾ ਭਵਿੱਖ ਕੀ ਹੈ ਸਾਲੇ? ਤੂੰ ਕੌਣ ਹੈ ਭਵਿੱਖ ਦਸਣ ਵਾਲਾ? ...." ਉਹ ਪੂਰੇ ਗੁੱਸੇ ਵਿਚ ਸੀ "ਸ਼ਾਲੂ ਮੇਰੀ ਗਰਲ ਫਰੈਂਡ ਹੈ। ਮੈਂ ਉਸ ਨਾਲ ਸ਼ਾਦੀ ਕਰਨਾ ਚਾਹੁੰਦਾ ਹਾਂ- "

ਹੈਨਰੀ ਨੇ ਗੁੱਸੇ ਨਾਲ ਆਖਿਆ, "ਪਰ ਉਹ ਤੇਰੇ ਨਾਲ ਸ਼ਾਦੀ ਨਹੀਂ ਕਰਨਾ ਚਾਹੁੰਦੀ।"

ਬਾਬੀ ਦਾ ਚਿਹਰਾ ਤਮਤਮਾ ਉਠਿਆ। ਉਸ ਨੇ ਜ਼ੋਰ ਨਾਲ ਮੇਜ਼ ਉਤੇ ਮੁੱਕਾ ਮਾਰਿਆ ਤੇ ਵਿਸਕੀ ਦੇ ਗਿਲਾਸ ਡੁੱਲ੍ਹ ਗਏ। ਫਰਸ਼ ਉਤੇ ਸ਼ਰਾਬ ਵਹਿ ਤੁਰੀ। ਬਾਬੀ ਗਰਜਿਆ, "ਖਾਮੋਸ਼! ਤੂੰ ਕੌਣ ਹੈਂ ਮੇਰੇ ਤੇ ਸ਼ਾਲੂ ਵਿਚਾਲੇ ਆਉਣ ਵਾਲਾ! ਕੌਣ ਹੈਂ ਤੂੰ? ਬੋਲ! ਮੇਰਾ ਮਾਲ ਖਰੀਦਣ ਦਾ ਵਪਾਰੀ। ਕਮਿਸ਼ਟ ਏਜੰਟ! ਦਲਾਲ ਪਾਦਰੀ ਦੀ ਔਲਾਦ! ਕੀ ਲਗਦਾ ਹੈ ਤੂੰ ਸ਼ਾਲੂ ਦਾ? ਕੀ ਲਗਦੀ ਹੈ ਉਹ ਤੇਰੀ? ਖ਼ਬਰਦਾਰ ਜੇ ਉਸ ਦਾ ਨਾਂ ਲਿਆ ਤਾਂ। ਉਹ ਇਥੇ ਹੀ ਰਹੇਗੀ - ਮੇਰੇ ਨਾਲ। ਤੇਰਾ ਕੋਈ ਮਤਲਬ ਨਹੀਂ ਦਖਲ ਦੇਣ ਦਾ।"

ਮੈਂ ਘਬਰਾਈ ਹੋਈ ਖ਼ਾਮੋਸ਼ ਬੈਠੀ ਰਹੀ। ਕੁਝ ਨਾ ਬੋਲ ਸਕੀ। ਦੋ ਮਰਦਾਂ ਦੀ ਲੜਾਈ ਦੇਖ ਕੇ ਮੇਰੇ ਹੱਥ ਪੈਰ ਠੰਢੇ ਹੋ ਗਏ। ਉਹ ਦੋ ਦਲਾਲਾਂ ਵਾਂਗ ਲੜ ਰਹੇ ਸਨ ਤੇ ਮੇਰੀ ਨੀਲਾਮੀ ਕਰ ਰਹੇ ਸਨ।

ਹੈਨਰੀ ਬਿਫਰ ਕੇ ਬੋਲਿਆ, "ਮੇਰਾ ਤੁਅੱਲਕ ਹੈ ਸ਼ਾਲੂ ਨਾਲ। ਇਨਸਾਨ ਦੇ ਨਾਤੇ ਜੇ ਉਹ ਬੰਬਈ ਜਾਣਾ ਚਾਹੁੰਦੀ ਹੈ ਤਾਂ ਮੇਰਾ ਫਰਜ਼ ਹੈ-"

ਬਾਬੀ ਗਰਜਿਆ, "ਚੁਪ ਹੋ ਜਾ ਨਹੀਂ ਤਾਂ ਜਬ੍ਹਾੜੇ ਭੰਨ ਸੁੱਟਾਂਗਾ ਤੇਰੇ। ਦੋ ਦਿਨ੍ਹਾਂ ਵਿਚ ਤੂੰ ਸ਼ਾਲੂ ਦਾ ਮਾਲਿਕ ਬਣ ਬੈਠਾ। ਖ਼ਬਰਦਾਰ ਜੇ ਤੂੰ ਸਾਡੇ ਵਿਚ ਆਇਆ ਤਾਂ।"

ਇਹ ਆਖ ਕੇ ਬਾਬੀ ਜੋਸ਼ ਵਿਚ ਖੜ੍ਹਾ ਹੋ ਗਿਆ ਤੇ ਮੇਰਾ ਹੱਥ ਫੜ ਕੇ ਬੋਲਿਆ, "ਸ਼ਾਲੂ, ਚਲ ਚਲੀਏ ਇਥੋਂ।"

ਤੇ ਉਹ ਬਗੈਰ ਸਲਾਮ ਦੁਆ ਕੀਤਿਆਂ ਮੈਨੂੰ ਆਪਣੇ ਨਾਲ ਮੇਰੇ ਫਲੈਟ ਵਿਚ ਲੈ ਆਇਆ।

ਰਸਤੇ ਵਿਚ ਬਾਬੀ ਨੇ ਮੇਰੇ ਨਾਲ ਝਗੜਾ ਕੀਤਾ, ਬੋਲਿਆ, "ਤੂੰ ਚੁੱਪ ਕਿਉਂ ਬੈਠੀ ਰਹੀਂ? ਜਦੋਂ ਉਸ ਨੇ ਮੈਨੂੰ ਆਖਿਆ ਕਿ ਸ਼ਾਲੂ ਬੰਬਈ ਜਾਣਾ ਚਾਹੁੰਦੀ ਹੈ ਤਾਂ ਤੂੰ ਬੁੱਤ ਬਣੀ ਬੈਠੀ ਘੂਰਦੀ ਰਹੀ। ਕਿਉਂ ਨਾ ਮੁੱਕਾ ਮਾਰਕੇ ਤੂੰ ਉਸ ਹਰਮਾਜ਼ਾਦੇ ਦੇ ਦੰਦ ਤੋੜ ਦਿੱਤੇ! ਕੀ ਲਗਦਾ ਹੈ ਉਹ ਤੇਰਾ? ਗੁੰਡਾ ... ਬਦਮਾਸ਼।"

ਬਾਬੀ ਗੁੱਸੇ ਵਿਚ ਕੰਬ ਰਿਹਾ ਸੀ। "ਉਸ ਸਾਲੇ ਨੇ ਤੈਨੂੰ ਬੰਬਈ ਦਾ ਝਾਂਸਾ ਦਿੱਤਾ। ਦਾਣਾ ਪਇਆ ਹੈ ਬੰਬਈ ਦਾ। ਭੈਣ ਦਾ ਖਸਮ ... ਉਹ ਮੇਰਾ ਦੋਸਤ ਨਹੀਂ ਦੁਸ਼ਮਣ ਹੈ। ਤੂੰ ਨਹੀਂ ਸਮਝੇਂਗੀ, ਉੱਲੂ ਦੀਏ ਪੱਠੀਏ! ਮੈਨੂੰ ਪਤਾ ਹੈ।" ਉਹ ਆਪਣੇ ਸੀਨੇ ਉਤੇ ਮੁੱਕੀਆਂ ਮਾਰਨ ਲੱਗਾ। ਉਸ ਦੀਆਂ ਅੱਖਾਂ ਤਣ ਗਈਆਂ ਤੇ ਚਿਹਰਾ ਭਖ ਉਠਿਆ। "ਤੇਰੇ ਮੂੰਹ ਵਿਚ ਬੰਬਈ ਦੀ ਬੁਰਕੀ ਪਾਈ ਉਸਨੇ ... ਕੋਈ ਬੇਵਕੂਫ਼ ਮੱਛੀ ਵੀ ਏਨੀ ਛੇਤੀ ਕੁੰਡੀ ਨੂੰ ਮੂੰਹ ਨਹੀਂ ਲਾਉਂਦੀ ਜਿੰਨੀ ਤੂੰ ....।"

"ਮੈਂ ਕੀ?"

"ਤੂੰ !" ਉਹ ਮੈਨੂੰ ਮੋਢਿਆਂ ਤੋਂ ਝੰਜੋੜ ਕੇ ਬੋਲਿਆ, "ਸੁਣ, ਉਹ ਦੋ ਟਿਕਟਾਂ ਲਵੇਗਾ ਬੰਬਈ ਦੀਆਂ - ਇਕ ਤੇਰੀ ਤੇ ਇਕ ਆਪਣੀ ... ਉਹ ਤੈਨੂੰ ਦਸ ਹਜ਼ਾਰ ਰੁਪਏ ਦੇਵੇਗਾ। ਫਿਰ ਹੌਲੀ ਹੌਲੀ ਤਰੱਕੀ ਕਰ ਦੇਵੇਗਾ ਤੇਰੀ ਤਨਖਾਹ ਪੰਦਰਾ ਹਜ਼ਾਰ! ਹਰਾਮਜ਼ਾਦਾ! ਦੋਸਤ ਬਣ ਕੇ ਧੋਖਾ ਦੇ ਰਿਹਾ ਹੈ। ਮੈਨੂੰ ਲੁਟ ਰਿਹਾ ਹੈ। ਅੱਜ ਸਵੇਰੇ ਹੀ ਉਸਨੇ ਮੇਰੇ ਕੋਲੋਂ ਦਸ ਹਜ਼ਾਰ ਰੁਪਿਆ ਉਧਾਰ ਲਿਆ। ਮੈਂ ਬਗ਼ੈਰ ਸੋਚੇ ਸਮਝੇ ਦੇ ਦਿੱਤਾ ਰੁਪਿਆ। ਇਸ ਰੁਪਏ ਨਾਲ ਉਹ ਤੇਰਾ ਤੇ ਆਪਣਾ ਟਿਕਟ ਖਰੀਦਣਾ ਚਾਹੁੰਦਾ ਹੈ ਤੇ ਇਸ ਹੋਟਲ ਦਾ ਦੋ ਦਿਨਾਂ ਦਾ ਬਿਲ। ਜਾਣਦੀ ਹੈਂ ਉਸ ਨੇ ਮੇਰੇ ਕੋਲੋਂ ਪੰਜਾਹ ਹਜ਼ਾਰ ਰੁਪਿਆ ਪਹਿਲਾਂ ਵੀ ਉਧਾਰ ਲੈ ਰਖਿਆ ਹੈ? ਮੈਂ ਆਪਣੇ ਬਾਪ ਤੋਂ ਚੋਰੀ ਇਹ ਰੁਪਿਆ ਉਸ ਨੂੰ ਦਿੱਤਾ। ਨਾ ਲਿਖਤ ਨਾ ਪੜ੍ਹਤ.... ਬਸ ਦੋਸਤੀ ਦੇ ਨਾਤੇ। ਹਰ ਵਾਰ ਵਾਇਦਾ ਕਰਦਾ ਹੈ ਪੰਜਾਹ ਹਜ਼ਾਰ ਰੁਪਿਆ ਵਾਪਿਸ ਕਰਨ ਦਾ .... ਅੱਜ ਦੇਂਦਾ ਹਾਂ ... ਕਲ੍ਹ ਦੇਂਦਾ ਹਾਂ। ਮੈਂ ਉਸ ਉਤੇ ਇਤਬਾਰ ਕੀਤਾ। ਉਸ ਨਾਲ ਵਿਗਾੜ ਨਹੀਂ ਪਾਇਆ ਤਾਂ ਕਿ ਮੇਰਾ ਰੁਪਿਆ ਨਾ ਡੁੱਬ ਜਾਵੇ। ਪਰ ਢੱਠੇ ਖੂਹ 'ਚ ਪਿਆ ਰੁਪਿਆ!! ਮੈਂ ਉਸ ਦੀ ਗੱਦਾਰੀ ਬਰਦਾਸ਼ਤ ਨਹੀਂ ਕਰ ਸਕਦਾ। ਉਹ ਤੈਨੂੰ

ਮੇਰੇ ਕੋਲੋਂ ਖੋਹ ਲਿਜਾਣਾ ਚਾਹੁੰਦਾ ਹੈ। ਕੌਣ ਕਰੇਗਾ ਤੇਰੀ ਪ੍ਰਵਾਹ ਬੰਬਈ ਵਿਚ ਸ਼ਾਲੂ? ਉਹ ਤੈਨੂੰ ਆਪਣੇ ਘਰ ਰਖੇਗਾ, ਆਪਣੀ ਮਾਂ ਕੋਲ ... ਇਕ ਦਿਨ ... ਦੋ ਦਿਨ .... ਤੇ ਫਿਰ ਭੈਣ ਕੋਲ, ਤੇ ਫਿਰ ਕੋਈ ਬਹਾਨਾ ਬਣਾ ਕੇ ਕਿਸੇ ਹੋਟਲ ਵਿਚ ... ਤੇ ਫਿਰ ਕਿਸੇ ਗੈਸਟ ਹਾਊਸ ਵਿਚ ... ਜਾਂ ਡਾਕ ਬੰਗਲੇ ਵਿਚ। ਫਿਰ ਤੈਨੂੰ ਡਾਂਸ ਲਈ ਲੈ ਜਾਵੇਗਾ .... ਤੈਨੂੰ ਡਾਂਸ ਦਾ ਸ਼ੌਕ ਹੈ ਨਾ? ਉਹ ਤੇਰੇ ਨਾਲ ਡਾਂਸ ਕਰੇਗਾ। .... ਸ਼ਰਾਬ ਪੀਏਗਾ ... ਤੇ ਤੈਨੂੰ ਪਿਆਏਗਾ ... ਤੇ ਫਿਰ ਰਾਤ ਨੂੰ ਤੈਨੂੰ ਬਿਸਤਰੇ ਵਿਚ ਬੰਬਈ ਦਿਖਾਏਗਾ ... ਉਫ਼। ਮੇਰਾ ਸਿਰ ਪਾਟਿਆ ਜਾ ਰਿਹਾ ਹੈ। ਦਿਲ ਕਰਦਾ ਹੈ ਗੋਲੀ ਮਾਰ ਲਵਾਂ ਆਪਣੇ ਆਪਨੂੰ ਤੇ ਤੇਰੇ ਕਦਮਾਂ ਵਿਚ ਢੇਰੀ ਹੋ ਜਾਵਾਂ। ਜ਼ਿੰਦਗੀ ਕੀ ਹੋਵੇਗੀ? ਇਕ ਕਾਲ ਗਰਲ ਬਣ ਕੇ ਰਹਿ ਜਾਵੇਂਗੀ ਕਾਲ ਗਰਲ। ਰੰਡੀ! ਘਟੀਆਂ ਬਜ਼ਾਰੀ ਔਰਤ!"

ਉਸ ਦਾ ਚਿਹਰਾ ਤਮਤਮਾ ਰਿਹਾ ਸੀ। ਉਹ ਕੰਬਣ ਲਗਾ ਤੇ ਉਸ ਦੀਆਂ ਵੜਾਛਾਂ ਵਿਚ ਝੱਗ ਦੀ ਪਤਲੀ ਲਕੀਰ ਜਿਹੀ ਦਿਸੀ ....

ਮੈਂ ਇਹ ਦੇਖ ਕੇ ਸੱਨਾਟੇ ਵਿਚ ਆ ਗਈ।

# 9

**ਸ਼ਾਮ** ਦਾ ਵੇਲਾ ਸੀ। ਮੈਂ ਆਪਣੇ ਪੁਰਾਣੇ ਡਰੈਸਿਜ਼ ਨੂੰ ਛਾਂਟ ਕੇ ਉਹਨਾਂ ਦਾ ਢੇਰ ਲਗਾ ਰਹੀ ਸਾਂ। ਵਾਰਡਰੋਬ ਵਿਚ ਮੇਰੇ ਏਨੇ ਜ਼ਿਆਦਾ ਕਪੜੇ ਸਨ ਕਿ ਮੈਨੂੰ ਸਮਝ ਨਹੀਂ ਪੈਂਦੀ ਕਿ ਕਿਹੜਾ ਡਰੈੱਸ ਪਹਿਨਾਂ। ਇਹੋ ਸੋਚ ਕੇ ਫ਼ੈਸਲਾ ਕੀਤਾ ਕਿ ਗਠੜੀ ਬੰਨ੍ਹ ਕੇ ਭਾਬੀ ਕੋਲ ਛੱਡ ਆਵਾਂਗੀ।

ਪੁਰਾਣੇ ਕਪੜਿਆਂ ਦੀ ਛਾਂਟੀ ਕਰਦਿਆਂ ਸੋਚ ਰਹੀ ਸਾਂ ਕਿ ਆਪਣੀਆਂ ਫ਼ਾਲਤੂ ਪੁਰਾਣੀਆਂ ਸਹੇਲੀਆਂ ਤੇ ਮੁਲਾਕਾਤੀਆਂ ਨੂੰ ਵੀ ਗਠੜੀ ਵਿਚ ਬੰਨ੍ਹ ਕੇ ਬਾਹਰ ਸੁਟ ਦੇਵਾਂ। ਬਸ ਕੁਝ ਗਿਣੇ ਮਿਥੇ ਦੋਸਤ ਰਖਾਂ। ਤੇ ਰਾਜ਼ਦਾਰ ਸਹੇਲੀਆਂ।

ਯਕਦਮ ਇਕ ਗੱਡੀ ਮੇਰੇ ਫ਼ਲੈਟ ਦੇ ਸਾਹਮਣੇ ਰੁਕੀ। ਮੈਂ ਕਿਸੇ ਦੇ ਪੌੜੀਆਂ ਚੜ੍ਹਨ ਦੀ ਆਵਾਜ਼ ਸੁਣੀ। ਦਰਵਾਜ਼ਾ ਖੋਲ੍ਹਿਆ ਤੇ ਦੇਖਿਆ, ਇਹ ਰੋਜ਼ੀ ਸੀ। ਉਹ ਜੀਨਜ਼ ਤੇ ਚੁਸਤ ਟਾਪ ਪਹਿਨੀ ਮੁਸਕ੍ਰਾਉਂਦੀ ਹੋਈ ਅੰਦਰ ਦਾਖਿਲ ਹੋਈ। ਮੇਰੇ ਗਲ ਨਾਲ ਚੰਬੜ ਕੇ ਬੋਲੀ, "ਸ਼ੁਕਰ ਹੈ ਤੂੰ ਘਰ ਮਿਲ ਗਈ। ਕਿੱਥੇ ਗੁਆਚੀ ਰਹਿੰਦੀ ਹੈਂ ਤੂੰ? ਚਾਰ ਵਾਰੀ ਚੱਕਰ ਲਾ ਚੁੱਕੀ ਹਾਂ ਤੇਰੇ ਘਰ ਦੇ।"

"ਬੰਬਈ ਤੋਂ ਕਦੋਂ ਆਈ ਹੈਂ?"

ਉਸ ਨੇ ਆਖਿਆ, "ਕਲ੍ਹ ਰਾਤ।"

ਮੈਂ ਚਾਹ ਬਣਾਈ। ਨਾਲ ਖਾਣ ਲਈ ਕੈਸ਼ੋਨਟਸ। ਚਾਹ ਪੀਂਦਿਆਂ ਅਸੀਂ ਗੱਲਾਂ ਕਰਨ ਲੱਗੀਆਂ। ਉਸ ਨੇ ਬੰਬਈ ਵਿਚ ਆਪਣੀ ਸਟਰੱਗਲ ਦੇ ਕਿੱਸੇ ਚਟਖ਼ਾਰੇ ਲੈ ਲੈ ਕੇ ਸੁਣਾਏ।

ਬੰਬਈ ਵਿਚ ਉਹ ਜੂਲੀਆ ਨਾਲ ਰਹਿ ਰਹੀ ਸੀ ਜੋ ਸਾਂਵਲੇ ਰੰਗ ਦੀ ਕੈਥੋਲਿਕ ਕ੍ਰਿਸਚੀਅਨ ਸੀ, ਕਿਸੇ ਜ਼ਮਾਨੇ ਵਿਚ ਚੰਗੀ ਸਟਾਰ ਸੀ। ਪਰ ਹੁਣ ਫ਼ਿਲਮਾਂ ਵਿਚ ਐਕਸਟ੍ਰਾ ਲੜਕੀਆਂ ਸਪਲਾਈ ਕਰਨ ਤੇ ਉਹਨਾਂ ਨੂੰ ਛੋਟੇ ਮੋਟੇ ਰੋਲ ਦਿਵਾਉਣ ਦਾ ਕੰਮ ਕਰਦੀ ਸੀ। ਦਸ ਪਰਸੈਂਟ ਕਮਿਸ਼ਨ ਕੱਟ ਕੇ, ਖਾਣੇ ਤੇ ਰਿਹਾਇਸ਼ ਦੇ ਪੈਸੇ ਦੇ ਕੇ ਰੋਜ਼ੀ ਕੋਲ ਫਿਰ ਵੀ ਕਾਫ਼ੀ ਪੈਸੇ ਬਚ ਜਾਂਦੇ, ਕਿਉਂਕਿ ਉਸ ਦਾ ਖ਼ਰਚਾ ਹੀ ਕੋਈ ਨਹੀਂ ਸੀ। ਉਸ ਨੂੰ ਉਥੇ ਹਰ ਕਿਸਮ ਦੀ ਸਹੂਲਤ ਤੇ ਹਿਫ਼ਾਜਤ ਸੀ। ਬੰਬਈ, ਜਿੰਨਾ ਵੱਡਾ ਸ਼ਹਿਰ, ਉਨੀ ਹੀ ਲੜਕੀਆਂ ਲਈ ਹਰ ਕਿਸਮ ਦੀ ਆਸਾਨੀ। ਅੱਧੀ ਰਾਤੀਂ ਬਾਂਦਰਾ ਸਟੇਸ਼ਨ

ਤੋਂ ਉੱਤਰ ਕੇ ਕੋਈ ਵੀ ਲੜਕੀ ਆਪਣੇ ਘਰ ਇਕੱਲੀ ਜਾ ਸਕਦੀ ਸੀ। ਕੋਈ ਉਸ ਦਾ ਪਿੱਛਾ ਨਹੀਂ ਕਰੇਗਾ, ਪਰ ਦਿੱਲੀ ਵਿਚ ਖ਼ਤਰਾ ਹੀ ਖ਼ਤਰਾ।

ਉਹ ਬੋਲੀ, "ਮਾਡਲਿੰਗ ਤੇ ਫੈਸ਼ਨ ਦੀ ਦੁਨੀਆਂ ਤਾਂ ਬੰਬਈ ਵਿੱਚ ਹੈ। ਦੁਨੀਆਂ ਦਾ ਸਭ ਤੋਂ ਵੱਡਾ ਫ਼ਿਲਮ ਸੈਂਟਰ ਹੁਣ ਹਾਲੀਵੁਡ ਨਹੀਂ ਬਾਲੀਵੁੱਡ ਹੈ ਇਥੇ ਔਰਤਾਂ ਘੱਟ ਤੇ ਐਕਟ੍ਰੈੱਸਾਂ ਜ਼ਿਆਦਾ ਹਨ। ਸਭਨਾਂ ਨੂੰ ਕੰਮ ਮਿਲ ਰਿਹਾ ਹੈ। ਹਰ ਕੋਈ ਮਸਰੂਫ਼। ਦਿੱਲੀ ਤਾਂ ਸੁਸਤੀ ਦੀ ਜਗ੍ਹਾ ਹੈ। ਹਰ ਕੋਈ ਔਰਤ ਅੰਗੜਾਈਆਂ ਲੈਂਦੀ ਹੋਈ ਗਿਆਰਾਂ ਵਜੇ ਸੁੱਤੀ ਉਠਦੀ ਹੈ। ਪਰ ਬੰਬਈ ਵਿਚ ਹਰ ਕੋਈ ਸਵੇਰੇ ਅੱਠ ਵਜੇ ਕੰਮ ਤੇ ਨਿਕਲ ਜਾਂਦਾ ਹੈ। ਹਰ ਆਦਮੀ ਆਜ਼ਾਦ। ਕੋਈ ਸਾਲਾ ਨਹੀਂ ਪੁੱਛਦਾ ਕਿ ਕਿੱਥੇ ਰਹਿੰਦੀ ਹੈ? ਕਿਹਦੇ ਨਾਲ ਰਹਿੰਦੀ ਹੈ? ਕਿਉਂ ਰਹਿੰਦੀ ਹੈ? ਖੁੱਲ੍ਹਾ ਆਕਾਸ਼, ਖੁੱਲ੍ਹਾ ਸਮੁੰਦਰ, ਖੁੱਲ੍ਹੀ ਦੁਨੀਆਂ।"

ਮੈਂ ਸੋਚਣ ਲਗੀ, ਬੇਸ਼ਕ ਰੋਜ਼ੀ ਵਿਚ ਬਹੁਤ ਸਾਰੀਆਂ ਖ਼ਾਮੀਆਂ ਸਨ। ਕਈ ਵਾਰ ਝਗੜਾ ਹੁੰਦਾ। ਦਿਲ ਹੀ ਦਿਲ ਵਿਚ ਕਸਮ ਖਾਂਦੀ ਕਿ ਇਸ ਚੁੜੇਲ ਨਾਲ ਦੁਬਾਰਾ ਇਕੋ ਥਾਂ, ਇਕੋ ਫ਼ਲੈਟ ਵਿਚ ਨਹੀਂ ਰਹਾਂਗੀ। ਉਸ ਦੀਆਂ ਖ਼ੁਦਗਰਜ਼ ਤੇ ਘਟੀਆ ਗੱਲਾਂ ਮੈਨੂੰ ਚੁਭਦੀਆਂ ਸਨ। ਪਰ ਫਿਰ ਵੀ ਉਹ ਮੈਨੂੰ ਦੂਸਰੀਆਂ ਲੜਕੀਆਂ ਨਾਲੋਂ ਕਿਤੇ ਵੱਧ ਦਿਲਚਸਪ ਲਗਦੀ। ਉਸ ਦੀ ਕਮੀਨਗੀ ਵਿਚ ਵੀ ਰਸ ਸੀ। ਉਹ ਕਿਸੇ ਦੀ ਪ੍ਰਵਾਹ ਨਹੀਂ ਸੀ ਕਰਦੀ। ਬਸ ਆਪਣੀ ਮਨਮਰਜ਼ੀ ਕਰਦੀ ਤੇ ਮਜ਼ੇ ਲੁੱਟਦੀ। ਜਦ ਮੈਂ ਉਸ ਤੋਂ ਵੱਖਰੀ ਰਹਿਣ ਲੱਗੀ - ਤਾਂ ਉਹ ਕਈ ਹਫ਼ਤੇ ਰੋਂਦੀ ਰਹੀ। ਮੇਰੀ ਜ਼ਿੰਦਗੀ ਦਿੱਲੀ ਨਾਲ ਹੀ ਜੁੜੀ ਹੋਈ ਸੀ। ਪਰ ਰੋਜ਼ੀ ਨੇ ਕੁਝ ਕੁ ਮਹੀਨਿਆਂ ਵਿਚ ਹੀ ਬੰਬਈ ਵਿਚ, ਸਮੁੰਦਰ ਦੇ ਕਿਨਾਰੇ ਜੁਹੂ ਵਿਚ ਇਕ ਵਧੀਆਂ ਫਲੈਟ ਕਿਰਾਏ ਉਤੇ ਲੈ ਲਿਆ ਸੀ। ਫ਼ਿਲਮਾਂ ਵਿਚ ਛੋਟੇ ਮੋਟੇ ਰੋਲ ਕਰਨ ਲਗੀ ਸੀ। ਮਾਡਲਿੰਗ ਦਾ ਵੀ ਕੰਮ ਮਿਲ ਰਿਹਾ ਸੀ। ਤੇ ਮੈਂ ਇਥੇ ਦਿੱਲੀ ਵਿਚ ਧੱਕੇ ਖਾ ਰਹੀ ਸਾਂ।

ਰੋਜ਼ੀ ਏਨੀ ਛੇਤੀ ਕਾਮਯਾਬ ਕਿਵੇਂ ਹੋ ਗਈ?

ਉਹ ਬੰਬਈ ਆਈ ਤਾਂ ਕੁਝ ਦਿਨਾਂ ਵਿਚ ਹੀ ਸਾਰੇ ਪੈਸੇ ਖ਼ਤਮ ਹੋ ਗਏ। ਸਿਰ ਤੇ ਉਧਾਰ ਚੜ੍ਹ ਗਿਆ। ਉਸਨੇ ਬਾਰ ਬਾਰ ਜੂਲੀਆ ਕੋਲੋਂ ਪੈਸਿਆਂ ਦੀ ਮੰਗ ਕੀਤੀ। ਦੋ ਚਾਰ ਹਫ਼ਤੇ ਲਈ ਉਹ ਮਹਿਮਾਨ ਤਾਂ ਬਣਾ ਸਕੀ ਸੀ ਰੋਜ਼ੀ ਨੂੰ, ਪਰ ਇਸ ਤੋਂ ਜ਼ਿਆਦਾ ਮੁਸ਼ਕਿਲ ਸੀ।

ਇਕ ਦਿਨ ਜੂਲੀਆ ਨੇ ਤੰਗ ਆ ਕੇ ਕਿਹਾ, "ਰੋਜ਼ੀ ਹੁਣ ਤਾਂ ਤੈਨੂੰ ਆਪਣਾ ਗੁਜ਼ਾਰਾ ਖੁਦ ਕਰਨਾ ਪਵੇਗਾ। ਕਹੇਂ ਤਾਂ ਮੈਂ ਤੇਰੀ ਮਦਦ ਕਰ ਸਕਦੀ ਹਾਂ। ਸੁਣ! ਉਂਜ ਵੀ ਤਾਂ ਤੈਨੂੰ ਫ਼ਿਲਮਾਂ ਵਿੱਚ ਛੋਟੇ ਛੋਟੇ ਰੋਲਾਂ ਲਈ ਬਹੁਤ ਕੁਝ

ਕਰਨਾ ਪੈਂਦਾ ਹੈ। ਪੈਸੇ ਆਸਾਨੀ ਨਾਲ ਵੀ ਆ ਸਕਦੇ ਹਨ। ਇਕ ਘੰਟੇ ਦੇ ਤਿੰਨ ਹਜ਼ਾਰ ਮਿਲਣਗੇ ਤੈਨੂੰ। ਤੇਰੀਆਂ ਸਾਰੀਆਂ ਪ੍ਰੇਸ਼ਾਨੀਆਂ ਦੂਰ ਹੋ ਜਾਣਗੀਆਂ।"

ਰੋਜ਼ੀ ਦੀਆਂ ਮਾਲੀ ਪ੍ਰੇਸ਼ਾਨੀਆਂ ਨੇ ਉਸ ਨੂੰ ਏਨਾ ਬੌਂਦਲਾ ਦਿੱਤਾ ਸੀ ਕਿ ਉਹ ਰਜ਼ਾਮੰਦ ਹੋ ਗਈ।

ਇਕ ਦਿਨ ਉਹ ਜੂਲੀਆ ਨਾਲ ਡਿਸਕੋ ਵਿਚ ਨੱਚਣ ਗਈ ਤਾਂ ਉਥੇ ਇਕ ਨੌਜੁਆਨ ਲੜਕੇ ਨੂੰ ਮਿਲੀ। ਲੰਮੇ ਵਾਲ, ਗੋਰਾ ਰੰਗ, ਗਠਿਆ ਹੋਇਆ ਜਿਸਮ। ਡਾਂਸ ਕਰਦਿਆਂ ਉਸ ਲੜਕੇ ਨੇ ਪੁਛਿਆ, "ਤੂੰ ਕੀ ਕਰਦੀ ਹੈਂ? ਦਿੱਲੀ ਤੋਂ ਨਵੀਂ ਨਵੀਂ ਆਈ ਹੈਂ? ਗੁਜ਼ਾਰਾ ਕਿਵੇਂ ਹੁੰਦਾ ਹੈ?"

ਇਸ ਨੌਜੁਆਨ ਨੇ ਰੋਜ਼ੀ ਨੂੰ ਦੇਖਦਿਆਂ ਹੀ ਭਾਂਪ ਲਿਆ ਸੀ ਕਿ ਇਸ ਨੂੰ ਰੁਪੱਈਆਂ ਦੀ ਜ਼ਰੂਰਤ ਹੋਵੇਗੀ। ਇਹ ਉਥੋਂ ਦੇ ਫ਼ੈਸ਼ਨੇਬਲ ਸਰਕਲ ਦਾ ਮੰਜਿਆ ਹੋਇਆ ਦੱਲਾ ਸੀ। ਗੱਲਾਂ ਗੱਲਾਂ ਵਿਚ ਹੀ ਉਸ ਨੇ ਰੋਜ਼ੀ ਨਾਲ ਮਾਮਲਾ ਸੈਟਲ ਕਰ ਲਿਆ।

ਦੂਸਰੇ ਦਿਨ ਬੈਂਡ ਸਟੈਂਡ ਉਤੇ ਦੋਵੇਂ ਮਿਲੇ। ਉਹ ਉਸ ਨੂੰ ਟੈਕਸੀ ਵਿਚ ਬਿਠਾ ਕੇ ਵਰਸੋਆ ਲੈ ਗਿਆ।

ਇਹ ਅੱਡਾ ਇਕ ਪੁਰਾਣਾ ਬੰਗਲਾ ਸੀ। ਪਰ ਅੰਦਰੋਂ ਖ਼ੂਬਸੂਰਤ। ਚਮਕਦੀ ਰੌਸ਼ਨੀ, ਕਾਲੀਨ, ਸੋਫ਼ੇ, ਪਿੱਤਲ ਦੀਆਂ ਵੱਡੀਆਂ ਵੱਡੀਆਂ ਮੂਰਤੀਆਂ ਜੋ ਏਲੋਰਾ ਦੀ ਅੱਧ-ਨੰਗੀ ਸ਼ਿਲਪ ਕਲਾ ਵਿੱਚ ਢਲੀਆਂ ਹੋਈਆਂ ਸਨ।

ਰੋਜ਼ੀ ਨੇ ਦੇਖਿਆ ਕਿ ਪੰਦਰਾਂ ਵੀਹ ਹੁਸੀਨ ਲੜਕੀਆਂ ਇੱਕ ਕਤਾਰ ਵਿਚ ਬੈਠੀਆਂ ਹੋਈਆਂ ਸਨ। ਦੱਲੇ ਨੇ ਰੋਜ਼ੀ ਨੂੰ ਵੀ ਉਸੇ ਕਤਾਰ ਵਿਚ ਬਿਠਾ ਦਿੱਤਾ।

ਥੋੜ੍ਹੀ ਦੇਰ ਪਿਛੋਂ ਇਕ ਆਦਮੀ ਆਇਆ। ਉਸਨੇ ਇਕ ਨਜ਼ਰ ਸਭਨਾਂ ਲੜਕੀਆਂ ਉਤੇ ਸੁੱਟੀ। ਰੋਜ਼ੀ ਦੇ ਲਾਗੇ ਬੈਠੀ ਲੜਕੀ ਵੱਲ ਇਸ਼ਾਰਾ ਕੀਤਾ। ਉਹ ਲੜਕੀ ਉੱਠ ਕੇ ਉਸ ਆਦਮੀ ਨਾਲ ਚਲੀ ਗਈ। ਫਿਰ ਇੱਕ ਪਠਾਣ, ਜਿਸ ਦੀਆਂ ਲੰਮੀਆਂ ਲੰਮੀਆਂ ਮੁੱਛਾਂ ਸਨ, ਆਇਆ ਤੇ ਉਸ ਨੇ ਇਕ ਹੋਰ ਲੜਕੀ ਨੂੰ ਪਸੰਦ ਕੀਤਾ ਤੇ ਉਸ ਨੂੰ ਆਪਣੇ ਨਾਲ ਲੈ ਗਿਆ।

ਤੀਸਰੀ ਵਾਰ ਇਕ ਮੋਟਾ ਸੇਠ ਆਇਆ ਜਿਸ ਨੇ ਸੱਜੇ ਹੱਥ ਦੀਆਂ ਉਂਗਲੀਆਂ ਵਿਚ ਹੀਰੇ ਜੜੀਆਂ ਤਿੰਨ ਅੰਗੂਠੀਆਂ ਪਾਈਆਂ ਹੋਈਆਂ ਸਨ ਤੇ ਕਢਾਈ ਵਾਲੀ ਰਾਜਸਥਾਨੀ ਟੋਪੀ। ਸੇਠ ਨੇ ਅੱਖਾਂ ਘੁੰਮਾਈਆਂ, ਸਾਰੀਆਂ ਲੜਕੀਆਂ ਨੂੰ ਭਾਂਪਿਆ ਤੇ ਆਖ਼ਿਰ ਉਸਨੇ ਰੋਜ਼ੀ ਵੱਲ ਇਸ਼ਾਰਾ ਕੀਤਾ। ਰੋਜ਼ੀ ਦਾ ਦਿਲ ਧੜਕਣ ਲੱਗਾ ਜਿਵੇਂ ਕੋਈ ਲੜਕੀ ਸਹੁਰੇ ਤੁਰਨ ਲੱਗੀ ਹੋਵੇ। ਉਹ ਉਥੇ ਹੀ ਬੈਠੀ ਰਹੀ। ਉੱਠਣ ਦੀ ਹਿੰਮਤ ਨਹੀਂ ਸੀ। ਉਸ ਨੇ ਕੈਟ-ਵਾਕ

ਤਾਂ ਕੀਤੀ ਹੋਈ ਸੀ ਪਰ "ਸੈਕਸ ਵਾਕ" ਨਹੀਂ। ਉਸ ਦੀਆਂ ਲੱਤਾਂ ਕੰਬ ਰਹੀਆਂ ਸਨ।

ਉਸੇ ਵਕਤ ਦੱਲਾ ਆਪਣੇ ਲੰਮੇ ਵਾਲਾਂ ਵਿਚ ਉਂਗਲਾ ਫੇਰਦਾ ਆਇਆ ਤੇ ਬੋਲਿਆ, "ਤੇਰੇ ਮਿਲਣ ਦਾ ਸ਼ਾਮ ਦਾ ਵਕਤ ਤੈਅ ਹੋਇਆ ਹੈ। ਸੱਤ ਵਜੇ। ਰਾਜਮਹਲ ਹੋਟਲ। ਕਮਰਾ ਨੰਬਰ ਤਿੰਨ ਸੌ ਚਾਰ।"

ਇਸ ਚੋਣ ਪਿਛੋਂ ਦੱਲਾ ਰੋਜ਼ੀ ਨੂੰ ਇਕ ਵਧੀਆਂ ਫੈਸ਼ਨੇਬਲ ਸਟੋਰ ਵਿਚ ਲੈ ਗਿਆ। ਇਥੋਂ ਰੋਜ਼ੀ ਨੂੰ ਉਸ ਨੇ ਕਪੜੇ ਚੂਜ਼ ਕਰਨ ਲਈ ਕਿਹਾ। ਰੋਜ਼ੀ ਨੇ ਲਾਂਗ, ਸ਼ਾਰਟ ਕਈ ਤਰ੍ਹਾਂ ਦੀਆਂ ਡਰੈਸਿਜ਼ ਦੇਖੀਆਂ। ਪਰ ਉਸ ਨੂੰ ਕੋਈ ਵੀ ਪਸੰਦ ਨਾ ਆਈ। ਤਦ ਹੀ ਉਸ ਦੀ ਨਜ਼ਰ ਇਕ ਕਾਰਨਰ ਵਿਚ ਰੱਖੇ ਰੈੱਡ ਕਲਰ ਦੀ ਬੈਕਲੈੱਸ ਡਰੈੱਸ ਉਤੇ ਪਈ। ਉਸ ਨੇ ਟਰਾਇਲ ਰੂਮ ਵਿੱਚ ਵੱਡੇ ਸ਼ੀਸ਼ੇ ਸਾਹਮਣੇ ਟ੍ਰਾਈ ਕੀਤੀ ਤੇ ਘੁੰਮ ਘੁੰਮ ਕੇ ਆਪਣੇ ਆਪ ਨੂੰ ਦੇਖਿਆ। ਸੁਰਖ਼ ਰੰਗ ਨਾਲ ਮੇਲ ਖਾਂਦੀ ਚਾਰ ਇੰਚ ਹੀਲ ਵਾਲੀ ਸੈਂਡਲ ਪਸੰਦ ਕੀਤੀ ਜਿਸ ਉੱਤੇ ਗੋਲਡਨ ਡੋਰੀਆਂ। ਸੈਂਡਲ ਪਾ ਕੇ ਡੋਰੀਆਂ ਨੂੰ ਕਸਿਆ। ਖੜ੍ਹੀ ਹੋ ਕੇ ਆਪਣੇ ਆਪ ਨੂੰ ਨਿਹਾਰਨ ਲਗੀ।

ਦੱਲਾ ਬੋਲਿਆ, "ਪਰਫੈਕਟ! ਪਰੀ ਲਗਦੀ ਹੈਂ। ਗਸ਼ ਖਾ ਜਾਏਗਾ ਉਹ ਮੋਟਾ ਸੇਠ।"

ਰੋਜ਼ੀ ਸੱਜ ਧੱਜ ਕੇ ਹੋਟਲ ਦੇ ਕਮਰੇ ਵਿਚ ਬੈਠੀ ਸੇਠ ਦਾ ਇੰਤਜ਼ਾਰ ਕਰ ਰਹੀ ਸੀ। ਅੱਖਾਂ ਵਿਚ ਕੱਜਲ, ਸੁਰਖ਼ ਲਿਪਸਟਿੱਕ ਤੇ ਖੁਲ੍ਹੇ ਵਾਲ। ਦੱਲਾ ਤੇ ਸੇਠ ਦਾਖਿਲ ਹੋਏ।

ਸੇਠ ਨੇ ਰੋਜ਼ੀ ਵੱਲ ਦੇਖਿਆ ਤੇ ਤਿੰਨ ਹਜ਼ਾਰ ਰੁਪਿਆਂ ਦੀ ਗੱਠੀ ਦੱਲੇ ਦੇ ਹੱਥ ਫੜਾ ਦਿੱਤੀ। ਦੱਲਾ ਰੁਪਏ ਲੈ ਕੇ ਚਲਾ ਗਿਆ ਤੇ ਸੇਠ ਰੋਜ਼ੀ ਵੱਲ ਵਧਿਆ।

ਹਫ਼ਦੇ ਹੋਏ ਸੇਠ ਦਾ ਕੰਮ ਅੱਧੇ ਘੰਟੇ ਵਿਚ ਹੀ ਹੋ ਗਿਆ। ਸੇਠ ਉੱਠ ਕੇ ਚਲਾ ਗਿਆ। ਰੋਜ਼ੀ ਅਜੇ ਆਪਣੇ ਕਪੜੇ ਸੰਭਾਲ ਹੀ ਰਹੀ ਸੀ ਕਿ ਦੱਲਾ ਇਕ ਹੋਰ ਗਾਹਕ ਨਾਲ ਅੰਦਰ ਆ ਗਿਆ। ਦੋਹਾਂ ਵਿਚ ਘੁੱਸਰ ਮੁਸਰ ਹੋਈ ਤੇ ਦੱਲੇ ਨੇ ਰੋਜ਼ੀ ਵੱਲ ਇਸ਼ਾਰਾ ਕੀਤਾ। ਰੋਜ਼ੀ ਨੇ ਦੇਖਿਆ ਕਿ ਉਹ ਨਵਾਂ ਗਾਹਕ ਦੱਲੇ ਨੂੰ ਨੋਟਾਂ ਦੀ ਗੱਠੀ ਫੜਾ ਰਿਹਾ ਸੀ।

ਰੋਜ਼ੀ ਗੁੱਸੇ ਵਿਚ ਬੋਲੀ, "ਮੈਂ ਘਰ ਜਾਣਾ ਹੈ। ਮੈਂ ਹੋਰ ਨਹੀਂ ਰੁਕ ਸਕਦੀ। ਤੂੰ ਤਾਂ ਮੇਰੇ ਨਾਲ ਇੱਕ ਦੀ ਹੀ ਗੱਲ ਕੀਤੀ ਸੀ! ਮੈਨੂੰ ਜਾਣ ਦੇਹ!"

ਦੱਲੇ ਨੇ ਕਿਹਾ, "ਸਾਲੀਏ, ਖ਼ਫ਼ਾ ਕਿਉਂ ਹੁੰਦੀ ਹੈ। ਅੱਧੇ ਘੰਟੇ ਦੀ ਹੀ ਤਾਂ ਗੱਲ ਹੈ। ਇਹ ਨਵਾਂ ਸੇਠ ਸਾਡਾ ਪੁਰਾਣਾ ਗਾਹਕ ਹੈ। ਸ਼ਰੀਫ਼ ਆਦਮੀ।"

"ਸ਼ਰੀਫ਼ ਆਦਮੀ? ਤਦ ਹੀ ਤਾਂ ਆਪਣੀ ਭੈਣ ਕੋਲ ਆਇਆ ਹੈ ਇਥੇ। ਮੈਂ ਜਾਣਾ ਹੈ।"

ਉਸ ਆਦਮੀ ਨੂੰ ਗੁੱਸਾ ਆ ਗਿਆ। ਭੜਕ ਕੇ ਬੋਲਿਆ, "ਇਹ ਸਾਲੀ, ਟਕੇ ਦੀ ਛੋਕਰੀ ਮੇਰੀ ਇਨਸਲਟ ਕਰਦੀ ਹੈ। ਇਹ ਨਾਟਕ ਕਾਹਦੇ ਲਈ।" ਤੇ ਉਹ ਬੁੜਬੁੜਾਉਂਦਾ ਚਲਾ ਗਿਆ।

ਦੱਲਾ ਹੱਕਾ ਬੱਕਾ ਦੇਖਣ ਲਗਾ, "ਅਜੀਬ ਛੋਕਰੀ ਹੈ। ਸਾਲੀਏ, ਤੇਰਾ ਸਿਰ ਫਿਰ ਗਿਆ ਹੈ? ਗਾਹਕਾਂ ਨੂੰ ਮੁਸ਼ਕਿਲ ਨਾਲ ਲਭ ਕੇ ਲਿਆਂਦਾ। ਪੁਲਿਸ ਨੂੰ ਵੱਖਰੇ ਪੈਸੇ ਦਿੱਤੇ। ਹੋਟਲ ਦੇ ਮੈਨੇਜਰ ਨੂੰ ਪਟਾਇਆ। ਤੇ ਤੂੰ ਇਥੇ ਨਖਰੇ ਕਰਦੀ ਹੈਂ? ਦੇਖ, ਮੰਨ ਜਾਹ। ਅੱਧੇ ਘੰਟੇ ਦੀ ਤਾਂ ਗੱਲ ਹੈ। ਗਾਹਕ ਬਾਹਰ ਖੜ੍ਹਾ ਹੈ। ਬਸ ਲਾਸਟ। ਇਕ ਸ਼ਿਫ਼ਟ ਹੋਰ। ਮੈਂ ਤੇਰੇ ਪੈਰੀਂ ਪੈਂਦਾ ਹਾਂ।" ਉਹ ਉਸ ਦੇ ਕਦਮਾਂ ਵਿਚ ਡਿਗ ਪਿਆ। ਤੇ ਮਿੰਨਤਾਂ ਕਰਨ ਲਗਾ, "ਦੇਖ ਮੇਰੀ ਰੈਪੂਟੇਸ਼ਨ ਖਰਾਬ ਨਾ ਕਰ। ਵਾਇਦੇ ਦਾ ਪੱਕਾ ਹਾਂ ਮੈਂ। ਸਭ ਜਾਣਦੇ ਹਨ ਕਿ ਪੈਸੇ ਧੇਲੇ ਦਾ ਜ਼ਰਾ ਫਰਕ ਨਹੀਂ। ਮਜਾਲ ਹੈ ਕੋਈ ਹੇਰਾ ਫੇਰੀ ਹੋਵੇ। ਮੰਨ ਜਾਹ।"

ਰੋਜ਼ੀ ਮੰਨ ਗਈ। ਇਸ ਤੀਸਰੀ ਸ਼ਿਫ਼ਟ ਪਿਛੋਂ ਦੱਲਾ ਖੁਸ਼ੀ ਵਿੱਚ ਹੱਥ ਮਲਦਾ ਹੋਇਆ ਆਇਆ "ਬੱਸ ਇਕ ਸ਼ਿਫ਼ਟ ਹੋਰ, ਲਾਸਟ ਗਾਹਕ। ਬਸ ਲਾਸਟ। ਵੈਰੀ ਲਾਸਟ।"

"ਪਹਿਲਾਂ ਮੇਰਾ ਹਿਸਾਬ ਕਰ। ਜਿੰਨੀਆਂ ਸ਼ਿਫ਼ਟਾਂ ਮੈਂ ਲਾਈਆਂ ਹਨ ਉਹਨਾਂ ਦੇ ਪੈਸੇ ਇੱਥੇ ਰੱਖ।"

ਦੱਲਾ ਬੋਲਿਆ, "ਪਹਿਲਾਂ ਕੰਮ ਖ਼ਤਮ ਕਰ ਲੈ। ਰੁਪੱਈਆ ਸਾਰੇ ਦਾ ਸਾਰਾ ਮਿਲੇਗਾ। ਜਾਣਦੀ ਹੈਂ, ਮੈਂ ਵਾਇਦੇ ਦਾ ਪੱਕਾ ਹਾਂ। ਜੋ ਗੱਲ ਮੂੰਹੋਂ ਨਿਕਲੀ ਉਹ ਪੱਥਰ ਦੀ ਲਕੀਰ।"

ਹਾਲਾਤ ਵਿੱਚ ਘਿਰੀ ਹੋਈ ਰੋਜ਼ੀ ਮੰਨ ਗਈ। ਸੋਚਿਆ ਕਿ ਇਹ ਦੱਲਾ ਪੂਰਾ ਰੁਪਿਆ ਹਜ਼ਮ ਕਰ ਜਾਵੇਗਾ ਜੇ ਇਸ ਦੀ ਗੱਲ ਨਾ ਮੰਨੀ ਤਾਂ। ਬੇਹਤਰ ਹੈ ਇੱਕ ਕੌੜਾ ਘੁੱਟ ਹੋਰ ਸਹੀ।

ਦੱਲਾ ਹੁਣ ਇਸ ਆਖ਼ਰੀ ਗਾਹਕ ਨੂੰ ਲੈ ਕੇ ਆਇਆ ਜੋ ਮਧਰੇ ਕੱਦ ਦਾ ਸਿੱਖ ਸੀ। ਦੱਲੇ ਦੇ ਬਾਹਰ ਜਾਣ ਪਿਛੋਂ ਉਸ ਨੇ ਸਿੱਖ ਨੂੰ ਭੁਗਤਾਇਆ। ਸਿੱਖ ਖੁਸ਼ੀ ਵਿਚ ਝੂਮਦਾ ਹੋਇਆ ਬੋਲਿਆ, "ਖੁਸ਼ ਕਰ ਦਿੱਤਾ ਸਾਨੂੰ। ਆਹ ਫੜ ਇਕ ਹਜ਼ਾਰ ਰੁਪਿਆ ਆਪਣੀ ਟਿੱਪ ਦਾ।"

"ਹੁਣ ਤਾਂ ਖੁਸ਼ ਹੋ। ਮੂਰਖੇ, ਇਹ ਸਾਰਾ ਖੁਸ਼ੀ ਦਾ ਕੰਮ ਹੈ। ਪਹਿਲਾ ਦਿਨ ਸੀ, ਇਸ ਲਈ ਤੈਨੂੰ ਪ੍ਰੇਸ਼ਾਨੀ ਹੋਈ। ਹੁਣ ਤੀਕ ਤੂੰ ਅਨਾੜੀ ਸੈਂ। ਪਰ ਅੱਜ

ਤੋਂ ਪਿਛੋਂ ਤੂੰ ਪ੍ਰੋਫੈਸ਼ਨਲ ਬਣ ਗਈ।"

ਰੋਜ਼ੀ ਨੇ ਮੁਸਕ੍ਰਾਹਟ ਸੁਟੀ ਤੇ ਨੋਟਾਂ ਨੂੰ ਸੰਭਾਲ ਕੇ ਬੋਲੀ. "ਥੈਂਕ ਯੂ ਵੈਰੀ ਮਚ। ਓ.ਕੇ. ... ਬਾਈ। ਸੀ ਯੂ।"

"ਫਿਰ ਮਿਲਾਂਗੇ।"

ਰੋਜ਼ੀ ਦਾ ਕੰਮ ਧੰਦਾ ਚਲ ਪਿਆ ਤੇ ਉਸ ਦਾ ਸਟਾਈਲ ਵੀ ਬਦਲ ਗਿਆ। ਉਹ ਹੁਣ ਹਰ ਗਾਹਕ ਨਾਲ ਸ਼ਿਫ਼ਟ ਲਾਉਣ ਲਈ ਤਿਆਰ ਨਾ ਹੁੰਦੀ ਸਗੋਂ ਉਸ ਦੀ ਬੈਕਗ੍ਰਾਊਂਡ ਤੇ ਉਮਰ ਦਾ ਅੰਦਾਜ਼ਾ ਲਾ ਕੇ ਰਾਜ਼ੀ ਹੁੰਦੀ। ਇਕ ਵਾਰ ਦੱਲਾ ਕਿਸੇ ਭੱਦੀ ਸ਼ਕਲ ਵਾਲੇ ਸੇਠ ਨੂੰ ਲੈ ਆਇਆ ਤਾਂ ਰੋਜ਼ੀ ਨੇ ਸਾਫ਼ ਇਨਕਾਰ ਕਰ ਦਿੱਤਾ। ਡਬਲ ਪੈਸਿਆਂ ਉਤੇ ਵੀ ਨਾ ਮੰਨੀ। ਸਗੋਂ ਦੱਲੇ ਨੂੰ ਉਸਨੇ ਦੋ ਚਾਰ ਗਾਲ੍ਹਾਂ ਸੁਣਾ ਦਿੱਤੀਆਂ। ਤੇ ਬਾਹਰ ਨਿਕਲ ਗਈ। "ਮੇਰੇ ਕੋਲ ਦੁਬਾਰਾ ਆਵੇਂ ਤਾਂ ਕਿਸੇ ਚੰਗੀ ਸੂਰਤ ਵਾਲੇ ਮਾਲਦਾਰ ਨੌਜੁਆਨ ਨੂੰ ਲੈ ਕੇ ਆਵੀਂ। ਫਟੀਚਰ ਮਾਲ ਨੂੰ ਲੈ ਕੇ ਨਹੀਂ।"

ਅਗਲੇ ਦਿਨ ਦੱਲੇ ਨੇ ਰੋਜ਼ੀ ਨੂੰ ਫੋਨ ਕੀਤਾ ਤੇ ਆਪਣੀ ਗੁਪਤ ਭਾਸ਼ਾ ਵਿਚ ਮਾਮਲਾ ਤੈਅ ਕੀਤਾ। ਰੋਜ਼ੀ ਨੇ ਪੈਂਦਿਆਂ ਹੀ ਪੁੱਛਿਆ, "ਸ਼ਕਲ ਸੂਰਤ ਵਾਲਾ ਹੈ ਨਾ?"

ਦੱਲੇ ਨੇ ਆਖਿਆ, "ਪੂਰਾ ਫ਼ਿਲਮੀ ਹੀਰੋ। ਸ਼ਕਲ ਸੂਰਤ ਸ਼ਾਹਰੁਖ਼ ਖ਼ਾਨ ਵਰਗੀ।"

ਰੋਜ਼ੀ ਨੇ ਮੇਕ-ਅਪ ਕੀਤਾ, ਆਈ ਲਾਈਨਰ ਲਗਾਇਆ, ਚਾਰ ਇੰਚ ਹੀਲ ਵਾਲੇ ਸੁਰਖ਼ ਚਮਕੀਲੇ ਸੈਂਡਲ ਪਹਿਨੇ। ਡੋਰੀਆਂ ਨੂੰ ਕਸਿਆ। ਤੇ ਤਿਆਰ ਹੋ ਗਈ।

ਇਸ ਵਾਰ ਉਹ ਮਹਾਰਾਣੀ ਹੋਟਲ ਗਏ। ਰੋਜ਼ੀ ਨੂੰ ਕਮਰਾ ਪਸੰਦ ਆਇਆ। ਅਜੇ ਉਹ ਕਮਰਾ ਨਿਹਾਰ ਹੀ ਰਹੀ ਸੀ ਕਿ ਦਰਵਾਜ਼ੇ ਉਤੇ ਹਲਕੀ ਜਿਹੀ ਦਸਤਕ ਹੋਈ।

"ਕਮ ਇਨ।"

ਦਰਵਾਜ਼ਾ ਖੁਲ੍ਹਿਆ ਤੇ ਇਕ ਲੰਮਾ ਨੌਜੁਆਨ ਸੂਟ ਬੂਟ ਪਾਈਂ ਤੇ ਫਰੈਂਚ ਬੋਅ ਲਗਾਈ ਦਾਖ਼ਿਲ ਹੋਇਆ।

ਰੋਜ਼ੀ ਨੇ ਉਸ ਨੂੰ ਦੇਖਿਆ ਤੇ ਠਠੰਬਰ ਗਈ। ਚਿਹਰੇ ਦਾ ਰੰਗ ਉੱਡ ਗਿਆ।

ਇਹ ਨਵਾਂ ਗਾਹਕ, ਕੋਈ ਹੋਰ ਨਹੀਂ, ਉਸ ਦਾ ਗਹਿਰਾ ਦੋਸਤ ਭੂਸ਼ਣ ਸੀ। ਜਿਸ ਨੇ ਉਸ ਨਾਲ ਸ਼ਾਦੀ ਕਰਨ ਦਾ ਵਾਇਦਾ ਕੀਤਾ ਸੀ। ਇਕ ਇੰਟਰਨੈਸ਼ਨਲ ਕੰਪਨੀ ਦਾ ਪਾਰਟਨਰ ਸੀ। ਬੇਸ਼ੁਮਾਰ ਤੋਹਫੇ ਦੇ ਚੁਕਾ ਸੀ ਉਸ ਨੂੰ।

ਭੂਸ਼ਣ ਨੂੰ ਯਕੀਨ ਨਾ ਆਇਆ ਕਿ ਉਸ ਦੇ ਸਾਹਮਣੇ ਰੋਜ਼ੀ ਖੜ੍ਹੀ ਸੀ।

ਰੋਜ਼ੀ ਘਬਰਾਹਟ ਵਿੱਚ ਰੋਣ ਲੱਗੀ। ਉਸ ਨੇ ਫਿਰ ਮੀਨਾ ਕੁਮਾਰੀ ਦਾ ਸੀਨ ਦੁਹਰਾ ਦਿੱਤਾ। ਅੱਖਾਂ ਵਿਚ ਅੱਥਰੂ ... ਕੰਬਦੇ ਹੋਏ ਹੋਂਠ ... ਚਿਹਰੇ ਉੱਤੇ ਉਦਾਸੀ। ਉਹ ਦੌੜ ਕੇ ਭੂਸ਼ਣ ਨਾਲ ਚੰਬੜ ਗਈ ਤੇ ਬੋਲੀ, ਬਚਾ ਲੈ ਮੈਨੂੰ। ਮੈਂ ਇਹਨਾਂ ਲੋਕਾਂ ਦੇ ਚੁੰਗਲ ਵਿਚ ਫਸ ਗਈ ਹਾਂ। ਪਲੀਜ਼ ....ਮੈਨੂੰ ਕਿਸੇ ਤਰ੍ਹਾਂ ਇਥੋਂ ਬਾਹਰ ਕੱਢ ਲੈ। ਤੇਰਾ ਅਹਿਸਾਨ ਜ਼ਿੰਦਗੀ ਭਰ ਨਹੀਂ ਭੁਲਾਂਗੀ।"

ਭੂਸ਼ਣ ਗੁੱਸੇ ਵਿਚ ਬੋਲਿਆ, "ਕਿਉਂ ਨਾਟਕ ਕਰ ਰਹੀ ਹੈਂ। ਰੰਡੀ ਕਿਤੋਂ ਦੀ। ਮੈਨੂੰ ਧੋਖਾ ਦੇਂਦੀ ਹੈਂ। ਲੰਮੀਆਂ ਲੰਮੀਆਂ ਚਿੱਠੀਆਂ ਲਿਖਦੀ ਹੈਂ ਕਿ ਦੋ ਹਫਤੇ ਪਿਛੋਂ ਦਿੱਲੀ ਵਾਪਿਸ ਆ ਜਾਵੇਂਗੀ। ਤੇ ਫਿਰ ਸ਼ਾਦੀ ਕਰੇਂਗੀ। ਇਥੇ ਧੰਦਾ ਕਰ ਰਹੀ ਹੈਂ। ਹਰਾਮਜ਼ਾਦੀ। ਦੱਸ, ਕੀ ਰੇਟ ਹੈ ਤੇਰਾ? ਇਹ ਲੈ ਤਿੰਨ ਹਜ਼ਾਰ ਰੁਪਏ ਦੀ ਗੱਠੀ। ਲੈ ਫੜ!"

ਰੋਜ਼ੀ ਸਿਰ ਤੋਂ ਪੈਰਾਂ ਤੀਕ ਕੰਬੀ ਜਾ ਰਹੀ ਸੀ। ਹੰਝੂ! ਗੁੱਸਾ! ਆਪਣੀ ਪਵਿੱਤਰਤਾ ਦਾ ਪੂਰਾ ਦਾਅਵਾ। ਉਸ ਨੇ ਭੂਸ਼ਣ ਕੋਲੋਂ ਤਿੰਨ ਹਜ਼ਾਰ ਰੁਪਏ ਦੀ ਗੱਠੀ ਫੜੀ ਤੇ ਗਰਜ ਕੇ ਬੋਲੀ, "ਤੂੰ ਇਥੇ ਕੀ ਲੈਣ ਆਇਆ ਸੈਂ? ਕਿਹੜੀ ਰੰਡੀ ਨੂੰ ਮਿਲਣ? ਕਿਹੜੀ ਕਾਲ-ਗਰਲ ਨੂੰ ਨੋਚਣ? ਮੈਂ ਮੁਸੀਬਤ ਵਿਚ ਇਹਨਾਂ ਗੁੰਡਿਆਂ ਵਿਚ ਘਿਰੀ ਹੋਈ ਹਾਂ ਤੇ ਤੂੰ ਮੇਰੇ ਉੱਤੇ ਸ਼ੱਕ ਕਰਦਾ ਹੈਂ?"

ਇਹ ਆਖ ਕੇ ਉਸ ਨੇ ਨੋਟਾਂ ਦੀ ਗੱਠੀ ਭੂਸ਼ਣ ਦੇ ਮੂੰਹ ਉਤੇ ਮਾਰੀ ਤੇ ਬਾਹਰ ਨਿਕਲ ਗਈ। ਭੂਸ਼ਣ ਉਥੇ ਖੜ੍ਹ ਰਹਿ ਗਿਆ। ਸ਼ਰਮਿੰਦਾ ਤੇ ਪਰੇਸ਼ਾਨ। ਕੀ ਸੱਚ ਸੀ ਤੇ ਕੀ ਝੂਠ। ਉਹ ਸਮਝ ਨਾ ਸਕਿਆ।

ਰੋਜ਼ੀ ਦਾ ਖ਼ਿਆਲ ਸੀ ਉਹ ਫ਼ਿਲਮ ਵਿਚ ਕੰਮ ਕਰੇਗੀ। ਦਿੱਲੀ ਤੋਂ ਉਹ ਇਹੋ ਖ਼ਾਬ ਲੈ ਕੇ ਬੰਬਈ ਆਈ ਸੀ। ਇਥੋਂ ਦੀਆਂ ਮਾਲੀ ਪ੍ਰੇਸ਼ਾਨੀਆਂ ਵਿਚ ਉਹ ਘਿਰ ਗਈ। ਫ਼ਲੈਟ ਦਾ ਕਿਰਾਇਆ ਤੇ ਰੋਜ਼ਾਨਾ ਖ਼ਰਚੇ ਤੋਂ ਪਰੇਸ਼ਾਨ। ਪਰ ਹੁਣ ਉਸ ਦੱਲੇ ਨੂੰ ਮਿਲ ਕੇ ਉਸ ਦੇ ਹਾਲਾਤ ਬਦਲਣ ਲਗੇ। ਉਹ ਫ਼ਿਲਮਾਂ ਦੇ ਰੋਲ ਲਈ ਸਟੂਡੀਓਜ਼ ਦੇ ਚੱਕਰ ਲਾਉਂਦੀ ਤੇ ਉਹਨਾਂ ਲੋਕਾਂ ਨੂੰ ਬਤੌਰ ਇਕ ਮਾਡਲ ਗਰਲ ਦੇ ਮਿਲਦੀ। ਲੋਕਾਂ ਨੂੰ ਦਸਦੀ ਕਿ ਉਹ ਦਿੱਲੀ ਵਿਚ ਮਾਡਲਿੰਗ ਕਰਦੀ ਸੀ ਤੇ ਉਸਨੂੰ ਮਾਡਲ ਦੇ ਪੋਜ਼, ਚਾਲ-ਢਾਲ ਤੇ ਕੈਮਰਾ ਫੇਸ ਕਰਨ ਦੇ ਗੁਰ ਆਉਂਦੇ ਸਨ। ਬਸ ਫ਼ਿਲਮ ਵਿਚ ਕੰਮ ਮਿਲ ਜਾਵੇ ਤਾਂ ਉਸ ਦੇ ਵਾਰੇ ਨਿਆਰੇ ਹੋ ਜਾਣ।

ਸਭਨਾਂ ਨੇ ਸਲਾਹ ਦਿੱਤੀ ਕਿ ਉਹ ਕਿਸੇ ਟਾਪ ਫ਼ੋਟੋਗਰਾਫ਼ਰ ਨਾਲ ਫ਼ਿਲਮ ਸੈਸ਼ਨ ਕਰੇ। ਤੇ ਉਸ ਦਾ ਵਧੀਆ ਜਿਹਾ ਵੱਡੇ ਸਾਈਜ਼ ਦਾ ਐਲਬਮ ਤਿਆਰ ਕਰੇ। ਤੇ ਉਹ ਐਲਬਮ ਕਾਸਟਿੰਗ ਕਰਨ ਵਾਲੇ ਡਾਇਰੈਕਟਰ ਨੂੰ ਦਿਖਾਵੇ।

ਚੰਗਾ ਫ਼ੋਟੋਗ੍ਰਾਫ਼ਰ ਇਕ ਵਧੀਆ ਫੋਟੋ ਸੈਸ਼ਨ ਦਾ ਦਸ ਹਜ਼ਾਰ ਰੁਪਿਆ ਲੈਂਦਾ ਸੀ। ਇਸ ਤੋਂ ਵੀ ਵਧੀਆ ਹੋਵੇ ਤਾਂ ਵੀਹ ਹਜ਼ਾਰ। ਹੁਣ ਉਸ ਦੀ ਆਮਦਨੀ ਚੰਗੀ ਸੀ। ਉਹ ਰਾਕੇਸ਼ ਬੇਦੀ ਤੇ ਸ਼ੇਖਰ ਅਰੋੜਾ ਨੂੰ ਮਿਲੀ। ਦੋਹਾਂ ਵਿਚੋਂ ਉਸ ਨੇ ਸ਼ੇਖਰ ਅਰੋੜਾ ਨੂੰ ਚੁਣਿਆ। ਵੀਹ ਹਜ਼ਾਰ ਰੁਪਏ ਦਾ ਲੰਮਾ ਸੈਸ਼ਨ ਤੈਅ ਹੋਇਆ। ਪਰ ਉਹ ਦਿੱਲੀ ਤੋਂ ਨਵੀਂ ਨਵੀਂ ਆਉਣ ਦਾ ਵਾਸਤਾ ਦੇ ਕੇ ਕੁਝ ਰਿਆਇਤ ਕਰਵਾਉਣਾ ਚਾਹੁੰਦੀ ਸੀ।

ਸ਼ੇਖਰ ਅਰੋੜਾ ਮੁਸਕਰਾ ਕੇ ਬੋਲਿਆ, "ਜੇ ਤੂੰ ਚਾਹੇ ਤਾਂ ਪੂਰੀ ਰਿਆਇਤ ਹੀ ਕਰ ਦੇਂਦਾ ਹਾਂ। ਐਡੀ ਕੀ ਗੱਲ ਹੈ। ਤੇਰੀ ਸ਼ਕਲ ਸੂਰਤ ਚੰਗੀ ਹੈ। ਛਮਕ ਵਰਗਾ ਸਰੀਰ। ਚੀਤੇ ਵਰਗੀ ਕਮਰ। ਪੂਰੀ ਹੇਲਨ ਲਗਦੀ ਹੈਂ। ਔਰ ਹੈਲਨ ਦਾ ਪੋਜ਼ ਹੈ। ਦੱਸ ਮਨਜ਼ੂਰ ਹੈ?"

ਰੋਜ਼ੀ ਨੇ ਹੈਰਾਨ ਹੋ ਕੇ ਪੁਛਿਆ, "ਕੀ ਮਨਜ਼ੂਰ ਹੈ?"

"ਇਹੋ ਕਿ ... ਮੇਰਾ ਮਤਲਬ ਹੈ, ਬਾਰਗੇਨਿੰਗ ਦੀ ਲੋੜ ਨਹੀਂ। ਤਿੰਨ ਫੋਟੋ ਸੈਸ਼ਨ ਕਰਾਂਗਾ। ਹਰ ਵਾਰ ਫ੍ਰੀ। ਅਸੀਂ ਤਿੰਨ ਦਿਨ ਖੰਡਾਲਾ ਚਲਾਂਗੇ। ਉਥੇ ਸੈਸ਼ਨ ਹੋਣਗੇ ... ਖੁਲ੍ਹੇ ਪੋਜ਼।"

ਰੋਜ਼ੀ ਨੇ ਮਨ ਹੀ ਮਨ ਵਿਚ ਹਿਸਾਬ ਲਾਇਆ। ਖੁੱਲ੍ਹੇ ਪੋਜ਼ ਦਾ ਪੂਰਾ ਅਰਥ ਸਮਝ ਗਈ। ਕਿਉਂ ਮੁਫ਼ਤ ਵਿੱਚ ਵੀਹ ਹਜ਼ਾਰ ਗਵਾਵਾਂ? ਖੰਡਾਲਾ ਦੀ ਸੈਰ ਹੋਵੇਗੀ। ਤੇ ਰੁਮਾਂਟਿਕ ਮਹੌਲ।

ਉਸ ਦੇ ਨਾਲ ਖੰਡਾਲਾ ਚਲੀ ਗਈ। ਪਹਾੜੀ ਬੈਕਗ੍ਰਾਊਂਡ। ਨੀਲਾ ਆਕਾਸ਼। ਤਿੰਨ ਦਿਨ ਦੇ ਮਜ਼ੇ ਤੇ ਆਹਲਾ ਪੋਜ਼।

ਸ਼ੇਖਰ ਅਰੋੜਾ ਨੂੰ ਬਿਸਤਰੇ ਵਿਚ ਹੀ ਚੰਗੇ ਪੋਜ਼ ਦੀ ਜ਼ਰੂਰਤ ਸੀ। ਮਜ਼ੇ ਨਾਲ ਭੋਗ - ਵਿਲਾਸ ਕੀਤਾ। ਕੁਝ ਘਟੀਆਂ ਜਿਹੀਆਂ ਤਸਵੀਰਾਂ ਖਿੱਚੀਆਂ ਤੇ ਇੱਕ ਵਡੇ ਚਮੜੇ ਦੇ ਬੈਗ ਵਿਚ ਰੋਜ਼ੀ ਦੇ ਹੁਸਨ ਨੂੰ ਬੰਦ ਕਰਕੇ ਬੰਬਈ ਵਾਪਿਸ ਆ ਗਏ। ਦੋਵੇਂ ਹੀ ਆਰਟ ਤੇ ਸੈਕਸ ਦੀ ਖੇਡ ਦੇ ਵਧੀਆ ਖਿਡਾਰੀ ਸਨ। ਤੇ ਇਸ ਖੇਡ ਨੂੰ ਦੋਵੇਂ ਚੰਗੀ ਤਰ੍ਹਾਂ ਸਮਝਦੇ ਸਨ।

* * *

ਬਾਬੀ ਬਾਰ ਬਾਰ ਮੇਰੇ ਨਾਲ ਸ਼ਾਦੀ ਕਰਨ ਲਈ ਜ਼ੋਰ ਦੇਂਦਾ ਸੀ, ਕਿਉਂਕਿ ਉਸ ਨੂੰ ਪਤਾ ਸੀ ਕਿ ਮੈਂ ਸ਼ਾਦੀ ਲਈ ਰਾਜ਼ੀ ਨਹੀਂ ਸਾਂ।

ਇਕ ਦਿਨ ਮੈਂ ਭੜਕ ਕੇ ਕਿਹਾ, "ਚਲ ਮੇਰੇ ਨਾਲ ਕਿਸੇ ਮੰਦਿਰ ਜਾਂ ਕੋਰਟ ਵਿੱਚ ਤੇ ਕਰ ਸ਼ਾਦੀ ਮੇਰੇ ਨਾਲ। ਮੈਨੂੰ ਦੁਲਹਨ ਬਣਾ ਕੇ ਆਪਣੇ ਘਰ ਲੈ ਜਾ।"

ਉਹ ਬੋਲਿਆ, "ਚੱਲ ਹੁਣੇ, ਮੈਂ ਤੈਨੂੰ ਦੁਲਹਨ ਬਣਾਵਾਂਗਾ।" ਬਾਬੀ ਦੇ

ਚਿਹਰੇ ਉੱਤੇ ਪੱਕਾ ਇਰਾਦਾ ਸੀ, ਆਪਣੇ ਮਾਪਿਆਂ ਨਾਲ ਬਗਾਵਤ ਕਰਨ ਦਾ। ਉਹ ਕਾਰ ਤੇਜ਼ੀ ਨਾਲ ਚਲਾਉਂਦਾ ਹੋਇਆ ਮੈਨੂੰ ਮੰਦਿਰ ਲਿਜਾ ਰਿਹਾ ਸੀ। ਫਿਰ ਉਸ ਨੇ ਯਕਦਮ ਗੱਡੀ ਮੋੜੀ ਤੇ ਮੈਨੂੰ ਆਖਣ ਲੱਗਾ, "ਚਲ, ਪਹਿਲਾਂ ਕਿਤੇ ਚਲ ਕੇ ਕਾਫ਼ੀ ਪੀਏ।" ਮੈਨੂੰ ਤਾਜ ਪੈਲਿਸ ਵਿਚ ਲੈ ਗਿਆ ਤੇ ਕਾਫ਼ੀ ਦੀ ਬਜਾਏ ਵਿਸਕੀ ਦਾ ਆਰਡਰ ਦੇ ਦਿੱਤਾ। ਅਸੀਂ ਦੋਵੇਂ ਵਿਸਕੀ ਪੀਣ ਲਗੇ ਤੇ ਸਿਗਰਟ ਦਾ ਧੂੰਆਂ ਛੱਡਣ ਲੱਗੇ।

ਅੱਧੀ ਰਾਤ ਨਸ਼ੇ ਵਿਚ ਧੁੱਤ, ਕਦੋਂ ਫਲੈਟ ਵਿਚ ਪਹੁੰਚ ਗਈ, ਮੈਨੂੰ ਪਤਾ ਹੀ ਨਾ ਲਗਾ।

ਬਾਬੀ ਨੇ ਮੈਨੂੰ ਚੁੰਮਿਆ। ਮੇਰੇ ਸਾਰੇ ਵਜੂਦ ਦਾ ਕਸ਼ ਖਿਚਿਆ ਤੇ ਅਸੀਂ ਦੋਵੇਂ ਪਿਆਰ ਨਾਲ ਲਬਰੇਜ਼ ਇਕ ਦੂਜੇ ਦੇ ਸਾਹਾਂ ਤੇ ਹੋਠਾਂ ਦੀ ਦੁਨੀਆਂ ਵਿਚ ਸੌਂ ਗਏ। ਮੈਨੂੰ ਉਸ ਦੇ ਮੂੰਹ ਵਿਚੋਂ ਸੜੇ ਹੋਏ ਤਮਾਕੂ ਦੀ ਗੰਧ ਆਈ। ਇਹ ਗੰਧ ਬੜੀ ਘਿਨਾਉਣੀ ਲਗੀ। ਮੇਰੇ ਸਾਰੇ ਜਿਸਮ ਵਿਚ ਇਸ ਸੜੇ ਹੋਏ ਤਮਾਕੂ ਦੀ ਬੂ ਫੈਲ ਗਈ। ਮੈਂ ਕੁਰਲੀਆਂ ਕਰਕੇ ਇਸ ਗੰਧ ਨੂੰ ਧੋ ਸੁੱਟਿਆ, ਪਰ ਇਹ ਗੰਧ ਮੇਰੇ ਜਿਸਮ ਵਿਚ ਰਚ ਗਈ ਸੀ। ਸੜੇ ਹੋਏ ਤਮਾਕੂ ਦੀ ਬਾਸ।

ਬਾਬੀ ਤੇ ਮੇਰਾ ਆਪਸ ਵਿਚ ਅਜੀਬ ਰਿਸ਼ਤਾ ਸੀ। ਸੋਚਦੀ ਸਾਂ, ਜਿਸ ਦਿਨ ਮੈਂ ਸ਼ਾਦੀ ਕਰ ਲਈ ਉਸੇ ਦਿਨ ਮੇਰਾ ਰਿਸ਼ਤਾ ਉਸ ਨਾਲੋਂ ਟੁੱਟ ਜਾਵੇਗਾ। ਮੈਂ ਬੀਵੀ ਬਣ ਕੇ ਇਕ ਬੇਗਾਨੀ ਔਰਤ ਬਣ ਜਾਵਾਂਗੀ....। ਮੈਂ ਦੋ ਹਿੱਸਿਆਂ ਵਿਚ ਵੰਡੀ ਹੋਈ ਸਾਂ। ਇਕ ਹਿੱਸਾ ਇੰਟਲੈਕਚਅਲ ਤੇ ਆਰਟਿਸਟਕ ਮਾਹੌਲ ਦਾ, ਜਿਸ ਵਿਚੋਂ ਮੈਨੂੰ ਖੁਸ਼ੀ ਮਿਲਦੀ ਸੀ ਤੇ ਦੂਸਰਾ ਹਿੱਸਾ ਮੂਰਖਤਾ ਦਾ। ਪਸ਼ੂਪਣ ਤੇ ਵਾਇਲੈਂਸ ਦਾ ਜੋ ਬਾਬੀ ਨਾਲ ਜੁੜਿਆ ਹੋਇਆ ਸੀ। ਇਹ ਦੋਵੇਂ ਹਿੱਸੇ ਮੈਨੂੰ ਪੂਰਣ ਕਰਦੇ ਸਨ। ਮੈਂ ਆਪਣੇ ਭਵਿੱਖ ਬਾਰੇ ਸੋਚਦੀ ਰਹਿੰਦੀ ਸਾਂ।

ਮੈਨੂੰ ਕੰਮ ਦੀ ਤਲਾਸ਼ ਸੀ। ਕਿਹੋ ਜਿਹਾ ਕੰਮ? ਕਿਹੋ ਜਿਹੀ ਨੌਕਰੀ? ਦਿੱਲੀ ਵਿੱਚ ਕਿਸੇ ਚੰਗੇ ਫ਼ਲੈਟ ਦਾ ਕਿਰਾਇਆ ਤਿੰਨ ਹਜ਼ਾਰ ਤੋਂ ਘੱਟ ਨਹੀਂ ਸੀ। ਮੈਂ ਕਾਗਜ਼ ਪੈਨਸਿਲ ਲੈ ਕੇ ਬੈਠ ਗਈ ਤੇ ਆਪਣਾ ਖ਼ਰਚ ਜੋੜਨ ਲੱਗੀ। ਕਿਰਾਇਆ ਤਿੰਨ ਹਜ਼ਾਰ; ਦੁੱਧ, ਅੰਡੇ, ਫਲ, ਸਬਜ਼ੀ ਤੇ ਰਾਸ਼ਨ ਘੱਟ ਤੋਂ ਘੱਟ ਤਿੰਨ ਹਜ਼ਾਰ ਰੁਪਿਆ; ਕਪੜੇ, ਜੁੱਤੇ, ਮੇਕ-ਅਪ ਪੰਦਰਾਂ ਸੌ ਰੁਪਿਆ; ਸਕੂਟਰਾਂ ਵਿੱਚ ਆਉਣ ਜਾਣ ਦਾ ਕਿਰਾਇਆ ਘੱਟ ਤੋਂ ਘੱਟ ਡੇਢ ਹਜ਼ਾਰ ਰੁਪਏ ... ਕਿੰਨੀ ਮਹਿੰਗਾਈ ਹੋ ਗਈ ਹੈ, ਗੌਰਮਿੰਟ ਦੇ ਅਫ਼ਸਰਾਂ ਤੇ ਅਮੀਰ ਲੋਕਾਂ ਨੂੰ ਵੀ ਪਤਾ ਹੈ ਇਸ ਮਹਿੰਗਾਈ ਦਾ। ਪਰ ਮੈਂ ਤਾਂ ਆਪਣਾ ਮਹੀਨੇ ਦਾ ਖ਼ਰਚ ਜੋੜ ਲਵਾਂ। ਸਭਨਾਂ ਚੀਜ਼ਾਂ ਦਾ ਖ਼ਰਚ ਜੋੜ ਕੇ ਹਿਸਾਬ ਲਾਇਆ ਤਾਂ ਨੌਂ ਹਜ਼ਾਰ ਰੁਪਿਆ ਬਣਿਆ।

ਮੈਂ ਬਾਬੀ ਨੂੰ ਆਖਿਆ, "ਮੈਂ ਤੇਰੀ ਮੁਥਾਜ ਨਹੀਂ ਬਣਨਾ ਚਾਹੁੰਦੀ। ਨਾ ਹੀ ਇਹ ਚਾਹੁੰਦੀ ਹਾਂ ਕਿ ਤੂੰ ਮੇਰਾ ਰਹਿਣ ਸਹਿਣ ਦਾ ਖਰਚਾ ਉਠਾਵੇਂ ਕਿਉਂਕਿ ਇਹ ਰਿਸ਼ਤਾ ਹੌਲੀ ਹੌਲੀ ਬਦਲ ਕੇ ਇਕ ਪਤੀ ਪਤਨੀ ਦਾ ਨਹੀਂ ਸਗੋਂ ਇਕ ਮਾਲਕ ਤੇ ਰਖੇਲ ਦਾ ਬਣ ਜਾਵੇਗਾ। ਆਲਸੀ, ਨਖਰੀਲੀ, ਲਾਡ ਪਿਆਰ ਵਿਚ ਵਿਗੜੀ ਹੋਈ ਇਕ ਬੇਵਕੂਫ਼ ਔਰਤ ਜੋ ਹੌਲੀ ਹੌਲੀ ਢਲ ਕੇ ਉਧੇੜ ਉਮਰ ਦੀ ਫਾਫਾਂ ਬਣ ਜਾਵੇਗੀ। ਮੈਂ ਦੁਬਾਰਾ ਮਾਡਲਿੰਗ ਕਰਾਂਗੀ ਤੇ ਆਪਣਾ ਖ਼ਰਚਾ ਖ਼ੁਦ ਉਠਾਵਾਂਗੀ।

ਬਾਬੀ ਕੜਕ ਕੇ ਬੋਲਿਆ, "ਤੈਨੂੰ ਅਜੇ ਵੀ ਫੋਟੋਗ੍ਰਾਫ਼ ਖਿਚਵਾਉਣ ਦਾ ਸ਼ੌਕ ਹੈ? ਮਾਡਲਿੰਗ ਕਰਨ ਦਾ। ਸੀਨੇ ਦਾ ਉਭਾਰ ਤੇ ਲੰਮੀਆਂ ਲੱਤਾਂ ਦਿਖਾਉਣ ਦਾ। ਕੀ ਚਾਹੀਦਾ ਹੈ ਤੈਨੂੰ? ਤੂੰ ਕਿਉਂ ਮਿਲਣਾ ਚਾਹੁੰਦੀ ਹੈ ਲੋਕਾਂ ਨੂੰ? ਮੈਂ ਕਲ੍ਹ ਤੇਰੇ ਆਫ਼ਿਸ ਟੈਲੀਫ਼ੋਨ ਕੀਤਾ ਤਾਂ ਤੂੰ ਨਹੀਂ ਸੈਂ। ਕਿਥੇ ਗਈ ਸੈਂ? ਆਪਣੇ ਦੋਸਤ ਨਾਲ ਲੰਚ ਕਰਨ? ਸਾੜ੍ਹੀ ਪਾ ਕੇ ਗਈ ਸੈਂ ਆਫ਼ਿਸ ਤਾਂ ਕਿ ਉਸ ਨੂੰ ਰਿਝਾ ਸਕੇਂ। ਕਿਉਂ ਮਿਲਦੀ ਹੈਂ ਉਸ ਨੂੰ।"

ਮੈਂ ਇਹੋ ਸੁਆਲ ਦਸ ਵੀਹ ਮਰਦਾਂ ਬਾਰੇ ਸੁਣ ਚੁਕੀ ਸਾਂ। ਬਾਬੀ ਨੂੰ ਹਰ ਇਕ ਉੱਤੇ ਸ਼ੱਕ। ਤੇ ਬਾਰ ਬਾਰ ਮੇਰੇ ਮਨ ਵਿਚ ਇਹ ਲਫ਼ਜ਼ ਤੇ ਭਾਵ ਤੇ ਚਿਤਰ ਉਭਰ ਰਹੇ ਸਨ।

ਮੈਂ ਉਸਨੂੰ ਆਖਿਆ, "ਤੂੰ ਚਾਹੁੰਦਾ ਹੈਂ ਕਿ ਮੈਂ ਉਹ ਬਣ ਜਾਵਾਂ ਜਿਸ ਦਾ ਤੇਰੇ ਜ਼ਿਹਿਨ ਵਿਚ ਤਸੱਵਰ ਹੈ। ਸਲਵਾਰ ਕਮੀਜ਼ ਪਾਈ, ਲੰਮੇ ਸਿਧੇ ਵਾਲ, ਸ਼ਰਮੀਲੀਆਂ ਅੱਖਾਂ, ਮਾਂਗ ਵਿਚ ਸੰਧੂਰ – ਸਤੀ ਸਾਵਿੱਤਰੀ ਦਾ ਰੂਪ। ਸੱਸ ਸੁਹਰੇ ਦੇ ਪੈਰ ਛੂਹਣ ਵਾਲੀ ਬਹੂ ਰਾਣੀ। ਪਰ ਮੈਂ ਨਾ ਸਤੀ ਸਾਵਿੱਤਰੀ ਹਾਂ ਤੇ ਨਾ ਹੀ ਬਹੂ ਰਾਣੀ। ਮੈਂ ਜੰਗਲੀ ਹਾਂ – ਵਾਈਲਡ। ਮੇਰੇ ਖ਼ੂਨ ਵਿੱਚ ਬਗਾਵਤ ਹੈ – ਮਰਯਾਦਾ ਦੇ ਖਿਲਾਫ਼। ਏਸੇ ਲਈ ਤੂੰ ਮੈਨੂੰ ਚੁਣਿਆਂ। ਤੂੰ ਮੇਰੀ ਮੁਹੱਬਤ ਦੀ ਗਰਿਫ਼ਤ ਵਿਚ ਆ ਗਿਆ। ਜੇ ਮੈਂ ਉਹ ਸਤੀ ਸਾਵਿੱਤਰੀ ਬਣ ਜਾਵਾਂ, ਜਿਸ ਦਾ ਤੂੰ ਮੈਨੂੰ ਰੋਜ਼ ਉਪਦੇਸ਼ ਦੇਂਦਾ ਹੈਂ, ਤਾਂ ਤੂੰ ਦੋ ਮਹੀਨਿਆਂ ਵਿਚੋਂ ਮੈਥੋਂ ਬੋਰ ਹੋ ਜਾਵੇਂਗਾ। ਮੈਨੂੰ ਛੱਡ ਕੇ ਕਿਸੇ ਹੋਰ ਨਾਲ ਇਸ਼ਕ ਕਰਨ ਲੱਗ ਜਾਵੇਂਗਾ। ਮੈਂ ਇਹ ਸਭ ਕੁਝ ਜਾਣਦੀ ਹਾਂ। ਤੂੰ ਇਹ ਚਾਹੁੰਦਾ ਵੀ ਹੈ ਕਿ ਮੈਂ ਜਿੱਦਾਂ ਦੀ ਹਾਂ ਉਦਾਂ ਦੀ ਹੀ ਰਹਾਂ, ਪਰ ਨਾਲ ਨਾਲ ਮੈਨੂੰ ਬਦਲਣ ਲਈ ਵੀ ਤੁਲਿਆ ਹੋਇਆ ਹੈਂ। ਮੈਂ ਇਸ ਤਰ੍ਹਾਂ ਟੁਟ ਜਾਵਾਂਗੀ। ਤੇ ਮੈਂ ਨਹੀਂ ਚਾਹੁੰਦੀ ਕਿ ਇਵੇਂ ਹੋਵੇ। ਦਿਲ ਕਰਦਾ ਹੈ ਜ਼ਿੰਦਗੀ ਨੂੰ ਦੋ ਹਿਸਿਆ ਵਿਚ ਕੱਟ ਕੇ ਰੱਖ ਦੇਵਾਂ। ਅੱਧੀ ਨੂੰ ਜੁਆਨ ਤੇ ਅੱਧੀ ਨੂੰ ਬੁਢਾਪੇ ਵਿਚ। ਮੈਨੂੰ ਉਧੇੜ ਉਮਰ ਦੀ ਭਾਰੀ ਭਰਕਮ ਔਰਤ ਬਣਨਾ ਪਸੰਦ ਨਹੀਂ।

ਉਹ ਆਖਣ ਲੱਗਾ, "ਸ਼ਾਲੂ, ਤੇਰੀਆਂ ਅੱਖਾਂ ਵਿਚ ਪਹਿਲਾਂ ਵਰਗੀ ਮੁਹੱਬਤ ਨਹੀਂ ਰਹੀ। ਪਹਿਲਾਂ ਤੂੰ ਮੇਰੇ ਵੱਲ ਦੇਖਦੀ ਸੈਂ ਤਾਂ ਸਾਰੇ ਜਿਸਮ ਵਿਚ ਝੁਣਝੁਣੀ ਦੌੜ ਜਾਂਦੀ ਸੀ। ਹੁਣ ਤੇਰੀਆਂ ਨਜ਼ਰਾਂ ਠੰਢੀਆਂ ਲਗਦੀਆਂ ਹਨ।"

ਮੈਂ ਚੁੱਪ ਰਹੀ। ਉਸ ਨੂੰ ਘੂਰਦੀ ਰਹੀ।

ਉਹ ਪਰੇਸ਼ਾਨ ਹੋ ਕੇ ਬੋਲਿਆ, "ਪਹਿਲਾਂ ਵਰਗੀ ਸ਼ਾਲੂ ਬਣ ਜਾਹ ਮੇਰੇ ਲਈ।"

ਮੈਂ ਆਖਿਆ, "ਮੈਂ ਉਹੋ ਹੀ ਹਾਂ।"

"ਨਹੀਂ, ਤੂੰ ਉਹ ਨਹੀਂ।"

ਉਹ ਅੱਖਾਂ ਪਾੜ ਪਾੜ ਕੇ ਝਾਕਣ ਲੱਗਾ। ਕੁਝ ਅਜੀਬ ਵਹਿਸ਼ੀ ਅੰਦਾਜ਼ ਵਿੱਚ, ਜਿਵੇਂ ਮੈਨੂੰ ਫੜ ਕੇ, ਤਰੋੜ-ਮਰੋੜ ਕੇ ਚੱਬ ਸੁੱਟਣਾ ਚਾਹੁੰਦਾ ਹੋਵੇ। ਉਸ ਦੀਆਂ ਇਹੋ ਜਿਹੀਆਂ ਨਜ਼ਰਾਂ ਮੈਂ ਕਰੀਮ ਹੋਟਲ ਵਿਚ ਖਾਣਾ ਖਾਂਦਿਆਂ ਦੇਖੀਆਂ ਸਨ। ਉਹ ਰੁਮਾਲੀ ਰੋਟੀ ਵਿਚ ਕਬਾਬ ਲਪੇਟ ਕੇ - ਸਾਰੀ ਦੀ ਸਾਰੀ ਰੋਟੀ ਨੂੰ ਲੁਕਮੇਂ ਬਣਾ ਕੇ ਖਾ ਰਿਹਾ ਸੀ। ਮੈਂ ਵੀ ਇਕ ਲਚਕਦਾਰ ਰੋਟੀ ਸਾਂ ਉਹਦੇ ਲਈ।

ਮੈਨੂੰ ਉਸ ਦਾ ਇਸ ਤਰ੍ਹਾਂ ਝਾਕਣਾ ਚੰਗਾ ਨਾ ਲਗਾ। ਫਿਰ ਉਹ ਮੈਨੂੰ ਆਪਣੀ ਕਾਰ ਵਿਚ ਬਿਠਾ ਕੇ ਮਾਰਕੀਟ ਲੈ ਗਿਆ ਜਿਥੇ ਮੈਂ ਸੰਤਰੇ ਦਾ ਠੰਢਾ ਜੂਸ ਪੀਤਾ। ਮੇਰੀਆਂ ਨਸਾਂ ਗਰਮ ਸੀ। ਜੂਸ ਪੀ ਕੇ ਕੁਝ ਠੰਢ ਪਈ। ਘਰ ਪਰਤੀ ਤਾਂ ਉਹ ਨਾਲ ਹੀ ਕਮਰੇ ਵਿਚ ਆ ਗਿਆ। ਕਲ੍ਹ ਰਾਤ ਜੋ ਸ਼ਰਾਬ ਦੀ ਬੋਤਲ ਬਚੀ ਸੀ, ਮੈਥੋਂ ਮੰਗਣ ਲੱਗਾ। ਮੈਂ ਅਲਮਾਰੀ ਖੋਲ੍ਹ ਕੇ ਬੋਤਲ ਕੱਢੀ ਤੇ ਉਸ ਨੂੰ ਦੇ ਦਿੱਤੀ। ਉਹ ਪੀਣ ਲੱਗਾ ਤਾਂ ਮੈਂ ਆਖਿਆ, "ਇਥੇ ਨਹੀਂ।" ਉਸ ਨੇ ਇਕ ਪੈੱਗ ਦੀ ਇਜਾਜ਼ਤ ਮੰਗੀ। ਪਰ ਉਹ ਇਕ ਪੈੱਗ, ਫਿਰ ਦੂਸਰਾ ਪੈੱਗ ਤੇ ਫਿਰ ਤੀਸਰਾ ਪੈਗ ਪੀ ਗਿਆ। ਮੈਂ ਉਸ ਨੂੰ ਰੋਕ ਦਿੱਤਾ। ਉਹ ਬੋਲਿਆ, "ਤੂੰ ਵੀ ਪੀ। ਜੋ ਚੀਜ਼ ਜੂਠੀ ਹੈ, ਜਿਸ ਚੀਜ਼ ਨੂੰ ਮੈਂ ਛੂਹਿਆ ਹੈ, ਉਹ ਖਾਏਂਗੀ ਨਹੀਂ? ਪੀਏਂਗੀ ਨਹੀਂ, ਪਹਿਨੇਗੀ ਨਹੀਂ? ਆਈ ਲਵ ਯੂ। ਲੈ ਫੜ ਪੀ।"

ਜਦ ਉਹ ਬਾਰ ਬਾਰ ਤਾਕੀਦ ਕਰਨ ਲੱਗਾ ਤਾਂ ਮੈਂ ਭੜਕ ਕੇ ਆਖਿਆ, "ਹਾਂ-ਹਾਂ, ਮੈਨੂੰ ਤੇਰੀ ਛੂਹੀ ਹੋਈ ਕੋਈ ਚੀਜ਼ ਨਹੀਂ ਚਾਹੀਦੀ।"

ਉਸ ਨੇ ਠੁੱਡੇ ਮਾਰ ਕੇ ਪਲੇਟਾਂ ਤੋੜ ਸੁਟੀਆਂ। ਫਿਰ ਉਸ ਨੇ ਡੱਬਾ ਖੋਲ੍ਹਿਆ। ਉਸ ਵਿੱਚ ਰੋਸਟਿਡ ਚਿਕਨ ਸੀ ਜੋ ਉਸ ਨੇ ਹੋਟਲ ਤੋਂ ਬਣਵਾ ਕੇ ਲਿਆਂਦਾ ਸੀ। ਦੰਦ ਕਰੀਚ ਕੇ ਬੋਲਿਆ, "ਲੈ ਇਹ ਚਿਕਨ ਅਸੀਂ ਦੋਵੇਂ ਖਾਵਾਂਗੇ।"

ਉਸ ਨੇ ਛੁਰੀ ਨਾਲ ਚਿਕਨ ਤੇ ਦੋ ਹਿੱਸੇ ਕੀਤੇ, "ਲੈ - ਵਨ, ਟੂ ....।"

ਮੈਂ ਉਸ ਦਾ ਹੱਥ ਫੜ ਕੇ ਆਖਿਆ, "ਤੂੰ ਨਸ਼ੇ ਵਿਚ ਬਹਿਕ ਰਿਹਾ ਹੈਂ।"

"ਹਾਂ ਹਾਂ ਬਹਿਕ ਰਿਹਾ ਹਾਂ। ਮੈਂ ਪਾਗਲ ਹਾਂ ਨਾ। ਉੱਲੂ ਦਾ ਪੱਠਾ।.... ਜਾ ਰਿਹਾ ਹਾਂ ਮੈਂ।" ਇਹ ਆਖ ਕੇ ਉਹ ਬਾਹਰ ਨਿਕਲ ਗਿਆ।

ਦੂਸਰੀ ਸ਼ਾਮ, ਨਾ ਮੈਨੂੰ ਉਸ ਦਾ ਇੰਤਜ਼ਾਰ ਸੀ, ਨਾ ਪ੍ਰਵਾਹ। ਇਕ ਅਜੀਬ ਤਸੱਲੀ ਮਹਿਸੂਸ ਕਰ ਰਹੀ ਸਾਂ।

ਮੈਂ ਛੱਤ ਉਤੇ ਪਾਣੀ ਪਾ ਕੇ ਟਹਿਲਦੀ ਰਹੀ। ਤੇ ਇਕ ਫ਼ਿਲਮੀ ਗੀਤ ਗੁਣਗੁਣਾਉਂਦੀ ਰਹੀ। ਸੋਚ ਰਹੀ ਸਾਂ ਕਿ ਮੈਨੂੰ ਕੀ ਕਰਨਾ ਚਾਹੀਦਾ ਹੈ। ਕਿੱਥੇ ਜਾਣਾ ਹੈ? ਕੀ ਅੰਤ ਹੈ ਮੇਰੇ ਸੰਘਰਸ਼ ਦਾ?

ਮੈਨੂੰ ਕਿਸੇ ਦੇ ਕਦਮਾਂ ਦੀ ਆਵਾਜ਼ ਸੁਣਾਈ ਦਿੱਤੀ। ਮੈਂ ਦੇਖਿਆ ਕਿ ਬਾਬੀ ਪੌੜੀਆਂ ਚੜ੍ਹ ਰਿਹਾ ਸੀ। ਉਹ ਜ਼ਰਾ ਦੂਰੀ ਉਤੇ ਖੜ੍ਹ ਗਿਆ।

ਇਹ ਬਾਬੀ ਨਹੀਂ, ਇਹ ਕੋਈ ਹੋਰ ਹੀ ਆਦਮੀ ਸੀ। ਨੀਮ ਹਨੇਰੇ ਵਿਚ ਉਹ ਮੈਨੂੰ ਬਾਬੀ ਹੀ ਲਗਿਆ ਸੀ।

ਉਹ ਬੋਲਿਆ, "ਮੈਂ ਤੇਰਾ ਘਰ ਦੇਖਣਾ ਹੈ।"

ਮੈਂ ਪੁਛਿਆ, "ਕੌਣ ਹੈ ਤੂੰ? ਪਲੀਜ਼ ਚਲਿਆ ਜਾਹ ਇਥੋਂ। ਇਹ ਕੋਈ ਵਕਤ ਨਹੀਂ ਕਿਸੇ ਇਕੱਲੀ ਲੜਕੀ ਦੇ ਘਰ ਆਉਣ ਦਾ।"

"ਮੈਂ ਤੇਰਾ ਗੁਆਂਢੀ ਹਾਂ। ਸਾਹਮਣੇ ਵਾਲੇ ਫਲੈਟ ਵਿਚ ਰਹਿੰਦਾ ਹਾਂ। ਘਬਰਾ ਨਾ। ਮੈਂ ਤੇਰੇ ਨਾਲ ਦੋਸਤੀ ਕਰਨਾ ਚਾਹੁੰਦਾ ਹਾਂ।"

ਮੈਨੂੰ ਗੁੱਸਾ ਆ ਰਿਹਾ ਸੀ ਤੇ ਡਰ ਵੀ ਲੱਗ ਰਿਹਾ ਸੀ। ਮੈਂ ਅੱਗੇ ਵੱਧ ਕੇ ਉਸ ਨੂੰ ਆਖਿਆ, "ਚਲਾ ਜਾਹ ਇਥੋਂ।"

ਉਹ ਦੋ ਕਦਮ ਪਿੱਛੇ ਹਟ ਗਿਆ। ਪਰ ਉਸੇ ਤਰ੍ਹਾਂ ਝਾਕਦਾ ਰਿਹਾ। ਪੌੜੀਆਂ ਥੱਲੇ ਮੈਨੂੰ ਇਕ ਹੋਰ ਲੜਕਾ ਨਜ਼ਰ ਆਇਆ। ਮੈਂ ਆਖਿਆ, "ਦੇਖ, ਹੇਠਾਂ ਲੈਂਡ-ਲੇਡੀ ਨਾਲ ਗੱਲ ਕਰ, ਮੇਰੇ ਨਾਲ ਨਹੀਂ। ਚਲਾ ਜਾਹ ਇਥੋਂ।"

ਉਹ ਬੋਲਿਆ, "ਕਿਉਂ ਖਫ਼ਾ ਹੋ ਰਹੀ ਹੈਂ? ਹੋਲੀ ਵਾਲੇ ਦਿਨ ਮੈਂ ਆਪਣੇ ਦੋਸਤਾਂ ਨਾਲ ਤੇਰੇ ਉਤੇ ਰੰਗ ਪਾਉਣ ਆਇਆ ਸਾਂ, ਸ਼ਾਇਦ ਤੂੰ ਮੈਨੂੰ ਪਛਾਣਿਆਂ ਨਹੀਂ।"

"ਬਹੁਤੀਆਂ ਗੱਲਾਂ ਨਾ ਬਣਾ। ਤੀਰ ਹੋ ਜਾ ਇਥੋਂ।"

ਉਹ ਕੱਚਾ ਜਿਹਾ ਹੋ ਕੇ ਹੇਠਾਂ ਉੱਤਰ ਗਿਆ ਜਿਥੇ ਉਸ ਦਾ ਸਾਥੀ ਖੜ੍ਹਾ ਸੀ। ਮੈਂ ਦੋਹਾਂ ਨੂੰ ਜਾਂਦਿਆਂ ਹੋਇਆਂ ਦੇਖਿਆ।

ਅਗਲੇ ਦਿਨ ਮੈਂ ਬਾਬੀ ਨੂੰ ਇਹ ਘਟਨਾ ਦੱਸ ਦਿੱਤੀ। ਮੇਰੀ ਗੱਲ ਸੁਣ ਕੇ ਉਹ ਬੋਲਿਆ, "ਕਿਥੇ ਰਹਿੰਦਾ ਹੈ ਉਹ? ... ਮੈਨੂੰ ਦਿਖਾ ਜ਼ਰਾ, ਕਿੱਥੋਂ ਆਇਆ ਸੀ?"

ਮੈਂ ਛੱਤ ਉੱਤੋਂ ਸਾਹਮਣੇ ਵਾਲੇ ਫ਼ਲੈਟ ਵੱਲ ਇਸ਼ਾਰਾ ਕੀਤਾ, "ਉਥੋਂ ਆਇਆ ਸੀ.... ਉਸ ਦੇ ਨਾਲ ਇਕ ਲੜਕਾ ਹੇਠਾਂ ਖੜ੍ਹਾ ਚੌਕੀਦਾਰੀ ਕਰ ਰਿਹਾ ਸੀ।"

ਮੇਰੀ ਗੱਲ ਸੁਣਦਿਆਂ ਹੀ ਬਾਬੀ ਥੁੜ ਥੁੜ ਕਰਦਾ ਪੌੜੀਆਂ ਉਤਰ ਗਿਆ ਤੇ ਸੜਕ ਪਾਰ ਕਰਕੇ ਕੋਠੀ ਅੱਗੇ ਜਾ ਖੜ੍ਹਾ ਹੋਇਆ

ਅੰਦਰੋਂ ਉਹੀ ਲੜਕਾ ਨਿਕਲਿਆ ਤੇ ਬਾਬੀ ਨੂੰ ਪੁੱਛਣ ਲੱਗਾ, "ਕੀ ਚਾਹੀਦਾ ਹੈ ਤੈਨੂੰ? ਕਿਸ ਨੂੰ ਲੱਭ ਰਿਹਾ ਹੈਂ?"

ਬਾਬੀ ਨੇ ਗੁੱਸੇ ਵਿਚ ਉਸ ਦਾ ਕਾਲਰ ਫੜਿਆ ਤੇ ਝਟਕਾ ਦਿੱਤਾ। ਉਸ ਦੀ ਕਮੀਜ਼ ਦੇ ਬਟਨ ਟੁੱਟ ਗਏ। ਗਰਜ ਕੇ ਬੋਲਿਆ, "ਹਰਾਮਜ਼ਾਦੇ ... ਕੀ ਕਰਨ ਗਿਆ ਸੀ ਸਾਹਮਣੇ ਵਾਲੇ ਫਲੈਟ ਵਿੱਚ? ਉਥੇ ਮਾਂ ਸੀ ਤੇਰੀ? ਕਿਰਾਇਆ ਪੁੱਛਣ ਗਿਆ ਸੀ? ਇਸ਼ਕ ਕਰਨ ਗਿਆ ਸੀ? ਉੱਲੂ ਦਿਆ ਪੱਠਿਆ ਤੂੰ ਸਮਝਦਾ ਹੈਂ ਇਕੱਲੀ ਕੁੜੀ ਰਹਿੰਦੀ ਹੈ ਤੇ ਉਸ ਦਾ ਕੋਈ ਵਾਲੀ ਵਾਰਸ ਨਹੀਂ? ਭੈਣ ਦਿਆ ਖਸਮਾਂ ... ਜੇ ਮੁੜ ਕੇ ਉਸ ਫਲੈਟ ਵੱਲ ਝਾਕਿਆ ਤਾਂ ਅੱਖਾਂ ਕੱਢ ਦਿਆਂਗਾ ਤੇਰੀਆਂ, ਸਮਝਿਆ? ਮੈਂ ਸ਼ਰੀਫ਼ ਆਦਮੀ ਨਹੀਂ। ਗੁੰਡਾ ਹਾਂ। ਜ਼ਿੰਦਾ ਗੱਡ ਸੁੱਟਾਂਗਾ ਜ਼ਮੀਨ ਵਿੱਚ ਤੈਨੂੰ।"

ਇਹ ਆਖ ਕੇ ਉਸ ਨੇ ਧੱਕਾ ਦਿੱਤਾ ਉਹ ਲੜਖੜਾ ਕੇ ਪਿਛੇ ਡਿੱਗ ਪਿਆ। ਬਾਬੀ ਭਾਰੇ ਭਾਰੇ ਕਦਮ ਪੁੱਟਦਾ ਛਾਤੀ ਫੁਲਾਏ ਵਾਪਸ ਆ ਗਿਆ।

ਮੈਂ ਖੜ੍ਹੀ ਕੰਬ ਰਹੀ ਸਾਂ। ਕੋਈ ਤੂਫ਼ਾਨ ਨਾ ਖੜ੍ਹਾ ਕਰ ਦੇਵੇ।

ਉਸ ਦਾ ਸਾਹ ਫੁੱਲਿਆ ਹੋਇਆ ਸੀ। ਬੋਲਿਆ, "ਹੁਣ ਉਹ ਸਾਲਾ ਕਦੇ ਅੱਖ ਪੱਟ ਕੇ ਤੇਰੇ ਵੱਲ ਨਹੀਂ ਦੇਖੇਗਾ।"

ਮੇਰਾ ਸਾਰਾ ਡਰ ਜਾਂਦਾ ਰਿਹਾ। ਇਸ ਸੁੰਨੇਪਣ ਵਿੱਚ ਕੌਣ ਮੇਰੀ ਹਿਫ਼ਾਜ਼ਤ ਕਰ ਸਕਦਾ ਸੀ? ਕੋਈ ਵੀ ਨਹੀਂ। ਦਿੱਲੀ ਵਿੱਚ ਇਕੱਲੀ ਲੜਕੀ ਦੀ ਕੀ ਔਕਾਤ ਹੈ? ਸਭਨਾਂ ਦੀਆਂ ਨਜ਼ਰਾਂ ਭੁੱਖੀਆਂ। ਕੋਈ ਸ਼ਰੀਫ਼ ਆਦਮੀ ਉਸ ਦੀ ਹਿਫ਼ਾਜ਼ਤ ਨਹੀਂ ਕਰੇਗਾ। ਸ਼ਰੀਫ਼ ਆਦਮੀ ਤਾਂ ਚੂਹਾ ਰਾਮ ਹੈ। ਡਰਪੋਕ। ਜੇ ਕੋਈ ਬਦਮਾਸ਼ ਮੈਨੂੰ ਚੌਂਕ ਵਿਚ ਫੜ ਕੇ ਘੜੀਸ ਰਿਹਾ ਹੋਵੇ ਤਾਂ ਸ਼ਰੀਫ਼ ਆਦਮੀ ਇਕ ਪਾਸੇ ਹਟ ਜਾਵੇਗਾ। ਆਖੇਗਾ ਅਸੀਂ ਇਸ ਝਗੜੇ ਵਿੱਚ ਕਿਉਂ ਪਈਏ ... ਇਹ ਲੜਕੀ ਹੈ ਹੀ ਬਦਮਾਸ਼...। ਇਸ ਦਾ ਕੋਈ ਯਾਰ ਹੋਵੇਗਾ। ਅਸੀਂ ਕੀ ਲੈਣਾ ਹੈ ਇਸ ਤੋਂ। ਥਾਣੇ ਵਿੱਚ ਰੀਪੋਰਟ ਕਰੀਏ ਤਾਂ ਹੋਰ ਮੁਸੀਬਤ।

ਬਾਬੀ ਨੂੰ ਦੇਖ ਕੇ ਹਿੰਮਤ ਆ ਗਈ। ਸਿਰਫ਼ ਗੁੰਡਾ ਹੀ ਮੇਰੀ ਹਿਫ਼ਾਜ਼ਤ ਕਰ ਸਕਦਾ ਸੀ .... ਬਾਬੀ।

ਕਈ ਵਾਰ ਰਾਤ ਨੂੰ ਤਰ੍ਹਾਂ ਤਰ੍ਹਾਂ ਦੇ ਡਰਾਉਣੇ ਸੁਪਨੇ ਆਉਂਦੇ। ਇਹ ਸੁਪਨੇ ਹਕੀਕਤ ਵਿਚ ਬਦਲ ਜਾਂਦੇ, ਫਿਰ ਹਕੀਕਤ ਸੁਪਨੇ ਵਿੱਚ। ਦੋਵੇਂ ਗਡਮਡ ਹੋ ਰਹੇ ਸਨ। ਮੈਂ ਆਪਣੇ ਆਪ ਨੂੰ ਭੁੱਲਣ ਲਗੀ ਸਾਂ। ਜ਼ਿਆਦਾ ਸਿਗਰਟਾਂ ਪੀਣ ਲਗ ਪਈ ਸਾਂ। ਮੇਰੇ ਗੱਲ ਵਿਚ ਖਰਾਸ਼ ਆ ਗਈ ... ਆਵਾਜ਼ ਭਾਰੀ ... ਬਾਬੀ ਆਖਦਾ, "ਇਹ ਆਵਾਜ਼ ਸੈਂਕਸੀ ਹੈ। ਇਸ ਵਿਚ ਰੇਸ਼ਮੀ ਸਰਸਰਾਹਟ ਹੈ .... ਪਰ ਪਤਾ ਨਹੀ ਮੈਨੂੰ ਕੀ ਹੋ ਰਿਹਾ ਸੀ .... ਆਪਣੇ ਆਪ ਤੋਂ ਖ਼ੌਫ਼ ਆਉਣ ਲੱਗਾ।

ਸਵੇਰੇ ਉੱਠ ਕੇ ਅਖ਼ਬਾਰ ਪੜ੍ਹਦੀ ਤਾਂ ਪਹਿਲੇ ਸਫ਼ੇ ਉਤੇ ਕਿਸੇ ਕਤਲ ਦੀ ਵਾਰਦਾਤ .... ਕਿਸੇ ਔਰਤ ਦਾ ਬਲਾਤਕਾਰ ... ਇੱਕ ਦਿਨ ਅਖ਼ਬਾਰ ਖੋਲ੍ਹਿਆ .... ਮੇਰੇ ਇਲਾਕੇ ਦੇ ਪਿਛਵਾੜੇ ਵੀਰਾਨ ਸੜਕ ਉੱਤੇ ਇਕ ਔਰਤ ਰਾਤ ਦੇ ਸਾਢੇ ਅੱਠ ਵਜੇ ਜਾ ਰਹੀ ਸੀ। ਪਿਛੋਂ ਇਕ ਮਾਰੂਤੀ ਕਾਰ ਆਈ। ਉਸ ਵਿਚੋਂ ਤਿੰਨ ਨੌਜੁਆਨ ਉਤਰੇ ਤੇ ਉਸ ਨੂੰ ਫੜ ਕੇ ਕਾਰ ਵਿਚ ਸੁੱਟ ਲਿਆ। ਉਸ ਦਾ ਮੂੰਹ ਬੰਦ ਕਰਕੇ ਕਿਸੇ ਫਾਰਮ ਹਾਊਸ ਵਿਚ ਲੈ ਗਏ। ਤਿੰਨਾਂ ਨੇ ਸ਼ਰਾਬ ਪੀਤੀ ਤੇ ਬਲਾਤਕਾਰ ਕੀਤਾ। ਫਿਰ ਕਾਰ ਵਿਚ ਸੁੱਟ ਕੇ ਉਸ ਔਰਤ ਨੂੰ ਕਿਧਰੇ ਦੂਰ ਦੁਰਾਡੇ ਛੱਡ ਦਿੱਤਾ ਤੇ ਗੁੰਮ ਹੋ ਗਏ।

ਇਸ ਕਿਸਮ ਦੀਆਂ ਵਾਰਦਾਤਾਂ ਪੜ੍ਹ ਕੇ ਮੇਰੀ ਨੀਂਦ ਹਰਾਮ ਹੋ ਜਾਂਦੀ।

* * *

ਰੋਜ਼ੀ ਦੋ ਦਿਨਾਂ ਲਈ ਫਿਰ ਆਪਣੀ ਮਾਂ ਨੂੰ ਮਿਲਣ ਲਈ ਦਿੱਲੀ ਆਈ ਤਾਂ ਉਸ ਨੇ ਆਉਂਦਿਆਂ ਹੀ ਮੈਨੂੰ ਟੈਲੀਫ਼ੋਨ ਕੀਤਾ।

ਰੋਜ਼ੀ ਦਾ ਟੈਲੀਫ਼ੋਨ ਸੁਣਦਿਆਂ ਹੀ ਮੈਂ ਖਿੜ ਉਠੀ। ਉਹ ਬੋਲੀ, "ਮੈਂ ਹੁਣੇ ਆ ਰਹੀ ਹਾਂ ਤੈਨੂੰ ਮਿਲਣ।"

ਥੋੜ੍ਹੀ ਦੇਰ ਪਿਛੋਂ ਹੀ ਰੋਜ਼ੀ ਪਹੁੰਚ ਗਈ। ਅਸੀਂ ਦੋਵੇਂ ਮਿਲੀਆਂ। ਉਸ ਵਿੱਚ ਬਹੁਤ ਤਬਦੀਲੀ ਨਜ਼ਰ ਆਈ। ਰੰਗ ਨਿਖਰਿਆ ਹੋਇਆ, ਲਿਬਾਸ ਬਹੁਤ ਸਟਾਈਲਿਸ਼। ਅਸੀਂ ਦੋਵੇਂ ਠਹਾਕਾ ਮਾਰ ਕੇ ਹੱਸਣ ਲੱਗੀਆਂ। ਰੋਜ਼ੀ ਬੋਲੀ, "ਬੰਬਈ ਦੀ ਵੀ ਅਜੀਬ ਭਾਸ਼ਾ ਹੈ। ਆਲੂ ਨੂੰ ਬਟਾਟਾ ਆਖਦੇ ਹਨ। ਜਿਵੇਂ ਉੱਲੂ ਦਾ ਪੱਠਾ। ਪਿਆਜ਼ ਨੂੰ ਕਾਂਦਾ, ਅੰਡੇ ਨੂੰ ਬੈਜ਼ਾ, ਆਚਾਰ ਨੂੰ ਲੌਂਚਾ। ਖਾ-ਲੀ, ਪੀ-ਲੀ .... ਹੇਕੜੇ-ਬਿਕੜੇ ਕਾਹਦੇ ਲਈ ਬੋਲਦਾ ਹੈਂ, ਖਲਾਸ ਹੋ ਗਿਆ ਹੈਂ ਤੂੰ? ਹੈ ਨਾ ਕਾਮੇਡੀ ਦੀ ਭਾਸ਼ਾ। ਇੱਥੇ ਦਿੱਲੀ ਵਿਚ ਕਾਹਦੀ ਜ਼ਿੰਦਗੀ ਹੈ? ਸੱਤ ਵਜੇ ਕਨਾਟ ਪਲੇਸ ਬੰਦ। ਦੁਕਾਨਾਂ ਦੇ ਸ਼ਟਰ ਚੜ੍ਹ ਜਾਂਦੇ ਹਨ। ਹਨੇਰਾ ਹੋ ਜਾਂਦਾ ਹੈ ਜਿਵੇਂ ਮਾਤਮ ਮਨਾਇਆ ਜਾ ਰਿਹਾ ਹੋਵੇ?

"ਬੰਬਈ ਵਿਚ ਅੱਧੀ ਰਾਤੀਂ ਝਿਲਮਿਲਾਉਂਦੀਆਂ ਰੌਸ਼ਨੀਆਂ। ਬਹੁਤ ਮਜ਼ਾ

ਹੈ ਉਥੇ। ਬੇਹੱਦ ਕੰਮ। ਹਰ ਕੋਈ ਪ੍ਰਫੈਸ਼ਨਲ। ਸਿੱਧੀ ਗੱਲ। ਵਕਤ ਸਿਰ ਆਉਣਾ ਜਾਣਾ। ਗੱਲ ਤੇ ਤੋਲ ਦੇ ਪੱਕੇ। ਆਟੋ ਰਿਕਸ਼ਾ ਵਾਲੇ ਵੀ ਈਮਾਨਦਾਰ। ਇਹ ਨਹੀਂ ਕਿ ਦਿੱਲੀ ਦੇ ਰਿਕਸ਼ੇ ਵਾਲਿਆਂ ਵਾਂਗ ਬੰਦੇ ਦੀ ਛਿਲ ਲਾਹ ਲੈਣ। ਇਹ ਨਹੀਂ ਕਿ ਸੜਕਾਂ ਤੇ ਚੌਂਕਾਂ ਦੇ ਚੱਕਰ ਲਵਾ ਕੇ ਤੁਹਾਨੂੰ ਟਿਕਾਣੇ ਪਹੁੰਚਾਣ। ਤੂੰ ਕਦੋਂ ਆ ਰਹੀ ਹੈਂ ਬੰਬਈ?"

ਮੈਂ ਆਖਿਆ, "ਬੰਬਈ ਵਿਚ ਮੈਂ ਤੈਥੋਂ ਬਿਨਾ ਕਿਸੇ ਨੂੰ ਨਹੀਂ ਜਾਣਦੀ। ਕਿੱਥੇ ਰਹਾਂਗੀ?"

ਰੋਜ਼ੀ ਬੋਲੀ, "ਮੇਰੇ ਕੋਲ, ਹੋਰ ਕਿੱਥੇ? ਮੈਂ ਇਕ ਨਿੱਕਾ ਜਿਹਾ ਫਲੈਟ ਕਿਰਾਏ ਉਤੇ ਲਿਆ ਹੋਇਆ ਹੈ .... ਨਿੱਕਾ ਜਿਹਾ ਕਿਚਨ, ਫਰਸ਼ ਉਤੇ ਮੈਟਰੈੱਸ, ਗੈਸ, ਟੈਲੀਫ਼ੋਨ। ਤੂੰ ਆ ਜਾਵੇਂ ਤਾਂ ਖੂਬ ਮਜੇ ਵਿਚ ਰਹਾਂਗੀਆਂ।"

ਉਹ ਆਖਣ ਲਗੀ, "ਮੈਨੂੰ ਤਾਂ ਤੇਰੇ ਉਤੇ ਤਰਸ ਆਉਂਦਾ ਹੈ। ਇਥੋਂ ਬਾਬੀ ਦੇ ਚੱਕਰ ਵਿਚੋਂ ਨਿਕਲ। ਉਸ ਦੀ ਰਖੇਲ ਬਣੀ ਬੈਠੀ ਹੈਂ। ਅੱਧੀ ਰਾਤ ਨੂੰ ਆ ਜਾਵੇ ਤਾਂ ਉਸਦੀ ਬੁਕਲ ਵਿਚ ਜਾ ਵੜਦੀ ਹੈਂ। ਆਪਣੇ ਆਪ ਨੂੰ ਕੌਡੀਆਂ ਦੇ ਭਾਅ ਵੇਚ ਰਹੀ ਹੈਂ ਤੂੰ। ਜੇ ਵਿਕਣਾ ਹੀ ਹੈ ਤਾਂ ਖਰੀ ਕੀਮਤ ਵਸੂਲ ਕਰ। ਇਹ ਮੁਹੱਬਤ... ਮੁਹੱਬਤ ਦਾ ਰਾਗ ਅਲਾ ਪਣਾ ਬੰਦ ਕਰ ਦੇਹ। ਮੁਹੱਬਤ ਸ਼ਬਦ ਹੀ ਝੂਠਾ ਹੈ। ਹਰ ਮਰਦ ਇਸ ਲਫ਼ਜ਼ ਨੂੰ ਉਛਾਲਦਾ ਹੈ – ਆਈ ਲਵ ਯੂ ... ਆਈ ਲਵ ਯੂ....।"

"ਮੈਂ ਪੁਛਦੀ ਹਾਂ ਕਿ ਕੀ ਤੂੰ ਪਟਾ ਲਿਖਵਾਇਆ ਹੋਇਆ ਹੈ ਕਿ ਤੂੰ ਇਕ ਹੀ ਮਰਦ ਨਾਲ ਅਫ਼ੇਅਰ ਕਰੇਂਗੀ। ਕਿਉਂ? ਕੀ ਤੂੰ ਤਮਗਾ ਲੈਣਾ ਹੈ ਕਿਸੇ ਕੋਲੋਂ ਇਹ ਸਾਬਿਤ ਕਰਕੇ ਕਿ ਤੂੰ ਸਿਰਫ਼ ਇਕੋ ਦੀ ਹੈਂ? ਤੇ ਉਹ ਕੁੱਤਾ – ਤੇਰਾ ਬੁਆਏ ਫ਼ਰੈਂਡ –ਹੁਣ ਤੀਕ ਦਰਜਣਾਂ ਕੁੜੀਆਂ ਨੂੰ ਭੋਗ ਚੁੱਕਾ ਹੋਣੈ। ਮਰਦ ਦੀ ਜ਼ਾਤ। ਇਹੋ ਜਿਹਾ ਵਫ਼ਾਦਾਰ ਜਾਲ ਹੈ ... ਫੰਦਾ। ਇਸੇ ਲਈ ਤੂੰ ਆਪਣੀ ਮਾਲੀ ਪਰੇਸ਼ਾਨੀ ਦਾ ਹਰ ਵੇਲੇ ਰੋਣਾ ਰੋਂਦੀ ਰਹਿੰਦੀ ਹੈਂ। ਬੇਵਕੂਫ, ਇਹ ਜੁਆਨੀ ਬਹੁਤ ਦੇਰ ਤਕ ਨਹੀਂ ਰਹਿਣੀ। ਵੱਧ ਤੋਂ ਵੱਧ ਦਸ ਸਾਲ ਤੇ ਉਸ ਪਿਛੋਂ ਢਲ ਜਾਵੇਂਗੀ। ਮੈਨੂੰ ਦੇਖ, ਤੈਥੋਂ ਤਿੰਨ ਸਾਲ ਵੱਡੀ ਹਾਂ। ਤੇਰੇ ਵਾਂਗ ਤਲਾਕਸ਼ੁਦਾ। ਇਕ ਬੱਚਾ ਵੀ ਹੈ ਮੇਰਾ। ਪਰ ਮੈਂ ਐਸ਼ ਕਰ ਰਹੀ ਹਾਂ। ਅੱਜ ਤੈਨੂੰ ਮਿਲੀ ਤੇ ਤੇਰਾ ਚਿਹਰਾ ਵੇਖ ਕੇ ਹੈਰਾਨ ਰਹਿ ਗਈ। ਤੇਰੇ ਚਿਹਰੇ ਉਤੇ ਵੀਰਾਨਗੀ ... ਕਿੱਥੇ ਗਿਆ ਉਹ ਹੁਸਨ! ਤੈਨੂੰ ਸਰਾਪ ਮਿਲਿਆ ਹੋਇਆ ਹੈ – ।"

"ਮੈਂ ਐਸ਼ ਕਰਦੀ ਹਾਂ ... ਵੱਡੇ ਤੋਂ ਵੱਡਾ ਫ਼ੰਨੇ ਖਾਂ ਮੇਰੇ ਪੈਰੀਂ ਡਿਗਦਾ ਹੈ। ਮੈਂ ਮੁਸਕਰਾਹਟ ਨੂੰ ਪੱਲੂ ਵਿੱਚ ਢੱਕ ਕੇ ਨਹੀਂ ਰਖਦੀ। ਇਸ ਨੂੰ ਬਿਖੇਰਦੀ ਹਾਂ। ਬਗੈਰ ਕੁਝ ਲਏ ਦਿੱਤੇ ਮਰਦ ਲੱਟੂ ਹੋ ਜਾਂਦਾ ਹੈ ਤੇ ਮੇਰੇ ਸੌ ਕੰਮ ਕਰਦਾ

ਹੈ। ਉਹ ਮੇਰੀ ਮੁਸਕੁਰਾਹਟ ਲੁੱਟਦਾ ਹੈ ਤੇ ਮੈਂ ਉਸ ਨੂੰ। ਪਾਗਲੇ, ਇਹ ਸਭ ਲੁੱਟ ਦਾ ਸੌਦਾ ਹੈ। ਮੈਨੂੰ ਤਾਂ ਉਹ ਭਜਨ ਯਾਦ ਆਉਂਦਾ ਹੈ - 'ਰਾਮ ਨਾਮ ਕੀ ਲੂਟ ਮਚੀ ਹੈ - ਲੂਟ ਸਕੇ ਤੋ ਲੂਟ।"

ਇਹ ਆਖ ਕੇ ਰੋਜ਼ੀ ਹੱਸ ਪਈ। ਫਿਰ ਬੋਲੀ, "ਇਹ ਮਜ਼ਾਕ ਨਹੀਂ। ਮੇਰਾ ਕੋਈ ਇਕ ਬੁਆਏ ਫਰੈਂਡ ਨਹੀਂ। ਦਰਜਨਾਂ ਹਨ ਬੁਆਏ ਫਰੈਂਡਜ਼ ਮੇਰੇ, ਪਰ ਤੂੰ ਇੱਕੋ ਬੁਆਏ ਫਰੈਂਡ ਨਾਲ ਬੱਝੀ ਪਈ ਹੈਂ। ਮੂਰਖੇ, ਮੈਂ ਤੈਨੂੰ ਕੁਝ ਹੋਰ ਨਹੀਂ ਕਹਿਣਾ ਚਾਹੁੰਦੀ, ਸਿਰਫ਼ ਇਹੋ ਕਹਿਣਾ ਚਾਹੁੰਦੀ ਹਾਂ ਕਿ ਜੀਣਾ ਸਿੱਖ। ਖੁਸ਼ੀ ਦੇਹ ਤੇ ਖੁਸ਼ੀ ਲੈ। ਇਹ ਸਤਵੰਤੀ ਨਾਰੀ ਵਾਲਾ ਭੇਸ ਫ਼ਰਾਡ ਹੈ। ਕੋਈ ਮੈਨੂੰ ਭਿੱਟ ਨਹੀਂ ਸਕਦਾ। ਮੈਂ ਖ਼ੁਦ ਜੋ ਹਾਂ, ਉਹੋ ਹਾਂ। ਬੰਬਈ ਵਿੱਚ ਰਹਿ ਰਹੀ ਹਾਂ। ਚਾਰ ਮਹੀਨੇ ਹੋਏ ਦਿੱਲੀ ਤੋਂ ਗਈ ਸਾਂ। ਪੱਲੇ ਦੁਆਨੀ ਵੀ ਨਹੀਂ ਸੀ। ਆਪਣੇ ਬਲਬੂਤੇ ਦੋ ਦੋਸਤ ਬਣਾਏ - ਮੇਰਾ ਮਤਲਬ ਹੈ ਬੁਆਏ ਫਰੈਂਡ ਜਾਂ ਆਸ਼ਿਕ। ਦੋਸਤ ਹੀ ਆਖਾਂਗੀ ਉਹਨਾਂ ਨੂੰ। ਰੰਗੀਨ ਸ਼ਾਮਾਂ। ਤੇ ਤੂੰ ਇਥੇ ਬਾਬੀ ਦੇ ਚੱਕਰ ਵਿੱਚ ਪਈ ਹੋਈ ਹੈਂ। ਵਫ਼ਾਦਾਰ .... ਬੇਵਕੂਫ਼। ਤੂੰ ਕੀ ਸਮਝਦੀ ਹੈਂ ਬਾਬੀ ਤੇਰੇ ਨਾਲ ਸ਼ਾਦੀ ਕਰੇਗਾ? ਜੇ ਏਦਾਂ ਸੋਚਦੀ ਹੈਂ ਤਾਂ ਇਹ ਤੇਰੀ ਭੁੱਲ ਹੈ। ਇਹਨਾਂ ਭੂਲ ਭੁਲੱਈਆ 'ਚੋਂ ਬਾਹਰ ਨਿਕਲ ਤੇ ਬਾਹਰਲੀ ਦੁਨੀਆਂ ਦੇਖ। ਤੈਨੂੰ ਬਾਬੀ ਨਾਲੋਂ ਕਿਤੇ ਚੰਗੇ ਘਰਾਣੇ ਦੇ ਲੋਕ ਮਿਲਣਗੇ - ਸਭ ਕੁਝ ਤੇਰੇ ਉਤੇ ਲੁਟਾ ਦੇਣ ਵਾਲੇ। ਤੇਰੀ ਕਦਮਬੋਸੀ ਕਰਨਗੇ ਉਹ ਲੋਕ।"

"ਕਿਸੇ ਨੂੰ ਫਸਾਉਣਾ ਹੀ ਹੈਂ ਤਾਂ ਕੋਈ ਮੋਟੀ ਆਸਾਮੀ ਫਸਾ। ਬਾਬੀ ਕੀ ਚੀਜ਼ ਹੈ? ਉਸ ਨੇ ਅੱਜ ਤੀਕ ਤੈਨੂੰ ਦਿੱਤਾ ਹੀ ਕੀ ਹੈ। ਤੈਨੂੰ ਕੋਈ ਛੋਟਾ ਮੋਟਾ ਘਰ ਵੀ ਨਹੀਂ ਲੈ ਕੇ ਦਿੱਤਾ ਅਜੇ ਤੀਕ .... ਉਸ ਦੀ ਔਕਾਤ ਹੀ ਕੀ ਹੈ ਜਿਸ ਦੀ ਨੀਯਤ ਹੀ ਨਹੀਂ।"

"ਮੇਰੇ ਵੱਲ ਦੇਖ ਮੈਂ ਤੇਰੇ ਵਾਂਗ ਟੁੱਚੇ ਲੋਕਾਂ ਨਾਲ ਦਿਲ ਨਹੀਂ ਪਰਚਾਉਂਦੀ ਫਿਰਦੀ। ਜਦ ਵੀ ਫੜਦੀ ਹਾਂ, ਕਿਸੇ ਮੋਟੀ ਮੱਛੀ ਨੂੰ ਜਾਲ ਵਿੱਚ ਫਸਾਉਂਦੀ ਹਾਂ, ਜੋ ਮੈਨੂੰ ਹਰ ਤਰ੍ਹਾਂ ਪਲੋਸ ਕੇ ਰਖ ਸਕੇ। ਤੂੰ ਅਜ ਵੀ ਆਪਣਾ ਰੋਣਾ ਲਈ ਬੈਠੀ ਹੈਂ। ਹੁਣ ਵੀ ਕੁਝ ਸਿੱਖਣਾ ਚਾਹੁੰਦੀ ਹੈਂ ਤਾਂ ਮੈਥੋਂ ਸਿੱਖ, ਨਹੀਂ ਤਾਂ ਜ਼ਿੰਦਗੀ ਭਰ ਛੋਟੀ ਜਿਹੀ ਝੌਂਪੜੀ ਲਈ ਤਰਸਦੀ ਰਹੇਂਗੀ - ਭਟਕਦੀ ਫਿਰੇਂਗੀ ਦਰ-ਬ-ਦਰ।"

"ਮੈਂ ਪੇਸ਼ਾ ਕਰ ਰਹੀ ਹਾਂ। ਸੈਕਸ, ਦੌਲਤ, ਮੋਟਰ ਗੱਡੀਆਂ, ਹਰ ਤਰ੍ਹਾਂ ਦਾ ਆਰਾਮ - ਤੇ ਤੂੰ?"

"ਖ਼ੈਰ, ਤੇਰੇ ਬਾਰੇ ਸੋਚਦੀ ਹਾਂ ਤਾਂ ਹੈਰਾਨ ਹੁੰਦੀ ਹਾਂ। ਤਾਂ ਤਰਸ ਆਉਂਦੈ।"

ਰੋਜ਼ੀ ਦੀਆਂ ਗੱਲਾਂ ਸੁਣ ਕੇ ਮੈਂ ਸੁੰਨ ਜਿਹੀ ਹੋ ਗਈ।

ਸੋਚਣ ਲੱਗੀ, ਠੀਕ ਹੀ ਤਾਂ ਆਖ ਰਹੀ ਸੀ ਉਹ।

ਮੇਰੇ ਕੋਲ ਅੱਜ ਤੀਕ ਹੈ ਹੀ ਕੀ? ਕੀ ਮਿਲਿਆ ਮੈਨੂੰ? ਨਾ ਬਾਬੀ, ਤੇ ਨਾ ਜ਼ਿੰਦਗੀ ਦੇ ਐਸ਼ੋ ਆਰਾਮ। ਕਿਉਂ ਮੈਂ ਸ਼ਰਾਫ਼ਤ ਦਾ ਢੰਡੋਰਾ ਪਿਟਦੀ ਫਿਰਦੀ ਹਾਂ? ਆਖ਼ਿਰ – ਕਿਉਂ?

ਰੋਜ਼ੀ ਅੱਖਾਂ ਘੁਮਾ ਕੇ ਬੋਲੀ, "ਜੇ ਆਦਮੀ ਦਸ ਔਰਤਾਂ ਨਾਲ ਸੌਂ ਸਕਦਾ ਹੈ ਤਾਂ ਔਰਤ ਦਸ ਮਰਦਾਂ ਨਾਲ ਕਿਉਂ ਨਹੀਂ? ਮੈਂ ਆਖਿਆ, "ਮੈਂ ਨਹੀਂ ਸੌਂ ਸਕਦੀ। ਮੇਰੇ ਸੰਸਕਾਰ ਏਦਾਂ ਦੇ ਹੀ ਹਨ। ਪਰ ਜੇ ਮੈਂ ਬਾਬੀ ਨਾਲੋਂ ਆਪਣਾ ਰਿਸ਼ਤਾ ਤੋੜ ਦੇਵਾਂ ਤੇ ਕੋਈ ਨਵਾਂ ਲੜਕਾ ਮੇਰੀ ਜ਼ਿੰਦਗੀ ਵਿਚ ਆ ਜਾਵੇ ਤਾਂ ਮੈਂ ਉਸ ਨਾਲ ਜ਼ਰੂਰ ਫਿਜ਼ੀਕਲ ਹੋ ਜਾਵਾਂਗੀ।" ਗੱਲ ਚੰਗੇ ਜਾਂ ਬੁਰੇ ਦੀ ਨਹੀਂ। ਫਿਰ ਕਾਹਦੀ ਸੀ? ਇਹ ਸੁਆਲ ਬਾਰ ਬਾਰ ਮੇਰੇ ਮਨ ਵਿਚ ਉਠਦਾ। ਮੈਂ ਰੋਜ਼ੀ ਨੂੰ ਆਖਿਆ, "ਜੇ ਕੋਈ ਲੜਕੀ ਆਪਣੇ ਪ੍ਰੇਮੀ ਨੂੰ ਇਸਤੇਮਾਲ ਕਰਦੀ ਹੈ .... ਉਸ ਤੋਂ ਫ਼ਾਇਦਾ ਉਠਾਉਂਦੀ ਹੈ .... ਤੋਹਫ਼ੇ ਲੈਂਦੀ ਹੈ .... ਕਪੜੇ .... ਸੈਂਡਲਜ਼ .... ਰੁਪੱਈਆ ਜ਼ੇਵਰਾਤ .... ਤੇ ਜਦ ਸਭ ਕੁਝ ਉਸ ਤੋਂ ਖੋਹ ਲੈਂਦੀ ਹੈਂ ... ਤੇ ਉਸ ਦਾ ਪਿਆਰ ਠੰਢਾ ਪੈ ਜਾਂਦਾ ਹੈ ... ਤੇ ਉਹ ਉਸ ਮਰਦ ਨੂੰ ਆਪਣੀ ਜ਼ਿੰਦਗੀ ਵਿਚੋਂ ਕੱਢ ਦੇਂਦੀ ਹੈਂ ਤਾਂ ਕੀ ਇਹ ਰੰਡੀ ਦੇ ਪੇਸ਼ੇ ਵਾਂਗ ਨਹੀਂ। ਸਗੋਂ ਉਸ ਤੋਂ ਵੀ ਬਦਤਰ। ਰੰਡੀ ਤਾਂ ਖੁਲ੍ਹਮਖੁਲ੍ਹਾ ਕਹਿੰਦੀ ਹੈ ਕਿ ਮੈਂ ਰੰਡੀ ਹਾਂ। ਮੇਰਾ ਰੇਟ ਤਿੰਨ ਸੌ ਰੁਪੱਈਆ ਹੈ ਰਾਤ ਦਾ। ਜਾਂ ਪੰਜ ਸੌ ਰੁਪੱਇਆ ਜਾਂ ਦੋ ਹਜ਼ਾਰ। ਉਹ ਸੌਦਾ ਕਰਦੀ ਹੈ – ਬਿਜ਼ਨੈੱਸ ਤੇ ਆਪਣੇ ਸੈੱਕਸ ਦਾ ਰੇਟ ਬੋਲਦੀ ਹੈ। ਪਰ ਤੂੰ ਆਪਣੇ ਦੋਸਤ ਭੂਸ਼ਣ ਨੂੰ ਉੱਲੂ ਬਣਾਇਆ। ਛੇ ਮਹੀਨੇ ਪਹਿਲਾਂ ਭੂਸ਼ਣ ਤੇਰੀ ਜ਼ਿੰਦਗੀ ਦਾ ਸੈਂਟਰ ਸੀ। ਉਸ ਨੇ ਹਰ ਚੀਜ਼ ਤੇਰੇ ਉੱਤੇ ਕੁਰਬਾਨ ਕਰ ਦਿੱਤੀ। ਪਰ ਜਦ ਕੋਈ ਹੋਰ ਤੇਰੀ ਜ਼ਿੰਦਗੀ ਵਿਚ ਆਇਆ ਤੂੰ ਭੂਸ਼ਣ ਨੂੰ ਛੱਡ ਦਿੱਤਾ। ਉਸ ਦੀ ਛੋਹ ਤੋਂ ਵੀ ਤੈਨੂੰ ਨਫ਼ਰਤ ਹੋ ਗਈ।"

ਉਹ ਹੱਸਣ ਲੱਗੀ। ਬੋਲੀ, "ਮੈਂ ਉਹ ਹਰ ਕੰਮ ਕਰਨ ਲਈ ਤਿਆਰ ਹਾਂ ਜੋ ਮੈਨੂੰ ਖੁਸ਼ੀ ਦੇਵੇ। ਜੇ ਮੈਨੂੰ ਕਿਸੇ ਨਾਲ ਫਲੱਰਟ ਕਰਨ ਤੋਂ ਖੁਸ਼ੀ ਮਿਲਦੀ ਹੈ ਤਾਂ ਮੈਂ ਜ਼ਰੂਰ ਕਰਾਂਗੀ .... ਕੀ ਫਲੱਰਟ ਕਰਨਾ ਬੁਰੀ ਗੱਲ ਹੈ? ਮੈਂ ਤਾਂ ਜਨਮ ਤੋਂ ਹੀ ਫਲਰਟ ਹਾਂ। ਮੇਰਾ ਹਾਸਾ, ਮੇਰੀਆਂ ਅੱਖਾਂ, ਮੇਰੇ ਕੂਲ੍ਹੇ, ਮੇਰੀਆਂ ਛਾਤੀਆਂ – ਜਦ ਮੈਂ ਤੁਰਦੀ ਹਾਂ, ਮੇਰੇ ਸਾਰੇ ਅੰਗ ਫਲੱਰਟ ਕਰਦੇ ਹਨ। ਸ਼ਾਲੂ, ਜ਼ਿੰਦਗੀ ਦੀ ਚਾਲ ਬਹੁਤ ਟੇਢੀ ਹੈ। ਇਸ ਵਿਚ ਕੋਈ ਚੀਜ਼ ਬੁਰੀ ਨਹੀਂ। ਅੰਤ ਚੰਗਾ ਹੋਣਾ ਚਾਹੀਦਾ ਹੈ। ਸੁਣ। ਜੇ ਮੈਂ ਆਪਣੇ ਆਸ਼ਿਕ ਇਸ ਤਰ੍ਹਾਂ ਨਾ ਬਦਲਾਂ ਤਾਂ ਉਹ ਮੇਰੇ ਤੇ ਹਾਵੀ ਹੋ ਜਾਣਗੇ। ਮੈਂ ਆਪਣੇ ਆਪ ਨੂੰ ਬਚਾਉਣਾ ਹੈ।"

ਅਸੀਂ ਕਿੰਨੀ ਹੀ ਦੇਰ ਤੀਕ ਗੱਲਾਂ ਕਰਦੀਆਂ ਰਹੀਆਂ।

# 10

**ਕਈ** ਵਾਰ ਮੈਂ ਰਾਤ ਨੂੰ ਅੱਭੜਵਾਹੇ ਉੱਠ ਬੈਠਦੀ। ਤੇ ਬਾਬੀ ਦੇ ਸਿਰਹਾਣੇ ਬੈਠੀ ਉਸ ਦੇ ਚਿਹਰੇ ਉੱਤੇ ਨਜ਼ਰਾਂ ਗੱਡ ਦੇਂਦੀ – ਉਸ ਦੀਆਂ ਬੰਦ ਅੱਖਾਂ, ਮਖ਼ਮਲੀ ਪਪੋਟੇ, ਚੌੜੀ ਠੋਡੀ, ਅੱਧ-ਖੁੱਲ੍ਹਾ ਮੂੰਹ, ਤੇ ਕੱਥੇ-ਰੰਗੇ ਦੰਦ। ਘੂਕ ਸੁੱਤੇ ਪਏ ਬਾਬੀ ਦਾ ਚਿਹਰਾ ਭਿਆਨਕ ਲਗਦਾ।

ਮੈਂ ਸਹਿਮ ਕੇ ਪਰ੍ਹਾਂ ਹੋ ਜਾਂਦੀ। ਸੋਚਣ ਲਗਦੀ। ਪਰ ਮੇਰੀ ਸੋਚ ਉੱਤੇ ਚਰਬੀ ਚੜ੍ਹੀ ਹੋਈ ਸੀ। ਫਿਰ ਮੈਂ ਹੌਲੀ ਹੌਲੀ ਸਿਮਟ ਕੇ ਉਸ ਦੇ ਨਾਲ ਹੀ ਬਿਸਤਰੇ ਉੱਤੇ ਲੇਟ ਜਾਂਦੀ। ਤੇ ਖ਼ੌਫ਼ ਨਾਲ ਘਿਰੀ ਸੌਂ ਜਾਂਦੀ।

ਬਾਬੀ ਨੇ ਮੈਨੂੰ ਕਿਹਾ ਸੀ ਕਿ ਮੈਂ ਰੋਜ਼ੀ ਨਾਲ ਬਹੁਤ ਮੇਲ-ਜੋਲ ਨਾ ਰੱਖਾਂ। ਉਹ ਘਟੀਆ ਔਰਤ ਹੈ। ਮੈਂ ਆਖਿਆ, "ਉਹ ਮੇਰੀ ਸਹੇਲੀ ਹੈ। ਅਸੀਂ ਦੋਵੇਂ ਇਕੋ ਕਮਰੇ ਵਿੱਚ ਇਕੋ ਬਿਸਤਰੇ ਉੱਤੇ ਪੂਰਾ ਇਕ ਸਾਲ ਇਕੱਠੀਆਂ ਸੌਂਦੀਆਂ ਰਹੀਆਂ। ਜੇ ਉਹ ਘਟੀਆ ਹੈ ਤਾਂ ਉਸ ਨਾਲ ਮੈਨੂੰ ਕੀ ਫ਼ਰਕ ਪੈਂਦਾ ਹੈ। ਆਖ਼ਰ ਤੂੰ ਵੀ ਤਾਂ ਮੈਨੂੰ ਉਸੇ ਦੇ ਰਾਹੀਂ ਮਿਲਿਆ ਸੀ। ਤੂੰ ਉਥੇ ਉਸ ਨਾਲ ਡਾਂਸ ਕਰਨ ਆਇਆ ਸੈਂ। ਦੱਸ ਮੇਰੇ ਰੋਜ਼ੀ ਨੂੰ ਮਿਲਿਆਂ ਤੈਨੂੰ ਕੀ ਖ਼ਤਰਾ ਹੈ?"

ਬਾਬੀ ਦੰਦ ਕਰੀਚ ਕੇ ਬੋਲਿਆ, "ਉਹ ਘਟੀਆ ਔਰਤ ਹੈ।"

ਮੈਂ ਆਖਿਆ, "ਇਹ ਉਸ ਦੀ ਜ਼ਿੰਦਗੀ ਹੈ, ਜਿਵੇਂ ਦਿਲ ਕਰੇ ਰਹੇ। ਮੈਂ ਉਸ ਨੂੰ ਕਿਉਂ ਛੱਡਾਂ? ਮੈਨੂੰ ਉਹ ਚੰਗੀ ਲਗਦੀ ਹੈ। ਉਸ ਵਿਚ ਬੁਰਾਈਆਂ ਹੋਣਗੀਆਂ, ਕਿਹਦੇ ਵਿਚ ਬੁਰਾਈਆਂ ਨਹੀਂ।"

ਅਸੀਂ ਦੋਵੇਂ ਬਹਿਸ ਕਰਨ ਲੱਗੇ। ਉਹ ਕੜਕ ਕੇ ਬੋਲਿਆ, "ਮੈਂ ਨਹੀਂ ਚਾਹੁੰਦਾ ਕਿ ਉਹ ਮੇਰੇ ਘਰ ਆਵੇ।"

'ਮੇਰਾ ਘਰ'। ਮੈਨੂੰ ਅਜੀਬ ਲਗਿਆ। ਪਹਿਲੀ ਵਾਰ ਸੁਣਿਆ ਸੀ ਮੈਂ ਇਹ ਲਫ਼ਜ਼ ਉਹਦੇ ਮੂੰਹੋਂ। 'ਮੇਰਾ ਘਰ'। .... ਤੇ ਇਹ ਨਿੱਕਾ ਜਿਹਾ ਫਲੈਟ ਜਿਸ ਦਾ ਕਿਰਾਇਆ ਬਾਬੀ ਤੋਂ ਉਧਾਰ ਫੜ ਕੇ ਦਿੱਤਾ ਸੀ। ਇਸੇ ਲਈ ਉਹ ਆਪਣਾ ਹੱਕ ਜਮਾਉਣ ਲੱਗਾ – ਮੇਰੀ ਗਰਲ ਫਰੈਂਡ, ਮੇਰੀ ਕਾਰ ... ਮੇਰਾ ਘਰ ਕਹਿ ਰਿਹਾ ਸੀ।

ਮੈਂ ਚੁੱਪ ਹੋ ਗਈ। ਪਰ ਮੈਨੂੰ ਇਹ ਗੱਲ ਬਹੁਤ ਚੁਭੀ। ਮੈਂ ਆਪਣੇ ਕਮਰੇ ਵਿਚ ਬੈਠੀ ਘੁਟਨ ਮਹਿਸੂਸ ਕਰ ਰਹੀ ਸਾਂ। ਇਸ ਲਈ ਇੰਡੀਆ ਗੇਟ ਦੇ ਖੁਲ੍ਹੇ ਮੈਦਾਨ ਵਿਚ ਸੈਰ ਕਰਨ ਨਿਕਲ ਗਈ ਤਾਂ ਕਿ ਦਿਲ ਨੂੰ ਥੋੜ੍ਹੀ ਜਿਹੀ

ਧਰਵਾਸ ਮਿਲੇ। ਬਾਰਿਸ਼ ਥੰਮ੍ਹ ਗਈ ਸੀ ਤੇ ਹਵਾ ਵਿੱਚ ਭਿੱਜੀ ਭਿੱਜੀ ਸਬਜ਼ ਗੰਧ ਸੀ ਜੋ ਮੈਨੂੰ ਲੁਭਾ ਰਹੀ ਸੀ। ਲੰਮੇ ਖੁਲ੍ਹੇ ਘਾਹ ਦੇ ਮੈਦਾਨ .... ਤੇ ਦੂਰ ਇਕ ਪਾਸੇ ਰਾਸ਼ਟਰਪਤੀ ਭਵਨ ਤੇ ਖੱਬੇ ਪਾਸੇ ਇੰਡੀਆ ਗੇਟ ਜੋ ਕਿਸੇ ਦੈਂਤ ਵਾਂਗ ਮੂੰਹ ਖੋਲ੍ਹੀ ਖੜ੍ਹਾ ਸੀ। ਮੈਂ ਇਸ ਦੈਂਤ ਨੂੰ ਦੇਖਦੀ ਰਹੀ। ਰਾਤੀਂ ਮੈਨੂੰ ਕੁਝ ਸਪਨਾ ਵੀ ਇਹੋ ਜਿਹਾ ਹੀ ਆਇਆ ਸੀ ਕਿ ਕੋਈ ਦੈਂਤ ਮੈਨੂੰ ਨਿਗਲ ਰਿਹਾ ਹੈ। ਦਿਲ ਕੀਤਾ ਕਿ ਦੌੜ ਕੇ ਵਾਪਿਸ ਆਪਣੇ ਨਿੱਕੇ ਜਿਹੇ ਫ਼ਲੈਟ ਵਿੱਚ ਚਲੀ ਜਾਵਾਂ ਤੇ ਰਜਾਈ ਤਾਣ ਕੇ ਸੌਂ ਜਾਵਾਂ....ਹਰ ਚੀਜ਼ ਭੁੱਲ ਜਾਵਾਂ .... ਬਾਬੀ ਬਾਰ ਬਾਰ ਆਖਦਾ ਸੀ ਮੈਂ ਆਪਣੇ ਆਪ ਨੂੰ ਖੁਸ਼ ਰਖਾਂ। ਕਿਉਂ? ਕੋਈ ਭਲਾ ਆਪਣੇ ਆਪ ਨੂੰ ਖੁਸ਼ ਰਖ ਸਕਦਾ ਹੈ? ਮੈਂ ਨਾ ਉਸ ਨੂੰ ਖੁਸ਼ ਰਖ ਸਕਦੀ ਹਾਂ, ਨਾ ਆਪਣੇ ਆਪ ਨੂੰ। ਮੈਂ ਲੋਕਾਂ ਨੂੰ ਖੁਸ਼ ਕਰਨ ਦਾ ਠੇਕਾ ਨਹੀਂ ਲਿਆ ਹੋਇਆ। ਮੈਂ ਬਾਪ ਨੂੰ ਖੁਸ਼ ਰਖਾਂ .... ਫਿਰ ਪਤੀ ਨੂੰ .... ਫਿਰ ਬਾਬੀ ਤੇ ਆਪਣੇ ਆਪ ਨੂੰ। ਯਾਨੀ ਝੂਠੀ ਮੁਸਕਰਾਹਟ। ਆਪਣੇ ਗਮ ਨੂੰ ਆਪਣੇ ਸੀਨੇ ਵਿਚ ਰੱਖਾਂ, ਲੋਕਾਂ ਨੂੰ ਨਾ ਦੱਸਾਂ ਇਸ ਬਾਰੇ। ਕਿਥੇ ਰਖਾਂ ਆਪਣੇ ਗ਼ਮ ਨੂੰ? ਕਿਉਂ ਲੁਕਾਵਾਂ ਇਸ ਨੂੰ? ਮੈਂ ਜੋ ਹਾਂ ਉਹੀ ਹਾਂ? ਹੋਰ ਕੁਝ ਨਹੀਂ। ਜੇ ਬਾਬੀ ਨੂੰ ਮੇਰਾ ਚਾਲ-ਚਲਨ ਪਸੰਦ ਨਹੀਂ ਤਾਂ ਨਾ ਮਿਲੇ ਮੈਨੂੰ। ਕਿਉਂ ਮੈਨੂੰ ਬਦਲਣ ਦੀ ਕੋਸ਼ਿਸ਼ ਕਰਦਾ ਹੈ। ਉਸ ਨੂੰ ਕੀ ਹੱਕ ਹੈ ਮੇਰੇ ਅਤੀਤ ਨੂੰ ਕੁਰੇਦਣ ਦਾ ... ਉਸ ਦੀਆਂ ਪਰਤਾਂ ਖੋਲ੍ਹ ਕੇ ਦੇਖਣ ਦਾ।

ਘਰ ਆਈ ਤਾਂ ਦੇਖਿਆ ਬਾਬੀ ਖੜ੍ਹਾ ਹੈ। ਮੈਂ ਉਸ ਨੂੰ ਬਗ਼ੈਰ 'ਹੈਲੋ' ਆਖੇ ਕਮਰੇ ਵਿਚ ਦਾਖ਼ਿਲ ਹੋਈ। ਉਹ ਕੁਝ ਦੇਰ ਬਾਹਰ ਖੜ੍ਹਾ ਰਿਹਾ ਤੇ ਫਿਰ ਅੰਦਰ ਆ ਗਿਆ।

ਮੈਂ ਉਸ ਨੂੰ ਦੇਖਿਆ, "ਤੂੰ ਹਰ ਰੋਜ਼ ਨਾ ਆਇਆ ਕਰ। ਮੈਨੂੰ ਤੇਰੇ ਨਾਲ ਹਰ ਰੋਜ਼ ਸੈਕਸ ਦਾ ਰਿਸ਼ਤਾ ਪਸੰਦ ਨਹੀਂ।"

ਉਸ ਨੇ ਨਾਸਾਂ ਫੁਲਾ ਕੇ ਆਖਿਆ, "ਕਿਉਂ? ਸ਼ਾਇਦ ਹੁਣ ਤੈਨੂੰ ਕੋਈ ਹੋਰ ਪਸੰਦ ਆਉਣ ਲਗ ਪਿਆ ਹੈ। ਕਿਤੇ ਉਹੋ ਸਾਲਾ ਤਾਂ ਨਹੀਂ? ਮੈਨੂੰ ਸਭ ਪਤਾ ਹੈ। ਨਸ ਨਸ ਪਛਾਣਦਾ ਹਾਂ ਤੇਰੀ। ਤੈਨੂੰ ਘੁੰਮਣ ਫਿਰਨ ਦਾ ਸ਼ੌਕ ਹੈ। ਇਕ ਪਿਛੋਂ ਦੂਸਰਾ ਮਰਦ ਤੇ ਦੂਸਰੇ ਪਿਛੋਂ ਤੀਸਰਾ। ਡਿਸਕੋ ਵਿਚ ਜਾ ਕੇ ਤੈਨੂੰ ਨੱਚਣਾ ਚੰਗਾ ਲੱਗਦਾ ਹੈ। ਹਰ ਕੋਈ ਪਹਿਲਾਂ ਡਿਸਕੋ ਹੀ ਲੈ ਕੇ ਜਾਏਗਾ ਤੇ ਤੇਰੇ ਨਾਲ ਨਚੇਗਾ ਉਥੇ ਅੰਗ ਨਾਲ ਅੰਗ ਲਾ ਕੇ ... ਹਰਾਮਜ਼ਾਦਾ..."

ਉਹ ਗੁੱਸੇ ਵਿਚ ਹਫ਼ਦਾ ਹੋਇਆ ਬੋਲੀ ਜਾ ਰਿਹਾ ਸੀ। "ਅੱਜ ਤੂੰ ਮੈਨੂੰ ਫ਼ੋਨ ਉਤੇ ਦਸਿਆ ਕਿ ਤੂੰ ਕਿਤੇ ਬਾਹਰ ਜਾਣਾ ਸੀ, ਸੰਗੀਤਾ ਨਾਲ। ਕਿਸੇ ਪਾਰਟੀ ਵਿਚ। ਜਿਥੇ ਸਿਰਫ਼ ਔਰਤਾਂ ਹੀ ਹੋਣਗੀਆਂ। ਮੈਨੂੰ ਪਤਾ ਹੈ ਕਿ ਤੂੰ

ਕਿਹੜੀ ਪਾਰਟੀ ਵਿਚ ਜਾਣਾ ਸੀ। ਮੈਥੋਂ ਪੁਛ। ਸਹੇਲੀਆਂ ਦਾ ਆਸਰਾ ਲਭਦੀ ਫਿਰਦੀ ਹੈਂ। ਪਹਿਲਾਂ ਰੋਜ਼ੀ ਸੀ, ਤੇ ਹੁਣ ਇਹ ਸਾਲੀ ਸੰਗੀਤਾ। ਤੇਰੇ ਖਾਵੰਦ ਦੀ ਭੈਣ। ਬਸ ਪਰਦਾ ਹੀ ਰਹੇ ਤਾਂ ਚੰਗਾ। ਉਹ ਕਦੋਂ ਤੋਂ ਦੱਲੀ ਬਣ ਗਈ। ਦੇਖਾਂਗਾ ਉਸ ਨੂੰ ਵੀ ਜੇ ਕਿਧਰੇ ਮੇਰੇ ਕਾਬੂ ਆ ਗਈ ਤਾਂ ਭਾਵੇਂ ਉਹ ਸਾਲਾ ਇਹ ਹੋਮੀ ਹੀ ਕਿਉਂ ਨਾ ਹੋਵੇ।"

"ਤੂੰ ਪਾਗਲ ਤਾਂ ਨਹੀਂ ਹੋ ਗਿਆ? ਜਦ ਦੇਖੋ ਸ਼ੱਕ ਦਾ ਭੂਤ ਤੇਰੇ ਤੇ ਸਵਾਰ।"

ਉਹ ਬੋਲਿਆ, "ਮੈਂ ਹੋਮੀ ਨੂੰ ਟੈਲੀਫ਼ੋਨ—ਮੈਂ ਹਰ ਕਿਸੇ ਸਾਲੇ ਨੂੰ ਬਰਦਾਸ਼ਤ ਨਹੀਂ ਕਰ ਸਕਦਾ। ਸ਼ਾਲੂ, ਤੂੰ ਹੀ ਵਸੀ ਹੋਈ ਹੈਂ ਮੇਰੇ ਦਿਲ ਵਿਚ। ਜਦੋਂ ਮੈਂ ਗੁੱਸੇ ਵਿਚ ਤੈਨੂੰ ਥੱਪੜ ਮਾਰਦਾ ਹਾਂ ਤਾਂ ਮੇਰੀ ਪਿਆਰੀ ਸ਼ਾਲੂ, ਮੈਂ ਆਪਣੇ ਆਪ ਨੂੰ ਹੀ ਮਾਰ ਰਿਹਾ ਹੁੰਦਾ ਹਾਂ। ਆਪਣੇ ਆਪ ਨੂੰ ਹੀ ਸਜ਼ਾ ਦੇ ਰਿਹਾ ਹੁੰਦਾ ਹਾਂ। ਬਦਲਾ ਲੈ ਰਿਹਾ ਹੁੰਦਾ ਹਾਂ ਆਪਣੇ ਆਪ ਤੋਂ। ਤੇਰੇ ਬਗੈਰ ਮੈਂ ਰਹਿ ਨਹੀਂ ਸਕਦਾ। ਤੇਰੇ ਨਾਲ ਸ਼ਾਦੀ ਕਰਨਾ ਚਾਹੁੰਦਾ ਹਾਂ। ਮੈਨੂੰ ਪਰਵਾਹ ਨਹੀਂ ਆਪਣੇ ਬਾਪ ਦੀ, ਜਾਂ ਮਾਂ ਦੀ, ਜਾਂ ਕਿਸੇ ਹੋਰ ਦੀ। ਸਭ ਨਾਲੋਂ ਰਿਸ਼ਤਾ ਤੋੜ ਲਵਾਂਗਾ। ਸਿਰਫ਼ ਤੇਰੇ ਨਾਲ ਹੀ ਜੁੜਿਆ ਰਹਾਂਗਾ, ਮਰਦੇ ਦਮ ਤਕ। ਦਸ, ਕਰੇਂਗੀ ਨਾ ਮੇਰੇ ਨਾਲ ਸ਼ਾਦੀ?

ਮੈਂ ਪਿਘਲ ਗਈ ਸਾਰੇ ਦੀ ਸਾਰੀ।

ਮੈਂ ਪੁਛਿਆ, "ਕਦੋਂ ਕਰੇਂਗਾ ਸ਼ਾਦੀ ਮੇਰੇ ਨਾਲ?"

ਉਸ ਦੇ ਬਾਪ ਨੇ ਧਮਕੀ ਦਿੱਤੀ ਸੀ ਤੇ ਉਸ ਨੂੰ ਆਖ ਦਿੱਤਾ ਸੀ ਕਿ ਜੇ ਤੂੰ ਲੁਕ ਛਿਪ ਕੇ ਸ਼ਾਲੂ ਨੂੰ ਮਿਲਿਆ ਤਾਂ ਮੈਂ ਤੈਨੂੰ ਗੋਲੀ ਮਾਰ ਦਿਆਂਗਾ।

"ਜਦ ਤੂੰ ਚਾਹੇਂ ... ਕਲ੍ਹ ਹੀ।"

"ਕੱਲ੍ਹ ਹੀ?"

"ਹਾਂ।"

"ਸ਼ਿਵ ਮੰਦਰ ਵਿਚ।"

"ਮੈਂ ਉਹੀ ਰੇਸ਼ਮੀ ਸਾੜ੍ਹੀ ਪਹਿਨਾਂਗੀ ਜੋ ਤੂੰ ਮੈਨੂੰ ਤੋਹਫ਼ੇ ਵਿਚ ਦਿੱਤੀ ਸੀ। ਅੱਜ ਤੀਕ ਮੈਂ ਉਹ ਪਾ ਕੇ ਨਹੀਂ ਦੇਖੀ। ਤੇਰੀ ਦਿੱਤੀ ਹੋਈ ਮੁੰਦਰੀ ਵੀ ਓਦਾਂ ਹੀ ਸੰਭਾਲ ਕੇ ਰਖੀ ਹੈ।"

ਬਾਬੀ ਨੇ ਮੇਰਾ ਹੱਥ ਚੁੰਮਿਆ। ਮੇਰੀਆਂ ਗੱਲ੍ਹਾਂ ਚੁੰਮੀਆਂ। ਤੇ ਫਿਰ ਹੋਂਠ। ਬੋਲਿਆ, "ਤੇਰੇ ਪਾਸਿਓਂ ਕੋਈ ਆਵੇਗਾ?"

"ਕੋਈ ਵੀ ਨਹੀਂ ... ਸਿਰਫ਼ ਰੋਜ਼ੀ ਤੇ ਭੂਸ਼ਣ ਹੋਣਗੇ – ਸਾਡੇ ਦੋਹਾਂ ਦੇ ਗਵਾਹ। ਤੇ ਬਰਾਤੀ ਵੀ ਉਹੋ ਹੀ। ਇਹੋ ਦੋਸਤ ਹਨ। ਤੇ ਸ਼ਿਵ ਜੀ ਦੀ ਮੂਰਤੀ।"

ਇਸ ਫੈਸਲੇ ਪਿਛੋਂ ਮੇਰੇ ਦਿਲ ਵਿਚ ਚਾਨਣ ਫੈਲ ਗਿਆ।

* * *

ਅਗਲੇ ਦਿਨ ਬਾਬੀ ਸਵੇਰੇ ਉਠਿਆ। ਨਹਾ ਧੋ ਕੇ ਆਪਣਾ ਪਠਾਣੀ ਲਿਬਾਸ ਪਹਿਨਿਆ। ਤੇ ਛੱਤ ਉਤੇ ਬਾਪ ਨੂੰ ਮਿਲਣ ਗਿਆ ਜੋ ਚਿੜੀਆਂ ਨੂੰ ਚੋਗਾ ਪਾ ਰਿਹਾ ਸੀ।

ਬਾਬੀ ਦਾ ਬਾਪ ਖ਼ੂਨੀ ਮਿਜ਼ਾਜ ਦਾ ਸੀ।

ਬਚਪਨ ਵਿਚ ਬਾਬੀ ਪੜ੍ਹਦਾ ਨਹੀਂ ਸੀ। ਸਕੂਲ ਜਾਂਦਾ ਤਾਂ ਰਸਤੇ ਵਿਚ ਖੇਡਣ ਲਗ ਪੈਂਦਾ। ਪੱਕੇ ਅਨਾਰ ਤੋੜ ਕੇ, ਹਾਕੀ ਦੀ ਗੇਂਦ ਬਣਾ ਕੇ ਟੁੱਲੇ ਮਾਰਦਾ। ਇਹਨਾਂ ਵਿਚੋਂ ਲਾਲ ਸੁਰਖ਼ ਲਹੂ ਵਰਗਾ ਤਰਲ ਸਿੰਮਣ ਲਗਦਾ। ਇਮਤਿਹਾਨ ਵਿਚ ਉਹ ਫ਼ੇਲ੍ਹ ਹੋ ਗਿਆ। ਉਸ ਦੇ ਚਾਚੇ ਤੇ ਤਾਏ ਦੇ ਪੁੱਤ ਪਾਸ। ਡਰਦਾ ਡਰਦਾ ਘਰ ਆਇਆ ਤੇ ਬਾਪ ਨੇ ਜ਼ੁੰਡਿਆਂ ਤੋਂ ਫੜ ਕੇ ਵਿਹੜੇ ਵਿਚ ਘਸੀਟਿਆ। ਥੱਪੜ ਮਾਰ ਮਾਰ ਕੇ ਮੂੰਹ ਲਾਲ ਕਰ ਸੁਟਿਆ। ਗੁੱਸੇ ਵਿਚ ਤੜਪ ਕੇ ਬਾਪ ਨੇ ਉਸ ਉਤੇ ਲੋਹੇ ਦੀ ਕੁਰਸੀ ਕੱਢ ਮਾਰੀ। ਬਾਬੀ ਦਾ ਸਿਰ ਪਾਟ ਗਿਆ ਤੇ ਖ਼ੂਨ ਦੀਆਂ ਤਤੀਰੀਆਂ ਛੁਟ ਗਈਆਂ। ਉਹ ਬੇਹੋਸ਼ ਹੋ ਗਿਆ ਅੱਖ ਖੁੱਲ੍ਹੀ ਤਾਂ ਉਹ ਵੱਡੇ ਹਸਪਤਾਲ ਵਿਚ ਪਿਆ ਹੋਇਆ ਸੀ ਜਿਥੇ ਡਾਕਟਰ ਉਸ ਨੂੰ ਇੰਜੈਕਸ਼ਨ ਲਗਾ ਰਹੇ ਸਨ। ਬਾਪ ਨੇ ਆਪਣੇ ਅੱਥਰੂ ਪੂੰਝੇ ਤੇ ਉਸ ਨੂੰ ਦਿਲਾਸਾ ਦਿੱਤਾ। ਪਰ ਬਾਬੀ ਨੇ ਕੋਈ ਗੱਲ ਨਾ ਕੀਤੀ। ਬਾਪ ਨੇ ਮਿੰਨਤਾਂ ਕੀਤੀਆਂ, "ਬੇਟਾ ਤੂੰ ਪਠਾਣ ਦਾ ਪੁੱਤਾ ਹੈਂ। ਠੀਕ ਹੋ ਜਾਵੇਂਗਾ।" ਪਰ ਬਾਬੀ ਨੇ ਦੋ ਮਹੀਨੇ ਤੱਕ ਬਾਪ ਨਾਲ ਗੱਲ ਨਾ ਕੀਤੀ। ਬਾਪ ਨੂੰ ਪਸ਼ਚਾਤਾਪ ਹੋਇਆ। ਉਸ ਨੇ ਪੀਰ ਫ਼ਤਹਿ ਸ਼ਾਹ ਦੇ ਚਸ਼ਮੇ ਤੋਂ ਪਾਣੀ ਦੀ ਚੂਲੀ ਭਰ ਕੇ ਆਖਿਆ, "ਬੇਟਾ, ਅੱਜ ਤੋਂ ਪਿਛੋਂ ਮੈਂ ਕਦੇ ਤੇਰੇ ਉਤੇ ਹੱਥ ਨਹੀਂ ਚੁਕਾਂਗਾ। ਚਾਹੇ ਪੜ੍ਹ, ਚਾਹੇ ਨਾ ਪੜ੍ਹ। ਪੜ੍ਹਾਈ ਪਵੇ ਢਠੇ ਖ਼ੂਹ ਵਿਚ। ਮੈਨੂੰ ਬੇਟਾ ਚਾਹੀਦਾ ਹੈ।"

ਬਾਪ ਨੂੰ ਰੋਂਦਿਆਂ ਦੇਖ ਕੇ ਬਾਬੀ ਦਾ ਗੁੱਸਾ ਜਾਂਦਾ ਰਿਹਾ। ਉਸ ਦਿਨ ਪਿਛੋਂ ਬਾਬੀ ਨੂੰ ਖੁੱਲ੍ਹੀ ਛੁੱਟੀ। ਉਹ ਘਰ ਵਿਚ ਦੇਰ ਨਾਲ ਆਵੇ ਜਾਂ ਕੋਈ ਨੁਕਸਾਨ ਕਰ ਦੇਵੇ ਜਾਂ ਕਿਸੇ ਨਾਲ ਝਗੜਾ ਕਰ ਬੈਠੇ, ਬਾਪ ਦਖ਼ਲ ਨਾ ਦੇਂਦਾ।

ਇਸੇ ਲਾਪਰਵਾਹੀ ਵਾਲੇ ਮਹੌਲ ਵਿੱਚ ਬਾਬੀ ਵੱਡਾ ਹੋਇਆ।

ਹੁਣ ਉਸ ਨੇ ਬਾਪ ਨੂੰ ਚਿੜੀਆਂ ਨੂੰ ਚੋਗਾ ਪਾਉਂਦਿਆਂ ਦੇਖਿਆ ਤਾਂ ਉਸ ਦੇ ਚਿਹਰੇ ਉਤੇ ਮੁਸਕਰਾਹਟ ਫੈਲ ਗਈ। ਉਹ ਕੁਝ ਦੇਰ ਉਥੇ ਖੜ੍ਹਾ ਰਿਹਾ। ਫਿਰ ਬੋਲਿਆ, "....ਮੈਂ ਤੁਹਾਨੂੰ ਕੁਝ ਕਹਿਣਾ ਚਾਹੁੰਦਾ ਹਾਂ।"

ਬਾਬੀ ਕੁਝ ਦੇਰ ਲਈ ਰੁਕਿਆ। ਸੋਚਣ ਲੱਗਾ - ਕਿਦਾਂ ਆਖਾਂ ਦਿਲ ਦੀ ਗੱਲ। ਹਿੰਮਤ ਕਰਕੇ ਬੋਲਿਆ, "ਪਾਪਾ! ... ਮੈਂ ... ਸ਼ਾਦੀ ਕਰ ਰਿਹਾ ਹਾਂ।

ਤੁਹਾਡੀ ਇਜਾਜ਼ਤ ਚਾਹੁੰਦਾ ਹਾਂ। ਤੁਹਾਡਾ ਆਸ਼ੀਰਵਾਦ। ਬਹੁਤ ਸੋਚਣ ਪਿਛੋਂ ਮੈਂ ਇਹ ਫੈਸਲਾ ਕੀਤਾ ਹੈ।

ਬਾਪ ਦਾ ਚਿਹਰਾ ਬਦਲ ਗਿਆ। "ਕੀ ਆਖਿਆ? ਸ਼ਾਦੀ? ਕਿਸ ਨਾਲ"? ਉਹ ਕੜਕ ਕੇ ਬੋਲਿਆ, "ਉਸੇ ਛੁੱਟੜ ਹਰਾਮਜ਼ਾਦੀ ਨਾਲ, ਜਿਸ ਕੋਲ ਤੂੰ ਦਿਨ ਰਾਤ ਪਿਆ ਰਹਿੰਦਾ ਹੈਂ? ਤੂੰ ਕੀ ਸਮਝਦਾ ਹੈ ਕਿ ਮੈਨੂੰ ਪਤਾ ਨਹੀ ਹੁੰਦਾ ਕਿ ਤੂੰ ਕਿਥੇ ਜਾਂਦਾ ਹੈਂ? ਕੀ ਕਰਦਾ ਹੈਂ? ਸਭ ਕੁਝ ਪਤਾ ਹੈ ਮੈਨੂੰ। ਖ਼ਬਰਦਾਰ, ਜੇ ਉਸ ਰੰਡੀ ਨੂੰ ਘਰ ਵਿਚ ਲਿਆਇਆ ਤਾਂ।" ਬਾਪ ਦਾ ਸਾਹ ਫੁਲ ਗਿਆ। ਨਾਸਾਂ ਫਰਕਣ ਲਗੀਆਂ।

"ਖ਼ਾਨਦਾਨ ਦੀ ਨੱਕ ਕਟਵਾਉਣਾ ਚਾਹੁੰਦਾ ਹੈਂ? ਸਾਡੀ ਬਰਾਦਰੀ ਵਿਚ ਕਿਸੇ ਨੇ ਅਜ ਤੀਕ ਇਹੋ ਜਿਹੀ ਗਲ ਨਹੀਂ ਸੋਚੀ ... ਤੇ ਤੂੰ ਉਸ ਨਾਲ ਸ਼ਾਦੀ ਕਰਨ ਦੀ ਸੋਚਦਾ ਹੈਂ? ... ਪਠਾਣ ਦਾ ਪੁੱਤ ਹੈਂ। ਪਠਾਣ ਬਣ ਕੇ ਰਹਿ। ਐਸ਼ ਕਰ, ਇਕ ਦੀ ਬਜਾਏ ਤਿੰਨ ਤਿੰਨ ਔਰਤਾਂ ਰਖ। ਪਰ ਜੇ ਕਿਸੇ ਜੂਠੀ ਔਰਤ ਨੂੰ ਘਰ ਵਿਚ ਲਿਆਇਆ ਤਾਂ ਮੈਂ ਖ਼ੂਨ ਕਰ ਸੁੱਟਾਂਗਾ। ਪਹਿਲਾਂ ਤੇਰਾ ਤੇ ਫਿਰ ਉਹਦਾ।"

ਬਾਬੀ ਨੇ ਆਪਣੇ ਬਾਪ ਦੀਆਂ ਅੱਖਾ ਵਿਚ ਉਹੀ ਲਾਲ ਸ਼ੋਅਲੇ ਦੇਖੇ ਜੋ ਉਸਨੇ ਬਚਪਨ ਵਿਚ ਦੇਖੇ ਸਨ, ਜਦ-ਬਾੱਪ ਨੇ ਲੋਹੇ ਦੀ ਕੁਰਸੀ ਉਸਦੇ ਸਿਰ ਵਿਚ ਮਾਰੀ ਸੀ। ਉਹੀ ਚਿੰਗਿਆੜੇ ਉਠ ਰਹੇ ਸਨ ਅੱਜ ਵੀ।

ਬਾਬੀ ਆਪਣੇ ਬਾਪ ਦਾ ਇਹ ਰੂਪ ਦੇਖ ਕੇ ਡਰ ਗਿਆ। ਉਸ ਨੂੰ ਪਤਾ ਸੀ ਕਿ ਉਸ ਦਾ ਬਾਪ ਸ਼ਾਲੂ ਨੂੰ ਕਦੇ ਵੀ ਆਪਣੇ ਘਰ ਦੀ ਦਹਿਲੀਜ਼ ਨਹੀਂ ਟੱਪਣ ਦੇਵੇਗਾ। ਉਸਦੀ ਆਵਾਜ਼ ਵਿਚ ਇਕ ਬਾਪ ਦੀ ਧਮਕੀ ਨਹੀਂ, ਸਗੋਂ ਪਠਾਣ ਦੇ ਕਬਾਇਲੀ ਖ਼ੂਨ ਦੀ ਝਲਕ ਸੀ। ਇਕ ਖ਼ੌਫਨਾਕ ਹਕੀਕਤ। ਉਹਨਾਂ ਦੇ ਘਰ ਦੀ ਮਰਯਾਦਾ ਦਾ ਉਹ ਰੂਪ ਜਿਸ ਵਿਚ ਖ਼ੂਨੀ ਦਾਸਤਾਨਾਂ ਛਿਪੀਆਂ ਹੋਈਆਂ ਹਨ। ਬਾਬੀ ਨੂੰ ਪਤਾ ਸੀ ਕਿ ਉਸ ਦੇ ਬਾਪ ਦੇ ਭਰਾਵਾਂ ਵਿਚ ਵੀ ਖ਼ੂਨ ਵਹਿਆ ਸੀ। ਗੋਲੀਆਂ ਚਲੀਆਂ ਸਨ ...

ਬਾਪ ਦਾ ਗੁੱਸੇ ਦੇਖ ਕੇ ਉਹ ਸਿੱਧਾ ਮੇਰੇ ਕੋਲ ਆਇਆ।

ਮੈਂ ਸੁਨਹਿਰੇ ਗੋਟੇ ਵਾਲੀ ਸਾੜ੍ਹੀ ਪਹਿਨੀ ਖੜ੍ਹੀ ਸਾਂ। ਦੇਖ ਕੇ ਬਾਬੀ ਦੇ ਚਿਹਰੇ ਉਤੇ ਪਰੇਸ਼ਾਨੀ ਛਾ ਗਈ।

ਉਹ ਬੋਲਿਆ, "ਸ਼ਾਲੂ... ਤੂੰ ਸ਼ਾਇਦ ਸਮਝ ਨਾ ਸਕੇਂ। ਪਰ ਅੱਜ ਮੇਰੇ ਲਈ ਸ਼ਾਦੀ ਕਰਨਾ ਸੰਭਵ ਨਹੀਂ।

"ਕਿਉਂ?"

"ਮੈਂ ਪਾਪਾ ਨਾਲ ਆਪਣੀ ਸ਼ਾਦੀ ਦੀ ਗੱਲ ਕੀਤੀ ਤਾਂ ਉਹ ਗੁੱਸੇ ਵਿਚ

ਬੋਲੇ, "ਮੈਂ ਉਸ ਤਲਾਕਸ਼ੁਦਾ ਔਰਤ ਨੂੰ ਆਪਣੇ ਘਰ ਦੀ ਬਹੂ ਨਹੀਂ ਬਣਾ ਸਕਦਾ।"

'ਤਲਾਕਸ਼ੁਦਾ' ਸ਼ਬਦ ਸੁਣ ਕੇ ਮੈਂ ਸੁੰਨ ਹੋ ਗਈ। ਸਿਰ ਚਕਰਾਉਣ ਲੱਗਾ। ਕੀ ਮਤਲਬ ਸੀ ਇਸ ਸ਼ਬਦ ਦਾ। ਇਹ ਸ਼ਬਦ ਮੇਰੇ ਸਿਰ ਵਿਚ ਘੁੰਮਣ ਲਗਾ। ਤਲਾਕਸ਼ੁਦਾ। ਯਾਨੀ ਮੈਂ ਜੂਠੀ ਰੋਟੀ। ਕਿਸੇ ਦੇ ਮੂੰਹ ਵਿਚੋਂ ਉਗਲੀ ਹੋਈ ਬੁਰਕੀ। ਔਰਤ ਦੀ ਅਜੀਬ ਹੋਣੀ ਹੈ। ਪਰ ਰੱਬ ਦਾ ਵਰਦਾਨ ਹੈ ਉਸ ਨੂੰ। ਹਰ ਮਹੀਨੇ ਲਹੂ ਦੀ ਆਹੂਤੀ ਦੇ ਕੇ ਉਹ ਪਵਿੱਤਰ ਹੋ ਜਾਂਦੀ ਹੈ। ਉਹ ਮਾਂ ਬਣਦੀ ਹੈ ਤਾਂ ਪਵਿੱਤਰ। ਪੁੱਤ ਜੰਮਦੀ ਹੈ ਤਾਂ ਪਵਿੱਤਰ। ਪਰ ਮਰਦ ਦੇ ਪਸ਼ੂਪਣ ਨੇ ਉਸ ਨੂੰ ਅਪਵਿੱਤਰ ਕਹਿ ਕੇ ਬਦਨਾਮ ਕੀਤਾ।

ਮੈਂ ਬਾਬੀ ਨੂੰ ਆਖਿਆ, "ਦਰਅਸਲ ਤੂੰ ਆਪਣੇ ਆਪ ਦੀ ਆੜ ਲੈ ਕੇ ਮੈਨੂੰ ਆਪਣਾ ਫੈਸਲਾ ਸੁਣਾ ਰਿਹਾ ਹੈਂ। ਮੈਂ ਤੈਥੋਂ ਸੁਣਨਾ ਚਾਹੁੰਦੀ ਹਾਂ ... ਤੇਰੇ ਮੂੰਹੋਂ ਸਿਰਫ਼ ਇਕ ਲਫ਼ਜ਼ ਵਿਚ। ... ਹਾਂ ਜਾਂ ਨਾ। ਬੋਲ, ਚੁੱਪ ਕਿਉਂ ਹੈਂ? ਜੁਆਬ ਦੇਹ। ਸ਼ਾਇਦ ਤੂੰ ਖ਼ੁਦ ਹੀ ਮੈਨੂੰ ਆਪਣੀ ਬੀਵੀ ਨਹੀਂ ਬਣਾਉਣਾ ਚਾਹੁੰਦਾ। ਤੇਰੇ ਅੰਦਰ ਵੀ ਉਹੀ ਪਠਾਣ ਰੀਤ ਛਿਪੀ ਹੋਈ ਹੈ, ਜੋ ਤੇਰੇ ਬਾਪ ਦੀਆਂ ਨਸਾਂ ਵਿਚ ਹੈ ..... ਚਲਾ ਜਾਹ ਇਥੋਂ। ਜਾਹ!"

ਬਾਬੀ ਚੁਪ ਚਾਪ ਖੜ੍ਹਾ ਰਿਹਾ।

ਮੈਂ ਚੀਖ ਕੇ ਬੋਲੀ, "ਨਿਕਲ ਜਾਹ ਇਥੋਂ। ਇਸ ਪਿਛੋਂ ਮੈਨੂੰ ਕਦੇ ਮਿਲਣ ਦੀ ਕੋਸ਼ਿਸ਼ ਨਾ ਕਰੀਂ।"

ਬਾਬੀ ਭਾਰੇ ਕਦਮ ਪੁਟਦਾ ਚਲਾ ਗਿਆ।

ਮੈਂ ਲੰਮਾ ਸਾਹ ਲਿਆ। ਮੇਰੇ ਨਾਲ ਧੋਖਾ ਹੋਇਆ। ਇਹ ਧੋਖਾ ਤਾਂ ਪਹਿਲੇ ਦਿਨੋਂ ਹੀ ਸੀ, ਜਦ ਬਾਬੀ ਨੇ ਮੇਰਾ ਹੱਥ ਫੜ ਕੇ ਉਸ ਬੇਗਾਨੇ ਘਰ ਦੇ ਹਨੇਰੇ ਖੂੰਜੇ ਵਿਚ ਮੈਨੂੰ ਚੁੰਮਿਆਂ। ਉਸ ਦਿਨ ਤੋਂ ਮੈਂ ਉਸ ਦੀ ਹੋ ਗਈ ਸਾਂ। ਪਰ ਬਾਬੀ ਕਿਸੇ ਦਾ ਵੀ ਨਹੀਂ ਸੀ ... ਨਾ ਬਾਪ ਦਾ ... ਨਾ ਮਾਂ ਦਾ .... ਨਾ ਮੇਰਾ।

* * *

ਇਕ ਸਾਲ ਪਿਛੋਂ ਬਾਬੀ ਨੇ ਕਿਸੇ ਅਮੀਰ ਦੀ ਲੜਕੀ ਨਾਲ ਸ਼ਾਦੀ ਕਰ ਲਈ। ਉਸ ਦੀ ਸ਼ਾਦੀ ਦੀ ਖ਼ਬਰ ਮੈਂ ਅਖ਼ਬਾਰ ਵਿਚ ਪੜ੍ਹੀ। ਬਹੁਤ ਧੂਮ ਧਾਮ ਵਾਲੀ ਸ਼ਾਦੀ ਸੀ। ਇਕ ਹਜ਼ਾਰ ਆਦਮੀ ਕਾਕਟੇਲ ਪਾਰਟੀ ਵਿਚ ਸ਼ਾਮਿਲ ਹੋਇਆ। ਸਿਹਰਾਬੰਦੀ ਵੇਲੇ ਬਾਪ ਨੇ ਚਾਂਦੀ ਦੇ ਰੁਪਿਆਂ ਦਾ ਮੀਂਹ ਵਰਸਾਇਆ। ਮਹਿੰਦੀ ਰਚਾਉਣ ਦੀ ਰਸਮ ਹਯਾਤ ਹੋਟਲ ਦੇ ਉਸੇ ਲਾਂਜ ਵਿਚ ਹੋਈ ਜਿਥੇ ਬਾਬੀ ਨੇ ਕਈ ਵਾਰ ਮੈਨੂੰ ਚੁੰਮਿਆ ਸੀ।

ਜ਼ਿੰਦਗੀ ਦਾ ਇਹ ਚੈਪਟਰ ਖ਼ਤਮ ਹੋਇਆ। ਹੌਲੀ ਹੌਲੀ ਬਾਬੀ ਦੀ ਯਾਦ

ਮੇਰੇ ਦਿਲ ਵਿਚ ਧੁੰਦਲੀ ਪੈਂਦੀ ਗਈ। ਜ਼ਖਮ ਭਰ ਗਿਆ ਪਰ ਇਸ ਦਾ ਦਾਗ਼ ਕਾਇਮ ਰਿਹਾ।

ਮੈਂ ਫਿਰ ਮਾਡਲ ਬਣ ਕੇ ਰੋਜ਼ੀ-ਰੋਟੀ ਕਮਾਉਣੀ ਸ਼ੁਰੂ ਕਰ ਦਿੱਤੀ। ਸਗੋਂ ਹੁਣ ਮੈਨੂੰ ਜ਼ਿਆਦਾ ਸ਼ੂਟ ਮਿਲਣ ਲਗੀ ਕਿਉਂਕਿ ਸਭਨਾਂ ਨੂੰ ਪਤਾ ਲਗ ਗਿਆ ਕਿ ਮੈਂ ਹੁਣ ਬਾਬੀ ਦੀ ਪ੍ਰਾਪਰਟੀ ਨਹੀਂ ਹਾਂ। ਇਕ ਔਰਤ ਹਾਂ ਜੋ ਮਰਦ ਦੀ ਇਜਾਜ਼ਤ ਤੋਂ ਬਿਨਾਂ ਹੱਸ ਸਕਦੀ ਹੈ, ਨੱਚ ਸਕਦੀ ਹੈ, ਬੀਅਰ ਪੀ ਸਕਦੀ ਹੈ, ਜਿਸ ਨੂੰ ਹੁਣ ਆਪਣੀ ਬਾਂਹ ਉਤੇ ਮਚਦੀ ਸਿਗਰਟ ਦਾ ਦਾਗ਼ ਪਾ ਕੇ ਆਪਣੇ ਪਿਆਰ ਦਾ ਸਬੂਤ ਦੇਣ ਦੀ ਜ਼ਰੂਰਤ ਨਹੀਂ। ਮੈਨੂੰ ਆਪਣੀ ਪਹਿਲੀਆਂ ਹਰਕਤਾਂ - ਬਾਬੀ ਨਾਲ ਰੁਸਣਾ, ਲੜਨਾ - ਕਿਸੇ ਬੇਵਕੂਫ਼ ਔਰਤ ਦੀਆਂ ਜ਼ਿੱਦੀ ਹਰਕਤਾਂ ਲਗੀਆਂ।

ਇਕ ਰਾਤ ਮੈਨੂੰ ਰੋਜ਼ੀ ਦੇ ਪੁਰਾਣੇ ਆਸ਼ਿਕ ਅਮਿਤ ਨੇ ਹਯਾਤ ਹੋਟਲ ਵਿਚ ਡਿਨਰ ਉਤੇ ਬੁਲਾਇਆ। ਅਮਿਤ ਮੇਰਾ ਧਰਮ ਦਾ ਭਰਾ ਬਣਿਆ ਹੋਇਆ ਸੀ। ਮੈਂ ਉਸ ਨੂੰ ਰੱਖੜੀ ਬੰਨ੍ਹੀ ਸੀ। ਬਸ ਉਦੋਂ ਤੋਂ ਇਹ ਰਿਸ਼ਤਾ ਕਾਇਮ ਹੋ ਗਿਆ ... ਭੈਣ ਭਰਾ ਦਾ।

ਅਸੀਂ ਦੋਵੇਂ ਨੱਚ ਰਹੇ ਸਾਂ ਕਿ ਮੈਂ ਦੂਰੋਂ ਕਿਸੇ ਨੂੰ ਆਪਣੇ ਵੱਲ ਘੂਰਦਿਆਂ ਦੇਖਿਆ। ਮੈਨੂੰ ਧੱਕਾ ਲੱਗਾ। ਇਹ ਬਾਬੀ ਸੀ।

ਉਹ ਬੈਠਾ ਸਿਗਰਟ ਪੀਂਦਾ ਰਿਹਾ ਤੇ ਬੀਅਰ ਦੇ ਵੱਡੇ ਵੱਡੇ ਘੁੱਟ ਭਰਦਾ ਰਿਹਾ।

ਏਨੇ ਵਿਚ ਅਮਿਤ ਉਠ ਕੇ ਬਾਥਰੂਮ ਗਿਆ। ਬਾਬੀ ਆਪਣੇ ਮੇਜ਼ ਤੋਂ ਉਠਿਆ ਤੇ ਮੇਰੇ ਕੋਲ ਆ ਕੇ ਖੜ੍ਹਾ ਹੋ ਗਿਆ

ਝਿਜਕ ਕੇ ਬੋਲਿਆ, "ਗੱਲ ਵੀ ਨਹੀਂ ਕਰੇਂਗੀ?"

ਮੈਂ ਚੁਪ ਰਹੀ।

ਉਸ ਨੇ ਫਿਰ ਦੁਹਰਾਇਆ "ਕੀ ਗੱਲ ਹੈ ਸ਼ਾਲੂ? ਮੇਰੇ ਵੱਲ ਦੇਖਦੀ ਵੀ ਨਹੀਂ?"

ਮੈਂ ਸਿਰ ਉਠਾ ਕੇ ਆਖਿਆ, "ਕਿਉਂ, ਕੀ ਗੱਲ ਹੈ?"

ਉਹ ਬੋਲਿਆ, "ਸ਼ਾਲੂ .... ਮੈਂ ਸ਼ਾਦੀ ਕਰਕੇ ਬਹੁਤ ਵੱਡਾ ਪਾਪ ਕੀਤਾ। ਉਸ ਦੀ ਸਜ਼ਾ ਭੁਗਤ ਰਿਹਾ ਹਾਂ। ਤੇਰੇ ਬਿਨਾਂ ਜ਼ਿੰਦਗੀ ਸੁੰਨੀ ਹੈ ... ਵੀਰਾਨ ... ਬਹੁਤ ਕੋਸ਼ਿਸ਼ ਕੀਤੀ ਤੈਨੂੰ ਭੁਲਾਉਣ ਦੀ ਪਰ ਭੁਲਾ ਨਾ ਸਕਿਆ। ਕੀ ਕਰਾਂ? ... ਰੱਬ ਦਾ ਵਾਸਤਾ ... ਮੈਂ ਮਿੰਨਤ ਕਰਦਾ ਹਾਂ ... ਇਕ ਵਾਰ ਮੈਨੂੰ ਮਿਲ ਸਕਦੀ ਹੈਂ? .... ਸਿਰਫ਼ ਇਕ ਵਾਰ ... ਬਸ ਇਕ ਵਾਰ....।"

"ਹਾਂ," ਮੈਂ ਆਖਿਆ।

"ਕਿਥੇ? ਕਦੋਂ?"

"ਅਗਲੇ ਸ਼ਨਿੱਚਰਵਾਰ। ਇਸੇ ਥਾਂ।"

"ਇਕੱਲੀ ਹੋਵੇਂਗੀ?"

"ਹਾਂ।"

ਉਹ ਦੱਬੇ ਪੈਰੀਂ ਵਾਪਿਸ ਜਾ ਕੇ ਆਪਣੀ ਮੇਜ਼ ਉਤੇ ਬੈਠ ਗਿਆ।

ਅਗਲੇ ਸ਼ਨਿੱਚਰਵਾਰ ਮੈਂ ਹਯਾਤ ਹੋਟਲ ਵਿਚ ਨਾ ਗਈ।

ਪਤਾ ਲਗਿਆ ਕਿ ਬਾਬੀ ਸਾਰੀ ਰਾਤ ਉਥੇ ਬੈਠਾ ਮੇਰਾ ਇੰਤਜ਼ਾਰ ਕਰਦਾ ਰਿਹਾ। ਪੀਂਦਾ ਰਿਹਾ ਤੇ ਸਿਗਰਟਾਂ ਫੂਕਦਾ ਰਿਹਾ।

ਉਸ ਦਾ ਭਰਾ ਉਸ ਨੂੰ ਲੈਣ ਆਇਆ ਤੇ ਉਹ ਵਾਪਿਸ ਘਰ ਗਿਆ। ਉਥੇ ਬੀਵੀ ਨਾਲ ਝਗੜਾ ਹੋਇਆ। ਬੀਵੀ ਨੇ ਉਸ ਨੂੰ ਗੁੰਡਾ ਆਖਿਆ ... ਬਦਮਾਸ਼ .... ਰੰਡੀਬਾਜ...! ਬਾਬੀ ਗਰਜ ਕੇ ਬੋਲਿਆ, "ਹਾਂ-ਹਾਂ, ਮੈਂ ੧੧

ਰੰਡੀਬਾਜ ਹਾਂ... ਬਦਮਾਸ਼ ਹਾਂ ...ਗੁੰਡਾ ਹਾਂ ...ਗੁੰਡਾ ...." ਫਿਰ ਉਸ ਨੇ ਆਪਣੀ ਨੰਗੀ ਬਾਂਹ ਦਿਖਾਈ ਤੇ ਚੀਕ ਕੇ ਬੋਲਿਆ, "ਦੇਖ ਐਸ. ਐਚ. ਏ. ਐਲ. ਯੂ. ! ਸ਼ਾਲੂ ... ਤੂੰ ਦਾਗ ਸਕਦੀ ਹੈਂ ਆਪਣੀ ਬਾਂਹ ਨੂੰ? ਪਾ ਸਕਦੀ ਹੈਂ ਸਿਗਰਟ ਦੇ ਨਿਸ਼ਾਨ? ਖੁਣ ਸਕਦੀ ਹੈਂ ਮੇਰਾ ਨਾਂ? ਲੈ ਫੜ ਸਿਗਰਟ ਤੇ ਦਿਖਾ ਪਾ ਕੇ ਨਿਸ਼ਾਨ ਆਪਣੀ ਬਾਂਹ ਉੱਤੇ ... ਲਿਖ ਮੇਰਾ ਨਾਂ..."

ਤੇ ਉਹ ਦਹਾੜਨ ਲਗਾ। ਛਾਤੀ ਉੱਤੇ ਮੁੱਕੀਆਂ ਮਾਰ ਕੇ ਬੋਲਿਆ, "ਉਹ ਚਲੀ ਗਈ। ਮੈਂ ਮਾਰਿਆ ਮਾਰਿਆ ਫਿਰਦਾ ਹਾਂ ... ਨਾ ਪੁਛੋ ਮੈਨੂੰ। ਤੁਹਾਨੂੰ ਲੋਕਾਂ ਨੂੰ ਕੀ ਪਤਾ ਕਿ ਉਹ ਕੀ ਸੀ ... ਸਿਰਫ਼ ਮੈਨੂੰ ਪਤਾ ਹੈ ... ਸਿਰਫ਼ ਮੈਂ...." ਤੇ ਉਸ ਦੀਆਂ ਅੱਖਾਂ ਵਿਚ ਹੰਝੂ ਆ ਗਏ ... ਉਸ ਦਾ ਗੱਚ ਭਰ ਆਇਆ...।

ਇਕ ਵਾਰ ਫਿਰ ਮੈਂ ਕਿਸੇ ਦੋਸਤ ਨਾਲ ਨੱਚਣ ਲਈ ਡਿਸਕੋ ਗਈ ਤਾਂ ਦੇਖਿਆ ਕਿ ਦੂਰ ਬਾਬੀ ਬੈਠਾ ਵਿਸਕੀ ਪੀ ਰਿਹਾ ਸੀ ਤੇ ਸਿਗਰਟਾਂ ਫੂਕ ਰਿਹਾ ਸੀ।

ਮੈਨੂੰ ਦੇਖ ਕੇ ਇਕ ਦਮ ਉਸ ਦੀਆਂ ਅੱਖਾਂ ਵਿਚ ਚਮਕ ਗਈ। ਪਰ ਮੇਰੇ ਕੋਲ ਆਉਣ ਦੀ ਹਿੰਮਤ ਨਾ ਪਈ।

ਮੇਰਾ ਦੋਸਤ ਉਠ ਕੇ ਕਾਉਂਟਰ ਉਤੇ ਦੂਸਰਾ ਡ੍ਰਿੰਕ ਲੈਣ ਗਿਆ ਤਾਂ ਬਾਬੀ ਮੌਕਾ ਤਾੜ ਕੇ ਮੇਰੇ ਕੋਲ ਆ ਗਿਆ। ਆਖਣ ਲੱਗਾ, "ਤੂੰ ਆਈ ਨਹੀਂ ਸੀ ਉਸ ਦਿਨ? ਮੈਂ ਤੇਰਾ ਇੰਤਜ਼ਾਰ ਕਰਦਾ ਰਿਹਾ। ਤੂੰ ਬਹੁਤ ਖ਼ੂਬਸੂਰਤ ਲਗ ਰਹੀ ਹੈਂ, ਸ਼ਾਲੂ....।

ਮੈਂ ਆਖਿਆ, "ਆਈ ਐਮ ਸਾਰੀ ਕਿ ਆ ਨਾ ਸਕੀ। ਅਗਲੇ ਸ਼ਨਿੱਚਰਵਾਰ .... ਨਹੀਂ .... ਨਹੀਂ .... ਅਗਲੇ ਸ਼ੁਕੱਰਵਾਰ ਜ਼ਰੂਰ ਆਵਾਂਗੀ। ਇਸੇ ਥਾਂ।"

ਰਿਹਾ ਤੇ ਵਿਸਕੀ ਪੀਂਦਾ ਰਿਹਾ। ਮੈਂ ਰਾਤ ਦੇ ਦੋ ਵਜੇ ਆਪਣੇ ਦੋਸਤ ਨਾਲ ਵਾਪਿਸ ਚਲੀ ਗਈ।

ਬਾਬੀ ਉਸ ਰਾਤ ਪਿਛੋਂ ਹਰ ਸ਼ੁੱਕਰਵਾਰ ਤੇ ਸ਼ਨਿੱਚਰਵਾਰ ਨੂੰ ਹਯਾਤ ਹੋਟਲ ਜਾਂਦਾ ... ਸ਼ਰਾਬ ਪੀਂਦਾ ... ਟੱਕਰਾਂ ਮਾਰਦਾ ਤੇ ਮੇਰਾ ਇੰਤਜ਼ਾਰ ਕਰਦਾ। ਫਿਰ ਕਾਰ ਨੂੰ ਸੌ ਕਿਲੋਮੀਟਰ ਸਪੀਡ ਉਤੇ ਉਡਾਉਂਦਾ ਮੌਰੀਆ ਹੋਟਲ ਦੇ ਘੁੰਗਰੂ ਡਿਸਕੋਥਿਕ ਪਹੁੰਚ ਜਾਂਦਾ ... ਫਿਰ ਤਾਜ ਮਹਿਲ ਹੋਟਲ ... ਮੈਨੂੰ ਲਭਦਾ ... ਸਾਰੀ ਸਾਰੀ ਰਾਤ ਸੜਕਾਂ ਉਤੇ ਭਟਕਦਾ।

ਪਰ ਮੈਂ ਉਸ ਨੂੰ ਨਾ ਮਿਲੀ।

* * *

ਸਰਦੀਆਂ ਦੇ ਦਿਨ ਸਨ। ਮੌਸਮ ਖੁੱਲ੍ਹਿਆ ਹੋਇਆ। ਨੀਲਾ ਅਸਮਾਨ, ਗੁਲਾਬੀ ਧੁੱਪ। ਉਂਜ ਹੀ ਬਾਹਰ ਘੁੰਮਣ ਨੂੰ ਦਿਲ ਕਰਦਾ ਸੀ। ਤਦ ਹੀ ਦਰਵਾਜ਼ੇ ਉਤੇ ਦਸਤਕ ਹੋਈ। ਤੇ ਜਲਦੀ ਨਾਲ ਰੋਜ਼ੀ ਦਾਖ਼ਿਲ ਹੋਈ। ਅਸੀਂ ਦੋਵੇਂ ਗਲੇ ਮਿਲੀਆਂ। ਰੋਜ਼ੀ ਨੇ ਦੱਸਿਆ ਕਿ ਉਹ ਕਲ੍ਹ ਰਾਤ ਹੀ ਬੰਬਈ ਤੋਂ ਆਈ ਸੀ। ਉਸ ਨੂੰ ਦੇਖ ਕੇ ਮੈਨੂੰ ਬਹੁਤ ਖੁਸ਼ੀ ਹੋਈ। ਮੈਂ ਪੁਛਿਆ, ਕਿੰਨੇ ਦਿਨ ਠਹਿਰੇਂਗੀ?"

ਉਹ ਬੋਲੀ, "ਤਿੰਨ ਕੁ ਦਿਨ।" ਤੇ ਗੱਲਾਂ ਕਰਦਿਆਂ ਕਰਦਿਆਂ ਯਕਦਮ ਰੁਕ ਗਈ ਤੇ ਕੁਝ ਸੋਚਣ ਲੱਗੀ।

"ਕੀ ਗੱਲ ਹੈ?" ਮੈਂ ਪੁਛਿਆ।

ਉਹ ਥੋੜ੍ਹੀ ਦੇਰ ਚੁੱਪ ਰਹੀ। ਫਿਰ ਬੋਲੀ, "ਇੱਕ ਗੱਲ ਦਸੱਣਾ ਚਾਹੁੰਦੀ ਸਾਂ ਤੈਨੂੰ ... ਇਹ ਗੱਲ ... ਇਹ ਰਾਜ਼ ਮੇਰੇ ਸੀਨੇ ਵਿਚ ਕਿੰਨੀ ਦੇਰ ਰਿਹਾ ਹੈ ... ਤੂੰ ਮੇਰੀ ਸਹੇਲੀ ਹੈਂ ਸ਼ਾਲੂ, ਤੈਨੂੰ ਇਸ ਗੱਲ ਦਾ ਪਤਾ ਹੋਣਾ ਬਹੁਤ ਜ਼ਰੂਰੀ ਹੈ। ਕੁਝ ਗੱਲਾਂ ਪਰਦੇ ਦੀਆਂ ਹਨ, ਜੋ ਸਿਰਫ਼ ਮੈਂ ਜਾਣਦੀ ਹਾਂ ਜਾਂ ਬਾਬੀ।"

ਬਾਬੀ ਦਾ ਨਾਂ ਸੁਣ ਕੇ ਮੈਂ ਚੌਂਕੀ।

"ਕੀ ਗੱਲ ਹੈ?"

ਉਹ ਫਿਰ ਸੋਚ ਵਿਚ ਪੈ ਗਈ। ਆਖਿਰ ਬੋਲੀ, "ਜਦੋਂ ਤੂੰ ਬਾਬੀ ਦੀ ਜ਼ਿੰਦਗੀ ਵਿਚ ਆਈ ਤਾਂ ਉਸ ਨੇ ਤੇਰੇ ਨਾਲ ਰਿਸ਼ਤਾ ਜੋੜ ਲਿਆ। ਮੇਰੇ ਨਾਲ ਉਸ ਦੀ ਕੋਈ ਜਜ਼ਬਾਤੀ ਸਾਂਝ ਨਹੀਂ ਸੀ। ਉਹ ਦਿਨ ਰਾਤ ਤੇਰੀ ਮੁਹੱਬਤ ਦੇ ਨਸ਼ੇ ਵਿਚ ਚੂਰ ਰਹਿੰਦਾ। ਤੇਰਾ ਲਵਰ ਬਣ ਗਿਆ ਤੇ ਮੈਂ ਤੇਰੀ ਸਹੇਲੀ। ਤੂੰ ... ਸ਼ਾਇਦ ਕਦੇ ਨਾ ਜਾਣ ਸਕੇਂ .... ਸੁਣ .... ਜਿਨ੍ਹੀਂ ਦਿਨੀਂ ਅਸੀਂ ਤਿੰਨੇ ਇਕ ਤਿਕੋਣ ਦੀ ਸ਼ਕਲ ਵਾਂਗ ਇਕ ਦੂਜੇ ਨਾਲ ਜੁੜੇ ਹੋਏ ਸਾਂ ... ਤੂੰ ਇਕ ਵਾਰ ਆਪਣੀ ਮਾਂ ਨੂੰ ਮਿਲਣ ਗਈ ਸੈਂ। ਬਾਬੀ ਰਾਤ ਨੂੰ ਤੈਨੂੰ ਮਿਲਣ ਫਲੈਟ

ਵਿਚ ਆਇਆ। ਉਸ ਨੇ ਪੀਤੀ ਹੋਈ ਸੀ। ਉਸ ਨੇ ਮੈਨੂੰ ਤੇਰੇ ਬਾਰੇ ਪੁਛਿਆ ਪਰੇਸ਼ਾਨ ਜਿਹਾ ਸੀ ਉਹ। ਤੂੰ ਕਿਉਂ ਚਲੀ ਗਈ ਸੈਂ ਉਸ ਨੂੰ ਦੱਸੇ ਬਗ਼ੈਰ? ਉਸ ਦੀ ਨਜ਼ਰ ਅਲਮਾਰੀ ਵਿਚ ਰਖੀ ਸਕਾਚ ਉਤੇ ਪਈ। ਆਖਣ ਲਗਾ. 'ਇਕ ਡ੍ਰਿੰਕ ਪਿਲਾ'। ਮੈਂ ਆਖਿਆ, 'ਤੇਰੀ ਹੀ ਤਾਂ ਬੋਤਲ ਹੈ, ਚਾਹੇ ਇਕ ਡ੍ਰਿੰਕ ਪੀ ਚਾਹੇ ਦੋ।' ਮੈਂ ਦੋ ਗਲਾਸਾਂ ਵਿਚ ਸਕਾਚ ਪਾਈ। ਬਾਬੀ ਨੇ ਮੇਰੇ ਗਲਾਸ ਨਾਲ ਗਲਾਸ ਟਕਰਾਇਆ ਤੇ ਗਟ ਗਟ ਪੀ ਗਿਆ। ਫਿਰ ਮੈਨੂੰ ਚੁੰਮੀ ਦਿਤੀ ਤੇ ਆਖਣ ਲੱਗਾ, "ਕਿਥੇ ਰਹਿੰਦੀ ਹੈਂ ਅੱਜ ਕੱਲ੍ਹ? ਕਦੇ ਮਿਲੀ ਹੀ ਨਹੀਂ। ਉਸ ਪਿਛੋਂ ਅਸੀਂ ਦੋਵੇਂ ਪੀਣ ਲਗੇ। ਤੇ ਉਸ ਰਾਤ ਉਸ ਨੇ ਉਸੇ ਬਿਸਤਰ ਉਤੇ ਮੇਰੇ ਨਾਲ ਸੰਭੋਗ ਕੀਤਾ। ਨਸ਼ੇ ਵਿਚ ਆਖ ਰਿਹਾ ਸੀ, "ਤੂੰ ਸ਼ਾਲੂ ਦੀ ਸਹੇਲੀ ਹੈਂ ਨਾ ... ਯਾਨੀ ਮੇਰੀ ਸਾਲੀ ... ਸਾਲੀ ਅੱਧੇ ਘਰ ਵਾਲੀ ... ਮੇਰਾ ਹੱਕ ਹੈ ਤੇਰੇ ਉਤੇ।' ਨਸ਼ੇ ਵਿਚ ਧੁਤ ਬੋਲਦਾ ਰਿਹਾ ਤੇ ਉਸ ਬਿਸਤਰ ਉਤੇ ਉਹ ਸੌਂ ਗਿਆ ...

ਪਰੇਸ਼ਾਨ ਨਾ ਹੋ ਸ਼ਾਲੂ। ਬਾਬੀ ਮੇਰਾ ਕੁਝ ਨਹੀਂ ਲਗਦਾ। ਬਸ ਇਕ ਰਾਤ ਦਾ ਸੌਦਾ ਸੀ ਉਸ ਨਾਲ ... ਯਾਨੀ ਹਨੇਰੇ ਵਿਚ ਪਿਆਰ...।"

ਉਸ ਦੀ ਗੱਲ ਸੁਣ ਕੇ ਮੇਰਾ ਕਲੇਜਾ ਧੱਕ ਕਰਕੇ ਰਹਿ ਗਿਆ। ਮੈਂ ਰੋਜ਼ੀ ਦੇ ਏਨਾ ਕਰੀਬ ਰਹੀ ਸਾਂ ਕਿ ਉਸਦੇ ਸੱਚ ਤੇ ਝੂਠ ਨੂੰ ਬਾਖ਼ੂਬੀ ਪਛਾਣ ਲੈਂਦੀ ਸਾਂ। ਅੱਜ ਜੋ ਉਹ ਗੱਲਾਂ ਕਹਿ ਰਹੀ ਸੀ, ਜਿਸ ਤਰੀਕੇ ਨਾਲ ਕਹਿ ਰਹੀ ਸੀ, ਜਿਸ ਈਮਾਨਦਾਰੀ ਤੇ ਪਿਆਰ ਨਾਲ ਕਹਿ ਰਹੀ ਸੀ, ਉਹ ਸੱਚ ਸੀ।

ਮੈਨੂੰ ਉਦਾਸ ਤੇ ਗੁਆਚੀ ਹੋਈ ਦੇਖ ਕੇ ਬੋਲੀ, "ਮੈਨੂੰ ਪੂਰੀ ਗੱਲ ਕਹਿਣ ਦੇ। ਬੁਰਾ ਨਾ ਮਨਾਈਂ ਇਸ ਦਾ। ਹਾਂ ... ਤੇ ਉਸ ਰਾਤ ... ਬਾਬੀ ਨੇ ਮੈਨੂੰ ਗਰਭਵਤੀ ਕਰ ਦਿੱਤਾ। ਉਹ ਪੂਰਾ ਮਰਦ ਹੈ। ਸੈਕਸ ਨਾਲ ਭਰਿਆ ਹੋਇਆ। ਪੂਰਾ ਮਹੀਨਾ ਮੈਂ ਲਾਪ੍ਰਵਾਹੀ ਵਿਚ ਗੁਜ਼ਾਰਿਆ। ਪਰ ਜਦ ਪੰਦਰਾਂ ਦਿਨ ਉਪਰ ਹੋ ਗਏ ਤਾਂ ਮੈਨੂੰ ਫ਼ਿਕਰ ਲਗਿਆ। ਬਾਬੀ ਨੂੰ ਆਪਣੀ ਪਰੇਸ਼ਾਨੀ ਦੱਸੀ। ਉਸ ਨੇ ਮੈਨੂੰ ਛੇ ਕੈਪਸਿਊਲ ਲਿਆ ਕੇ ਦਿਤੇ। ਮੈਂ ਤਿੰਨ ਖਾ ਲਏ। ਤੇ ਗਰਭ ਤੋਂ ਮੁਕਤ ਹੋ ਗਈ। ਤਿੰਨ ਕੈਪਸਿਊਲ ...ਤੇ ਇਹ ਉਹੀ ਤਿੰਨ ਬਚੇ ਕੈਪਸਿਊਲ ਸਨ ਜੋ ਬਾਬੀ ਨੇ ਫਿਰ ਤੈਨੂੰ ਦਿੱਤੇ, ਜਦ ਤੂੰ ਗਰਭਵਤੀ ਹੋਈ ਸੈਂ। ਪਰ ਫਿਰ ਵੀ ਤੇਰਾ ਗਰਭ ਕਾਇਮ ਰਿਹਾ ਤੇ ਤੈਨੂੰ ਕਲਿਨਿਕ ਵਿਚ ਜਾ ਕੇ ਅਬਾਰਸ਼ਨ ਕਰਵਾਉਣਾ ਪਿਆ। ਮੈਂ ਤੈਨੂੰ ਇਹ ਸਾਰੀਆਂ ਗੱਲਾਂ ਇਸ ਲਈ ਦੱਸ ਰਹੀ ਹਾਂ ਤਾਂ ਕਿ ਤੈਨੂੰ ਪਤਾ ਲਗੇ ਕਿ ਮਰਦ ਦੀ ਕੀ ਖ਼ਸਲਤ ਹੁੰਦੀ ਹੈ। ਤੈਨੂੰ ਦੁਖ ਪਹੁੰਚਾਉਣ ਲਈ ਇਹ ਗਲ ਨਹੀਂ ਕਹੀ ਮੈਂ, ਸਗੋਂ ਇਸ ਲਈ ਕਿ ਤੂੰ ਅਸਲੀਅਤ ਜਾਣ ਸਕੇਂ....।"

ਰੋਜ਼ੀ ਦੀਆਂ ਗੱਲਾਂ ਸੁਣ ਕੇ ਮੈਨੂੰ ਸਕੂਨ ਮਿਲ ਗਿਆ। ਜਿਸ ਗੱਲ ਦਾ ਕਦੇ ਮੈਨੂੰ ਡਰ ਲਗਦਾ ਸੀ, ਉਸਨੂੰ ਸੱਚ ਰੂਪ ਵਿਚ ਸੁਣ ਕੇ ਦੁਖ ਨਹੀਂ ਹੋਇਆ, ਇਕ ਗਹਿਰਾ ਦਰਦ ਉਠਿਆ। ਸਹੇਲੀ ਦਾ ਰਾਜ਼, ਜਿਸ ਨਾਲ ਮੇਰੀ ਆਤਮਾ ਨੰਗੀ ਹੋ ਗਈ ... ਮੈਂ ਸੁਖ ਦਾ ਸਾਹ ਲਿਆ। ਜ਼ਿੰਦਗੀ ਸੌਖੀ ਹੋ ਜਾਵੇਗੀ, ਜੋ ਰਸਤਾ ਧੁੰਦਲਾ ਸੀ, ਉਹ ਹੁਣ ਸਾਫ਼ ਨਜ਼ਰ ਆਉਣ ਲੱਗਾ। ਬੰਬਈ ਦੀ ਫਿਜ਼ਾ, ਸਟੂਡੀਓ, ਸ਼ੂਟਿੰਗ ਤੇ ਰੋਜ਼ੀ ਦਾ ਸਾਥ – ਜ਼ਿੰਦਗੀ ਵਿਚ ਨਵਾਂ ਰੰਗ ਲਿਆਏਗਾ।

ਉਂਜ ਤਾਂ ਬਾਬੀ ਮੇਰੀ ਜ਼ਿੰਦਗੀ ਨਾਲੋਂ ਕਟਿਆ ਗਿਆ ਸੀ। ਫਿਰ ਵੀ ਉਸ ਦਾ ਪਰਛਾਵਾਂ ਲਰਜ਼ਦਾ ਰਹਿੰਦਾ ਸੀ, ਮੇਰੇ ਨਾਲ। ਮੈਂ ਇਸ ਫ਼ਿਜ਼ਾਂ ਨੂੰ ਮਿਟਾ ਦੇਣਾ ਚਾਹੁੰਦੀ ਸਾਂ।

ਮੈਂ ਰੋਜ਼ੀ ਨੂੰ ਆਖਿਆ, "ਚੰਗਾ ਹੋਇਆ ਤੂੰ ਇਹ ਸਾਰੀਆਂ ਗੱਲਾਂ ਮੈਨੂੰ ਦੱਸ ਦਿੱਤੀਆਂ। ਹੁਣ ਮੈਨੂੰ ਕੋਈ ਗ਼ਮ ਨਹੀਂ।"

ਰੋਜ਼ੀ ਬੋਲੀ, "ਗ਼ਮ। ਕਾਹਦਾ ਗਮ?"

"ਬਿਖਰਦੇ ਤੇ ਟੁਟਦੇ ਰਿਸ਼ਤਿਆ ਦਾ ਗਮ। ਪਰਵੇਜ਼ ਨਾਲ ਸ਼ਾਦੀ ਤੇ ਫਿਰ ਤਲਾਕ ... ਬਾਬੀ ਨਾਲ ਦੋਸਤੀ, ਪਿਆਰ, ਨਫ਼ਰਤ ਤੇ ਉਸ ਦੀ ਸ਼ਾਦੀ। ਮੈਂ ਸਭ ਕੁਝ ਦੇਖ ਲਿਆ। ਇਉਂ ਜਾਪਦਾ ਹੈ ਕਿ ਤੂੰ ਹੀ ਮੇਰੀ ਸੱਚੀ ਦੋਸਤ ਰਹੀਂ ਹੈਂ ... ਪੱਕੀ ਸਹੇਲੀ ... ਮੈਂ ਹਮੇਸ਼ਾਂ ਤੇਰੇ ਨਾਲ ਜੁੜੀ ਰਹੀ ਹਾਂ।"

ਰੋਜ਼ੀ ਬੋਲੀ, "ਤੂੰ ਬੰਬਈ ਕਿਉਂ ਨਹੀਂ ਆ ਜਾਂਦੀ। ਚੱਲ ਮੇਰੇ ਨਾਲ। ਜ਼ਿੰਦਗੀ ਨੂੰ ਨਵੇਂ ਸਿਰਿਓਂ ਸ਼ੁਰੂ ਕਰ।"

ਮੈਂ ਸੋਚ ਵਿਚ ਪੈ ਗਈ।

ਰੋਜ਼ੀ ਨੇ ਮੇਰੇ ਮੋਢੇ ਉਤੇ ਹੱਥ ਰਖ ਕੇ ਆਖਿਆ, "ਕੀ ਸੋਚ ਰਹੀਂ ਹੈਂ? ਬੰਬਈ ਵਿਚ ਹੀ ਤੇਰਾ ਫਿਊਚਰ ਹੈ। ਮੈਂ ਤਿੰਨ ਦਿਨਾਂ ਪਿਛੋਂ ਇਥੋਂ ਜਾਵਾਂਗੀ। ਆਪਣਾ ਸਾਮਾਨ ਪੈਕ ਕਰਨਾ ਸ਼ੁਰੂ ਕਰ ਦੇਹ।"

ਇਹ ਆਖ ਕੇ ਰੋਜ਼ੀ ਨੇ ਮੈਨੂੰ ਗਲ ਨਾਲ ਲਾਇਆ ਤੇ ਚਲੀ ਗਈ।

ਮੈਂ ਆਪਣੇ ਫਲੈਟ ਵਿਚੋਂ ਸਾਰਾ ਸਮਾਨ ਆਪਣੀ ਮਾਂ ਕੋਲ ਭੇਜ ਦਿੱਤਾ। ਤੇ ਬੰਬਈ ਜਾਣ ਲਈ ਸਾਰੇ ਕਪੜੇ ਤਹਿ ਕਰਕੇ ਵੱਡੇ ਸੂਟਕੇਸ ਵਿਚ ਰਖਣ ਲਗੀ – ਲੰਮੀ ਸੁਰਖ਼ ਆਫ਼ ਸ਼ੋਲਡਰ ਡ੍ਰੈੱਸ, ਸਿਆਹ ਬੇਬੀ ਡਾਲ ਫਰਾਕ, ਨੈੱਟ ਜੈਕਟ, ਸ਼ਾਰਟਸ, ਸਟਾਕਿੰਗਜ਼; ਮੇਕ-ਅਪ ਦਾ ਸਾਮਾਨ: ਬ੍ਰਾਊਨ, ਚਾਕਲੇਟ ਤੇ ਪਰਪਲ ਲਿਪਸਟਿਕਸ, ਉਚੇ ਲੈਦਰ ਬੂਟ, ਸਤਾਰਿਆਂ ਜੜੀਆਂ ਲੈਗਿੰਗਜ਼, ਪੈਂਟੀਜ਼, ਬ੍ਰਾਜ਼ ਤੇ ਗਾਗਲਜ਼। ਮੈਂ ਇਕ ਗੋਲਡਨ ਫਰੇਮ ਵਾਲਾ ਚਸ਼ਮਾ ਉਠਾਇਆ। ਉਸ ਨੂੰ ਦੇਖਣ ਲਗੀ। ਇਹ ਚਸ਼ਮਾ ਬਾਬੀ ਮੇਰੇ ਲਈ ਅਮਰੀਕਾ ਤੋਂ ਲੈ ਕੇ ਆਇਆ ਸੀ। ਮੈਨੂੰ ਗੁੱਸਾ ਆਇਆ ਤੇ ਚਸ਼ਮੇਂ ਨੂੰ ਵਗਾਹ ਮਾਰਿਆ।

ਉਸ ਦੇ ਤਿੰਨ ਟੋਟੇ ਹੋ ਗਏ। ਫਰੇਮ ਅਲੱਗ ਤੇ ਸ਼ੀਸ਼ੇ ਅਲੱਗ।

ਮੇਰੀਆਂ ਅੱਖਾਂ ਅੱਗੇ ਬਾਬੀ ਨਾਲ ਪਹਿਲੀ ਮੁਲਾਕਾਤ ਦਾ ਦ੍ਰਿਸ਼ ਫਿਰ ਗਿਆ। ਟੁਟਿਆ ਸ਼ੀਸ਼ਾ ਤੇ ਚਸ਼ਮੇ ਦਾ ਫਰੇਮ ਤੇ ਉਸ ਵਿਚੋਂ ਝਾਕਦੀਆਂ ਹੋਈਆਂ ਬਾਬੀ ਦੀਆਂ ਅੱਖਾਂ - ਇਕ ਅੱਖ ਅੰਨ੍ਹੀਂ। ਤੇ ਦੂਸਰੀ ਸ਼ੀਸ਼ੇ ਵਿਚੋਂ ਝਾਕਦੀ ਹੋਈ ਜੋ ਕਿਸੇ ਖ਼ੌਫਨਾਕ ਦੈਂਤ ਵਾਂਗ ਸੁਲਘ ਰਹੀ ਸੀ। ਇਹ ਅੱਖ ਮੇਰੇ ਵਿਚੋਂ ਕੁਝ ਲਭ ਰਹੀ ਸੀ ਤੇ ਮੈਨੂੰ ਬੇਚੈਨ ਕਰ ਰਹੀ ਸੀ। ਮੈਂ ਅਣਜਾਣੇ ਵਿਚ ਟੁਟੇ ਹੋਏ ਫਰੇਮ ਤੇ ਸ਼ੀਸ਼ੇ ਦੇ ਤਿੰਨਾਂ ਟੁਕੜਿਆਂ ਨੂੰ ਚੁਣਿਆਂ ਤੇ ਉਹਨਾਂ ਨੂੰ ਜੋੜਨ ਲਗੀ। ਮੇਰਾ ਦਿਲ ਭਰ ਆਇਆ। ਬਾਬੀ ਨਾਲ ਬਿਤਾਈ ਜ਼ਿੰਦਗੀ ਦੇ ਵਾਕਿਆਤ ਮੇਰੀਆਂ ਅੱਖਾਂ ਸਾਹਮਣਿਓਂ ਫਿਰ ਗਏ। ਕੀ ਜੋੜ ਰਹੀ ਸਾਂ ਮੈਂ? ਬੀਤੇ ਹੋਏ ਲਮਹੇ? ਕਿਸ ਨੂੰ ਧੋਖਾ ਦੇ ਰਹੀ ਸਾਂ ਮੈਂ? ਟੁੱਟੇ ਹੋਏ ਸ਼ੀਸ਼ਿਆਂ ਨੂੰ ਫੜੀ ਮੈਂ ਗੁੰਮ ਸੁੰਮ ਬੈਠੀ ਰਹੀ।

ਮੇਰੀਆਂ ਅੱਖਾਂ ਵਿਚ ਹੰਝੂ ਛਲਕ ਪਏ। ਤੇ ਦੱਬੇ ਹੋਏ ਜਜ਼ਬਾਤ ਵਹਿ ਤੁਰੇ। ਮੈਂ ਇਸ ਘਰ ਤੋਂ ਜਾ ਰਹੀ ਸਾਂ। ਇਸ ਮਾਹੌਲ ਨੂੰ ਅਲਵਿਦਾ ਕਹਿ ਰਹੀ ਸਾਂ। ਇਹਨਾਂ ਦੀਵਾਰਾਂ ਨੂੰ, ਇਹਨਾਂ ਲੱਖਾਂ ਬੀਤੇ ਪਲਾਂ ਨੂੰ ਜੋ ਇਸ ਫਲੈਟ ਵਿਚ ਬਾਬੀ ਨਾਲ ਗੁਜ਼ਾਰੇ ਸਨ ... ਮੇਰੇ ਭਾਵ ਕੀ ਸਨ? ਗੁੱਸਾ, ਨਫ਼ਰਤ, ਪਸ਼ਚਾਤਾਪ ਜਾਂ ਤਰਸ? ਮੇਰਾ ਮਨ ਇਹਨਾਂ ਵਿਚ ਘਿਰਿਆ ਹੋਇਆ ਸੀ।

# 11

**ਦਰਵਾਜ਼ੇ** ਉਤੇ ਕਿਸੇ ਦੇ ਖਟਖਟਾਉਣ ਦੀ ਆਵਾਜ਼ ਆਈ। ਕੌਣ ਹੋ ਸਕਦਾ ਹੈ? ਦਸਤਕ ਫਿਰ ਸੁਣਾਈ ਦਿੱਤੀ।

ਮੈਂ ਦਰਵਾਜ਼ਾ ਖੋਲ੍ਹਿਆਂ ਤਾਂ ਦੇਖਿਆ ਇਕ ਭਾਰੀ ਭਰਕਮ ਪਠਾਣ ਖੜ੍ਹਾ ਸੀ - ਸਿਰ ਉਤੇ ਕੁੱਲੇ ਵਾਲੀ ਪਗੜੀ ਤੇ ਪੂਣੀ ਵਰਗੀਆਂ ਭੂਰੀਆਂ ਮੁੱਛਾਂ।

ਮੈਂ ਪੁਛਿਆ, "ਕੌਣ ਹੋ ਤੁਸੀਂ?"

ਉਹ ਥੋੜ੍ਹੀ ਦੇਰ ਖ਼ਾਮੋਸ਼ ਰਿਹਾ। ਫਿਰ ਬੋਲਿਆ, "ਮੈਂ ਬਾਬੀ ਦਾ ਬਦਨਸੀਬ ਬਾਪ ਹਾਂ।"

ਬਾਬੀ ਦਾ ਨਾਂ ਸੁਣਦਿਆਂ ਹੀ ਮੇਰੇ ਅੰਦਰ ਮਚਦੀ ਹੋਈ ਲੀਕ ਫਿਰ ਗਈ। ਕਿਉਂ ਆਇਆ ਹੈ ਇਹ ਆਦਮੀ ਇਥੇ? ਮੈਂ ਘੋਫ਼ਜ਼ਦਾ ਹੋ ਗਈ। ਖ਼ੂਨੀ ਪਠਾਣ - ਕੀ ਚਾਹੁੰਦਾ ਹੈ ਇਹ? ਮੈਂ ਜੀਅ ਸਖ਼ਤ ਕਰਕੇ ਪੁਛਿਆ, "ਕਿਸ ਨੂੰ ਮਿਲਣਾ ਹੈ ਤੁਸੀਂ?"

ਬੇਟੀ, ਮੈਂ ਤੈਨੂੰ ਹੀ ਮਿਲਣ ਆਇਆ ਹਾਂ।"

"ਬੇਟੀ? ਕੀ ਮਤਲਬ? ਕਿਸ ਦੀ ਬੇਟੀ?"

ਮੇਰੇ ਅੰਦਰ ਕਿਸੇ ਅਣਜਾਣੀ ਘਟਨਾ ਦਾ ਖ਼ੌਫ਼ ਸੀ। ਪਤਾ ਨਹੀਂ ਸੀ ਲਗ ਰਿਹਾ ਕਿ ਇਹ ਕਿਉਂ ਆਇਆ ਸੀ। ਉਸ ਦੀਆਂ ਅੱਖਾਂ ਵਿਚ ਇਕ ਖ਼ੂਨੀ ਬਾਪ ਦੀ ਝਲਕ ਦਿਖਾਈ ਦਿੱਤੀ। ਡਰ ਨਾਲ ਮੈਨੂੰ ਕੰਬਣੀ ਆ ਗਈ। ਮੈਂ ਕੁਝ ਨਾ ਬੋਲ ਸਕੀ।

"ਕਿਸ ਨੂੰ ਆਖ ਰਹੇ ਹੋ ਤੁਸੀਂ ਬੇਟੀ? ਮੈਨੂੰ ਕਿਉਂ? ਤੁਹਾਨੂੰ ਇਥੇ ਆਉਣ ਦੀ ਕੀ ਲੋੜ ਪੈ ਗਈ!"

"ਬਾਬੀ ਹਸਪਤਾਲ ਵਿਚ ਪਿਆ ਹੈ। ਤਿੰਨ ਦਿਨਾਂ ਤੋਂ ਬੇਹੋਸ਼। ਬਾਰ ਬਾਰ ਤੇਰਾ ਹੀ ਨਾਂ ਲੈਂਦਾ ਹੈ, 'ਸ਼ਾਲੂ ਸ਼ਾਲੂ....।" ਮੈਥੋਂ ਦੇਖਿਆ ਨਹੀਂ ਜਾਂਦਾ। ਸੀਨਾ ਪਾਟਦਾ ਜਾਂਦਾ ਹੈ ਮੇਰਾ। ਮੈਂ ਤੈਨੂੰ ਲੈਣ ਆਇਆ ਹਾਂ। ਮੇਰੇ ਨਾਲ ਚੱਲ ਬੇਟੀ। ਏਦਾਂ ਨਫ਼ਰਤ ਭਰੀਆਂ ਨਜ਼ਰਾਂ ਨਾਲ ਨਾ ਦੇਖ। ਬਾਬੀ ਮਰ ਰਿਹਾ ਹੈ...।"

ਮੈਂ ਹਉਕਾ ਭਰ ਕੇ ਆਖਿਆ, "ਤੁਹਾਨੂੰ ਕੀ ਪਤਾ, ਬਾਬੀ ਤਾਂ ਕਦੋਂ ਦਾ ਮਰ ਚੁੱਕਾ ਹੈ।"

"ਉਹ ਕੰਬ ਕੇ ਬੋਲਿਆ, "ਏਦਾਂ ਨਾ ਆਖ। ਉਹ ਬੇਹੋਸ਼ੀ ਵਿਚ ਤੈਨੂੰ ਬੁਲਾ ਰਿਹਾ ਹੈ।"

"ਤੁਸੀਂ ਕਿਹੜੇ ਬਾਬੀ ਦੀ ਗੱਲ ਕਰ ਰਹੇ ਹੋ?"

ਪਗੜੀ ਦੇ ਲੜ ਨਾਲ ਉਸ ਨੇ ਮੱਥੇ ਦਾ ਪਸੀਨਾ ਪੂੰਝਿਆ ਤੇ ਆਖਿਆ, "ਬਾਬੀ, ਇਕ ਹੀ ਤਾਂ ਹੈ ਬਾਬੀ।"

"ਨਹੀਂ, ਇਹ ਗ਼ਲਤ ਹੈ, ਬਾਬੀ ਦੋ ਨੇ। ਇਕ ਤੁਹਾਡਾ ਬੇਟਾ ਜਿਸ ਲਈ ਤੁਸੀਂ ਤੜਪ ਰਹੇ ਹੋ, ਤੇ ਦੂਜਾ ਇਹ ਬਾਬੀ ਜਿਸ ਨੇ ਮੈਨੂੰ ਰਖੇਲ ਬਣਾ ਕੇ ਰਖਣਾ ਚਾਹਿਆ। ਤੇ ਤੁਹਾਡੀਆਂ ਨਜ਼ਰਾਂ ਵਿਚ ਮੈਂ ਜੂਠੀ ਰੋਟੀ ਹਾਂ ... ਭਿੱਟੀ ਹੋਈ ਔਰਤ ... ਦੂਜਿਆਂ ਦੀ ਨਿਗਲੀ ਹੋਈ।"

"ਏਦਾਂ ਨਾ ਆਖ ਬੇਟੀ। ਜੋ ਕੁਝ ਹੋਇਆ ਉਸ ਨੂੰ ਭੁੱਲ ਜਾਹ।"

"ਕਿੱਦਾਂ ਭੁਲ ਜਾਵਾਂ? ਇਹ ਦਾਗ ਜੋ ਮੇਰੇ ਸੀਨੇ ਅੰਦਰ ਅਜੇ ਵੀ ਸੁਲਗ ਰਹੇ ਹਨ। ਕਿਦਾਂ ਠੰਢੇ ਕਰਾਂ ਇਹ ਦਾਗ। ਮੈਂ ਬਰਦਾਸ਼ਤ ਕੀਤਾ ਹੈ ਇਹ ਸਭ ਕੁਝ। ਤੁਸੀਂ ਵੀ ਬਰਦਾਸ਼ਤ ਕਰੋ। ਇਸ ਦੀ ਸਜ਼ਾ ਭੁਗਤੋ। ਚਲੇ ਜਾਓ ਮਿਹਰਬਾਨੀ ਕਰਕੇ। ਮੇਰਾ ਨਾ ਕੋਈ ਤੁਹਾਡੇ ਨਾਲ ਸਬੰਧ ਹੈ ਨਾ ਬਾਬੀ ਨਾਲ। ਜਾਓ.... ਪਲੀਜ਼।" ਪਤਾ ਨਹੀਂ ਕਿਵੇਂ ਮੈਂ ਇਹਨਾਂ ਸ਼ਬਦਾਂ ਦੀ ਉਸ ਉਤੇ ਬੁਛਾੜ ਕਰ ਦਿੱਤੀ। ਉਹ ਭਾਰੀ ਭਰਕਮ ਬਾਪ ਕਮਜ਼ੋਰ ਤੇ ਬੇਜਾਨ ਢਾਂਚਾ ਨਜ਼ਰ ਆਇਆ। ਖੋਖਲਾ ... ਪੁੱਤ ਦੇ ਮੋਹ ਵਿਚ ਨਿਢਾਲ। ਯਤੀਮ, ਬੇਆਸਰਾ ਤੇ ਕੰਬਦਾ ਹੋਇਆ ਪੁਤਲਾ।

ਉਹ ਮੇਰੇ ਵੱਲ ਰਹਿਮ ਦੀਆਂ ਨਜ਼ਰਾਂ ਨਾਲ ਦੇਖਦਾ ਹੋਇਆ ਭਾਰੀ ਕਦਮ ਭਰਦਾ ਪੌੜੀਆਂ ਉਤਰ ਗਿਆ।

ਗੁੱਸੇ ਵਿਚ ਮੈਂ ਉਹ ਸਭ ਕੁਝ ਆਖ ਦਿੱਤਾ ਸੀ ਜੋ ਮੈਂ ਕਦੇ ਸੋਚਿਆ ਵੀ ਨਹੀਂ ਸੀ।

ਮੈਂ ਉਸ ਦੇ ਕਦਮਾਂ ਦੀ ਚਾਪ ਸੁਣਦੀ ਰਹੀ। ਪਰ ਥੋੜ੍ਹੀ ਦੇਰ ਪਿਛੋਂ ਮੈਂ ਦੇਖਿਆ ਉਹ ਅੱਧੀਆਂ ਪੌੜੀਆਂ ਉਤਰ ਕੇ ਉਥੇ ਹੀ ਖੜ੍ਹਾ ਸੀ। ਹਿੰਮਤ ਕਰਕੇ ਉਹ ਫਿਰ ਉਪਰ ਆਇਆ ਤੇ ਮੈਨੂੰ ਨਾਲ ਚਲਣ ਲਈ ਮਿੰਨਤਾਂ ਕਰਨ ਲਗਾ। ਆਖਿਰ ਵਿਚ ਉਸ ਨੇ ਆਪਣੀ ਪੱਗ ਮੇਰੇ ਪੈਰਾਂ ਵਿਚ ਰਖ ਦਿੱਤੀ ਤੇ ਭਰੀ ਹੋਈ ਆਵਾਜ਼ ਵਿਚ ਬੋਲਿਆ, "ਮੇਰੀ ਇੱਜ਼ਤ ... ਮੇਰਾ ਮਾਣ ... ਮੇਰਾ ਗ਼ਰੂਰ ਸਭ ਜਾਂਦਾ ਰਿਹਾ ਅੱਜ।"

ਮੈਂ ਸੋਚਾਂ ਵਿਚ ਪੈ ਗਈ। ਇਸੇ ਦੁਬਿਧਾ ਵਿਚ ਮੈਂ ਕੋਈ ਫ਼ੈਸਲਾ ਨਾ ਕਰ ਸਕੀ। ਆਖ਼ਿਰ ਮੈਂ ਪੁਛਿਆ, "ਕਿਹੜੇ ਹਸਪਤਾਲ ਵਿਚ ਹੈ ਉਹ?"

"ਗੰਗਾਰਾਮ ਹਸਪਤਾਲ, ਕਮਰਾ ਨੰਬਰ ਪੰਜ, ਪ੍ਰਾਈਵੇਟ ਵਾਰਡ, ਬੀ-ਸੈਕਸ਼ਨ।"

"ਤੁਸੀਂ ਚੱਲੋ। ਮੈਂ ਪਹੁੰਚ ਜਾਵਾਂਗੀ।"

ਮੇਰੀ ਗੱਲ ਦਾ ਉਸ ਨੂੰ ਯਕੀਨ ਨਾ ਆਇਆ। ਉਹ ਮੇਰੇ ਬਗ਼ੈਰ ਜਾਣਾ ਨਹੀਂ ਸੀ ਚਾਹੁੰਦਾ।

"ਮੈਂ ਫਿਰ ਆਖਿਆ, "ਤੁਸੀਂ ਚੱਲੋਂ। ਮੈਂ ਉਥੇ ਪਹੁੰਚ ਜਾਵਾਂਗੀ।"

ਉਸ ਨੇ ਆਪਣਾ ਹੱਥ ਮੇਰੇ ਸਿਰ ਉਤੇ ਰਖ ਕੇ ਆਖਿਆ, "ਮੈਨੂੰ ਖ਼ੁਸ਼ੀ ਹੈ, ਤੂੰ ਮੇਰੀ ਇੱਜ਼ਤ ਰਖ ਲਈ।"

ਉਸ ਦੇ ਜਾਣ ਪਿਛੋਂ ਮੈਂ ਆਪਣੇ ਪੈਕ ਕੀਤੇ ਹੋਏ ਸਾਮਾਨ ਵੱਲ ਦੇਖਿਆ। ਸੂਟਕੇਸ ਖੋਲ੍ਹ ਕੇ ਸਫ਼ੇਦ ਸਲਵਾਰ ਕਮੀਜ਼ ਤੇ ਦੁਪੱਟਾ ਕਢਿਆ ਤੇ ਸ਼ੀਸ਼ੇ ਸਾਹਮਣੇ ਖੜ੍ਹੋ ਕੇ ਆਪਣੇ ਆਪ ਨੂੰ ਦੇਖਿਆ। ਅਜੀਬ ਜਿਹੀ ਖ਼ੁਸ਼ੀ ਮੇਰੇ ਚਿਹਰੇ ਉਤੇ ਝਿਲਮਿਲਾ ਰਹੀ ਸੀ। ਇਹ ਝਿਮਿਲਾਹਟ ਬਾਬੀ ਨੂੰ ਮਿਲਣ ਦੀ ਸੀ ਜਾਂ ਉਸ ਦੇ ਬਾਪ ਨੂੰ ਨੀਚਾ ਦਿਖਾਉਣ ਦੀ।

* * *

ਮੈਂ ਹਸਪਤਾਲ ਪਹੁੰਚੀ ਤੇ ਦੇਖਿਆ ਕਿ ਬਾਬੀ ਦਾ ਬਾਪ ਉਸ ਦੇ ਸਿਰਹਾਣੇ ਬੈਠਾ ਉਸ ਦੇ ਸਿਰ ਉਤੇ ਹੱਥ ਫੇਰ ਰਿਹਾ ਸੀ।

ਮੈਂ ਦਾਖ਼ਿਲ ਹੋਈ ਤਾਂ ਉਸ ਦੇ ਚਿਹਰੇ ਉਤੇ ਮੁਸਕ੍ਰਾਹਟ ਦੌੜ ਗਈ। ਉਹ ਉਠਿਆ ਤੇ ਬਾਹਰ ਚਲਾ ਗਿਆ।

ਬਾਬੀ ਦੀਆਂ ਅੱਖਾਂ ਬੰਦ ਸਨ ਤੇ ਉਹ ਨੀਮ ਬੇਹੋਸ਼ੀ ਵਿਚ ਲੰਮੇ ਲੰਮੇ ਸਾਹ ਲੈ ਰਿਹਾ ਸੀ। ਮੈਨੂੰ ਤਰਸ ਆਇਆ। ਉਸ ਨੂੰ ਦੇਖ ਕੇ ਮੇਰਾ ਮਨ ਭਰ ਆਇਆ।

ਮੈਂ ਆਪਣਾ ਹੱਥ ਉਸ ਦੇ ਮੱਥੇ ਉਤੇ ਰਖਿਆ ਤੇ ਹੌਲੀ ਹੌਲੀ ਉਸ ਦੇ ਸਿਰ ਉਤੇ ਹੱਥ ਫੇਰਨ ਲਗੀ।

ਬਾਬੀ ਦੀਆਂ ਅੱਖਾਂ ਖੁਲ੍ਹੀਆਂ। ਉਸ ਨੇ ਮੇਰੇ ਵੱਲ ਦੇਖਿਆ ਤੇ ਆਪਣੇ ਕਮਜ਼ੋਰ ਹੱਥ ਨਾਲ ਮੇਰਾ ਹੱਥ ਫੜ ਲਿਆ। ਉਹ ਭਿੱਜੀ ਆਵਾਜ਼ ਵਿਚ ਬੋਲਿਆ, "ਸ਼ਾਲੂ ... ਤੂੰ ਆ ਗਈ? ... ਹੁਣ ਤਾਂ ਨਹੀਂ ਜਾਵੇਂਗੀ ਮੈਨੂੰ ਛਡ ਕੇ?" ਉਸ ਨੇ ਮੇਰਾ ਹੱਥ ਘੁੱਟ ਕੇ ਫੜ ਲਿਆ। ਮੇਰੀਆਂ ਅੱਖਾਂ ਭਰ ਆਈਆਂ।

"ਨਹੀਂ ਬਾਬੀ, ਮੈਂ ਕਿਤੇ ਨਹੀਂ ਜਾਵਾਂਗੀ ... ਤੂੰ ਠੀਕ ਹੋ ਜਾਹ।"

# 12

**ਬਾਬੀ** ਦਾ ਲੰਗੋਟੀਆ ਯਾਰ ਰਾਕੇਸ਼ ਨਿਊਯਾਰਕ ਤੋਂ ਆਇਆਂ ਤਾਂ ਦਿੱਲੀ ਵਿਚ ਪਲੇਗ ਫੈਲੀ ਹੋਈ ਸੀ। ਲੋਕ ਇੰਡੀਆਂ ਤੋਂ ਦੌੜ ਕੇ ਵਲੈਤ ਤੇ ਅਮਰੀਕਾ ਜਾ ਰਹੇ ਸਨ। ਚੂਹਿਆਂ ਨੇ ਦਹਿਸ਼ਤ ਫੈਲਾ ਰੱਖੀ ਸੀ। ਜਦ ਮੇਰੇ ਘਰ ਦੇ ਪਿਛਵਾੜੇ ਕੂੜੇਦਾਨ ਵਿਚ ਦੋ ਮਰੇ ਹੋਏ ਚੂਹੇ ਦੇਖੇ ਗਏ ਤਾਂ ਡਰ ਦੇ ਮਾਰੇ ਖੂੰਜੇ ਵਾਲੇ ਸਰਦਾਰ ਜੀ ਨੇ ਆਪਣੇ ਢਾਬੇ ਨੂੰ ਜੰਦਰਾ ਮਾਰ ਦਿੱਤਾ। ਬੁੱਢੀ ਹਲਵਾਇਣ ਨੇ ਜਲੇਬੀਆਂ ਸਮੇਟ ਲਈਆਂ ਤੇ ਵੱਡੇ ਥਾਲ ਨੂੰ ਦੁਕਾਨ ਅੰਦਰ ਲੁਕਾ ਲਿਆ। ਮੋਚੀ, ਧੋਬੀ ਤੇ ਨਾਈ - ਸਭਨਾਂ ਨੇ ਆਪਣੇ ਆਪਣੇ ਅੱਡੇ ਸਮੇਟ ਲਏ। ਸਾਰੇ ਸ਼ਹਿਰ ਵਿਚ ਮਾਤਮ ਛਾਇਆ ਹੋਇਆ ਸੀ। ਦੂਰ ਨਾਅਰੇ ਗੂੰਜ ਰਹੇ ਸਨ - "ਸਫਾਈ ਦਾ ਹਫ਼ਤਾ!"

"ਦਿੱਲੀ ਨੂੰ ਸਫ਼ਾਈ ਚਾਹੀਦੀ ਹੈ।"

"ਹਰ ਸ਼ਹਿਰੀ ਦਾ ਫ਼ਰਜ਼ ਹੈ ਕਿ ਉਹ ਦਿੱਲੀ ਨੂੰ ਸਿਰਫ਼ ਕੁਰੱਪਸ਼ਨ ਤੋਂ ਹੀ ਨਹੀਂ ਸਗੋਂ ਚੂਹਿਆਂ ਤੋਂ ਵੀ ਬਚਾਵੇ।"

"ਜਾਨ ਦਾ ਦੁਸ਼ਮਣ।"

"ਪਰ ਤੁਹਾਨੂੰ ਡਰ ਕੇ ਦੌੜ ਨਹੀਂ ਜਾਣਾ ਚਾਹੀਦਾ। ਡਟ ਕੇ ਮੁਕਾਬਲਾ ਕਰੋ ਇਸ ਆਫ਼ਤ ਦਾ। ਪਲੇਗ ਦਾ।"

ਸਿਆਸੀ ਪਾਰਟੀਆਂ ਨੇ ਇਸ ਮੌਕੇ ਦਾ ਫ਼ਾਇਦਾ ਉਠਾ ਕੇ ਆਪਣਾ ਝੰਡਾ ਲਹਿਰਾਇਆ ਤੇ ਚੂਹਿਆਂ ਦੇ ਖ਼ਿਲਾਫ਼ ਧੂੰਆਂ-ਧਾਰ ਭਾਸ਼ਣ ਦੇਣ ਲੱਗੇ। ਗਲਾ ਪਾੜ ਕੇ ਆਖ ਰਹੇ ਸਨ ਕਿ ਦਿੱਲੀ ਵਿਚ ਗੰਦਗੀ ਦਾ ਨਾਮੋਨਿਸ਼ਾਨ ਮਿਟਾ ਦੇਣਾ ਚਾਹੀਦਾ ਹੈ। ਦੋਹਾਂ ਪਾਰਟੀਆਂ ਦੇ ਲੀਡਰ ਹੱਥਾਂ ਵਿਚ ਝਾੜੂ ਫੜੀ ਨਾਲੀਆਂ ਸਾਫ਼ ਕਰ ਰਹੇ ਸਨ। ਪ੍ਰੈਸ ਫੋਟੋਗ੍ਰਾਫ਼ਰ ਫੋਟੋ ਖਿੱਚ ਰਹੇ ਸਨ। ਟੈਲੀਵੀਜ਼ਨ ਵਾਲੇ ਕੈਮਰੇ ਗੱਡੀ ਨੇਤਾਵਾਂ ਦੇ ਸ਼ਾਟ ਲੈ ਰਹੇ ਸਨ। ਇਹੋ ਸ਼ੁਭ ਅਵਸਰ ਸੀ ਸਿਆਸੀ ਚਾਲ ਦਾ। ਤੇ ਦਿੱਲੀ ਨਾਲ ਮੋਹ ਜਿਤਾਉਣ ਦਾ ਜਿਹੜੀ ਵਿਚਾਰੀ ਸੱਤ ਵਾਰ ਲੁੱਟੀ ਗਈ ਤੇ ਸੱਤ ਵਾਰ ਆਬਾਦ ਹੋਈ। ਕਾਸ਼! ਇਹ ਦਿੱਲੀ ਦੀ ਬਜਾਏ ਬਿੱਲੀ ਹੁੰਦੀ ਤਾਂ ਚੂਹੇ ਨਾ ਹੁੰਦੇ।

ਪਰ ਇਥੇ ਚੂਹਿਆਂ ਨੂੰ ਗਣੇਸ਼ ਜੀ ਦੀ ਸਵਾਰੀ ਮੰਨ ਕੇ ਦੁੱਧ ਪਿਲਾਇਆ ਜਾ ਰਿਹਾ ਸੀ। ਹਜ਼ਾਰਾਂ ਮਣ ਦੁੱਧ ਨਾਲੀਆਂ ਵਿਚ ਵਹਿ ਗਿਆ। ਸਵਾਮੀ ਤੇ ਸੰਤ ਢੋਲ ਕੁੱਟ ਰਹੇ ਸਨ। ਘੰਟੇ ਤੇ ਘੜਿਆਲ ਵਜ ਰਹੇ ਸਨ। ਹਰ ਪਾਸੇ ਅਫ਼ਰਾ-ਤਫ਼ਰੀ, ਸ਼ੋਰ-ਸ਼ਰਾਬਾ ਤੇ ਭਾਸ਼ਣ ...

ਰਾਕੇਸ਼ ਦਾ ਦਿਲ ਬੈਠ ਗਿਆ। ਇਹ ਸੀ ਭਾਰਤ ਵਰਸ਼ ... ਇੰਡੀਆ ... ਜਿਥੇ ਉਹ ਰਹਿਣ ਲਈ ਆਉਂਦਾ ਸੀ ਬਾਬੀ ਕੋਲ। ਡਿਸਕੋ ਡਾਂਸ ...ਮੱਕੀ ਦੀ ਰੋਟੀ ਤੇ ਸਰ੍ਹੋਂ ਦਾ ਸਾਗ .... ਤੰਦੂਰੀ ਚਿਕਨ .... ਤੇ ਤੜਕੀ ਹੋਈ ਮਾਂਹ ਦੀ ਦਾਲ...

ਹਵਾਈ ਅੱਡੇ 'ਤੇ ਉਤਰਦਿਆਂ ਹੀ ਉਸ ਦਾ ਮੂਡ ਵਿਗੜ ਗਿਆ। ਆਪਣੇ ਆਪ ਨੂੰ ਲਾਹਨਤਾਂ ਪਾਈਆਂ ਕਿ ਕਿਉਂ ਆਇਆ ਸੀ ਨਿਊਯਾਰਕ ਛੱਡ ਕੇ। ਉਸ ਨੂੰ ਹਵਾਈ ਰਸਤੇ ਵਿਚ ਹੀ ਪਤਾ ਲੱਗ ਗਿਆ ਸੀ ਕਿ ਦਿੱਲੀ ਵਿਚ ਪਲੇਗ ਫ਼ੈਲ ਗਈ। ਉਹ ਚਾਹੁੰਦਾ ਸੀ ਕਿ ਹਵਾਈ ਜਹਾਜ਼ ਆਸਮਾਨ ਵਿਚ ਹੀ ਕਿਧਰੇ ਹੋਰ ਪਾਸੇ ਰੁਖ਼ ਬਦਲ ਲਵੇ। ਦੂਗਣਾ ਚੌਗੁਣਾ ਕਿਰਾਇਆ ਭਰਨ ਲਈ ਤਿਆਰ ਸੀ। ਮੁੜ ਨਿਊਯਾਰਕ ਪਹੁੰਚਣਾ ਚਾਹੁੰਦਾ ਸੀ ਉਹ। ਪਰ ਜਹਾਜ਼ ਛੇ ਸੌ ਮੀਲ ਘੰਟੇ ਦੀ ਰਫ਼ਤਾਰ ਨਾਲ ਆਸਮਾਨ ਵਿਚ ਉੱਡ ਰਿਹਾ ਸੀ। ਇੰਦਰਾ ਗਾਂਧੀ ਏਅਰਪੋਰਟ ਵੱਲ।

ਬਾਬੀ ਰਾਕੇਸ਼ ਦੇ ਆਉਣ ਤੇ ਖ਼ੁਸ਼ ਸੀ। ਚਾਚੇ ਦਾ ਪੁੱਤ ਭਰਾ ਹੋਣ ਦੇ ਨਾਤੇ ਬਚਪਨ ਤੋਂ ਹੀ ਦੋਵੇਂ ਇਕੱਠੇ ਖੇਡਦੇ ਵੱਡੇ ਹੋਏ ਸਨ। ਬਾਅਦ ਵਿਚ ਰਾਕੇਸ਼ ਨਿਊਯਾਰਕ ਵਿਚ ਸੈਟਲ ਹੋ ਗਿਆ। ਪਰ ਦੋਸਤੀ ਵਿਚ ਕੋਈ ਫ਼ਰਕ ਨਹੀਂ ਸੀ ਪਿਆ।

ਇਕ ਦਿਨ ਅਸੀਂ ਤਿੰਨੇ ਜਣੇ ਤਾਜ ਹੋਟਲ ਵਿਚ ਫੈਸ਼ਨ ਸ਼ੋਅ ਦੇਖਣ ਗਏ। ਝਿਲਮਿਲਾਉਂਦੀ ਦੁਨੀਆਂ -...... ਫ਼ੈਸ਼ਨੇਬਲ ਔਰਤਾਂ ਤੇ ਨੌਜੁਆਨ ਲੜਕੀਆਂ ... ਕੀਮਤੀ ਜੀਨਜ਼ ਪਾਈ ਤੇ ਪਰਫਿਊਮਜ਼ ਲਗਾਈ ... ਟਾਈ ਸੂਟ ਪਹਿਨੀਂ ਮਰਦ ... ਸਭ ਮਾਡਲਾਂ ਦੀ ਲਹਿਰਾਉਂਦੀ ਤੇ ਝੂਮਦੀ ਚਾਲ ਤੇ ਸਰਸਰਾਉਂਦੇ ਰੇਸ਼ਮੀ ਕਾਸਟਿਊਮਜ਼ ਨੂੰ ਦੇਖਣ ਲਈ ਬੇਤਾਬ ਸਨ। ਬੈਕਗ੍ਰਾਊਂਡ ਮਿਊਜ਼ਿਕ ਗਰਜ ਰਿਹਾ ਸੀ। ਚਹਿਲ-ਪਹਿਲ, ਚਮਕ-ਦਮਕ ਤੇ ਰੌਸ਼ਨੀਆਂ ਵਿਚ ਫ਼ਿਜ਼ਾ ਦੀ ਅਦਭੁਤ ਮਹਿਕ ਨਾਲ ਲੋਕ ਝੂਮ ਰਹੇ ਸਨ।

ਬਾਰ-ਬਾਰ ਅਨਾਊਂਸਰ ਮੋਟੀ ਕਰਾਰੀ ਆਵਾਜ਼ ਵਿਚ ਆਖ ਰਿਹਾ ਸੀ, "ਹਾਜ਼ਰੀਨ, ਬਸ ਥੋੜ੍ਹਾ ਜਿਹਾ ਸਬਰ ਹੋਰ ... ਦਸ ਮਿੰਟ ਵਿਚ ਸ਼ੋਅ ਸ਼ੁਰੂ ਹੋਣ ਵਾਲਾ ਹੈ ... ਦੇਰੀ ਲਈ ਮੁਆਫ਼ੀ ਚਾਹੁੰਦੇ ਹਾਂ....।"

ਅਨਾਊਂਸਰ ਨੇ ਕਈ ਵਾਰ ਮੁਆਫ਼ੀ ਮੰਗੀ ਤੇ ਹਰ ਵਾਰ ਦਸ ਮਿੰਟ ਲੇਟ ਹੋਣ ਦਾ ਵਾਸਤਾ ਦੇ ਕੇ ਲੋਕਾਂ ਨੂੰ ਬੰਨ੍ਹੀਂ ਰੱਖਿਆ।

ਰਾਤ ਦੇ ਗਿਆਰਾਂ ਵਜੇ ਮਿਊਜ਼ਿਕ ਗਰਜਣ ਲੱਗਿਆ ਤੇ ਸਾਡੇ ਦਿਲ ਧੜਕਣ ਲੱਗੇ।

ਇਸ ਫੈਸ਼ਨ ਸ਼ੋਅ ਦਾ ਚੀਫ਼ ਗੈਸਟ ਫ਼ਿਲਮ ਸਟਾਰ ਅਨੂਪਮ ਖੇਰ ਸੀ।

ਲੋਕ ਮਸਤੀ ਵਿਚ ਝੂਮਦੇ ਹੋਏ ਬਾਹਰਲੀ ਦੁਨੀਆਂ ਨੂੰ ਭੁੱਲ ਗਏ। ਦਿੱਲੀ

ਵਿਚ ਫੈਲੀ ਹੋਈ ਪਲੇਗ ਕਿਸੇ ਨੂੰ ਯਾਦ ਨਾ ਰਹੀ। ਸਭ ਤਾੜੀਆਂ ਵਜਾ ਰਹੇ ਸਨ ਤੇ ਫੈਸ਼ਨ ਮਾਡਲਾਂ ਵੱਲ ਫਲਾਈਂਗ ਕਿਸਜ਼ ਸੁਟ ਰਹੇ ਸਨ। ਹੰਗਾਮਾ ਮੱਚਿਆ ਹੋਇਆ ਸੀ ਹੁਸਨ ਦਾ।

ਮਾਡਲਜ਼ ਮੋਢਿਆਂ ਨੂੰ ਮਟਕਾਉਂਦੀਆਂ, ਝਟਕਦੀਆਂ ਤੇ ਲਹਿਰਾਉਂਦੀਆਂ, ਤੇਜ਼ ਚਾਲ ਚਲ ਰਹੀਆਂ ਸਨ। ਅਦਾਵਾਂ ਵਿਚ ਸ਼ੋਖੀ, ਅੱਖਾਂ ਵਿਚ ਮਤਾਬੀ ਤੇ ਚਾਲ ਵਿਚ ਮਸਤੀ।

ਅਚਾਨਕ ਇਕ ਮੋਟਾ ਪਲਿਆ ਹੋਇਆ ਚੂਹਾ ਸੁਰਖ਼ ਪਰਦੇ ਦੇ ਪਿਛੋਂ ਨਿਕਲਿਆ ਤੇ ਕੈਟ ਵਾਕ ਕਰਦੀਆਂ ਹੋਈਆਂ ਮਾਡਲਜ਼ ਵਿਚਾਲੇ ਦੌੜਨ ਲੱਗਾ। ਗੋਲ ਲਾਲ ਅੱਖਾਂ, ਭੂਰਾ ਮਖ਼ਮਲੀ ਆਕਾਰ ਤੇ ਲੰਮੀ ਪੂਛ। ਉਸ ਨੂੰ ਦੇਖਦਿਆਂ ਹੀ ਲੋਕ ਚੀਕ ਉੱਠੇ, "ਉਏ ਬੱਚ ਜਾਓ। ਪਲੇਗ ਦਾ ਚੂਹਾ ਜੇ।"

ਮਾਡਲ ਗਰਲਜ਼ ਨੇ ਚੀਕਾਂ ਮਾਰਦਿਆਂ ਸਟੇਜ ਤੋਂ ਹੇਠਾਂ ਛਾਲਾਂ ਮਾਰ ਦਿੱਤੀਆਂ। ਲੋਕਾਂ ਵਿਚ ਭਾਜੜ ਮੱਚ ਗਈ। ਕੁਰਸੀਆਂ ਮੂਧੀਆਂ ਹੋ ਗਈਆਂ।

ਚੂਹਾ ਦੌੜਦਾ ਹੋਇਆ ਫਿਰ ਮੁੜਿਆ ਤੇ ਉਲਟੇ ਪਾਸੇ ਦੌੜਨ ਲੱਗਾ।

ਏਨੇ ਵਿਚ ਅਨੂਪਮ ਖੇਰ ਪਰਦਾ ਹਟਾ ਕੇ ਨਿਕਲਿਆ ਤੇ ਉਸ ਨੇ ਦੌੜ ਕੇ ਇਸ ਭੂੱਚਰ ਚੂਹੇ ਨੂੰ ਫੜ ਲਿਆ ਤੇ ਆਪਣੇ ਸੀਨੇ ਨਾਲ ਲਾ ਕੇ ਲੋਕਾਂ ਨੂੰ ਆਖਣ ਲੱਖਾ, "ਠਹਿਰੋ! ਠਹਿਰੋ! ਦੌੜੋ ਨਾ! ਇਹ ਤਾਂ ਮੇਰਾ ਪਾਲਤੂ ਚੂਹਾ ਹੈ।" ਇਹ ਆਖ ਕੇ ਉਸ ਨੇ ਚੂਹੇ ਦੀ ਥੂਥਨੀ ਨੂੰ ਚੁੰਮਿਆਂ ਤੇ ਪਿਆਰ ਕਰਨ ਲੱਗਾ।

ਦੌੜਦੇ ਹੋਏ ਲੋਕ ਰੁਕ ਗਏ ਤੇ ਮੁੜ ਕੇ ਦੇਖਣ ਲੱਗੇ।

ਅਨੂਪਮ ਖੇਰ ਬੋਲਿਆ, "ਹਜ਼ਰਾਤ, ਇਹ ਚੂਹਾ ਪਲੇਗ ਦਾ ਪੈਗ਼ਾਮ ਨਹੀਂ ਲਿਆਇਆ, ਖ਼ੁਸ਼ੀ ਦਾ ਸੱਦਾ ਲੈ ਕੇ ਆਇਆ ਹੈ। ਇਹ ਜਾਪਾਨੀ ਇਲੈਕਟ੍ਰਾਨਿਕ ਚੂਹਾ ਹੈ। ਇਹ ਰਿਮੋਟ ਕੰਟਰੋਲ ਨਾਲ ਦੌੜਦਾ ਤੇ ਰੁਕਦਾ ਹੈ।

ਸਾਰੇ ਲੋਕ ਹੱਸਣ ਲੱਗੇ। ਸੰਭਲਦੇ ਹੋਏ ਸਾਰੇ ਆਪਣੀ ਆਪਣੀ ਥਾਂ ਤੇ ਬੈਠ ਗਏ। ਬੈਕ ਗਰਾਉਂਡ ਮਿਊਜ਼ਿਕ ਫਿਰ ਗਰਜਣ ਲੱਗਾ। ਤੇ ਫੈਸ਼ਨ ਮਾਡਲਜ਼ ਉਸੇ ਤਰ੍ਹਾਂ ਮੁਸਕਰਾਉਂਦੀਆਂ ਤੇ ਕੂਲ੍ਹੇ ਮਟਕਾਉਂਦੀਆਂ ਕੈਟ-ਵਾਕ ਕਰਨ ਲੱਗੀਆਂ।

ਇਹ ਸ਼ੋਅ ਰਾਤ ਦੇ ਸਾਢੇ ਬਾਰਾਂ ਵਜੇ ਤੀਕ ਚਲਦਾ ਰਿਹਾ।

ਇਸ ਪਿਛੋਂ ਅਸੀਂ ਤਿੰਨੇ ਜਣੇ ਬਾਹਰ ਆ ਗਏ। ਰਾਕੇਸ਼ ਬਹੁਤ ਖ਼ੁਸ਼ ਸੀ ਕਿਉਂਕਿ ਏਦਾਂ ਦਾ ਫੈਸ਼ਨ ਸ਼ੋਅ ਤਾਂ ਨਿਊਯਾਰਕ ਵਿਚ ਤਿੰਨ ਸੌ ਡਾਲਰ ਤੋਂ ਘੱਟ ਨਹੀਂ ਸੀ।

ਅਸੀਂ ਕਾਰ ਵਿਚ ਬੈਠੇ ਤੇ ਪਿਛਲੇ ਵੱਡੇ ਗੇਟ ਵਿਚੋਂ ਦੀ ਬਾਹਰ ਨਿਕਲ ਗਏ।

ਰਾਕੇਸ਼ ਮਰਸਡੀਜ਼ ਚਲਾ ਰਿਹਾ ਸੀ .... ਫੈਸ਼ਨ ਦੀ ਗਲੈਮਰ ਦੁਨੀਆਂ ਤੇ ਮਾਡਲਜ਼ ਦਾ ਹੁਸੀਨ ਨਜ਼ਾਰਾ ਦੇਖ ਕੇ ਬਾਹਰ ਨਿਕਲੇ ਤਾਂ ਹੋਟਲ ਦੀ ਢਲਾਨ ਵਾਲੇ ਖੁੱਲ੍ਹੇ ਗੇਟ ਉੱਤੇ ਮੰਗਤਾ ਬੈਠਾ ਕੰਬ ਰਿਹਾ ਸੀ। ਉਸ ਨੇ ਮਿੰਨਤ ਨਾਲ ਠੂਠਾ ਅੱਗੇ ਕੀਤਾ।

"ਐ ਸੇਠ, ਰੱਬ ਤੇਰਾ ਭਲਾ ਕਰੇ, ਸਵੇਰ ਦੀ ਰੋਟੀ ਨਹੀਂ ਖਾਧੀ। ਗਰੀਬ ਉੱਤੇ ਤਰਸ ਕਰੋ ਸਾਹਬ!"

ਉਸ ਦੀ ਆਵਾਜ਼ ਵਿਚ ਰਹਿਮ ਦੀ ਜਾਚਨਾ ਸੀ ਤੇ ਬੇਵਸੀ ਤੇ ਭੁੱਖੇ ਢਿੱਡ ਤੋਂ ਨਿਕਲੀਆਂ ਦੁਆਵਾਂ।

ਰਾਕੇਸ਼ ਨੂੰ ਤਰਸ ਆਇਆ। ਉਸ ਨੇ ਗੱਡੀ ਰੋਕੀ, ਸ਼ੀਸ਼ਾ ਹੇਠਾਂ ਰੋਲ ਕੀਤਾ ਤੇ ਇਕ ਰੁਪਈਆਂ ਕੱਢ ਕੇ ਉਸ ਦੇ ਠੂਠੇ ਵਿਚ ਸੁੱਟ ਦਿੱਤਾ। ਰੁਪੱਈਆ ਟੱਨ ਕਰ ਕੇ ਡਿਗਿਆ। ਮੰਗਤੇ ਨੇ ਰੁਪੱਈਆ ਚੁੱਕਿਆ। ਉਸ ਨੂੰ ਉਛਾਲ ਕੇ ਪਰਖਿਆ ਤੇ ਗੁੱਸੇ ਵਿਚ ਬੋਲਿਆ, "ਓ ਸੇਠ! ਕੀ ਦੇ ਰਿਹਾ ਹੈਂ? ਇਕ ਰੁਪੱਈਆ? ਝੁੰਗੇ ਰੱਖ ਇਸ ਨੂੰ। ਮਾਂ 'ਤੇ ਖੱਫਣ ਪਾ ਲਈਂ ਇਹਦਾ।"

ਰਾਕੇਸ਼ ਘੂਰ ਕੇ ਬੋਲਿਆ, "ਕੀ ਬਕ ਰਿਹਾ ਹੈਂ? ਥੋੜ੍ਹਾ ਇਕ ਰੁਪੱਈਆ ਤੇਰੇ ਲਈ?"

ਮੰਗਤਾ ਗਰਜਿਆ, "ਚਲ ਚਲ! ਵੱਡਾ ਸੇਠ ਆਇਆ ਐ। ਜਹਾਜ਼ ਜਿੱਡੀ ਗੱਡੀ ਐ ਤੇ ਦਿਲ ਚਿੜੀ ਜਿੰਨਾ। ਚੁੱਕ ਲੈ ਆਪਣਾ ਖੋਟਾ ਰੁਪੱਈਆ, ਕੰਮ ਆਊਗਾ ਤੇਰੇ। ਪਤਾ ਹੈ ਕੀ ਭਾਅ ਹੈ ਸਾਡਾ? ਇਕ ਗਾਲ੍ਹ ਦੇ ਵੀ ਦਸ ਰੁਪਈਏ ਖਰੇ ਕਰ ਲਈਦੇ ਨੇ। ਵਲਾਇਤੀ ਮੇਮ ਤਾਂ ਐਵੇਂ ਪੰਜ ਡਾਲਰ ਸੁੱਟ ਜਾਂਦੀ ਹੈ ਸਾਡੀ ਝੋਲੀ ਵਿਚ ਤੇ ਤੂੰ ਆਇਐਂ ਵੱਡਾ ਦਾਨੀ ...ਕਰਣ ਦਾਨੀ।" ਇਹ ਆਖ ਕੇ ਉਸ ਨੇ ਰੁਪੱਈਏ ਨੂੰ ਦੰਦਾਂ ਵਿਚ ਫੜਿਆ ਤੇ ਦੌੜ ਗਿਆ।

ਰਾਕੇਸ਼ ਨੇ ਆਖਿਆ, "ਹਰਾਮਜ਼ਾਦਾ, ਬਦਮਾਸ਼ ਸੀ ਸਾਲਾ ਮੰਗਤਾ! ਚੋਰ ਕਿਤੋਂ ਦਾ!"

ਬਾਬੀ ਬੋਲਿਆ, "ਰਾਕੇਸ਼, ਤੂੰ ਹੋਟਲ ਦੇ ਦਰਬਾਨ ਨੂੰ ਤਾਂ ਵੀਹ ਰੁਪੱਏ ਟਿੱਪ ਦੇ ਦਿੱਤਾ ਤੇ ਇਸ ਵਿਚਾਰੇ ਮੰਗਤੇ ਨੂੰ ਸਿਰਫ਼ ਇਕ ਰੁਪਿਆ।"

ਅਸੀਂ ਤਿੰਨੇ ਹੱਸਣ ਲੱਗੇ।

ਇਕ ਦਿਨ ਰਾਕੇਸ਼ ਮੈਨੂੰ ਮਿਲਣ ਆਇਆ ਤਾਂ ਬਾਬੀ ਦੀਆਂ ਗੱਲਾਂ ਕਰਦਾ ਹੋਇਆ ਮੇਰੇ ਨਾਲ ਉਲਝ ਬੈਠਾ। ਉਸ ਨੂੰ ਕੁਝ ਤਾਂ ਰੁਪਏ ਦਾ ਨਸ਼ਾ ਸੀ ਤੇ ਕੁਝ ਨਿਊਯਾਰਕ ਦਾ। ਹਰ ਪਾਰਟੀ ਵਿਚ ਉਹ ਸ਼ੇਖੀਆਂ ਮਾਰਦਾ, "ਮੈਂ ਨਿਊਯਾਰਕ ਰਹਿੰਦਾ ਹਾਂ। ਤੂੰ ਕਦੇ ਅਮਰੀਕਾ ਆਵੇਂ ਤਾਂ ਮੇਰੇ ਕੋਲ ਰਹਿਣਾ। ਤਿੰਨ ਕਮਰਿਆਂ ਦਾ ਫਲੈਟ ਹੈ ਮੇਰੇ ਕੋਲ। ਇਕ ਬੈੱਡਰੂਮ ਬੱਸ ਦੋਸਤਾਂ ਲਈ ਰੱਖਿਆ ਹੈ। ਜ਼ਰੂਰ ਆਉਣਾ ... ਛੋਕਰੀਆਂ ਦੇਖਣੀਆਂ ਹੋਣ ਤਾਂ ਨਿਊਯਾਰਕ

ਵਿਚ ... ਫਾਟੀ ਟੂ ਸਟਰੀਟ ... ਬੱਸ ਹੁਸਨ ਦੀ ਦੁਨੀਆਂ ... ਬਾਬੀ ਹਮੇਸ਼ਾਂ ਮੇਰੇ ਕੋਲ ਠਹਿਰਦਾ ਹੈ..."

ਉਸ ਨੇ ਮੇਰੇ ਵੱਲ ਗਹੁ ਨਾਲ ਦੇਖ ਕੇ ਆਖਿਆ, "ਸ਼ਾਲੂ, ਤੂੰ ਬਾਬੀ ਦੇ ਚੁੰਗਲ ਵਿਚ ਕਿਵੇਂ ਫਸ ਗਈ? ਤੂੰ ਉਸ ਨੂੰ ਬੇਹਦ ਪਿਆਰ ਕਰਦੀ ਹੈਂ, ਪਰ ਤੈਨੂੰ ਪਤਾ ਹੈ ਕਿ ਉਹ ਕਿੱਦਾਂ ਦਾ ਆਦਮੀ ਹੈ? ਝੂਠਾ ਤੇ ਜ਼ਨਾਨੀਬਾਜ਼। ਕੋਈ ਵੀ ਮਿਲ ਜਾਵੇਂ ਉਹਦੇ ਉੱਤੇ ਹੀ ਡੋਰੇ ਸੁੱਟਣੇ ਸ਼ੁਰੂ ਕਰ ਦੇਂਦਾ ਹੈ।"

ਮੈਂ ਹੈਰਾਨੀ ਨਾਲ ਉਸ ਵੱਲ ਦੇਖਿਆ, "ਤੂੰ ਮੈਨੂੰ ਇਹ ਗੱਲਾਂ ਕਿਉਂ ਦੱਸ ਰਿਹਾ ਹੈਂ? ਮੈਂ ਤੇਰੇ ਨਾਲੋਂ ਬੇਹਤਰ ਜਾਣਦੀ ਹਾਂ ਉਸ ਨੂੰ। ਹਰ ਸ਼ਾਮ ਉਹ ਮੇਰੇ ਕੋਲ ਹੁੰਦਾ ਹੈ। ਇਕੱਠੇ ਡਿਸਕੋ ਜਾਂਦੇ ਹਾਂ ਤੇ ਇਕੱਠੇ ਸਿਨੇਮਾ। ਮੈਂ ਜਾਣਦੀ ਹਾਂ ਉਸ ਨੂੰ।"

"ਤੂੰ ਬੇਵਕੂਫ਼ ਹੈਂ ... ਅੰਨ੍ਹੀ। ਹੈਰਾਨ ਹਾਂ ਕਿ ਤੂੰ ਉਸ ਦੀ ਖੇਡ ਕਿਉਂ ਨਹੀਂ ਸਮਝਦੀ? ਮੈਂ ਬਚਪਨ ਤੋਂ ਉਹਦੇ ਨਾਲ ਰਿਹਾ ਹਾਂ। ਉਸ ਦਾ ਚਚੇਰਾ ਭਰਾ ਹਾਂ। ਰਗ-ਰਗ ਸਮਝਦਾ ਹਾਂ ਉਸ ਦੀ। ਅਸੀਂ ਦੋਵੇਂ ਕਈ ਵਾਰ ਇਕੋ ਕੁੜੀ ਨੂੰ ਵੰਡ ਲੈਂਦੇ ਸਾਂ। ਭੁਲ ਜਾਹ ਇਹ ਗੱਲ ਕਿ ਉਹ ਸਿਰਫ਼ ਤੇਰੇ ਨਾਲ ਹੀ ਬੱਝਿਆ ਹੋਇਆ ਹੈ। ਉਹ ਕਦੇ ਇਕ ਦਾ ਬਣ ਕੇ ਰਹਿ ਹੀ ਨਹੀਂ ਸਕਦਾ। ਝੂਠਾ, ਪਾਖੰਡੀ! ਔਰਤਾਂ ਨੂੰ ਉਂਗਲੀਆਂ ਤੇ ਨਚਾਉਣਾ ਆਉਂਦਾ ਹੈ ਉਸ ਨੂੰ। ਮੈਨੂੰ ਤਾਂ ਤੇਰੇ ਉੱਤੇ ਤਰਸ ਆਉਂਦਾ ਹੈ। ਕਿੰਨੀ ਭੋਲੀ ਤੇ ਨਦਾਨ ਹੈ ਤੂੰ। ਇਹ ਗੱਲਾਂ ਮੈਂ ਤੈਨੂੰ ਇਸ ਲਈ ਆਖ ਰਿਹਾ ਹਾਂ ਕਿਉਂਕਿ ਮੇਰੇ ਦਿਲ ਵਿਚ ਹਮਦਰਦੀ ਹੈ ਤੇਰੇ ਲਈ।"

ਮੈਂ ਉਸ ਨੂੰ ਬਾਬੀ ਦੇ ਪਿਆਰ ਦੀਆਂ ਕਈ ਮਿਸਾਲਾਂ ਦਿਤੀਆਂ।

ਰਾਕੇਸ਼ ਹੱਸਿਆ, "ਤੂੰ ਉਸ ਦੀਆਂ ਗੱਲਾਂ ਉੱਤੇ ਯਕੀਨ ਕਰਦੀ ਹੈਂ?"

"ਕਿਉਂ ਨਹੀਂ!"

"ਗੱਲ ਸੁਣ ਸ਼ਾਲੂ! ਮੈਂ ਉਸ ਦੇ ਰਾਜ਼ ਬਹੁਤੇ ਨਹੀਂ ਖੋਲ੍ਹਣੇ ਚਾਹੁੰਦਾ ਤੇਰੇ ਕੋਲ। ਤੂੰ ਮੈਨੂੰ ਉਸ ਦੇ ਨਿਊਯਾਰਕ ਤੋਂ ਲੰਮੇ ਲੰਮੇ ਟੈਲੀਫੋਨਾਂ ਦੀ ਗੱਲ ਸੁਣਾਈ। ਉਸ ਰਾਤ ਮੈਂ ਉਸ ਦੇ ਨਾਲ ਹੀ ਸਾਂ। ਉਹ ਤੈਨੂੰ ਆਖ ਰਿਹਾ ਸੀ ਕਿ ਬਰਫ਼ ਪੈ ਰਹੀ ਹੈ। ਸਰਦੀ ਵਿਚ ਠੁਰ-ਠੁਰ ਕਰਦਾ ਤੈਨੂੰ ਪਬਲਿਕ ਬੂਥ ਤੋਂ ਟੈਲੀਫੋਨ ਕਰ ਰਿਹਾ ਹਾਂ। ਪਰ ਗੱਲ ਏਦਾਂ ਨਹੀਂ ਸੀ। ਉਹ ਤੈਨੂੰ ਬੇਵਕੂਫ਼ ਬਣਾ ਰਿਹਾ ਸੀ। ਸੱਚ ਤਾਂ ਇਹ ਹੈ ਕਿ ਅਸੀਂ ਦੋਵੇਂ ਉਸ ਵੇਲੇ ਇਕ ਖ਼ੂਬਸੂਰਤ ਸੈਕਸੀ ਕੁੜੀ ਨਾਲ ਸਾਂ। ਗਰਮ ਤੇ ਨਰਮ ਬਿਸਤਰ ਵਿਚ ਪਿਆ ਬਾਬੀ ਉਸ ਕੁੜੀ ਨੂੰ ਭੋਗ ਰਿਹਾ ਸੀ। ਇਕ ਹੱਥ ਵਿਚ ਟੈਲੀਫ਼ੋਨ ਸੀ ਤੇ ਦੂਜਾ ਹਥ ਉਸਦੇ ਜਿਸਮ ਉਤੇ।"

ਇਹ ਲਫ਼ਜ਼ ਕਟਾਰ ਵਾਂਗ ਮੇਰੇ ਸੀਨੇ ਵਿਚ ਖੁਭ ਗਏ। ਮੈਂ ਰੋ ਪਈ।

ਸਾਰੀਆਂ ਪੁਰਾਣੀਆਂ ਗੱਲਾਂ ਹੜ੍ਹ ਵਾਂਗ ਮੇਰੇ ਸੀਨੇ ਵਿਚ ਉਮੜ ਪਈਆਂ। ਮੇਰੇ ਹੰਝੂ ਦੇਖ ਕੇ ਰਾਕੇਸ਼ ਨੇ ਮੈਨੂੰ ਦਿਲਾਸਾ ਦਿੱਤਾ। ਬੋਲਿਆ, "ਸ਼ਾਲੂ, ਤੂੰ ਖ਼ੂਬਸੂਰਤ ਹੈਂ ... ਪੂਜਣ ਦੇ ਕਾਬਿਲ ... ਤੇ ਚੁੰਮਣ ਦੇ ਕਾਬਿਲ!"

ਮੇਰੇ ਸਰੀਰ ਵਿਚ ਸਨਸਨੀ ਦੌੜ ਗਈ। ਉਸ ਨੇ ਮੈਨੂੰ ਜ਼ੋਰ ਨਾਲ ਘੁਟਿਆ। ਮੈਂ ਸਹਿਮ ਕੇ ਪਿੱਛੇ ਹਟ ਗਈ। ਮੈਂ ਦੇਖਿਆ ਉਸ ਦੀਆਂ ਅੱਖਾਂ ਵਿਚ ਵਾਸਨਾ ਸੀ। ਉਹ ਮੇਰੇ ਉੱਤੇ ਝਪਟਿਆ ਤੇ ਕੜਕ ਕੇ ਬੋਲਿਆ "ਸਾਲੀਏ, ਪਾਖੰਡ ਕੀ ਕਰਦੀ ਹੈਂ। ਰੋਜ਼ ਬਾਬੀ ਨਾਲ ਸੌਂਦੀ ਹੈਂ, ਅੱਜ ਮੈਨੂੰ ਖ਼ੁਸ਼ ਕਰ ਦੇਹ।" ਤੇ ਉਹ ਮੈਨੂੰ ਵਹਿਸ਼ੀਆਂ ਵਾਂਗ ਚੁੰਮਣ ਲੱਗਾ।

ਮੈਂ ਉਸ ਨੂੰ ਜ਼ੋਰ ਨਾਲ ਧੱਕਾ ਦਿੱਤਾ ਪਰ ਉਸ ਦੀ ਪਕੜ ਹੋਰ ਮਜ਼ਬੂਤ ਹੁੰਦੀ ਗਈ। ਇਸ ਗੁੱਥ-ਮਗੁੱਥੇ ਵਿਚ ਮੇਰੀਆਂ ਚੀਕਾਂ ਨਿਕਲ ਗਈਆਂ।

ਏਨੇ ਵਿਚ ਪਟਾਕ ਕਰਕੇ ਦਰਵਾਜ਼ਾ ਖੁੱਲ੍ਹਿਆ ਤੇ ਬਾਬੀ ਅੰਦਰ ਆ ਗਿਆ। ਉਸ ਨੇ ਰਾਕੇਸ਼ ਨੂੰ ਠੁੱਡਾ ਮਾਰਿਆ ਤੇ ਉਹ ਫ਼ਰਸ਼ ਉੱਤੇ ਜਾ ਡਿੱਗਾ। ਬਾਬੀ ਦੀਆਂ ਅੱਖਾਂ ਵਿਚ ਖ਼ੂਨ ਸੀ। ਉਹ ਬੋਲਿਆ, "ਕੁੱਤਿਆ, ਤੂੰ ਮੈਨੂੰ ਆਪਣਾ ਭਰਾ ਆਖਦਾ ਹੈਂ - ਆਪਣਾ ਦੋਸਤ - ਮੈ ਸਿਖਾਉਂਦਾ ਹਾਂ ਤੈਨੂੰ ਸਬਕ।"

ਦੋਵੇਂ ਗੁੱਥ-ਮਗੁੱਥਾ ਹੋ ਪਏ। ਬਾਬੀ ਨੇ ਉਸ ਨੂੰ ਜ਼ੋਰ ਨਾਲ ਧੱਕਾ ਦਿੱਤਾ ਤੇ ਜੇਬ ਵਿਚੋਂ ਰੀਵਾਲਵਰ ਕੱਢਿਆ ਤੇ ਫ਼ਾਇਰ ਕਰ ਦਿੱਤਾ। ਰਾਕੇਸ਼ ਲੜਖੜਾ ਕੇ ਡਿੱਗ ਪਿਆ। ਗੋਲੀ ਉਸ ਦੀ ਛਾਤੀ ਵਿਚ ਲੱਗੀ ਸੀ।

ਖ਼ੂਨ ਦਾ ਫ਼ਵਾਰਾ ਛੁੱਟਿਆ ਤੇ ਰਾਕੇਸ਼ ਨੇ ਦਮ ਤੋੜ ਦਿੱਤਾ।

ਬਾਬੀ ਸੱਨਾਟੇ ਵਿਚ ਖੜ੍ਹਾ ਰਹਿ ਗਿਆ। ਉਸ ਨੇ ਆਪਣੇ ਆਪ ਨੂੰ ਸੰਭਾਲਿਆ ਤੇ ਮੈਨੂੰ ਚੁੱਪ ਰਹਿਣ ਦਾ ਇਸ਼ਾਰਾ ਕੀਤਾ। ਅੱਗੇ ਵੱਧ ਕੇ ਉਸ ਨੇ ਰੀਵਾਲਵਰ ਚੁੱਕਿਆ ਤੇ ਰਾਕੇਸ਼ ਦੇ ਹੱਥ ਵਿਚ ਫੜਾ ਦਿੱਤਾ।

ਪੁਲਿਸ ਆਈ ਤੇ ਬਾਬੀ ਨੂੰ ਫੜ ਕੇ ਲੈ ਗਈ।

* * *

ਬਾਬੀ ਦੇ ਜੇਲ੍ਹ ਜਾਣ ਪਿਛੋਂ ਮੈ ਬਿਲਕੁਲ ਖ਼ਾਲੀ ਖ਼ਾਲੀ ਮਹਿਸੂਸ ਕਰਨ ਲੱਗੀ। ਮੈ ਉਸ ਦੇ ਤੇਜ਼ ਤੇ ਖ਼ੌਫ਼ਨਾਕ ਕਿਸਮ ਦੇ ਸੁਭਆ ਤੋਂ ਤੰਗ ਆ ਚੁੱਕੀ ਸਾਂ। ਪਰ ਹੁਣ ਇਉਂ ਲੱਗਾ ਜਿਵੇਂ ਸਰਪਟ ਦੌੜਦੀ ਰੇਲ ਗੱਡੀ ਲਾਈਨਾਂ ਬਦਲਦੀ ਖੜਖੜਾਉਂਦੀ ਤੇ ਧਮਧਮਾਉਂਦੀ ਹੋਈ ਯਕਦਮ ਰੁਕ ਜਾਵੇ ਤੇ ਸੱਨਾਟਾ ਛਾ ਜਾਵੇ। ਘੁੱਪ ਹਨੇਰੇ ਵਾਲੀ ਖ਼ਾਮੋਸ਼ੀ।

ਰੋਜ਼ਾਨਾ ਵਾਂਗ ਮੈਂ ਖਾਣਾ ਪਕਾ ਕੇ ਬੈਠ ਗਈ। ਕਿਸੇ ਦਾ ਇੰਤਜ਼ਾਰ ਨਹੀਂ ਸੀ ... ਫਿਰ ਵੀ ਆਦਤ ਸੀ ਕਿ ਕੋਈ ਆ ਜਾਵੇ ... ਕੋਈ ਪੁਰਾਣੀ ਸਹੇਲੀ, ਕੋਈ ਪੁਰਾਣਾ ਦੋਸਤ ਜਾਂ ਬਾਬੀ .... ਪਰ ਉਹ ਤਾਂ ਜੇਲ੍ਹ ਵਿਚ ਸੀ।

ਏਨੇ ਵਿਚ ਪੌੜੀਆਂ ਚੜ੍ਹਨ ਦੀ ਠਪ-ਠਪ ਸੁਣਾਈ ਦਿੱਤੀ। ਇਹ ਭੂਸ਼ਣ

ਸੀ। ਮੈਨੂੰ ਖੁਸ਼ੀ ਹੋਈ। ਦੌੜ ਕੇ ਉਸ ਨੂੰ ਗਲ ਨਾਲ ਲਗਾਇਆ। ਉਸ ਨੇ ਮੇਰੀ ਗੱਲ੍ਹ ਉੱਤੇ ਹਲਕਾ ਜਿਹਾ ਚੁੰਮਣ ਦਿੱਤਾ। ਹਮੇਸ਼ਾਂ ਕਾਇਦਾ ਰਿਹਾ ਸੀ ਉਸ ਦਾ ..... ਹਿਫਾਜ਼ਤ ... ਰੱਖਿਆ ... ਰਾਖੀ ਬੰਧਨ ਦਾ ਰਿਸ਼ਤਾ।

ਝੱਟ ਉਸ ਨੂੰ ਪੁੱਛਿਆ, "ਬਾਬੀ ਦਾ ਕੀ ਹਾਲ ਹੈ?"

ਉਹ ਆਖਣ ਲੱਗਾ, "ਹਿੰਮਤ ਵਾਲਾ ਹੈ ... ਮੇਰਾ ਯਾਰ ਚੁੱਪ ਚੁਪੀਤੇ ਜੇਲ੍ਹ ਕੱਟ ਰਿਹਾ ਹੈ। ਤੈਨੂੰ ਯਾਦ ਕਰਦਾ ਹੈ। ਉਸ ਨੇ ਤਮਾਕੂ ਚੱਬਣਾ ਛੱਡ ਦਿੱਤਾ ਹੈ। ਬੁਲ੍ਹਾਂ ਉੱਤੇ ਪੇਪੜੀ ਜੰਮੀ ਹੋਈ ਸੀ.... ਦਾੜ੍ਹੀ ਦੇ ਵਾਲ ਕੰਡਿਆਂ ਵਾਂਗ ਤਿੱਖੇ ... ਅੱਖਾਂ ਵਿਚ ਉਮੀਦ ਤੇ ਸਬਰ ਦੇ ਘੁੱਟ। ਛੇਤੀ ਹੀ ਆ ਜਾਵੇਗਾ।"

ਮੈਂ ਖਾਮੋਸ਼ ਹੋ ਗਈ।

ਮੈਂ ਬਾਬੀ ਨੂੰ ਇਕੱਲਿਆਂ ਜੇਲ੍ਹ ਵਿਚ ਮਿਲਣ ਨਹੀਂ ਸਾਂ ਜਾਂਦੀ। ਉੱਥੇ ਉਸ ਦੇ ਮਾਪਿਆਂ ਤੇ ਰਿਸ਼ਤੇਦਾਰਾਂ ਦਾ ਜਮਘਟ ਲੱਗਾ ਰਹਿੰਦਾ ਸੀ। ਨਾ ਉਹ ਮੈਨੂੰ ਦੇਖਣ ਦੇ ਇੱਛੁਕ ਸਨ ਤੇ ਨਾ ਹੀ ਮੈਂ ਉਹਨਾਂ ਨੂੰ ਮਿਲਣਾ ਚਾਹੁੰਦੀ ਸਾਂ। ਉਹ ਸੋਚਦੇ ਸਨ ਕਿ ਮੈਂ ਹੀ ਜ਼ਿੰਮੇਵਾਰ ਸਾਂ ਬਾਬੀ ਨੂੰ ਜੇਲ੍ਹ ਭੇਜਣ ਦੀ। ਮੈਂ ਬਦਚਲਨ ਤੇ ਚੰਡਾਲਣੀ ਸਾਂ ਉਹਨਾਂ ਦੀਆਂ ਨਜ਼ਰਾਂ ਵਿਚ। ਮੇਰੀ ਵਜ੍ਹਾ ਕਰਕੇ ਬਾਬੀ ਨੂੰ ਸਜ਼ਾ ਹੋਈ। ਸਾਰੇ ਖਾਨਦਾਨ ਦਾ ਮੂੰਹ ਕਾਲਾ ਹੋ ਗਿਆ ... ਮੈਂ ਖ਼ੁਦ ਉਹਨਾਂ ਤੋਂ ਦੂਰ ਭੱਜਣਾ ਚਾਹੁੰਦੀ ਸਾਂ - ਇਕ ਤਰ੍ਹਾਂ ਦਾ ਖ਼ੂਨੀ ਧੱਬਾ।

ਮੈਂ ਕਿਵੇਂ ਜੁਰਮ ਦੀ ਦੁਨੀਆਂ ਵਿਚ ਉਤਰ ਗਈ·ਸਾਂ। ਖ਼ੌਫ਼ ਆਉਂਦਾ ਸੀ। ਇਹ ਸੋਚ ਕੇ ਕਿ ਮੈਂ ਇਕ ਖ਼ੂਨੀ ਵਿਊਚੱਕਰ ਵਿਚ ਘਿਰੀ ਹੋਈ ਸਾਂ। ਜੇਲ੍ਹ ਦੇ ਵੱਡੇ ਜੰਗੀ ਦਰਵਾਜ਼ੇ ਵਿਚ ਜੜਿਆ ਹੋਇਆ ਇਕ ਨਿੱਕਾ ਦਰਵਾਜ਼ਾ .... ਤੇ ਫਿਰ ਅੰਦਰ ਜਾ ਕੇ ਦਮ ਘੁੱਟਣ ਵਾਲੀ ਬੂ ... ਕੈਦੀਆਂ ਨੂੰ ਮਿਲਣ ਵਾਲਿਆਂ ਦੇ ਨਾਂ ... ਪਤਾ ... ਤੇ ਦਸਤਖ਼ਤ। ਸ਼ਾਇਦ ਕੋਈ ਗੁਪਤ ਕੈਮਰਾ ਹੀ ਫਿਟ ਕਰ ਰੱਖਿਆ ਹੋਵੇ। ਸਭਨਾਂ ਦੀ ਹਰਕਤ ਤੇ ਸ਼ਨਾਖ਼ਤ ਰੱਖਣ ਲਈ। ਮੈਂ ਇਹ ਗੱਲਾਂ ਸੋਚ ਕੇ ਕੰਬ ਜਾਂਦੀ। ਅਕਸਰ ਭੂਸ਼ਣ ਜਾਂਦਾ ਤੇ ਬਾਬੀ ਦੀ ਖ਼ੈਰ ਪੁੱਛ ਆਉਂਦਾ।

ਕਈ ਵਾਰ ਮੈਂ ਮਨ ਵਿਚ ਸੋਚਦੀ ਕਿ ਆਖ਼ਿਰ ਮੈਨੂੰ ਕਿਸ ਤਰ੍ਹਾਂ ਦਾ ਇਨਸਾਨ ਚਾਹੀਦਾ ਹੈ? ਜ਼ਿੰਦਗੀ ਦੀ ਗੱਡੀ ਝਗੜਿਆਂ, ਥੱਪੜਾਂ ਤੇ ਮੁੱਕਿਆਂ ਨਾਲ ਤਾਂ ਨਹੀਂ ਚਲ ਸਕਦੀ। ਇਸ ਵਿਚ ਸ਼ਾਂਤ ਲੈਅ ਚਾਹੀਦੀ ਹੈ ... ਸਬਰ ... ਦਰਿਆ ਦਿਲੀ ... ਇਕ ਦੂਸਰੇ ਦੀ ਪਰਖ ... ਮੈਨੂੰ ਭੂਸ਼ਣ ਦੀ ਮੌਜੂਦਗੀ ਚੰਗੀ ਲਗਦੀ।

ਭੂਸ਼ਣ ਹੱਸ ਕੇ ਬੋਲਿਆ, "ਸ਼ਾਲੂ, ਬਾਬੀ ਅੱਖੜ ਮਿਜ਼ਾਜ ਹੈ, ਪਰ ਹੈ ਦਿਲ ਦਾ ਖ਼ਰਾ। ਮੈਨੂੰ ਉਸ ਦਾ ਸਾਥ ਬਹੁਤ ਚੰਗਾ ਲੱਗਦਾ ਹੈ। ਯਾਰਾਂ ਦਾ ਯਾਰ ਹੈ ਉਹ। ਕਈ ਵਾਰ ਉਹ ਮੈਨੂੰ ਆਖਦਾ, 'ਸਾਲਿਆ, ਮੁਹੱਬਤ ਤੂੰ ਰੋਜ਼ੀ ਨਾਲ

ਕਰਦਾ ਹੈਂ ਪਰ ਅੱਖ ਤੇਰੀ ਸ਼ਾਲੂ 'ਤੇ ਹੈ। ਹਰਾਮਜ਼ਾਦੇ! ਤੇਰੀ ਥਾਂ ਕੋਈ ਹੋਰ ਹੁੰਦਾ ਤਾਂ ਅੱਖਾਂ ਕੱਢ ਸੁੱਟਦਾ ਉਸ ਦੀਆਂ।"

ਅਸੀਂ ਦੋਵੇਂ ਹੱਸਣ ਲੱਗੇ।

ਮੈਂ ਪੁਛਿਆ, "ਖਾਣਾ ਖਾਏਂਗਾ? ਬਣਿਆ ਪਿਆ ਹੈ।"

ਉਸ ਨੇ ਖਾਣਾ ਖਾਧਾ। ਅਸੀਂ ਬਹੁਤ ਚਿਰ ਤੀਕ ਗੱਲਾਂ ਕਰਦੇ ਰਹੇ। ਫਿਰ ਉੱਠਿਆ ਤੇ ਆਖਣ ਲੱਗਾ, "ਬਹੁਤ ਦੇਰ ਹੋ ਗਈ। ਚੱਲਦਾ ਹਾਂ ਮੈਂ।"

ਤੇ ਉਹ ਚਲਾ ਗਿਆ।

ਇਹਨਾਂ ਦਿਨਾਂ ਵਿਚ ਭੂਸ਼ਣ ਨਾਲ ਕਾਫ਼ੀ ਮੁਲਾਕਾਤਾਂ ਹੋਈਆਂ। ਉਸ ਨੂੰ ਸਮਝਣ ਤੇ ਉਸ ਦੀਆਂ ਗੱਲਾਂ ਸੁਣਨ ਦਾ ਮੌਕਾ ਮਿਲਿਆ। ਖ਼ਲੂਸ ਵਾਲਾ ਇਨਸਾਨ ਸੀ। ਕਦੇ ਫ਼ਾਲਤੂ ਗੱਲ ਨਹੀਂ ਸੀ ਕਰਦਾ। ਹਮੇਸ਼ਾ ਧੀਮੇ ਸੁਰ ਵਿਚ ਬੋਲਦਾ। ਉਸ ਨੂੰ ਕਦੇ ਗਰਜਦਿਆਂ, ਝਗੜਦਿਆਂ ਤੇ ਚੀਜ਼ਾਂ ਤੋੜਦੇ ਨਹੀਂ ਸੀ ਦੇਖਿਆ। ਨਾ ਹੀ ਗਾਲ੍ਹਾਂ ਕੱਢਦੇ, ਬਿਲਕੁਲ ਉਲਟਾ ਰੂਪ ਸੀ ਬਾਬੀ ਦਾ।

ਸੋਚਦੀ ਸਾਂ ਕਿ ਬਾਬੀ ਸੁਧਰ ਜਾਵੇਗਾ ਜੇਲ੍ਹ ਵਿਚ? ਜਾਂ ਕੀ ਆਪਣੀਆਂ ਪੁਰਾਣੀਆਂ ਹਰਕਤਾਂ ਤੇ ਉਤਰ ਆਵੇਗਾ? ਜੇਲ੍ਹ ਚਰਿੱਤਰ ਸੁਧਾਰਨ ਦਾ ਆਸ਼ਰਮ ਸੀ? ਜਾਂ ਖ਼ੂਨੀ ਬਦਲੇ ਦੀਆਂ ਭਾਵਨਾਵਾਂ ਨੂੰ ਚੰਡਣ ਦਾ ਕੇਂਦਰ?

ਕੀ ਜੇਲ੍ਹ ਤੋਂ ਕੋਈ ਸੁਧਰਕੇ ਨਿਕਲਦਾ ਹੈ ਜਾਂ ਪੱਕਾ ਮੁਜਰਿਮ ਬਣ ਕੇ? ਮੈਨੂੰ ਨਹੀਂ ਸੀ ਪਤਾ ਕਿ ਬਾਬੀ ਕਿਸ ਰੂਪ ਵਿਚ ਬਾਹਰ ਨਿਕਲੇਗਾ ... ਸ਼ਾਇਦ ਸੁਧਰ ਹੀ ਜਾਵੇ ... ਆਖ਼ਿਰ ਇਹ ਖ਼ੂਨ ਉਸ ਨੇ ਮੇਰੀ ਖ਼ਾਤਿਰ ਹੀ ਤਾਂ ਕੀਤਾ ਸੀ। ਇਸ਼ਕ ਵਿਚ ਅੰਨ੍ਹੇ ਹੋਏ ਨੇ ਉਸ ਨੇ ਗੋਲੀ ਦਾਗ ਦਿੱਤੀ ... ਕਸੂਰ ਤਾਂ ਰਾਕੇਸ਼ ਦਾ ਸੀ ਜਿਸ ਨੇ ਚਚੇਰੇ ਭਰਾ ਦੀ ਮਹਿਬੂਬਾ ਨਾਲ ਸੈਕਸ ਕਰਨਾ ਚਾਹਿਆ ਸੀ। ਉਸ ਨੂੰ ਬਾਬੀ ਦੇ ਸੁਭਾਅ ਦਾ ਪਤਾ ਤਾਂ ਸੀ। ਦਿਲ ਵਿਚ ਇਸ਼ਕ ਦਾ ਚੋਰ ਛੁਪਾਈ ਬੈਠਾ ਸੀ। ਬਾਬੀ ਉਸ ਤੇ ਪੂਰਾ ਯਕੀਨ ਕਰਦਾ ਸੀ ... ਪੂਰਾ ਭਰੋਸਾ। ਉਸ ਨੇ ਗੱਦਾਰੀ ਕੀਤੀ ਬਾਬੀ ਨਾਲ ... ਗੱਦਾਰ ਦੀ ਸਜ਼ਾ - ਮੌਤ! ਨਹੀਂ, ਬਾਬੀ ਨੇ ਬੇਕਾਬੂ ਹੋ ਕੇ ਗੋਲੀ ਚਲਾ ਦਿੱਤੀ ਸੀ। ਉਹ ਬਰਦਾਸ਼ਤ ਨਹੀਂ ਸੀ ਕਰ ਸਕਿਆ। ਭੁੱਲ ਗਿਆ ਸੀ ਸਭਨਾਂ ਰਿਸ਼ਤਿਆਂ ਨੂੰ। ਭੁੱਲ ਗਿਆ ਇਸ ਦਾ ਨਤੀਜਾ ਕੀ ਹੋਵੇਗਾ। ਸਭਨਾਂ ਨੂੰ ਪਤਾ ਸੀ ਕਿ ਮੈਂ ਹਰ ਵੇਲੇ ਉਸ ਨਾਲ ਜੁੜੀ ਹੋਈ ਸਾਂ - ਖ਼ਤਰੇ ਦੀ ਬੇੜੀ ਸਾਂ ਉਹਦੇ ਪੈਰਾਂ ਵਿਚ।

ਮੈਨੂੰ ਖ਼ੁਦ ਡਰ ਲੱਗਣ ਲੱਗਾ। ਇਸ ਜ਼ਿੰਦਗੀ ਤੋਂ। ਬੇਹਤਰ ਸੀ ਕਿ ਮੈਂ ਆਪਣੇ ਆਪ ਨੂੰ ਸੰਭਾਲ ਕੇ ਨਵੀਂ ਜ਼ਿੰਦਗੀ ...ਕੋਈ ਸਕਿਉਰਿਟੀ ਨਹੀਂ ਸੀ... ਨਾ ਕੋਈ ਭਵਿੱਖ ... ਹਰ ਪਾਸੇ ਖ਼ਤਰਾ ...ਮੈਂ ਚਾਹੁੰਦੀ ਸਾਂ ਕਿ ਮੇਰਾ ਆਪਣਾ ਘਰ ਹੋਵੇ, ਛੱਤ ਦਾ ਆਸਰਾ। ਮੇਰਾ ਚਾਹੁਣ ਵਾਲਾ ਹੋਵੇ ਸ਼ਾਂਤ, ਤੇ ਮੇਰੀ ਪ੍ਰਵਾਹ ਕਰਨ ਵਾਲਾ। ਮੈਨੂੰ ਅੱਗ ਵਰਗੇ ਮਚਦੇ ਇਸ਼ਕ ਦੀ ਜ਼ਰੂਰਤ ਨਹੀਂ ਸੀ।

ਪਿਛਲੇ ਤਿੰਨ ਸਾਲ ਵਿਚ ਮੈਂ ਸਭ ਕੁਝ ਦੇਖ ਲਿਆ। ਫਰੇਬ ... ਮੁਹੱਬਤ ... ਨਫ਼ਰਤ ... ਧੋਖਾ ... ਧੂੰਆਂ .... ਇਸ਼ਕ ਵਿਚ ਵੱਸੀ ਹੋਈ ਲਾਪਰਵਾਹੀ ਤੇ ਆਵਾਰਗੀ। ਪਰ ਹੁਣ ਮੈਨੂੰ ਸਕੂਨ ਚਾਹੀਦਾ ਸੀ। ਮੈਂ ਜਦ ਏਦਾਂ ਸੋਚਦੀ ਬਾਬੀ ਦਾ ਚਿਹਰਾ, ਉਸ ਦੀਆਂ ਖ਼ੂਬੀਆਂ, ਉਸ ਦੀ ਖ਼ੂਨੀ ਫ਼ਿਤਰਤ, ਜ਼ੁਲਮ ਤੇ ਝਗੜੇ – ਸਭ ਮੇਰੀਆਂ ਅੱਖਾਂ ਸਾਹਮਣੇ ਫਿਰ ਜਾਂਦੇ। ਥੱਕ ਗਈ ਸਾਂ ਆਪਣੀ ਜ਼ਿੰਦਗੀ ਤੋਂ। ਹਾਰ ਗਈ ਸਾਂ। ਲਿਪਸਟਿਕ ਲਗਾਉਣੀ ਛੱਡ ਦਿੱਤੀ ਸੀ। ਕੱਜਲ ਵੀ ਨਹੀਂ ਸਾਂ ਪਾਉਂਦੀ ਅੱਖਾਂ ਵਿਚ। ਆਪਣੇ ਆਪ ਦਾ ਮਾਤਮ ਮਨਾ ਰਹੀ ਸਾਂ ... ਪਹਿਲਾਂ ਹਰ ਹਫ਼ਤੇ ਬਿਊਟੀ ਪਾਰਲਰ ਵਿਚ ਜਾ ਕੇ ਵਾਲ ਸੈੱਟ ਕਰਾਉਂਦੀ ਸਾਂ। ਹੁਣ ਵਾਲਾਂ ਦਾ ਢਿਲਾ ਜਿਹਾ ਜੂੜਾ ਕਰ ਲੈਂਦੀ ... ਵੀਰਾਨਗੀ ਛਾ ਗਈ ਸੀ ਮੇਰੇ ਚਿਹਰੇ ਉੱਤੇ ...

* * *

ਬਾਬੀ ਦੇ ਬਾਪ ਨੇ ਮੁਕੱਦਮਾ ਲੜਿਆ। ਸਭ ਤੋਂ ਮਹਿੰਗਾ ਵਕੀਲ ਖੜ੍ਹਾ ਕੀਤਾ। ਤੇ ਆਪਣੇ ਬੇਟੇ ਨੂੰ ਬੇਗੁਨਾਹ ਸਾਬਤ ਕਰਨ ਲਈ ਤਰ੍ਹਾਂ-ਤਰ੍ਹਾਂ ਦੇ ਸਬੂਤ ਪੇਸ਼ ਕੀਤੇ। ਇਸ ਗੱਲ ਉੱਤੇ ਦੋਹਾਂ ਵਕੀਲਾਂ ਵਿਚ ਬਹਿਸ ਹੋਈ ਕਿ ਜਿਸ ਰੀਵਾਲਵਰ ਵਿਚੋਂ ਗੋਲੀ ਚੱਲੀ ਸੀ ਉਹ ਰਾਕੇਸ਼ ਦਾ ਸੀ। ਇਹ ਸਾਬਿਤ ਹੋ ਗਿਆ ਕਿ ਰਾਕੇਸ਼ ਸ਼ਾਲੂ ਨਾਲ ਬਲਾਤਕਾਰ ਕਰਨ ਦੀ ਕੋਸ਼ਿਸ਼ ਕਰ ਰਿਹਾ ਸੀ ਕਿ ਬਾਬੀ ਮੌਕੇ ਉੱਤੇ ਆ ਗਿਆ ਤੇ ਉਸ ਨੇ ਰਾਕੇਸ਼ ਨੂੰ ਧੂਹ ਕੇ ਪਰ੍ਹੇ ਕੀਤਾ। ਦੋਵੇਂ ਇਕ ਦੂਜੇ ਉੱਤੇ ਝਪਟ ਪਏ। ਇਸ ਲੜਾਈ ਵਿਚ ਰਾਕੇਸ਼ ਨੇ ਰੀਵਾਲਵਰ ਕੱਢਿਆ ਤੇ ਦੋਹਾਂ ਦੀ ਹਥੋਪਾਈ ਵਿਚ ਗੋਲੀ ਚੱਲ ਗਈ। ਇਹ ਗੋਲੀ ਬਾਬੀ ਦੀ ਬਜਾਏ ਰਾਕੇਸ਼ ਨੂੰ ਲੱਗੀ ਤੇ ਉਹ ਥਾਏਂ ਢੇਰੀ ਹੋ ਗਿਆ।

ਅਦਾਲਤ ਨੇ ਫੈਸਲਾ ਸੁਣਾਇਆ। ਬਾਬੀ ਨੂੰ ਦੋ ਸਾਲ ਕੈਦ ਹੋਈ। ਬਾਪ ਨੇ ਮੱਥਾ ਪਿਟਿਆ ਪਰ ਸਬਰ ਦਾ ਘੁੱਟ ਭਰ ਲਿਆ। ਮਾਂ ਧਾਹਵਾਂ ਮਾਰ ਕੇ ਰੋਈ। ਮੈਂ ਕੁਝ ਦਿਨਾਂ ਲਈ ਆਪਣੀ ਮਾਂ ਦੇ ਘਰ ਚਲੀ ਗਈ। ਇਸ ਭਿਆਨਕ ਹਾਦਸੇ ਪਿਛੋਂ ਮੈਂ ਬਹੁਤ ਡਰੀ ਹੋਈ ਸਾਂ। ਬਾਬੀ ਦੇ ਚਿਹਰੇ ਉੱਤੇ ਕੋਈ ਪਛਤਾਵਾ ਨਹੀਂ ਸੀ, ਸਗੋਂ ਗਹਿਰਾ ਧੀਰਜ ਤੇ ਸਬਰ ਸੀ। ਉਸ ਨੇ ਆਪਣੇ ਬਾਪ ਨੂੰ ਆਖਿਆ, "ਫ਼ਿਕਰ ਨਾ ਕਰੋ, ਮੈਂ ਇਹ ਸਜ਼ਾ ਕੱਟ ਲਵਾਂਗਾ। ਬਸ ਆਸ਼ੀਰਵਾਦ ਚਾਹੀਦਾ ਹੈ ਤੁਹਾਡਾ।" ਤੇ ਉਸ ਨੇ ਆਪਣੀ ਮਾਂ ਦੇ ਪੈਰ ਛੂਹੇ। ਮਾਂ ਨੇ ਪੁੱਤ ਨੂੰ ਸੀਨੇ ਨਾਲ ਲਾਇਆ ਤੇ ਮੱਥਾ ਚੁੰਮਿਆਂ। ਬਾਬੀ ਦੀਆਂ ਅੱਖਾਂ ਵਿਚ ਹੰਝੂ ਛਲਕ ਪਏ। ਬੋਲਿਆ, "ਦੋ ਸਾਲਾਂ ਦੀ ਤਾਂ ਗੱਲ ਹੈ, ਝੱਟ ਨਿਕਲ ਜਾਣਾ ਵਕਤ। ਫ਼ਿਕਰ ਨਾ ਕਰੀਂ ਮਾਂ, ਆਪਣਾ ਖ਼ਿਆਲ ਰੱਖੀਂ।"

* * *

ਦੋ ਸਾਲ ਪਿਛੋਂ ਬਾਬੀ ਰਿਹਾਅ ਹੋਇਆ ਤਾਂ ਘਰ ਵਿਚ ਸੱਤਯਨਰਾਇਣ

ਦੀ ਕਥਾ ਕਰਵਾਈ ਗਈ। ਮਾਂ ਨੇ ਮੰਦਿਰ ਵਿਚ ਜਾ ਕੇ ਪੰਡਿਤਾਂ ਨੂੰ ਭੋਜ ਕਰਵਾਇਆ ਤੇ ਬਾਪ ਨੇ ਪੁੱਤ ਹੱਥੋਂ ਗਰੀਬਾਂ ਨੂੰ ਦਾਨ।

ਸਜ਼ਾ ਕੱਟਣ ਪਿੱਛੋਂ ਬਾਬੀ ਦੇ ਸੁਭਾਅ ਵਿਚ ਨਰਮੀ ਆ ਗਈ ਸੀ। ਸਖ਼ਤ ਸਰਦੀ ਤੇ ਗਰਮੀ ਦਾ ਉਹ ਆਦੀ ਨਹੀਂ ਸੀ। ਜੇਲ੍ਹ ਵਿਚ ਕਿਸੇ ਵੀ ਆਮ ਕੈਦੀ ਨੂੰ ਕੋਈ ਸਹੂਲਤ ਨਹੀਂ ਸੀ ਮਿਲਦੀ। ਪਰ ਕੁਝ ਰਸੂਖ ਵਾਲੇ ਸੇਠ ਤੇ ਸਮੱਗਲਰ ਬਾਹਰੋਂ ਚੰਗਾ ਖਾਣਾ ਮੰਗਵਾ ਲੈਂਦੇ ਸਨ। ਕਈ ਤਾਂ ਜੇਲ੍ਹ ਦੇ ਕਮਰਚਾਰੀਆਂ ਨਾਲ ਮਿਲ ਕੇ ਚੋਰੀ ਛਿਪੇ ਸ਼ਰਾਬ ਤੇ ਗਾਂਜਾ ਵੀ ਮੰਗਵਾ ਲੈਂਦੇ ਸਨ। ਪਰ ਜੇਲ੍ਹ ਆਖ਼ਿਰ ਜੇਲ੍ਹ ਸੀ। ਬਾਬੀ ਆਪਣੀ ਕੋਠੜੀ ਦੀਆਂ ਸੀਖਾਂ ਵਿਚੋਂ ਦੀ ਜੇਲ੍ਹ ਦੇ ਵਿਸ਼ਾਲ ਦਲਾਨ ਨੂੰ ਤੇ ਦੂਰ ਵਾਲੀ ਦੋਹਰੀ ਉੱਚੀ ਦੀਵਾਰ ਨੂੰ ਦੇਖਦਾ ਤਾਂ ਉਸ ਦਾ ਦਿਲ ਬੈਠ ਜਾਂਦਾ। ਉਹ ਮਹੀਨੇ, ਹਫ਼ਤੇ ਤੇ ਦਿਨ ਗਿਣਦਾ ਤੇ ਸ਼ਰਾਫ਼ਤ ਦਾ ਪੁਤਲਾ ਬਣਿਆ ਜ਼ਿੰਦਗੀ ਕੱਟ ਰਿਹਾ ਸੀ। ਕਦੋਂ ਰਿਹਾਈ ਹੋਵੇਗੀ? ਆਖ਼ਿਰ ਪੱਕੀ ਕੈਦ ਕੱਟ ਕੇ ਬਾਹਰ ਨਿਕਲਿਆ।

ਸਾਡੀ ਜ਼ਿੰਦਗੀ ਫਿਰ ਪਹਿਲਾਂ ਵਰਗੀ ਹੋ ਗਈ। ਬਾਬੀ ਤੇ ਮੈਂ ਫਿਰ ਘੁਲ-ਮਿਲ ਗਏ। ਪੁਰਾਣੀਆਂ ਰੰਜਿਸ਼ਾਂ ਤੇ ਗਿਲੇ ਸ਼ਿਕਵੇ ਸਭ ਮਿਟ ਗਏ, ਜਿਵੇਂ ਰੇਤ ਉੱਤੇ ਖਿੱਚੀਆਂ ਲਕੀਰਾਂ। ਮੁਹੱਬਤ ਅਤੇ ਸੈਕਸ ਵਿਚ ਇਕ ਅਜੀਬ ਜਾਦੂ ਹੈ। ਲੜਾਈ - ਝਗੜੇ ਤੇ ਖ਼ੂੰਖ਼ਾਰ ਨਫ਼ਰਤ ਪਿਛੋਂ ਜਦ ਮਰਦ ਤੇ ਔਰਤ ਇਕ ਦੂਜੇ ਨਾਲ ਲਿਪਟ ਕੇ ਪਿਆਰ ਕਰਦੇ ਹਨ ਤਾਂ ਉਹਨਾਂ ਦਾ ਆਪਸੀ ਸਬੰਧ ਹੋਰ ਨਿਖਰ ਜਾਂਦਾ ਹੈ। ਮੈਂ ਇਹੋ ਮਹਿਸੂਸ ਕੀਤਾ ਬਾਬੀ ਦੀ ਮੁਹੱਬਤ ਵਿਚ।

ਫਿਰ ਭੂਸ਼ਣ, ਬਾਬੀ ਤੇ ਮੈਂ ਹਰ ਸ਼ਨਿੱਚਰਵਾਰ ਡਿਸਕੋ ਜਾਂਦੇ ਜਾਂ ਮੇਰੇ ਛੋਟੇ ਜਿਹੇ ਫਲੈਟ ਵਿਚ ਹੀ ਤਿੰਨੇ ਜਣੇ ਸ਼ਰਾਬ ਪੀਂਦੇ ਤੇ ਖਾਣਾ ਖਾਂਦੇ।

ਭੂਸ਼ਣ ਬਾਬੀ ਦਾ ਬਚਪਨ ਦਾ ਦੋਸਤ ਸੀ। ਦੋਵੇਂ ਮੈਨੂੰ ਇਕੱਠੇ ਹੀ ਪਹਿਲੀ ਪਾਰਟੀ ਵਿਚ ਮਿਲੇ ਸਨ। ਭੂਸ਼ਣ ਸ਼ਰਮਾਕਲ ਸੀ, ਬਾਬੀ ਧੁੱਸਮਾਰ। ਦੋਹਾਂ ਨੇ ਮੈਨੂੰ ਪਸੰਦ ਕੀਤਾ ਪਰ ਬਾਬੀ ਇਹ ਬਾਜ਼ੀ ਮਾਰ ਗਿਆ। ਮੈਂ ਬਾਬੀ ਦੀ ਹੋ ਗਈ ਤੇ ਭੂਸ਼ਣ ਇਕ ਤਰ੍ਹਾਂ ਦਾ ਸਰਬਾਲ੍ਹਾ। ਉਸ ਦੇ ਮਿਜ਼ਾਜ ਵਿਚ ਨਰਮੀ ਤੇ ਸ਼ਾਂਤੀ ਸੀ। ਜੇ ਉਹ ਕਿਸੇ ਸ਼ਨਿੱਚਰਵਾਰ ਨਾ ਆਉਂਦਾ ਤਾਂ ਬਾਬੀ ਗੁਆਚਿਆ ਜਿਹਾ ਮਹਿਸੂਸ ਕਰਦਾ। ਉਸ ਪਹਿਲੀ ਰਾਤ ਦੀਆਂ ਕਈ ਗੱਲਾਂ ਮੈਨੂੰ ਯਾਦ ਆਈਆਂ। ਬਾਬੀ ਨੇ ਮੇਰੇ ਨਾਲ ਸੈਕਸ ਕੀਤਾ ਤਾਂ ਖ਼ੂਨ ਬਹੁਤ ਨਿਕਲਿਆ ਸੀ। ਦਰਦ ਵੀ ਬਹੁਤ ਹੋਈ ਸੀ। ਪਰ ਇਸ ਦਰਦ ਨਾਲੋਂ ਜ਼ਿਆਦਾ ਮੈਨੂੰ ਉਸ ਦੇ ਵਹਿਸ਼ੀ ਤਰੀਕੇ ਨਾਲ ਚੁੰਮਣ ਤੇ ਗੁੱਸਾ ਆਇਆ ਸੀ। ਮੇਰੇ ਹੋਠਾਂ ਵਿਚੋਂ ਖ਼ੂਨ ਰਿਸ ਰਿਹਾ ਸੀ ਜਿਨ੍ਹਾਂ ਵਿਚ ਉਸ ਨੇ ਆਪਣੇ ਦੰਦ ਖੋਭ ਦਿੱਤੇ ਸਨ। ਮੈਂ ਉਸ ਨੂੰ ਫਿਟਕਾਰਿਆ, "ਚੁੰਮਣ ਦੀ ਵੀ ਤਮੀਜ਼ ਨਹੀਂ। ਕਿਹੜੇ ਜੰਗਲ ਵਿਚ ਪਲਿਆ ਹੈਂ?"

ਉਹ ਬੋਲਿਆ, "ਹੋਰ ਕਿਵੇਂ ਚੁੰਮਾਂ ! ਤੂੰ ਦੱਸ ਦੇਹ!"

ਮੈਂ ਉਸ ਨੂੰ ਚੁੰਮਣ ਦੇ ਗੁਰ ਸਿਖਾਏ। ਪਰ ਸ਼ਾਇਦ ਬਾਬੀ ਮੇਰਾ ਇਮਤਿਹਾਨ ਲੈ ਰਿਹਾ ਸੀ। ਉਹ ਆਖਣ ਲੱਗਾ, "ਸ਼ਾਲ੍ਹ ਤੂੰ ਬਹੁਤ ਐਕਸਪਰਟ ਹੈ। ਤੇ ਮੈਨੂੰ ਆਖਦੀ ਹੈਂ ਕਿ ਤੂੰ ਪਹਿਲੇ ਕਿਸੇ ਮਰਦ ਨੂੰ ਚੁੰਮਿਆ ਨਹੀਂ। ਯਕੀਨ ਨਹੀਂ ਆਉਂਦਾ। ਇਹ ਹੋ ਹੀ ਨਹੀਂ ਸਕਦਾ।

ਮੈਂ ਆਖਿਆ, "ਤੂੰ ਭਾਵੇਂ ਇਸ ਨੂੰ ਝੂਠ ਸਮਝ ਜਾਂ ਸੱਚ, ਮੈਨੂੰ ਇਸ ਦੀ ਪ੍ਰਵਾਹ ਨਹੀਂ। ਪਰ ਹਕੀਕਤ ਇਹ ਹੈ ਕਿ ਮੈਂ ਕਦੇ ਕਿਸੇ ਮਰਦ ਨੂੰ ਨਹੀਂ ਚੁੰਮਿਆਂ। ਨਾ ਕੁਆਰੀ ਹੁੰਦਿਆਂ, ਨਾ ਸ਼ਾਦੀ ਤੋਂ ਪਿਛੋਂ। ਮੈਨੂੰ ਨਹੀਂ ਪਤਾ ਕਿ ਇਹ ਸੈਕਸ ਦੇ ਆਸਣ ਤੇ ਭੋਗ ਮੇਰੇ ਅੰਦਰ ਕਿਵੇਂ ਜਾਗ ਪਏ। ਇਹ ਤਜਰਬਾ ਤੇ ਗਿਆਨ ਕਿਥੋਂ ਆ ਗਿਆ? ਇਹ ਕੁਦਰਤੀ ਹੈ ਸ਼ਾਇਦ।"

ਉਹ ਚੁੱਪ ਰਿਹਾ। ਪਰ ਸਾਡੇ ਤਿੰਨਾਂ ਸਾਲਾਂ ਦੇ ਤੂਫ਼ਾਨੀ ਰਿਸ਼ਤੇ ਵਿਚ ਉਹ ਕਈ ਵਾਰ ਆਖਦਾ, "ਮੈਨੂੰ ਯਕੀਨ ਨਹੀਂ ਆਉਂਦਾ ਕਿ ਤੂੰ ਪਹਿਲਾਂ ਕਦੇ ਕਿਸੇ ਮਰਦ ਨੂੰ ਨਹੀਂ ਸੀ ਚੁੰਮਿਆ।"

ਇਕ ਤਰ੍ਹਾਂ ਦਾ ਸ਼ੱਕ ਉਸ ਦੇ ਮਨ ਵਿਚ ਲਰਜ਼ਦਾ ਰਹਿੰਦਾ।

ਇਹ ਸ਼ੱਕ ਸਾਡੀ ਮੁਹੱਬਤ ਦੀਆਂ ਦੀਵਾਰਾਂ ਨੂੰ ਦੀਮਕ ਵਾਂਗ ਖਾ ਰਿਹਾ ਸੀ ਪਰ ਨਾਲ ਹੀ ਸ਼ਕਤੀ ਬਖ਼ਸ਼ ਰਿਹਾ ਸੀ। ਮੁਹੱਬਤ ਵਿਚ ਜਿੰਨਾ ਸ਼ੱਕ ਓਨੀ ਹੀ ਜ਼ਿਆਦਾ ਮੁਹੱਬਤ ਦੀ ਤੜਪ।

ਇਹ ਰਿਸ਼ਤਾ ਬਾਬੀ ਨਾਲ ਤਰ੍ਹਾਂ-ਤਰ੍ਹਾਂ ਦੇ ਉਤਾਰ ਚੜ੍ਹਾਅ ਦੇ ਬਾਅਦ ਵੀ ਕਾਇਮ ਰਿਹਾ।

* * *

ਰਾਕੇਸ਼ ਦੇ ਕਤਲ ਪਿਛੋਂ, ਬਾਬੀ ਨੇ ਕਦੇ ਉਸ ਦੀ ਗੱਲ ਨਹੀਂ ਸੀ ਕੀਤੀ। ਨਾ ਕਦੇ ਉਸ ਨੂੰ ਗਾਲ੍ਹ ਦਿੱਤੀ, ਨਾ ਕੋਸਿਆ, ਨਾ ਆਪਣੇ ਆਪ ਨੂੰ ਦੋਸ਼ੀ ਠਹਿਰਾਇਆ। ਉਸ ਨੂੰ ਲੱਗਿਆ ਜੋ ਹੋਇਆ ਸੀ ਠੀਕ ਹੀ ਹੋਇਆ ਸੀ। ਉਸ ਦੇ ਬਦਲੇ ਹੋਏ ਸੁਭਾਅ ਤੋਂ ਮੈਂ ਚੌਕੰਨੀ ਹੋ ਗਈ ਸਾਂ। ਹਮੇਸ਼ਾ ਕਿਸੇ ਅਨਹੋਣੀ ਘਟਨਾ ਦਾ ਖ਼ੌਫ਼ ਲਰਜ਼ਦਾ ਰਹਿੰਦਾ ਸੀ ਮੇਰੇ ਮਨ ਅੰਦਰ।

ਕਈ ਵਾਰੀ ਬਾਬੀ ਗੱਲ-ਬਾਤ ਦੌਰਾਨ, ਦੇਖ ਮੇਰੇ ਵਲ ਰਿਹਾ ਹੁੰਦਾ ਪਰ ਧਿਆਨ ਕਿਤੇ ਹੋਰ ਹੁੰਦਾ। ਕੀ ਸੋਚ ਰਿਹਾ ਸੀ ਉਹ? ਜਿਵੇਂ ਕੁਝ ਲਭ ਰਿਹਾ ਹੋਵੇ। ਗੱਲਾਂ ਵਿਚੋਂ ਜਿਵੇਂ ਕਿਸੇ ਗਹਿਰੇ ਰਾਜ਼ ਦੀ ਤਲਾਸ਼ ਕਰ ਰਿਹਾ ਹੋਵੇ। ਸਮਝ ਨਹੀਂ ਸੀ ਪੈਂਦੀ ਕਿ ਏਦਾਂ ਕਿਉਂ ਸੀ?

ਮੈਂ ਪੁੱਛਿਆ, "ਕੀ ਸੋਚ ਰਿਹਾ ਹੈ? ਏਦਾਂ ਬੇਧਿਆਨਾ ਜਿਹਾ ਕਿਉਂ ਬੈਠਿਐਂ?"

ਉਸ ਨੇ ਆਪਣੀ ਦਾੜ੍ਹੀ ਨੂੰ ਕੁਰੇਦਿਆ ਤੇ ਥੋੜ੍ਹੀ ਦੇਰ ਪਿਛੋਂ ਬੋਲਿਆ,

"ਸ਼ਾਲੂ, ਤੂੰ ਮੈਨੂੰ ਪਿਆਰ ਕਰਦੀ ਹੈਂ, ਪਰ ਇਸ ਪਿਆਰ ਵਿਚ ਕਿਧਰੇ ਖ਼ਿਲਾਅ ਮਹਿਸੂਸ ਹੁੰਦਾ ਹੈ। ਸਭ ਕੁਝ ਪਹਿਲਾਂ ਵਾਂਗ ਹੈ, ਫਿਰ ਵੀ ਨਹੀਂ। ਨਾ ਉਹ ਅੱਖ, ਨਾ ਉਹ ਤਪਸ਼, ਨਾ ਉਹ ਦੀਵਾਨਗੀ। ਤੇਰੀ ਹਾਸੀ ਵੀ ਮੱਧਮ ਪੈ ਗਈ ਹੈ। ਕੀ ਗੱਲ ਹੈ?"

ਮੈਂ ਆਖਿਆ, "ਕੁਝ ਵੀ ਤਾਂ ਨਹੀਂ।"

ਉਸ ਨੇ ਫਿਰ ਆਪਣੀ ਕੰਡੇਦਾਰ ਦਾੜ੍ਹੀ ਨੂੰ ਕੁਰੇਦਿਆ ਤੇ ਸੋਚਦਾ ਹੋਇਆ ਬੋਲਿਆ, "ਕੁਝ ਹੈ ਤਾਂ ਜ਼ਰੂਰ। ਹੁਣ ਅਸੀਂ ਇਸ ਕਮਰੇ ਵਿਚ ਬੈਠੇ ... ਖ਼ਾਮੋਸ਼ ਇਕ ਦੂਸਰੇ ਵੱਲ ਦੇਖਦੇ ਰਹਿੰਦੇ ਹਾਂ।"

ਮੈਂ ਆਖਿਆ, "ਤੂੰ ਵੀ ਤਾਂ ਟੈਲੀਵੀਜ਼ਨ ਦੇਖਣ ਲੱਗ ਜਾਂਦਾ ਹੈ ਜਾਂ ਦਾਰੂ ਦੇ ਚਾਰ ਘੁੱਟ ਭਰ ਕੇ ਪਤਾ ਨਹੀਂ ਕੀ ਸੋਚਦਾ ਰਹਿੰਦਾ ਹੈਂ। ਗੱਲ ਕਰਦਾ ਹੈਂ ਤਾਂ ਨਿੱਕੀ। ਬੱਸ ਆਪਣੇ ਬਿਜ਼ਨੈਸ ਦੀ ਜਾਂ ਖਾਣ ਦੀ।"

"ਮੈਂ ਵੀ ਇਹ ਤਬਦੀਲੀ ਮਹਿਸੂਸ ਕਰਦਾ ਹਾਂ। ਜਦ ਭੂਸ਼ਣ ਆਉਂਦਾ ਹੈ ਤਾਂ ਤੇਰੇ ਚਿਹਰੇ ਉੱਤੇ ਖੁਸ਼ੀ ਦੌੜ ਜਾਂਦੀ ਹੈ ... ਚਾਅ ਚੜ੍ਹ ਜਾਂਦਾ ਹੈ ਤੈਨੂੰ ... ਹੱਸਣ ਲੱਗਦੀ ਹੈਂ ... ਸਾਰਾ ਵਜੂਦ ਖਿੜ ਉਠਦਾ ਹੈ ਤੇਰਾ। ਤੇ ਤੇਰੀਆਂ ਗੱਲ੍ਹਾਂ ਉੱਤੇ ਡਿੰਪਲ ਪੈ ਜਾਂਦੇ ਹਨ। ਏਦਾਂ ਕਿਉਂ?"

ਮੈਂ ਉੱਚ-ਉੱਚੀ ਹੱਸਣ ਲੱਗੀ, "ਪਾਗਲ ਹੋ ਗਿਆ ਹੈ ਤੂੰ? ਉਹ ਤੇਰਾ ਦੋਸਤ ਹੈ। ਜੇ ਮੈਂ ਤੇਰੇ ਦੋਸਤਾਂ ਨਾਲ ਹੱਸ ਕੇ ਗੱਲ ਕਰਨ ਲੱਗਾਂ ਤਾਂ ਤੂੰ ਮੈਨੂੰ ਉਹਨਾਂ ਨਾਲ ਜੋੜ ਦੇਵੇਂਗਾ? ਮੈਨੂੰ ਨਹੀਂ ਸੀ ਪਤਾ ਕਿ ਤੂੰ ਏਦਾਂ ਦੀਆਂ ਗੱਲਾਂ ਵੀ ਆਪਣੇ ਦਿਲ ਵਿਚ ਰੱਖਦਾ ਹੈਂ। ਕੀ ਚਾਹੁੰਦਾ ਹੈਂ ਕਿ ਉਹਨਾਂ ਨੂੰ ਦੇਖ ਕੇ ਮੈਂ ਮੱਥੇ ਉੱਤੇ ਤਿਊੜੀਆਂ ਪਾ ਲਵਾਂ ਤੇ ਮੂੰਹ ਸੁਜਾ ਕੇ ਬੈਠ ਜਾਵਾਂ? ਫਿਰ ਤੂੰ ਹੀ ਡੰਡਾ ਫੜ ਕੇ ਮੇਰੇ ਦੁਆਲੇ ਹੋ ਜਾਣਾ ਹੈ ਕਿ ਮੇਰੇ ਦੋਸਤ ਦੀ ਬੇਇੱਜ਼ਤੀ ਕੀਤੀ। ਮੈਨੂੰ ਸਮਝ ਨਹੀਂ ਆਉਂਦੀ ਕਿ ਤੂੰ ਚਾਹੁੰਦਾ ਕੀ ਹੈਂ?"

ਮੇਰੇ ਤਿੱਖੇ ਲਹਿਜ਼ੇ ਉੱਤੇ ਉਹ ਹੈਰਾਨ ਹੋਇਆ। ਬੋਲਿਆ, "ਤੈਨੂੰ ਏਨੇ ਗੁੱਸੇ ਵਿਚ ਤਾਂ ਕਦੇ ਨਹੀਂ ਸੀ ਦੇਖਿਆ।"

* * *

ਘਰ ਦੇ ਕੰਮ ਕਾਜ ਸਾਂਭ ਕੇ ਮੈਂ ਤਾਰ ਉਤੋਂ ਧੋਤੇ ਹੋਏ ਕੱਪੜੇ ਇਕੱਠੇ ਕਰਨ ਲਈ ਗਈ ਤਾਂ ਮੈਨੂੰ ਭੂਸ਼ਣ ਇਕੱਲਾ ਆਉਂਦਾ ਨਜ਼ਰ ਆਇਆ। ਮੈਂ ਖ਼ੁਸ਼ੀ-ਖ਼ੁਸ਼ੀ ਅੱਗੇ ਹੋ ਕੇ ਉਸ ਨੂੰ ਹਮੇਸ਼ਾਂ ਵਾਂਗ ਗੱਲ੍ਹ ਉੱਤੇ ਚੁੰਮਣ ਦਿੱਤਾ।

ਮੈਂ ਆਖਿਆ, "ਅੱਜ ਕੁਝ ਜ਼ਿਆਦਾ ਹੀ ਖੁਸ਼ ਲਗਦੈਂ, ਕੀ ਗੱਲ ਹੈ?"

ਉਹ ਬੋਲਿਆ, "ਹਾਂ! ਤੈਨੂੰ ਹਰ ਦੂਜੇ ਤੀਜੇ ਦਿਨ ਮਿਲਦਾ ਹਾਂ ਤਾਂ ਬਾਬੀ ਨਾਲ। ਇਸ ਤਿਕੜੀ ਵਿਚ ਤੇਰੇ ਨਾਲ ਖੁਲ੍ਹ ਕੇ ਗੱਲ ਨਹੀਂ ਹੁੰਦੀ। ਬਾਬੀ ਕਿਥੇ ਹੈ?"

ਮੈਂ ਆਖਿਆ, "ਏਅਰਪੋਰਟ ਗਿਆ ਹੈ।"

"ਕਿਉਂ? ਕੋਈ ਮਹਿਮਾਨ ਆ ਰਿਹਾ ਹੈ?"

ਮੈਂ ਜੁਆਬ ਦਿੱਤਾ, "ਨਹੀਂ, ਉਹ ਕਸਟਮ ਕਲੀਅਰੈਂਸ ਲਈ ਗਿਆ ਹੈ। ਉਸ ਦੇ ਮਾਲ ਦੀ ਸ਼ਿਪਮੈਂਟ ਰੁਕ ਗਈ ਸੀ। ਇਹੋ ਜਿਹੇ ਮੌਕੇ ਤੇ ਬਾਬੀ ਹੀ ਅਫਸਰਾਂ ਨੂੰ ਰਿਸ਼ਵਤ ਖੁਆ ਕੇ ਆਪਣਾ ਕੰਮ ਕਢਦਾ ਹੈ।"

ਭੂਸ਼ਣ ਫ਼ਰਸ਼ ਉੱਤੇ ਲੱਤਾਂ ਪਸਾਰ ਕੇ ਬੈਠ ਗਿਆ। ਉਸ ਨੇ ਸਿਗਰਟ ਸੁਲਗਾਈ ਤੇ ਲੰਮਾਂ ਕਸ਼ ਖਿਚਿਆ। ਕੁਝ ਸੋਚ ਕੇ ਬੋਲਿਆ, "ਮੈਂ ਅਜੀਬ ਦੁਚਿਤੀ ਵਿਚ ਹਾਂ। ਦਿਲ ਦੀ ਗੱਲ ਆਖਾਂ ਜਾਂ ਨਾ ਆਖਾਂ।"

"ਕਿਉਂ, ਕਾਹਦੀ ਝਿਜਕ ਹੈਂ? ਅਸੀਂ ਦੋਵੇਂ ਤਾਂ ਖੁਲ੍ਹ ਕੇ ਗੱਲਾਂ ਕਰ ਲੈਂਦੇ ਹਾਂ।"

"ਸ਼ਾਲੂ, ਮੈਂ ਤੈਨੂੰ ਮੁਹੱਬਤ ਕਰਦਾ ਹਾਂ। ਅਜਿਹੀ ਮੁਹੱਬਤ ਜੋ ਮੈਂ ਜ਼ਾਹਿਰ ਨਹੀਂ ਕਰ ਸਕਦਾ। ਪਹਿਲੇ ਦਿਨੋਂ ਹੀ ਇਹ ਮੁਹੱਬਤ ਸੁਲਗਦੀ ਰਹੀ ਹੈ ਮੇਰੇ ਸੀਨੇ ਵਿਚ ... ਪਰ ਮੈਂ ਹਮੇਸ਼ਾ ਚੁੱਪ ਰਿਹਾ।"

"ਪਤਾ ਹੈ ਮੈਨੂੰ ਇਸ ਗੱਲ ਦਾ! ਮੈਂ ਵੀ ਤੈਨੂੰ ਆਪਣਾ ਚੰਗਾ ਦੋਸਤ ਸਮਝਦੀ ਹਾਂ। – ਸਭ ਤੋਂ ਪਿਆਰਾ ਤੇ ਇਤਬਾਰ ਵਾਲਾ ਦੋਸਤ!"

"ਦੋਸਤ?"

"ਹਾਂ ਭੂਸ਼ਣ – ਦੋਸਤ! ਫਰੈਂਡ!"

ਉਸ ਦਾ ਚਿਹਰਾ ਉਤਰ ਗਿਆ। ਉਹ ਬੋਲਿਆ, "ਮਰਦ ਤੇ ਔਰਤ ਦੀ ਕਾਹਦੀ ਦੋਸਤੀ? ਝੂਠ ਹੈ ਇਹ ਦੋਸਤੀ! ਫਿੱਕਾ ਤੇ ਫੋਕਾ ਰਿਸ਼ਤਾ! ਜਿਸ ਦੋਸਤੀ ਵਿਚ ਮੁਹੱਬਤ ਨਾ ਹੋਵੇ? ਸੈਕਸ ਨਾ ਹੋਵੇ, ਬੇਕਾਰ ਹੈ, ਬੋਗਸ ਹੈ ਉਹ ਦੋਸਤੀ!"

"ਤੂੰ ਠੀਕ ਆਖਦਾ ਹੈਂ। ਇਹ ਹਕੀਕਤ ਹੈ ਕਿ ਤੂੰ ਮੈਨੂੰ ਚੰਗਦਾ ਲਗਦੈਂ। ਪਰ ... ਮੈਂ ਤੈਨੂੰ ਪਿਆਰ ਨਹੀਂ ਕਰਦੀ – ।"

ਮੈਂ ਉਸ ਵੱਲ ਦੇਖਿਆ ਤਾਂ ਉਸ ਦਾ ਚਿਹਰਾ ਬਦਲਿਆ ਹੋਇਆ ਸੀ। ਮੈਂ ਗੱਲ ਪਲਟਾ ਕੇ ਆਖਿਆ, "ਚੱਲ ਛੱਡ ਇਸ ਲੈਲਾ ਮਜਨੂੰ ਦੇ ਕਿੱਸੇ ਨੂੰ! ਕਾਫ਼ੀ ਪੀਏਂਗਾ?"

ਉਹ ਕੁਝ ਬੁਝਿਆ ਜਿਹਾ ਬੈਠਾ ਰਿਹਾ। ਸ਼ਾਇਦ ਮੈਂ ਉਸ ਦੀ ਬੇਇੱਜ਼ਤੀ ਕਰ ਦਿਤੀ ਸੀ। ਜਾਂ ਸ਼ਾਇਦ ਸੋਚ ਰਿਹਾ ਸੀ ਕਿ ਮੈਂ ਇਹ ਗੱਲ ਬਾਬੀ ਨੂੰ ਨਾ ਦੱਸ ਦੇਵਾਂ। ਉਸ ਦਾ ਗੁੱਸੇ ਵਾਲਾ ਚਿਹਰਾ ਦੇਖ ਕੇ ਮੈਂ ਆਖਿਆ, "ਘਬਰਾ ਨਾ, ਮੈਂ ਬਾਬੀ ਨੂੰ ਨਹੀਂ ਦਸਦੀ।"

ਉਸ ਦੇ ਚਿਹਰੇ ਉੱਤੇ ਹਲਕਾ ਜਿਹਾ ਸਕੂਨ ਦਿਖਾਈ ਦਿੱਤਾ। ਉਹ ਉੱਠਿਆ ਤੇ ਆਖਣ ਲੱਗਾ, "ਚੰਗਾ ਫਿਰ ਮੈਂ ਚਲਦਾ ਹਾਂ!"

## 13

**ਸਾਰਾ** ਦਿਨ ਬੂੰਦਾ ਬਾਂਦੀ ਹੁੰਦੀ ਰਹੀ। ਇਕ ਅਜੀਬ ਉਦਾਸੀ ਛਾਈ ਹੋਈ ਸੀ। ਕੁਝ ਕਰਨ ਨੂੰ ਦਿਲ ਨਹੀਂ ਸੀ ਕਰਦਾ। ਸ਼ਾਮ ਨੂੰ ਬਾਰਿਸ਼ ਰੁਕ ਗਈ। ਆਸਮਾਨ ਨਿਖਰ ਆਇਆ। ਸੂਰਜ ਦੀਆਂ ਗੁਲਾਬੀ ਕਿਰਨਾਂ ਨੇ ਫ਼ਿਜ਼ਾ ਵਿਚ ਤਾਜ਼ਗੀ ਭਰ ਦਿੱਤੀ। ਠੰਢੀ-ਠੰਢੀ ਹਵਾ ਦੇ ਝੋਂਕੇ। ਰੁਮਾਂਟਕ ਮਾਹੌਲ। ਦਿਲ ਕਰਦਾ ਸੀ ਕਿਧਰੇ ਬਾਹਰ ਜਾਵਾਂ।

ਏਨੇ ਨੂੰ ਬਾਬੀ ਬੋਲਿਆ, "ਸ਼ਾਲੂ, ਤੂੰ ਕਿਉਂ ਬੈਠੀ ਸੋਗ ਮਨਾ ਰਹੀ ਹੈਂ। ਕਿੰਨੀ ਖ਼ੂਬਸੂਰਤ ਸ਼ਾਮ ਹੈ।"

ਮੈਂ ਪੁਛਿਆ, "ਕੱਲ੍ਹ ਕੀ ਹੋਇਆ ਸੀ? ਤੂੰ ਆਇਆ ਹੀ ਨਹੀਂ?"

"ਸਾਰਾ ਮਾਲ ਕਸਟਮ ਤੋਂ ਪਾਸ ਹੋ ਗਿਆ। ਰਾਤ ਦੇ ਦੋ ਵੱਜ ਗਏ ਸਨ। ਸਿੱਧਾ ਘਰ ਚਲਾ ਗਿਆ। ਅੱਜ ਜਸ਼ਨ ਮਨਾਉਂਦੇ ਹਾਂ। ਸੱਤ ਲੱਖ ਦਾ ਫ਼ਾਇਦਾ ਹੋਇਆ ਹੈ ਇਸ ਸ਼ਿਪਮੇਂਟ ਵਿਚ। ਸ਼ੁਕਰ ਹੈ, ਜ਼ਾਤੀ ਕਰਜ਼ੇ ਉਤਰ ਜਾਣਗੇ। ਕਿਉਂ ਭੂਸ਼ਣ?"

"ਬਿਲਕੁਲ", ਉਹ ਬੋਲਿਆ, "ਫਿਰ ਹੋ ਜਾਏ .... ਮੌਰੀਆ ਹੋਟਲ!"

"ਯਾਰ ਹੋਟਲ ਵੋਟਲ ਛੱਡ। ਮੇਰੇ ਫ਼ਾਰਮ ਤੇ ਚਲਦੇ ਹਾਂ। ਉੱਥੇ ਹੀ ਡਿਨਰ ਕਰਾਂਗੇ। ਤੂੰ ਵੀ ਤਿਆਰ ਹੋ ਜਾ ਸ਼ਾਲੂ।"

ਮੈਂ ਖੁਸ਼ੀ ਨਾਲ ਉੱਛਲ ਪਈ। "ਸ਼ੁਕਰ ਹੈ ਅੱਜ ਤੈਨੂੰ ਮੇਰਾ ਖ਼ਿਆਲ ਆਇਆ। ਕਿਹੜੀ ਡ੍ਰੈੱਸ ਪਹਿਨਾਂ? ਇਹੋ ਜਿਹੇ ਮੌਕੇ ਲਈ ਮੈਂ ਇਕ ਖ਼ਾਸ ਡ੍ਰੈੱਸ ਬਣਵਾਈ ਹੈ। ਉਹੋ ਪਹਿਨਾਂਗੀ ਅੱਜ।"

"ਜ਼ਰੂਰ।"

ਮੈਂ ਅਲਮਾਰੀ ਖੋਲ੍ਹੀ ਤੇ ਉਹ ਜਾਲੀਦਾਰ ਸਿਆਹ ਰੇਸ਼ਮੀ ਡ੍ਰੈੱਸ ਪਹਿਨੀਂ ਜਿਸ ਵਿਚੋਂ ਦੀ ਮੇਰਾ ਹੁਸਨ ਛਣ ਰਿਹਾ ਸੀ। ਹੋਠਾਂ ਉੱਤੇ ਮੇਰੂਨ ਲਿਪਸਟਿਕ, ਉੱਚੀ ਅੱਡੀ ਵਾਲੀ ਕਾਲੀ ਸੈਂਡਲ ਤੇ ਡਿਊਕ ਸੈਂਟ ਲਗਾਇਆ।

ਜੇਲ੍ਹ ਤੋਂ ਨਿਕਲਣ ਪਿਛੋਂ ਅੱਜ ਪਹਿਲੀ ਵਾਰ ਬਾਬੀ ਨੂੰ ਏਨਾ ਖੁਸ਼ ਦੇਖਿਆ। ਕਰਜ਼ੇ ਤੇ ਕਾਰੋਬਾਰ ਦੇ ਫ਼ਿਕਰਾਂ ਵਿਚ ਘਿਰਿਆ ਰਹਿੰਦਾ ਸੀ ਹਮੇਸ਼ਾ। ਰੁਪਿਆ ਵੀ ਕਿੰਨੀ ਜ਼ਾਲਿਮ ਚੀਜ਼ ਹੈ। ਕਰਜ਼ਾ ਹੋਵੇ ਤਾਂ ਦਿਲ ਡੁੱਬਿਆ ਰਹਿੰਦਾ ਹੈ, ਫ਼ਾਇਦਾ ਹੋਵੇ ਤਾਂ ਚਿਹਰੇ ਉੱਤੇ ਮੁਸਕਰਾਹਟਾਂ। ਨਵੀਂ ਸ਼ਕਤੀ ਸਾਰੇ ਜਿਸਮ ਵਿਚ ਦੌੜਨ ਲਗਦੀ ਹੈ।

ਬਾਬੀ, ਮੈ ਤੇ ਭੂਸ਼ਣ-ਤਿੰਨੇ ਕਾਰ ਵਿਚ ਬੈਠੇ ਤੇ ਕੁਤਬ ਮੀਨਾਰ ਦੇ ਰਸਤੇ ਰਵਾਨਾ ਹੋਏ। ਰਸਤੇ ਵਿਚ ਮਹਾਂਵੀਰ ਦਾ ਬਹੁਤ ਵੱਡਾ ਬੁੱਤ ਉੱਚੀ ਚੱਟਾਨ ਉੱਤੇ ਬੈਠਾ ਸੀ। ਬਾਬੀ ਨੇ ਕਾਰ ਰੋਕ ਕੇ ਮੱਥਾ ਟੇਕਿਆ। ਤੇ ਫਿਰ ਉਸੇ ਵਹਿਸ਼ੀ ਰਫ਼ਤਾਰ ਨਾਲ ਫ਼ਾਰਮ ਉੱਤੇ ਪਹੁੰਚ ਗਏ।

ਫ਼ਾਰਮ ਦੀ ਨਵੀਂ ਸੱਜ-ਧੱਜ ਦੇਖ ਕੇ ਮੇਰੇ ਮੂੰਹੋਂ ਨਿਕਲ ਗਿਆ, "ਵਾਹ ਬਿਊਟੀਫੁੱਲ!"

ਰੋਸ਼ਨੀਆਂ ਜਗਮਗਾ ਰਹੀਆਂ ਸਨ। "ਬਾਰਬਿਕਊ" ਉੱਤੇ ਚਿਕਨ ਤੇ ਫਿਸ਼ ਭੁੱਜਣ ਦੀ ਸੁਗੰਧ! ਅੱਗ ਦੀਆਂ ਲਪਟਾਂ ... ਨਰਗਿਸ ਦੇ ਫੁੱਲ। ਵਿਚਾਲੇ ਗੋਲ ਟੇਬਲ ਉੱਤੇ ਸ਼ੈਮਪੇਨ ਦੀ ਬੋਤਲ ਬਰਫ਼ ਨਾਲ ਭਰੀ ਹੋਈ ਬਲੌਰੀ ਬੱਕਟ ਵਿਚ ਟੇਢੀ ਖੜ੍ਹੀ ਸੀ। ਤੇ ਕ੍ਰਿਸਟਲ ਦੇ ਤਿੰਨ ਗਲਾਸ।

ਇਹ ਇੰਤਜ਼ਾਮ ਸਾਡੇ ਲਈ ਇਕ ਸਰਪ੍ਰਾਈਜ਼ ਸੀ। ਬਾਬੀ ਇਸ ਕਿਸਮ ਦੇ ਝਟਕੇ ਦੇਣ ਵਾਲੀਆਂ ਹਰਕਤਾਂ ਕਰਨ ਦਾ ਆਦੀ ਸੀ। ਇਕ ਵਾਰ ਮੈਂ ਉਸ ਨੂੰ ਅਖਿਆ ਕਿ ਮੈਨੂੰ ਫਲੈਟ ਦਾ ਕਿਰਾਇਆ ਦੇਣ ਲਈ ਕੁਝ ਪੈਸੇ ਚਾਹੀਦੇ ਹਨ। ਮੈਨੂੰ ਤਨਖ਼ਾਹ ਨਹੀਂ ਸੀ ਮਿਲੀ। ਅਗਲੇ ਦਿਨ ਹੀ ਕਿਰਾਇਆ ਦੇਣਾ ਸੀ। ਤਿੰਨ ਹਜ਼ਾਰ ਰੁਪਿਆ ਬਸ ਹੁਦਾਰਾ ਚਾਹੀਦਾ ਸੀ। ਉਹ ਬੋਲਿਆ, "...ਹਾਂ ... ਹੁਦਾਰ ... ਪਰ ਏਨੇ ਪੈਸੇ ਤਾਂ ਮੇਰੇ ਕੋਲ ਹੈ ਨਹੀਂ।"

ਮੈਂ ਚੁੱਪ ਹੋ ਗਈ। ਉਸ ਦਿਨ ਉਹ ਜਲਦੀ ਹੀ ਚਲਾ ਗਿਆ। ਨਾ ਫਿਰ ਮੈਂ ਕਿਰਾਏ ਲਈ ਪੈਸੇ ਮੰਗੇ ਤੇ ਨਾ ਉਸ ਨੇ ਦਿੱਤੇ। ਮੈਨੂੰ ਬਹੁਤ ਗੁੱਸਾ ਆਇਆ। ਉਸ ਵਿਚ ਕਮੀਨਗੀ ਦੀ ਇਕ ਰਗ ਜ਼ਰੂਰ ਸੀ ... ਬਸ ਗੱਲ ਨੂੰ ਟਾਲ ਕੇ ਚਲਾ ਗਿਆ। ਘੱਟ ਤੋਂ ਘੱਟ ਮੈਨੂੰ ਕੁਝ ਦੱਸ ਤਾਂ ਜਾਂਦਾ। ਸਵੇਰੇ ਸਵੇਰੇ ਮਕਾਨ ਮਾਲਕਣ ਦਾ ਮੂੰਹ ਦੇਖਣਾ ਪਵੇਗਾ। ... ਮਨਹੂਸ ਚਿਹਰਾ ... ਬਾਬੀ ਨੂੰ ਮਨ ਹੀ ਮਨ ਵਿਚ ਗਾਲ੍ਹਾਂ ਦਿੱਤੀਆਂ। ਆਖ਼ਿਰ ਬਿਜ਼ਨੈਸਮੈਨ ਦਾ ਪੁੱਤ ਹੈ ਨਾ! ਕਮੀਨਾ ... ਮੈਂ ਆਪਣੀ ਡ੍ਰੈਸ ਟੰਗਣ ਲਈ ਅਲਮਾਰੀ ਖੋਲ੍ਹੀ ਤਾਂ ਦੇਖਿਆ ਕਿ ਇਕ ਇਕ ਹਜ਼ਾਰ ਦੀਆਂ ਪੰਜ ਗੱਠੀਆਂ ਪਈਆਂ ਹੋਈਆਂ ਸਨ ... ਮੈਂ ਮਨ ਹੀ ਮਨ ਵਿਚ ਹੱਸੀ। ਦੱਸ ਕੇ ਵੀ ਨਹੀਂ ਗਿਆ ਉੱਲੂ।

ਅੱਜ ਇਹ ਪਾਰਟੀ ਵੀ ਇਸੇ ਕਿਸਮ ਦੀ ਸੀ, ਝੱਟਕਾ ਦੇਣ ਵਾਲੀ।

ਬਾਬੀ ਨੇ ਸਾਨੂੰ ਦੋਹਾਂ ਨੂੰ ਆਪਣੀਆਂ ਬਾਹਵਾਂ ਵਿਚ ਜਕੜ ਲਿਆ ਤੇ ਬੋਲਿਆ, "ਇਹ ਸਾਡੀ ਤਿੰਨਾਂ ਦੀ ਖੁਸ਼ੀ ਹਮੇਸ਼ਾ ਇਕੱਠਿਆਂ ਰਹਿਣ ਦੀ ਸਹੁੰ!"

ਉਸ ਨੇ ਪੇਚਦਾਰ ਕਮਾਨੀ ਨਾਲ ਸ਼ੈਮਪੇਨ ਦੀ ਬੋਤਲ ਦਾ ਕਾਗ ਉਡਾਇਆ। ਪਟਾਕਾ ਚਲਿਆ ਤੇ ਗੁਣਗੁਣਾਉਂਦੀ ਹੋਈ ਝੱਗ ਉਛਲ ਕੇ ਬਾਹਰ ਵਗਣ ਲਗੀ।

ਤਿੰਨਾਂ ਨੇ ਗਲਾਸ ਭਰੇ ਤੇ ਜਾਮ ਟਕਰਾਏ, "ਦੋਸਤੀ ਦੇ ਨਾਂ!"

ਅਸੀਂ ਸ਼ੈਮਪੇਨ ਪੀਂਦੇ ਰਹੇ ਤੇ ਭੁੰਨੇ ਹੋਏ ਚਿਕਨ, ਕਬਾਬ ਤੇ ਫਿਸ਼ ਦੇ ਟਿੱਕੇ ਖਾਂਦੇ ਰਹੇ... ਦੌਰ ਚਲਿਆ। ਬਾਬੀ ਤੇ ਭੂਸ਼ਣ ਇਕ ਦੂਜੇ ਨੂੰ ਧੱਫੇ ਮਾਰਦੇ ਹੋਏ ਦੋਸਤੀ ਦੀਆਂ ਜੱਫੀਆਂ ਪਾ ਰਹੇ ਸਨ। ਮਸਤੀ ਕਰ ਰਹੇ ਸਨ ਉਹ।

ਬਾਬੀ ਭੜਕ ਰਿਹਾ ਸੀ। ਉਹ ਫ਼ੈਸ਼ਨ ਦੀ ਦੁਨੀਆਂ ਨੂੰ ਗਾਲ੍ਹਾਂ ਕੱਢਣ ਲੱਗਾ। ਨਵੀਂਆਂ ਚੋਣਾਂ ਦੇ ਬਾਰੇ ਵਿਚ ਭਾਸ਼ਣ ਦੇਣ ਲੱਗਾ। ਚੰਦਰਾਸਵਾਮੀ ਦੇ ਜੇਲ੍ਹ ਜਾਣ ... ਤੇ ਪਾਰਲੀਮੈਂਟ ਦੀਆਂ ਚੋਣਾਂ ... ਤੇ ਨਵੀਂ ਸਰਕਾਰ ਬਣਾਉਣ ਦੀ ਭਵਿੱਖਬਾਣੀ, ...ਦੱਸੋ, ਕੌਣ ਜਿੱਤੇਗਾ? ਕਾਂਗਰਸ ਜਾਂ ਬੀ.ਜੇ.ਪੀ.? ਫਿਰ ਹੱਸਿਆ ਤੇ ਬੋਲਿਆ, "ਦੋਵੇਂ ਹਾਰ ਗਈਆਂ ਹਨ। ਇਹ ਪਾਰਟੀਆਂ ... ਨਵੇਂ ਗਠਜੋੜ ... ਦੋਵੇਂ ਚੋਰ .... ਝੂਠੇ .... ਦੋਵੇਂ ਮੌਕਾ-ਪ੍ਰਸਤ .... ਮੱਕਾਰ ... ਮੁਲਕ ਦੇ ਗੱਦਾਰ।"

ਇਕਦੱਮ ਉਸ ਦੇ ਤੇਵਰ ਵਿਗੜ ਗਏ। ਭਵਾਂ ਤਣ ਗਈਆਂ। ਗੱਦਾਰ! ਗੱਦਾਰ! ਆਖਦਾ ਹੋਇਆ ਉਹ ਭੂਸ਼ਣ ਵੱਲ ਵਧਿਆ ਤੇ ਉਸ ਨੂੰ ਗਲ ਤੋਂ ਫੜ ਕੇ ਗਰਜਿਆ, "ਤੇ ਸਭ ਤੋਂ ਵੱਡਾ ਗੱਦਾਰ ਹੈ ਤੂੰ ਹੈਂ ਹਰਾਮਜ਼ਾਦੇ! ਤੂੰ!"

ਭੂਸ਼ਣ ਘਬਰਾ ਕੇ ਪਿੱਛੇ ਹਟਿਆ ਤਾਂ ਬਾਬੀ ਬੋਲਿਆ, "ਡਰ ਨਾ, ਮੈਂ ਤੈਨੂੰ ਮਾਰਨਾ ਨਹੀਂ। ਤੂੰ ਮੇਰਾ ਯਾਰ ਹੈਂ.... ਤੇ ਇਹ ਮੇਰੀ ਮਹਿਬੂਬਾ... ਮੈਂ ਇਸ ਨੂੰ ਬੇਹੱਦ ਪਿਆਰ ਕਰਦਾ ਹਾਂ... ਤੇ ਤੂੰ ਸਾਲਿਆ! ਮੈਨੂੰ ਸਾਰਾ ਪਤਾ ਹੈ। ਤੂੰ ਮੈਨੂੰ ਉੱਲੂ ਸਮਝਦਾ ਹੈਂ? ਬੇਵਕੂਫ਼?"

ਇਕ ਦਮ ਉਸ ਦੀਆਂ ਅੱਖਾਂ ਬਦਲ ਗਈਆਂ ਉਹ ਫਿਰ ਬੋਲਿਆ, "ਪਤਾ ਹੈ ਤੈਨੂੰ? ਕਲ੍ਹ ਮੈਂ ਏਅਰਪੋਰਟ ਨਹੀਂ ਸੀ ਗਿਆ। ਮੈਨੂੰ ਪਤਾ ਸੀ ਤੂੰ ਸ਼ਾਲੂ ਦੇ ਫਲੈਟ ਵਿਚ ਆਏਂਗਾ। ਮੈਂ ਕਿਤਾਬਾਂ ਪਿੱਛੇ ਇਕ ਟੇਪਰੀਕਾਰਡਰ ਛੁਪਾ ਦਿੱਤਾ ਸੀ – ਦੋ ਘੰਟੇ ਤੀਕ ਚੱਲਣ ਵਾਲੀ ਕੈਸਿਟ ਸੀ ਉਸ ਵਿਚ। ਤੇਰੀਆਂ ਤੇ ਸ਼ਾਲੂ ਦੀਆਂ ਸਾਰੀਆਂ ਗੱਲਾਂ ਸੁਣ ਲਈਆਂ ਨੇ ਮੈਂ। ਉਂਜ ਮੈਨੂੰ ਇਸ ਕੈਸਿਟ ਦੀ ਜ਼ਰੂਰਤ ਨਹੀਂ ਸੀ। ਮੈਂ ਬਚਪਨ ਤੋਂ ਤੈਨੂੰ ਜਾਣਦਾ ਹਾਂ। ਤੇਰਾ ਚਿਹਰਾ ਪੜ੍ਹ ਸਕਦਾ ਹਾਂ ਮੈਂ ... ਮੈਨੂੰ ਪਹਿਲਾਂ ਹੀ ਸ਼ੱਕ ਸੀ ... ਤੇ ਇਹ ਸ਼ੱਕ ਠੀਕ ਨਿਕਲਿਆ। ਤੂੰ ਮੌਕੇ ਦੀ ਤਲਾਸ਼ ਵਿਚ ਸੈਂ। ਤੇ ਮੈਨੂੰ ਵੀ ਇਸੇ ਮੌਕੇ ਦੀ ਤਲਾਸ਼ ਸੀ। ਤੇਰਾ ਹਰ ਵਾਰ ਸ਼ਾਲੂ ਦੀ ਗਲ੍ਹ ਚੁੰਮ ਕੇ ਰੁਖ਼ਸਤ ਹੋਣਾ ਮੈਨੂੰ ਚੰਗਾ ਨਹੀਂ ਸੀ ਲੱਗਦਾ। ਇਕ ਦਿਨ ਮੈਂ ਦੇਖਿਆ ਤੇਰੀਆਂ ਅੱਖਾਂ ਵਿਚ ਸੈੱਕਸ ਦੀ ਚਮਕ ਸੀ, ਤੇ ਤੂੰ ਸ਼ਾਲੂ ਦੀ ਗੱਲ੍ਹ ਚੁੰਮਦਿਆਂ ਹੋਇਆ ਉਸ ਦੇ ਬੁੱਲਾਂ ਨੂੰ ਚੁੰਮ ਰਿਹਾ ਸੈਂ। ਮੇਰੀ ਪਿੱਠ ਤੁਹਾਡੀ ਵੱਲ ਸੀ ਪਰ ਮੈਂ ਚੋਰ ਨਜ਼ਰੇ ਤੁਹਾਨੂੰ ਦੋਹਾਂ ਨੂੰ ਦੇਖ ਲਿਆ ਸੀ।

ਮੈਂ ਬਾਬੀ ਦਾ ਵਿਗੜਿਆ ਹੋਇਆ ਰੂਪ ਦੇਖ ਕੇ ਡਰ ਗਈ। ਮੈਂ ਆਖਿਆ "ਬਾਬੀ, ਤੂੰ ਪਾਗਲ ਤਾਂ ਨਹੀਂ ਹੋ ਗਿਆ? ਕਿਹੋ ਜਿਹੀਆਂ ਬਹਿਕੀਆਂ ਗੱਲਾਂ ਕਰ ਰਿਹਾ ਹੈਂ?"

ਉਹ ਮੇਰਾ ਹੱਥ ਝਟਕ ਕੇ ਬੋਲਿਆ, "ਸ਼ਾਲੂ ਮੇਰੀ ਮੁਹੱਬਤ ਆਮ ਲੋਕਾਂ ਵਰਗੀ ਨਹੀਂ, ਇਹ ਸਦੀਵੀ ਹੈ। ਭਾਵੇਂ ਮੈਂ ਦਸ ਸ਼ਾਦੀਆਂ ਕਰ ਲਵਾਂ ਫਿਰ ਵੀ - ਤੂੰ ਮੇਰੇ ਵਿਚ ਵੱਸੀ ਹੋਈ ਹੈਂ। ਤੂੰ! ਸਿਰਫ਼ ਤੂੰ! ਤੇ ਇਹ ਹਰਾਮਜ਼ਾਦਾ ਵਿਚ ਆ ਗਿਆ।"

"ਕੀ ਬੱਕ ਰਿਹਾ ਹੈਂ? ਹੋਸ਼ ਵਿਚ ਤਾਂ ਹੈਂ ਤੂੰ? ਮੇਰਾ ਭੂਸ਼ਣ ਨਾਲ ਕੋਈ ਸਬੰਧ ਨਹੀਂ।"

"ਸਬੰਧ ਹੈ! ਫਰੇਬਣ ... ਸਬੰਧ ਹੈ - ਉਸ ਦਾ ਤਾਂ ਸਬੰਧ ਹੈ ਤੇਰੇ ਨਾਲ!"

ਬਾਬੀ ਦਾ ਚਿਹਰਾ ਭੱਖ ਰਿਹਾ ਸੀ। ਉਹ ਭੜਕ ਕੇ ਬੋਲਿਆ, "ਯਾਦ ਹੈ ਤੈਨੂੰ? ਪਹਿਲੀ ਰਾਤ ਜਦ ਤੈਨੂੰ ਮਿਲਿਆ ਤਾਂ ਇਹ ਸਾਲਾ ਭੂਸ਼ਣ ਵੀ ਮੇਰੇ ਨਾਲ ਸੀ। ਇਹ ਤੈਨੂੰ ਕੁਲਫ਼ੀ ਖੁਆਉਣ ਦੇ ਬਹਾਨੇ ਨਾਲ ਦੇ ਸਾਥੀਆਂ ਤੋਂ ਪਰ੍ਹਾਂ ਲੈ ਗਿਆ ਸੀ। ਜਦ ਮੈਂ ਪਲਟ ਕੇ ਦੇਖਿਆ ਤਾਂ ਤੁਸੀਂ ਦੋਵੇਂ ਗਾਇਬ ਸੀ। ਮੈਂ ਲੱਭਣ ਨਿਕਲਿਆ ਤਾਂ ਦੇਖਿਆ ਤੁਸੀਂ ਦੋਵੇਂ ਮੇਰੀ ਕਾਰ ਵਿਚ ਬੈਠੇ ਕੁਲਫ਼ੀ ਖਾ ਰਹੇ ਸੀ। ਉਸ ਵੇਲੇ ਮੈਂ ਭਾਂਪ ਲਿਆ ਕਿ ਇਹ ਤੈਨੂੰ ਚੱਕ ਲਵੇਗਾ ਕਿਸੇ ਵੇਲੇ। ਕੁਲਫ਼ੀ ਦਾ ਬਹਾਨਾ ਸੀ ਤੈਨੂੰ ਬਹਿਕਾ ਕੇ ਬਾਹਰ ਲਿਜਾਣ ਦਾ। ਇਸ਼ਕ ਦਾ ਪਹਿਲਾ ਕਦਮ। ਮੈਂ ਦੌੜ ਕੇ ਆਇਆ ਤੇ ਇਸ ਕੁੱਤੇ ਨੂੰ ਸਖ਼ਤੀ ਨਾਲ ਹੁਕਮ ਦਿੱਤਾ, "ਗੈੱਟ ਆਊਟ!" ਤੇ ਇਸ ਨੇ ਸਹਿਮ ਕੇ ਮੇਰਾ ਹੁਕਮ ਮੰਨ ਲਿਆ ਤੇ ਚੁੱਪ ਚਾਪ ਕਾਰ ਵਿਚੋਂ ਬਾਹਰ ਆ ਗਿਆ। ਉਸ ਦਿਨ ਤੋਂ ਹੀ ਮੈਂ ਆਪਣਾ ਹੱਕ ਜਮਾ ਲਿਆ ਸੀ ਤੇਰੇ ਉੱਤੇ। ਤੇਰੇ ਮੱਥੇ ਉੱਤੇ ਲਿਖਿਆ ਸੀ ਕਿ ਤੂੰ ਮੇਰੀ ਹੈਂ - ਮੇਰੀ ਮਲਕੀਅਤ। ਤੇ ਇਸ ਨੇ ਇਹ ਗੱਲ ਮਨਜ਼ੂਰ ਕਰ ਲਈ। ਜੇ ਮੈਂ ਦੌੜ ਕੇ ਨਾ ਜਾਂਦਾ ਤਾਂ ਤੂੰ ਇਸ ਦੀ ਹੋ ਜਾਂਦੀ।"

ਮੈਂ ਬਾਬੀ ਦੇ ਮੂੰਹ ਤੋਂ ਇਹੋ ਜਿਹੀਆਂ ਗੱਲਾਂ ਸੁਣ ਕੇ ਹੈਰਾਨ ਰਹਿ ਗਈ। ਇਹ ਸ਼ਖ਼ਸ, ਇਹ ਪਾਗਲ ਬਾਬੀ ਪਹਿਲੀ ਰਾਤ ਦੀ ਛੋਟੀ ਜਿਹੀ ਗੱਲ ਨੂੰ ਗੰਢ ਮਾਰ ਕੇ ਢਿੱਡ ਵਿਚ ਲਈ ਬੈਠਾ ਸੀ।

ਮੈਂ ਸਹਿਮੀ ਹੋਈ ਨੇ ਉਸ ਦਾ ਹੱਥ ਫੜਿਆ ਤੇ ਪਿਆਰ ਨਾਲ ਆਖਿਆ, "ਬਾਬੀ, ਇਹ ਤੇਰੀ ਗਲਤ ਫ਼ਹਿਮੀ ਹੈ!"

ਉਸ ਨੇ ਮੇਰਾ ਹੱਥ ਝੱਟਕ ਦਿੱਤਾ। ਜੇਬ ਵਿਚੋਂ ਰੀਵਾਲਵਰ ਕੱਢਿਆ ਤੇ ਭੂਸ਼ਣ ਵੱਲ ਤਾਣ ਕੇ ਬੋਲਿਆ, "ਹਰਾਮਜ਼ਾਦਿਆ, ਅੱਜ ਤੂੰ ਘਰ ਨਹੀਂ ਵਾਪਿਸ ਜਾਂਦਾ!"

ਮੈਂ ਚੀਖੀ, "ਬਾਬੀ ਹੋਸ਼ ਵਿਚ ਆ।"

"ਛੱਡ ਦੇਹ ਮੈਨੂੰ! ਇਸ ਹਰਾਮਜ਼ਾਦੇ ਦੀ ਮਦਦ ਕਰਦੀ ਹੈਂ? ਮੈਂ ਇਸ ਨੂੰ ਜੀਉਂਦੇ ਨੂੰ ਗੱਡ ਸੁੱਟਣਾ ਹੈ ਜੇ ਇਸ ਨੇ ਫਿਰ ਤੇਰੀ ਗੱਲ੍ਹ ਚੁੰਮੀ ਤਾਂ। ਮੇਰਾ ਸਿਰ ਪਾਟਦਾ ਜਾਂਦਾ ਹੈ ... ਮੈਂ ਬਰਦਾਸ਼ਤ ਨਹੀਂ ਕਰ ਸਕਦਾ।"

ਉਹ ਫਿਰ ਬੋਲਿਆ, "ਖ਼ਬਰਦਾਰ, ਜੇ ਮੁੜ ਕੇ ਸ਼ਾਲੂ ਨੂੰ ਮਿਲਿਆ ਤਾਂ!" ਫਿਰ ਉਸ ਨੇ ਮੇਰੇ ਵੱਲ ਦੇਖਿਆ ਤੇ ਰੀਵਾਲਵਰ ਉੱਛਾਲ ਕੇ ਫੜਿਆ ਤੇ ਬੋਲਿਆ, "ਸ਼ਾਲੂ, ਤੇਰੇ ਅੰਦਰ ਅਜੀਬ ਕਸ਼ਿਸ਼ ਹੈ। ਤੇਰੀਆਂ ਅੱਖਾਂ ਦੇਖਦੀਆਂ ਨਹੀਂ, ਝਾਕਦੀਆਂ ਨੇ। ਮਰਦਾਂ ਨੂੰ ਹਾਕਾਂ ਮਾਰਦੀਆਂ ਨੇ। ਬੁਲਾਉਂਦੀਆਂ ਨੇ। ਅਵਾਜ਼ਾਂ ਮਾਰਦੀਆਂ ਹਨ। ਤੂੰ ਜਮਾਂਦਰੂ ਹੀ ਫਲੱਰਟ ਹੈਂ '।' ਆਪਣੇ ਅੰਗਾਂ ਦੀ ਨੁਮਾਇਸ਼ ਦਿਖਾਉਣ ਦੀ ਭੁੱਖੀ! ਤੂੰ ਹੀ ਜ਼ਿੰਮੇਵਾਰ ਹੈਂ ਇਸ ਸਭ ਕਾਸੇ ਦੀ। ਜਦ ਤੀਕ ਤੂੰ ਰਹੇਂਗੀ, ਦੂਜਿਆਂ ਨੂੰ ਭਰਮਾਉਂਦੀ ਰਹੇਂਗੀ। ਮੈਂ ਬਰਦਾਸ਼ਤ ਨਹੀਂ ਕਰ ਸਕਦਾ। ਕਿਸੇ ਦੇ ਹੱਥ ਤੇਰੀਆਂ ਛਾਤੀਆਂ ਨੂੰ ਫੜਨ ... ਜਾਂ ਤੇਰੇ ਹੋਂਠ ਕਿਸੇ ਹੋਰ ਦੇ ਹੋਠਾਂ ਦਾ ਰੱਸ ਚੂਸਣ। ਤੂੰ ਮੇਰੀ ਹੈਂ। ਮੇਰੇ ਮਰਨ ਤੋਂ ਬਾਅਦ ਵੀ ਮੇਰੀ। ਜੀਊਂਦਿਆਂ ਵੀ ਮੇਰੀ।"

ਉਸ ਨੇ ਰੀਵਾਲਵਰ ਮੇਰੇ ਵੱਲ ਘੁਮਾਇਆ ਤੇ ਨਿਸ਼ਾਨਾ ਬੰਨ੍ਹ ਕੇ ਫ਼ਾਇਰ ਕੀਤਾ। ਗੋਲੀ ਮੇਰੇ ਸੀਨੇ ਵਿਚ ਲੱਗੀ ਤੇ ਮੈਂ ਤ੍ਰੱਭਕ ਕੇ ਜ਼ਮੀਨ ਉੱਤੇ ਡਿਗ ਪਈ। ਲਹੂ ਵਗਣ ਲੱਗਾ। ਮੈਂ ਬੇਹੋਸ਼ੀ ਦੀ ਅੰਨ੍ਹੀ ਗੁਫ਼ਾ ਵਿਚ ਉਤਰਦੀ ਚਲੀ ਗਈ...

# 14

**ਜਦ** ਮੇਰੀ ਅੱਖ ਖੁਲ੍ਹੀ ਤਾਂ ਦੇਖਿਆ ਕਿ ਮੈਂ ਹਸਪਤਾਲ ਦੇ ਬਿਸਤਰੇ ਉਤੇ ਪਈ ਹੋਈ ਹਾਂ। ਤੇ ਮੇਰੇ ਸਾਹਮਣੇ ਭੂਸ਼ਣ ਖੜ੍ਹਾ ਹੈ। ਹੈਰਾਨ ਹੋਈ ਕਿ ਅੰਨ੍ਹੀ ਗੁਫ਼ਾ ਵਿਚੋਂ ਨਿਕਲਕੇ ਮੈਂ ਇਥੇ ਕਿਵੇਂ ਪਹੁੰਚ ਗਈ। ਸਿਰ ਵਿਚ ਚੱਕਰਦਾਰ ਸੀੜ੍ਹੀਆਂ ਘੁੰਮ ਰਹੀਆਂ ਸਨ। ਤੇ ਊਬੜ ਖਾਬੜ ਬਿੰਬ ਇਕ ਦੂਜੇ ਵਿਚ ਪਿਘਲ ਰਹੇ ਸਨ। ਨਵੇਂ ਚਿਹਰੇ ਉਭਰ ਰਹੇ ਸਨ। ਮੈਂ ਖ਼ੁਦ ਵੀ ਬਦਲ ਰਹੀ ਸਾਂ। ਧੁੰਦ ਵਿਚੋਂ ਮੇਰਾ ਆਪਣਾ ਚਿਹਰਾ ਅੱਖਾਂ ਪਾੜ ਪਾੜ ਕੇ ਮੈਨੂੰ ਦੇਖ ਰਿਹਾ ਸੀ ... ਜਿਵੇਂ ਫ਼ਿਲਮਾਂ ਵਿਚ ਕਈ ਬਿੰਬ ਇਕੱਠੇ ਹੀ ਘੁਲ ਮਿਲ ਰਹੇ ਹੁੰਦੇ ਹਨ। ਮੈਂ ਦੇਖਿਆ ਕਿ ਭੂਸ਼ਣ ਨਹੀਂ, ਬਾਬੀ ਪਿਸਤੌਲ ਤਾਣੀ ਮੇਰੇ ਸਾਹਮਣੇ ਖੜ੍ਹਾ ਦੰਦ ਕਰੀਚ ਰਿਹਾ ਸੀ। ਫਿਰ ਯਕਦਮ ਇਹ ਚਿਹਰਾ ਭਿਆਨਕ ਤੇ ਖ਼ੌਫ਼ਨਾਕ ਬਣ ਗਿਆ। ਮੈਂ ਡਰ ਨਾਲ ਚੀਕ ਉਠੀ।

'ਕੀ ਹੋਇਆ?" ਭੂਸ਼ਣ ਬੋਲਿਆ।

"ਬਾਬੀ, ਕਿਥੇ ਹੈ ਬਾਬੀ?"

"ਉਹ ਪਾਗਲਖ਼ਾਨੇ ਵਿਚ ਹੈ।"

ਇਕ ਦਮ ਮੈਨੂੰ ਧੱਕਾ ਲਗਿਆ। ਤੇ ਮੈਂ ਡਰਾਉਣੀ ਨੀਂਦ ਤੋਂ ਅੱਭੜਵਾਹੇ ਜਾਗ ਪਈ। "ਕਿਥੇ ਚਲਾ ਗਿਆ ਸੀ ਬਾਬੀ?"

ਦਿਨ ਬੀਤਦੇ ਗਏ। ਮੈਂ ਤਿੰਨ ਮਹੀਨੇ ਹਸਪਤਾਲ ਵਿਚ ਰਹੀ। ਮੇਰੀ ਮਾਂ ਤੇ ਭਰਾ ਨੇ ਮੇਰੀ ਦੇਖ ਭਾਲ ਕੀਤੀ ਤੇ ਸਾਰਾ ਖ਼ਰਚਾ ਉਠਾਇਆ।

* * *

ਭੂਸ਼ਣ ਹਰ ਤੀਜੇ ਚੌਥੇ ਦਿਨ ਮੈਨੂੰ ਮਿਲਣ ਆਉਂਦਾ। ਜਦੋਂ ਮੈਂ ਬਾਬੀ ਬਾਰੇ ਪੁੱਛਦੀ ਤਾਂ ਉਹ ਇਹੋ ਆਖਦਾ ਕਿ ਉਸ ਦੀ ਦਿਮਾਗੀ ਹਾਲਤ ਠੀਕ ਨਹੀਂ। ਉਸ ਨੇ ਗੁੱਸੇ ਵਿਚ ਤੇਰੇ ਉੱਤੇ ਗੋਲੀ ਚਲਾਈ। ਗੋਲੀ ਛਾਤੀ ਦੇ ਸੱਜੇ ਪਾਸੇ ਚੀਰਦੀ ਨਿਕਲ ਗਈ। ਖ਼ੂਨ ਦੀ ਤਤੀਰੀ ਨਿਕਲੀ। ਬਾਬੀ ਨੇ ਰੀਵਾਲਵਰ ਦਾ ਬੱਟ ਆਪਣੇ ਮੱਥੇ ਵਿਚ ਮਾਰਿਆ ਤੇ ਪਾਗਲਾਂ ਵਾਂਗ ਦਹਾੜਨ ਲੱਗਾ। ਤੇ ਫਿਰ ਉਸੇ ਹਾਲਤ ਵਿਚ ਤੇਰੀ ਛਾਤੀ ਉਤੇ ਸਿਰ ਰੱਖ ਕੇ ਰੋਣ ਲੱਗਾ। ਸਭ ਹੋਸ਼ ਗੁਆ ਬੈਠਾ ਤੇ ਅਬਾ ਤਬਾ ਬੋਲਣ ਲੱਗਾ। ਇਸ ਹਾਲਤ ਵਿਚ ਉਸ ਨੂੰ ਮੈਂਟਲ ਹਸਪਤਾਲ ਵਿਚ ਲਿਜਾਣਾ ਪਿਆ। ਹੁਣ ਉਹ ਆਗਰਾ ਦੇ ਪਾਗਲਖ਼ਾਨੇ ਵਿਚ ਹੈ।

ਤਿੰਨ ਮਹੀਨਿਆਂ ਵਿਚ ਸਭ ਕੁਝ ਬਦਲ ਗਿਆ ਸੀ। ਬਾਬੀ ਦੇ ਬਾਪ ਨੂੰ ਬਿਜ਼ਨੈਸ ਵਿਚ ਘਾਟਾ ਪੈ ਗਿਆ। ਸਭ ਕੁਝ ਵਿਕ ਗਿਆ। ਮਕਾਨ ਗਿਰਵੀ। ਹਰ ਚੀਜ਼ ਉਜੜ ਗਈ। ਇਸੇ ਗ਼ਮ ਵਿਚ ਉਸ ਨੂੰ ਦਿਲ ਦਾ ਦੌਰਾ ਪਿਆ ਤੇ ਉਹ ਚਲ ਵਸਿਆ। ਪਿਛੇ ਰਹਿ ਗਈ ਵਿਧਮਾ ਮਾਂ ਤੇ ਛੋਟਾ ਭਰਾ। ਦੋਵੇਂ ਪੈਸੇ ਪੈਸੇ ਦੇ ਮੁਥਾਜ।

ਮੈਂ ਪੁਛਿਆ, "ਬਾਬੀ ਮੈਂਟਲ ਹਾਸਪੀਟਲ ਵਿਚ ਹੈ?"

"ਹਾਂ।"

"ਉਸ ਦੇ ਇਲਾਜ ਲਈ ਪੈਸੇ ਕੌਣ ਦੇਂਦਾ ਹੈ?"

"ਉਸ ਦੀ ਮਾਂ ਕੋਲ ਜੋ ਥੋੜ੍ਹੇ ਬਹੁਤੇ ਗਹਿਣੇ ਬਚੇ ਸਨ ਉਹਨਾਂ ਨੂੰ ਵੇਚ ਕੇ ਹੁਣ ਤੀਕ ਖ਼ਰਚਾ ਚਲਦਾ ਰਿਹਾ ਹੈ। ਹੁਣ ਅੱਗੇ ਕੀ ਹੋਵੇਗਾ - ਰੱਬ ਜਾਣੇ।"

ਇਹ ਗੱਲਾਂ ਸੁਣ ਕੇ ਮੈਂ ਆਖਿਆ, "ਭੂਸ਼ਣ, ਮੈਂ ਬਾਬੀ ਨੂੰ ਮਿਲਣਾ ਚਾਹੁੰਦੀ ਹਾਂ। ਮੇਰੇ ਨਾਲ ਚਲੇਂਗਾ?"

ਉਹ ਥੋੜ੍ਹੀ ਦੇਰ ਚੁਪ ਰਿਹਾ ਤੇ ਫਿਰ ਕੁਝ ਸੋਚ ਕੇ ਬੋਲਿਆ, "ਹਾਂ ... ਚਲਾਂਗਾ।"

ਪਾਗ਼ਲਖਾਨੇ ਦੀ ਵੀ ਆਪਣੀ ਹੀ ਦੁਨੀਆਂ ਹੁੰਦੀ ਹੈ। ਸੱਚ ਝੂਠ ਜਾਪਦਾ ਹੈ ਤੇ ਝੂਠ ਸੱਚ। ਪਾਗਲਖ਼ਾਨੇ ਮੈਂ ਸਿਰਫ਼ ਫਿਲਮਾਂ ਵਿਚ ਦੇਖੇ ਸਨ। ਹਰ ਪਾਗਲ ਦੰਦ ਪੀਂਹਦਾ ਹੋਇਆ ਖੌਰੂ ਪਾਉਂਦਾ ਹੈ। ਜਾਂ ਚਾਂਗਰਾਂ ਮਾਰਦਾ ਹੈ ਜਾਂ ਗਰਜਦਾ ਹੈ। ਜ਼ਿੰਦਗੀ ਵਿਚ ਇਕ ਪਾਗਲ ਦੇਖਿਆ ਸੀ ਜੋ ਮੇਰੇ ਗੁਆਂਢ ਵਿਚ ਰਹਿੰਦਾ ਸੀ। ਦੁਬਲਾ ਪਤਲਾ, ਗੋਰਾ ਰੰਗ, ਵੱਡੀਆਂ ਨੀਲੀਆਂ ਅੱਖਾਂ। ਦੇਖਣ ਨੂੰ ਬਿਲਕੁਲ ਨਾਰਮਲ ਲੱਗਦਾ ਸੀ। ਉਹ ਅਕਸਰ ਆਪਣੇ ਵਿਹੜੇ ਵਿਚ ਕੁਰਸੀ ਤੇ ਬੈਠਾ ਕੁਝ ਸੋਚਦਾ ਰਹਿੰਦਾ। ਚੁਪ ਚਾਪ, ਸ਼ਾਂਤ ਤੇ ਠਹਿਰੀ ਹੋਈ ਚਾਲ। ਕਦੇ ਉੱਚਾ ਨਹੀਂ ਸੀ ਬੋਲਦਾ। ਧੀਮੀ ਆਵਾਜ਼ ਵਿਚ ਗੱਲ ਕਰਦਾ ਤੇ ਕਦੇ ਆਪਣੇ ਆਪ ਵਿਚ ਮੁਸਕਰਾਉਂਦਾ। ਉਸ ਦੀ ਮਾਂ ਥਾਲੀ ਵਿਚ ਰੋਟੀ ਪਰੋਸ ਕੇ ਦੇਂਦੀ ਤਾਂ ਪੱਬਾਂ ਭਾਰ ਬੈਠਾ ਹੌਲੀ ਹੌਲੀ ਰੋਟੀ ਦੀਆਂ ਬੁਰਕੀਆਂ ਤੋੜ ਕੇ ਖਾਂਦਾ। ਹਰ ਹਰਕਤ ਸਲੋਅ ਮੋਸ਼ਨ।

ਪਰ ਕਦੇ ਕਦੇ ਪੰਦਰਾਂ ਦਿਨਾਂ ਪਿਛੋਂ ਉਸ ਨੂੰ ਦੌਰਾ ਪੈਂਦਾ ਤੇ ਉਸ ਵਿਚ ਅੰਨ੍ਹੀ ਸ਼ਕਤੀ ਆ ਜਾਂਦੀ ਤੇ ਉਹ ਦਹਾੜਨ ਲਗਦਾ। ਵਿਹੜੇ ਵਿਚ ਦੌੜਦਾ ਉਹ ਕੰਧਾਂ ਉਤੇ ਮੁੱਕੀਆਂ ਮਾਰਦਾ ਤੇ ਚੀਕਦਾ, "ਸਭ ਕੁਝ ਤੋੜ ਸੁੱਟਾਂਗਾ ਮੈਂ। ਇਸ ਸਮਾਜ ਨੂੰ ਬਦਲ ਦੇਵਾਂਗਾ ... ਤੁਸੀਂ ਸਭ ਚੋਰ ਹੋ ... ਧੋਖੇਬਾਜ ... ਮੇਰਾ ਹੀ ਖਾਂਦੇ ਹੋ ਤੇ ਮੈਨੂੰ ਹੀ ਅੱਖਾਂ ਦਿਖਾਉਂਦੇ ਹੋ? ਸਾਲੇ, ਸਭ ਮੇਰੇ ਨੌਕਰ! ਮੇਰੇ ਤੇ ਹੀ ਹੁਕਮ ਚਲਾਉਂਦੇ ਹੋ? ਨਿਕਲ ਜਾਓ ਮੇਰੇ ਘਰੋਂ, ਨਹੀਂ ਤਾਂ ਸਿਰ ਪਾੜ

ਸੁਟਾਂਗਾ, ਤੁਹਾਡਾ। ਚੁੱਪ। ਚੁੱਪ ਹੋ ਜਾਓ ....। ਸੁਣਿਆ ਨਹੀਂ ਤੁਸੀਂ? ਜਾਓ ... ਜਾਓ ... ਚਲੇ ਜਾਓ।"

ਤੇ ਉਹ ਹੌਲੀ ਹੌਲੀ ਚੁਪ ਕਰ ਜਾਂਦਾ। ਫਿਰ ਕੁਰਸੀ ਤੇ ਬੈਠ ਜਾਂਦਾ ਉਸੇ ਠਰ੍ਹੰਮੇ ਨਾਲ, ਤੇ ਫਿਜ਼ਾ ਵਿਚ ਦੇਖਣ ਲਗਦਾ।

ਕਈ ਵਾਰ ਉਸ ਦੇ ਘਰ ਵਾਲੇ ਉਸ ਨੂੰ ਪਾਗਲਖ਼ਾਨੇ ਛਡ ਕੇ ਆਉਂਦੇ ਤੇ ਉਥੇ ਉਸ ਦਾ ਡਾਕਟਰੀ ਮੁਆਇਨਾ ਹੁੰਦਾ। ਡਾਕਟਰ ਆਖਦਾ – "ਇਹ ਆਦਮੀ ਪਾਗਲ ਨਹੀਂ, ਨਾਰਮਲ ਹੈ। ਬਿਲਕੁਲ ਠੀਕ। ਬਸ ਕਦੇ ਕਦੇ ਦੌਰਾ ਪੈਂਦਾ ਹੈਂ ਪਰ ਇਹ ਏਨਾ ਖ਼ਤਰਨਾਕ ਨਹੀਂ। ਬਹੁਤ ਸਾਰੇ ਲੀਡਰਾਂ ਨੂੰ, ਸ਼ਾਇਰਾਂ ਨੂੰ, ਔਰਤਾਂ ਨੂੰ ਦੌਰੇ ਪੈਂਦੇ ਹਨ। ਤੇ ਉਹ ਗੁੱਸੇ ਵਿਚ ਦਹਾੜਨ ਲਗਦੇ ਹਨ ਤੇ ਗਾਲ੍ਹਾਂ ਕੱਢਣ ਲਗਦੇ ਹਨ। ਪਰ ਉਹ ਲੋਕ ਪਾਗਲ ਨਹੀਂ ਹੁੰਦੇ।"

ਅਜੀਬ ਅਜੀਬ ਖ਼ਿਆਲ ਆਉਂਦੇ ਮੇਰੇ ਮਨ ਵਿਚ। ਬਾਬੀ ਤਾਂ ਆਮ ਜ਼ਿੰਦਗੀ ਵਿਚ ਹੀ ਬਹੁਤ ਵਾਇਲੈਂਟ ਸੀ। ਪਾਗਲਖਾਨੇ ਵਿਚ ਤਾਂ ਹੋਰ ਵੀ ਵਾਇਲੈਂਟ ਹੋ ਗਿਆ ਹੋਵੇਗਾ। ਪਤਾ ਨਹੀਂ ਮੈਨੂੰ ਦੇਖ ਕੇ ਕਿਵੇਂ ਰੀਐਕਟ ਕਰੇ। ਉਸ ਦੀ ਦਾਹੜੀ ਵਧ ਗਈ ਹੋਵੇਗੀ ਤੇ ਸਿਰ ਦੇ ਵਾਲ ਵੀ ਲੰਮੇ – ਝਾਟੜਾ। ਪਤਾ ਨਹੀਂ ਕਿਦਾਂ ਦਾ ਲਗੇ।

ਮੈਂ ਭੂਸ਼ਣ ਨਾਲ ਆਗਰਾ ਦੇ ਪਾਗਲਖ਼ਾਨੇ ਪਹੁੰਚੀ।

ਬਾਹਰਲੇ ਵੱਡੇ ਦਰਵਾਜ਼ੇ ਲੰਘ ਕੇ ਕਈ ਕਿਸਮ ਦੇ ਫਾਰਮ ਭਰਨੇ ਪਏ ਤੇ ਫਿਰ ਅੰਦਰ ਜਾਣ ਦੀ ਅਗਿਆ ਮਿਲੀ। ਅਜੀਬ ਕਿਸਮ ਦੀ ਬੂ ਆਈ ਜੋ ਜੇਲ੍ਹਾਂ ਤੇ ਕਾਲ ਕੋਠੜੀਆਂ ਵਿਚੋਂ ਆਉਂਦੀ ਹੈ।

ਇਸ ਦੇ ਅੰਦਰਲੇ ਦਰਵਾਜ਼ੇ ਵਿਚੋਂ ਦੀ ਲੰਘ ਕੇ ਮੈਂ ਤੇ ਭੂਸ਼ਣ ਇਕ ਬੈਂਚ ਉਤੇ ਬੈਠ ਗਏ। ਫਿਰ ਅਸੀਂ ਡਾਕਟਰ ਨੂੰ ਮਿਲੇ ਤੇ ਉਸ ਨੇ ਪੁਛ-ਪੜਤਾਲ ਕਰਕੇ ਇਕ ਮੋਟੇ ਅਰਦਲੀ ਨੂੰ ਆਖਿਆ, "ਪਾਗਲ ਨੰਬਰ ਨੌਂ ਨੂੰ ਬੁਲਾ ਲਿਆ ਜੋ ਆਪਣੇ ਆਪ ਨੂੰ ਹਿਟਲਰ ਆਖਦਾ ਹੈ।"

ਮੇਰਾ ਸਾਹ ਰੁਕ ਗਿਆ।

ਥੋੜ੍ਹੀ ਦੇਰ ਪਿਛੋਂ ਮੈਂ ਦੇਖਿਆ ਬਾਬੀ ਸੀਖਾਂ ਵਾਲੇ ਦਲਾਨ ਦੇ ਪਿਛੋਂ ਦੀ ਹੁੰਦਾ ਹੋਇਆ ਤੁਰਿਆ ਆ ਰਿਹਾ ਸੀ।

ਉਹ ਆ ਕੇ ਮੇਰੇ ਸਾਹਮਣੇ ਬੈਠ ਗਿਆ। ਤੇ ਅੱਖਾਂ ਪਾੜ ਪਾੜ ਕੇ ਦੇਖਣ ਲਗਾ। ਉਸ ਦਾ ਸਿਰ ਉਸਤਰੇ ਨਾਲ ਮੁੰਨ ਦਿੱਤਾ ਗਿਆ ਸੀ। ਜਿਸਮ ਸੁਕੜੂ। ਹੋਠਾਂ ਉਤੇ ਪੱਪੜੀ ਜੰਮੀ ਹੋਈ ਸੀ। ਉਹ ਚੁਪ ਚਾਪ ਬੈਠਾ ਰਿਹਾ। ਨਾ 'ਹਾਂ' ਨਾ 'ਨਾਂਹ'।

ਮੈਂ ਹੌਸਲਾਂ ਕਰਕੇ ਪੁੱਛਿਆ, "ਕੀ ਹਾਲ ਹੈ ਬਾਬੀ?"

ਉਹ ਫਿੱਕਾ ਜਿਹਾ ਹਾਸਾ ਹੱਸਿਆ, "ਬਹੁਤ ਖੁਸ਼ ਹਾਂ।"

ਫਿਰ ਚੁਪ ਵਰਤ ਗਈ। ਮੈਂ ਮਹਿਸੂਸ ਕੀਤਾ ਕਿ ਕੋਈ ਨਵੀਂ ਸ਼ਕਤੀ ਦੌੜ ਗਈ ਸੀ ਉਸ ਦੇ ਸਰੀਰ ਵਿਚ ਜਿਸ ਨੂੰ ਦਬਾਈ ਬੈਠਾ ਹੌਲੀ ਜਿਹੇ ਮੇਰੇ ਸੁਆਲ ਦਾ ਜੁਆਬ ਦੇ ਰਿਹਾ ਸੀ। ਇਉਂ ਲਗਿਆ ਜਿਵੇਂ ਕੋਈ ਪੁਤਲਾ ਬੋਲ ਰਿਹਾ ਹੋਵੇ। ਆਵਾਜ਼ ਵਿਚ ਅਜੀਬ ਬੇਗਾਨਗੀ। ਇਹ ਬਾਬੀ, ਬਾਬੀ ਨਹੀਂ ਸੀ। ਕੋਈ ਵਾਇਲੈਂਸ, ਕੋਈ ਗੁੱਸਾ, ਕੋਈ ਗਰਜ ਨਹੀਂ ਸੀ ਉਸ ਵਿਚ। ਬਸ ਸ਼ਾਂਤੀ ਸੀ।

ਮੈਂ ਡਾਕਟਰ ਵੱਲ ਦੇਖ ਕੇ ਉਸ ਨੂੰ ਪੁਛਿਆ, "ਥੋੜ੍ਹੀ ਦੇਰ ਲਈ ਮੈਂ ਇਸ ਨਾਲ ਇਕੱਲਿਆ ਗੱਲ ਕਰ ਸਕਦੀ ਹਾਂ?"

ਡਾਕਟਰ ਨੇ ਆਪਣੇ ਗੁੱਟ 'ਤੇ ਬੱਝੀ ਘੜੀ ਵੱਲ ਦੇਖ ਕੇ ਆਖਿਆ, "ਸਿਰਫ਼ ਪੰਜ ਮਿੰਟ ਲਈ ਇਜਾਜ਼ਤ ਹੈ।" ਤੇ ਉਹ ਉਠ ਕੇ ਲਾਗਲੇ ਕਮਰੇ ਵਿਚ ਚਲਾ ਗਿਆ।

ਅਸੀਂ ਇਕ ਦੂਜੇ ਵੱਲ ਟਿਕਟਿਕੀ ਬੰਨ੍ਹੀ ਦੇਖਦੇ ਰਹੇ। ਸਮਝ ਨਹੀਂ ਸੀ ਪੈ ਰਹੀ ਕਿ ਗੱਲ ਕਿਵੇਂ ਸ਼ੁਰੂ ਕਰਾਂ। ਯਕਦਮ ਉਹ ਗਰਜਿਆ। ਉਸ ਦੀ ਸ਼ਕਲ ਬਦਲ ਗਈ ਤੇ ਨਥਨੇ ਫਰਕਨ ਲਗੇ। "ਤੂੰ ਫਿਰ ਆ ਗਈ ਕਮਜਾਤੇ? ਜਾਹ ਉਸ ਹਰਾਮਜ਼ਾਦੇ ਕੋਲ। ਮੱਕਾਰ। ਫਰੇਬਣ! ਦਫਾ ਹੋ ਜਾਹ ਮੇਰੀਆਂ ਅੱਖਾਂ ਸਾਹਮਣਿਉਂ। ਗਲ ਘੁਟ ਸੁਟੂੰਗਾ ਤੇਰਾ।" ਮੈਂ ਪਿਛਾਂਹ ਹਟ ਗਈ। ਉਹ ਬਿਜਲੀ ਵਾਂਗ ਮੇਰੇ ਉਤੇ ਟੁਟ ਪਿਆ ਤੇ ਮੈਨੂੰ ਗਲੋਂ ਫੜ ਲਿਆ। ਮੇਰੀ ਚੀਕ ਨਿਕਲ ਗਈ। ਡਾਕਟਰ ਦੌੜ ਕੇ ਅੰਦਰ ਆਇਆ। ਉਹ ਮੋਟਾ ਅਰਦਲੀ ਜੋ ਬਾਬੀ ਨੂੰ ਬੁਲਾ ਕੇ ਲਿਆਇਆ ਸੀ, ਬਾਬੀ ਉਤੇ ਝਪਟਿਆ ਤੇ ਉਸ ਨੂੰ ਕੱਸ ਕੇ ਚਪੇੜ ਮਾਰੀ। ਹਫਦੇ ਹੋਏ ਬਾਬੀ ਨੂੰ ਉਸ ਨੇ ਪਿਛੋਂ ਜਕੜ ਕੇ ਬੰਨ੍ਹ ਦਿੱਤਾ।

ਮੇਰੀ ਫਿਰ ਚੀਕ ਨਿਕਲ ਗਈ। ਮੋਟਾ ਅਰਦਲੀ ਤੇ ਦੋ ਪਹਿਰੇਦਾਰ ਬਾਬੀ ਨੂੰ ਘਸੀਟਦੇ ਹੋਏ ਲੈ ਗਏ। ਬਾਬੀ ਦੀ ਆਵਾਜ਼ ਗੂੰਜ ਰਹੀ ਸੀ। "ਚਲੀ ਜਾਹ ਹਰਾਮਜ਼ਾਦੀਏ। ਦੱਲੀਏ। ਛੱਡ ਦਿਉ ਮੈਨੂੰ। ਗਲ ਘੁਟ ਸੁਟੂੰਗਾ ਤੇਰਾ।"

ਇਹ ਆਵਾਜ਼ਾਂ ਫ਼ਿਜ਼ਾਂ ਵਿਚ ਗੂੰਜਦੀਆਂ ਰਹੀਆਂ।

ਡਾਕਟਰ ਬੋਲਿਆ, "ਤੁਸੀਂ ਕਿਸੇ ਦੂਸਰੇ ਰਿਸ਼ਤੇਦਾਰ ਨੂੰ ... ਯਾਨੀ ਮਾਂ ਜਾਂ ਭਰਾ ਨੂੰ ਭੇਜ ਦਿਉ ਇਸ ਨੂੰ ਮਿਲਣ। ਆਪ ਨਾ ਆਉਣਾ ਕਈ ਵਾਰ ਪਾਗਲ ਭੜਕ ਉਠਦਾ ਹੈ। ਇਹੋ ਜਿਹੀ ਵਹਿਸ਼ੀ ਹਾਲਤ ਵਿਚ ਉਹ ਬੇਕਾਬੂ ਹੋ ਜਾਂਦਾ ਹੈ ਤੇ ਇਲੈਕਟ੍ਰਿਕ ਸ਼ਾਕ ਦੇ ਦੇ ਸ਼ਾਂਤ ਕਰਨਾ ਪੈਂਦਾ ਹੈ।

ਮੈਂ ਪੁਛਿਆ, "ਕਦੋਂ ਤੀਕ ਤੁਸੀਂ ਇਸ ਨੂੰ ਇਥੇ ਰਖੋਗੇ?"

"ਕੁਝ ਨਹੀਂ ਕਿਹਾ ਜਾ ਸਕਦਾ। ਘਟ ਤੋਂ ਘਟ ਅੱਠ ਮਹੀਨੇ ਤਾਂ ਇਥੇ ਰਹੇਗਾ ਹੀ। ਫਿਰ ਹੌਲੀ ਹੌਲੀ ਇਸ ਨੂੰ ਛੁਟੀ ਦੇ ਦਿਆਂਗੇ। ਰੱਬ ਨੇ ਚਾਹਿਆ ਤਾਂ ਇਹ ਨਾਰਮਲ ਹੋ ਜਾਵੇਗਾ। ਪਰ ਕੋਈ ਵੀ ਚੀਜ਼ ਜਾਂ ਆਦਮੀ ਜਿਸ ਤੋਂ ਇਹ ਭੜਕ ਉਠਦਾ ਹੈ ਉਸ ਤੋਂ ਦੂਰ ਰੱਖਣਾ ਪਵੇਗਾ ਇਸ ਨੂੰ! ਤੁਸੀਂ ਵੀ ਇਸ ਨੂੰ ਮਿਲਣ ਨਾ ਆਉਣਾ।"

ਘਰ ਵਾਪਿਸ ਆਈ ਤਾਂ ਹਰ ਚੀਜ਼ ਓਪਰੀ ਓਪਰੀ ਲੱਗੀ। ਪਾਗਲਖ਼ਾਨੇ ਦੀ ਘਟਨਾ ਪਿਛੋਂ ਦਿਲ ਡੁੱਬ ਗਿਆ। ਮੈਂ ਕਿਹੜੇ ਚੱਕਰ ਵਿਚ ਪੈ ਗਈ ਸਾਂ। ਇਕ ਟੀ.ਵੀ. ਸੀਰੀਅਲ ਕੰਪਨੀ ਦੇ ਪ੍ਰੋਡਕਸ਼ਨ ਯੂਨਿਟ ਵਿਚ ਜਿਹੜਾ ਕੰਮ ਕਰ ਰਹੀ ਸਾਂ ਦੌੜ ਭੱਜ ਵਿਚ ਉਹ ਵੀ ਜਾਂਦਾ ਰਿਹਾ। ਮੇਰੀ ਕਿਹੜੀ ਪੱਕੀ ਨੌਕਰੀ ਸੀ। ਬਸ ਮੌਜ ਮਸਤੀ ਦੀ ਨੌਕਰੀ ਸੀ। ਤੇ ਬਾਬੀ ਨਾਲ ਮੈਂ ਖੁੱਲ੍ਹੀ ਜ਼ਿੰਦਗੀ ਬਿਤਾਉਂਦੀ ਹੋਈ ਖੁਸ਼ ਸਾਂ। ਹੁਣ ਬਿਲਕੁਲ ਸੁੰਨਾਪਣ ਸੀ। ਮੋੜ ਘੋੜ ਕੇ ਉਹੀ ਪਹਿਲਾਂ ਵਾਲਾ ਹਾਲ - ਨੌਕਰੀ ਦੀ ਤਲਾਸ਼।

# 15

**ਕਈ** ਵਾਰ ਰੋਜ਼ੀ ਦਾ ਖ਼ਿਆਲ ਆਉਂਦਾ। ਉਹ ਮਜ਼ੇ ਵਿਚ ਸੀ। ਮਸਤ, ਲਾਪ੍ਰਵਾਹ। ਆਪਣੇ ਦਮ ਨਾਲ ਕਮਾਉਂਦੀ ਸੀ ਤੇ ਖ਼ਰਚ ਕਰਦੀ ਸੀ। ਕਮਾਈ ਦਾ ਧੰਦਾ ਹੀ ਚੰਦਰਾ ਹੈ। ਕੌਣ ਈਮਾਨਦਾਰੀ ਨਾਲ ਕਮਾ ਸਕਦਾ ਹੈ ਇਸ ਦੁਨੀਆਂ ਵਿਚ। ਬਾਣੀਆਂ ਵੀ ਡੰਡੀਮਾਰ ਤੇ ਸਾਧੂ ਵੀ ਠੱਗ।

ਇਕ ਦਿਨ ਅਚਾਨਕ ਰੋਜ਼ੀ ਦਾ ਖ਼ਤ ਮਿਲਿਆ। ਖ਼ੁਸ਼ੀ ਖ਼ੁਸ਼ੀ ਲਿਫ਼ਾਫ਼ਾ ਖੋਲ੍ਹਿਆ ਤਾਂ ਉਸ ਵਿਚ ਇਹੋ ਲਿਖਿਆ ਸੀ ਕਿ ਮੈਂ ਕੀ ਕਰ ਰਹੀ ਹਾਂ ਦਿੱਲੀ ਵਿਚ? ਬੰਬਈ ਕਿਉਂ ਨਹੀਂ ਆ ਜਾਂਦੀ। ਟਿਕਟ ਭੇਜ ਰਹੀ ਹਾਂ। ਸਟੇਸ਼ਨ ਉਤੇ ਲੈਣ ਆ ਜਾਵਾਂਗੀ। ਆਖ਼ਿਰ ਤੇਰੀ ਸਹੇਲੀ ਹਾਂ। ਰਾਜ਼ਦਾਨ। ਕਿੰਨੇ ਚੰਗੇ ਦਿਨ ਗੁਜ਼ਾਰੇ ਸਨ ਇਕੱਠਿਆਂ। ਉਸ ਸਰਦਾਰ ਜੀ ਦੇ ਗਰਾਜ ਵਾਲੇ ਨਿੱਕੇ ਜਿਹੇ ਫਲੈਟ ਵਿਚ। ਮੈਂ ਖਾਰ ਵਿਚ ਰਹਿੰਦੀ ਹਾਂ – ਗਲੀ ਨੰ. ੧੫, ਨਵੀਨ ਬਿਲਡਿੰਗ। ਜੁਹੂ ਬੀਚ ਦੇ ਲਾਗੇ। ਬਹੁਤ ਕਮਾਲ ਦਾ ਇਲਾਕਾ ਹੈ। ਸਭ ਫ਼ਿਲਮੀ ਲੋਕ ਇਸ ਇਲਾਕੇ ਵਿਚ ਰਹਿੰਦੇ ਹਨ। ਮੇਰਾ ਨਿੱਕਾ ਜਿਹਾ ਘਰ ਦਲੀਪ ਕੁਮਾਰ ਦੇ ਬੰਗਲੇ ਤੋਂ ਬਸ ਦਸ ਮਿੰਟ ਦੀ ਦੂਰੀ ਤੇ ਹੈ। ਆ ਜਾ ਨਾ ਯਾਰ। ਤੇਰੀ ਸਦਾ ਸੁਹਾਗਣ ਸਹੇਲੀ – ਰੋਜ਼ੀ।

ਇਸੇ ਲਿਫ਼ਾਫ਼ੇ ਵਿਚ ਮੇਰੇ ਲਈ ਰਾਜਧਾਨੀ ਐਕਸਪ੍ਰੈਸ ਦੀ ਟਿਕਟ ਸੀ। ਮੈਂ ਬਹੁਤ ਚਿਰ ਤੀਕ ਟਿਕਟ ਨੂੰ ਦੇਖਦੀ ਰਹੀ। ਇਸ ਔਖੀ ਘੜੀ ਵਿਚ ਕਿਸੇ ਨੂੰ ਤਾਂ ਮੇਰਾ ਖ਼ਿਆਲ ਆਇਆ ਸੀ। ਆਖ਼ਿਰ ਪੁਰਾਣੀ ਸਹੇਲੀ ਹੀ ਕੰਮ ਆਈ – ਰੋਜ਼ੀ। ਮੈਂ ਉਸ ਨੂੰ ਗਾਲ੍ਹਾਂ ਦੇਂਦੀ ਸਾਂ, ਮਿਹਣੇ ਮਾਰਦੀ ਸਾਂ। ਉਸ ਨਾਲ ਰੁਸ ਜਾਂਦੀ ਸਾਂ। ਪਰ ਮੈਂ ਉਹਦੇ ਨਾਲ ਬੱਝੀ ਹੋਈ ਸਾਂ। ਗੂੜ੍ਹੀ ਦੋਸਤੀ ਦਾ ਰਿਸ਼ਤਾ ਸੀ ਉਸ ਨਾਲ। ਉਹ ਮੈਨੂੰ ਚੰਗਾ ਲੱਗਦਾ ਸੀ। ਕਦੇ ਬੋਰ ਨਹੀਂ ਸਾਂ ਹੁੰਦੀ ਉਹਦੀ ਕੰਪਨੀ ਵਿਚ। ਮੇਰੇ ਅੰਦਰ ਖ਼ੁਸ਼ੀ ਦੀ ਲਹਿਰ ਦੌੜ ਗਈ।

ਮੈਂ ਬੰਬਈ ਪਹੁੰਚੀ ਤਾਂ ਸਟੇਸ਼ਨ ਉਤੇ ਰੋਜ਼ੀ ਮੈਨੂੰ ਲੈਣ ਆਈ ਹੋਈ ਸੀ। ਲਾਲ ਸੁਰਖ ਚੁੰਨੀ ਲਈ ਹੋਈ ਸੀ ਉਸ ਨੇ। ਜਦ ਮੈਂ ਗੱਡੀ ਵਿਚੋਂ ਨਿਕਲੀ ਤਾਂ ਉਸਨੇ ਮੈਨੂੰ ਦੂਰੋਂ ਹੀ ਦੇਖ ਲਿਆ। ਉਹ ਦੌੜ ਕੇ ਮੈਨੂੰ ਗਲੇ ਲਗਾ ਕੇ ਮਿਲੀ।

ਪੈਂਦਿਆਂ ਹੀ ਬੋਲੀ, "ਥੈਂਕ ਗਾਡ ਤੂੰ ਆ ਗਈ। ਵੈੱਲਕਮ ਬੰਬਈ।"

ਮੈਂ ਜਲਦੀ ਹੀ ਬੰਬਈ ਦੀ ਜ਼ਿੰਦਗੀ ਵਿਚ ਘੁਲ ਮਿਲ ਗਈ। ਰੋਜ਼ੀ ਦੀ

ਸ਼ੁਕਰਗੁਜ਼ਾਰ ਸਾਂ ਉਸ ਨੇ ਮੈਨੂੰ ਸਹਾਰਾ ਦਿੱਤਾ। ਮੈਂ ਉਸ ਕੋਲ ਹੀ ਰਹਿਣ ਲੱਗੀ ਤੇ ਅਕਸਰ ਉਸ ਨਾਲ ਪਾਰਟੀਆਂ ਵਿਚ ਜਾਂਦੀ। ਮੈਨੂੰ ਪ੍ਰੋਡਿਊਸਰਾਂ ਤੇ ਸਟਾਰਾਂ ਨਾਲ ਇੰਟਰੋਡਿਊਸ ਕਰਾਉਂਦੀ।

* * *

ਇਕ ਗੁਜਰਾਤੀ ਪ੍ਰੋਡਿਊਸਰ ਨਵੀਂ ਹਿੰਦੀ ਫਿਲਮ ਬਣਾ ਰਿਹਾ ਸੀ ਤੇ ਉਹ ਹੀਰੋਇਨ ਦੀ ਤਲਾਸ਼ ਵਿਚ ਸੀ। ਕਾਸਟਿੰਗ ਸੈਸ਼ਨ ਲਈ ਉਸ ਨੇ ਲੱਖਾਂ ਰੁਪਏ ਉਡਾ ਦਿੱਤੇ। ਬਲੈਕ ਦਾ ਪੈਸਾ। ਕਾਲੇ ਧਨ ਨੂੰ ਚਿੱਟਾ ਬਣਾਉਣ ਲਈ ਤਿੰਨ ਵੱਡੇ ਸਟਾਰਜ਼-ਜੈਕੀ ਸ਼ਰਾਫ਼, ਅਮਰੀਸ਼ ਪੁਰੀ ਤੇ ਸਲਮਾਨ ਖ਼ਾਨ ਨੂੰ ਐਡਵਾਂਸ ਦੇ ਕੇ ਸਾਈਨ ਕਰ ਲਿਆ ਸੀ। ਬਸ ਨਵੀਂ ਹੀਰੋਇਨ ਦੀ ਤਲਾਸ਼ ਸੀ।

ਗੁਜਰਾਤੀ ਸੇਠ ਨੂੰ ਪਤਾ ਸੀ ਕਿ ਫ਼ਿਲਮ ਸਟਾਰਜ਼ ਅਕਸਰ ਪੇਸ਼ਗੀ ਲੈ ਲੈਂਦੇ ਹਨ ਪਰ ਜਦੋਂ ਸ਼ੂਟਿੰਗ ਦਾ ਵੇਲਾ ਆਉਂਦਾ ਹੈ ਤਾਂ ਮਹੂਰਤ ਪਿਛੋਂ ਉਹਨਾਂ ਕੋਲੋਂ ਡੇਟ ਲੈਣੀ ਮੁਸ਼ਕਿਲ ਹੋ ਜਾਂਦੀ ਹੈ। ਉਹਨਾਂ ਨੂੰ ਟੈਲੀਫੋਨ ਕਰੋ ਤਾਂ ਨੌਕਰਾਣੀ ਮੋਟੀ ਠੁੱਲ੍ਹੀ ਮਰਾਠੀ ਵਿਚ ਆਖੇਗੀ, – ਸਾਹਬ ਸੋ ਰਹੇ ਹੈਂ। ਰਾਤ ਦੇਰ ਸੇ ਸ਼ੂਟਿੰਗ ਸੇ ਲੌਟੇ ਥੇ। ਆਪ ਬਾਅਦ ਮੇਂ ਟੈਲੀਫ਼ੋਨ ਕਰੇਂ। ਦੁਬਾਰਾ ਟੈਲੀਫੋਨ ਕਰੋ ਤਾਂ 'ਸਾਹਬ' ਬਾਥਰੂਮ ਵਿਚ ਹੁੰਦੇ ਹਨ। ਤੀਸਰੀ ਵਾਰ ਟੈਲੀਫ਼ੋਨ ਕਰੋ ਤਾਂ ਸਾਹਬ ਅਭੀ ਅਭੀ ਸ਼ੂਟਿੰਗ ਕੇ ਲੀਏ ਨਿਕਲ ਗਏ ਹੈਂ। ਪ੍ਰੋਡਿਊਸਰ ਟੱਕਰਾਂ ਮਾਰਦਾ ਰਹੇ, ਰੋਂਦਾ ਰਹੇ ਪਰ ਜਦ ਤੀਕ ਪੰਜ ਲੱਖ ਦੇ ਨੋਟਾਂ ਦੀਆਂ ਥਹੀਆਂ ਨਹੀਂ ਪਹੁੰਚਦੀਆਂ 'ਸਾਹਬ' ਗਾਇਬ ਹੁੰਦੇ ਹਨ। ਜੇ ਕਦੇ ਹੀਰੋ ਨਾਲ ਮੁਲਾਕਾਤ ਹੋ ਜਾਵੇ ਤਾਂ ਉਹ ਇਹ ਆਖਦਾ ਹੈ, 'ਤੁਸੀਂ ਚਲੋ ਮੈਂ ਹੁਣੇ ਸੈਟ ਤੇ ਪਹੁੰਚਦਾ ਹਾਂ। ਫ਼ਿਕਰ ਨਾ ਕਰੋ।' ਪਰ ਉਹ ਕਿਸੇ ਹੋਰ ਫ਼ਿਲਮ ਦੇ ਸੈਟ ਉਤੇ ਪਹੁੰਚ ਜਾਂਦਾ ਹੈ ਜਾਂ ਮਦਰਾਸ ਜਾਂ ਊਟੀ ਜਾਂ ਲੰਡਨ ਲਈ ਉਡ ਗਿਆ ਹੁੰਦਾ ਹੈ। ਪਰ ਹੀਰੋ ਦੇ ਦਿਮਾਗ ਵਿਚ ਇਹ ਫਤੂਰ ਹੁੰਦਾ ਹੈ ਕਿ ਇਸ ਸਾਲੇ ਮੋਟੇ ਗੁਜਰਾਤੀ ਸੰਢੇ ਨੂੰ ਇਹੋ ਜਿਹਾ ਮਜ਼ਾ ਚਖਾਵਾਂਗਾ ਕਿ ਪੁਸ਼ਤਾਂ ਯਾਦ ਰੱਖਣਗੀਆਂ। ਵਾਅਦਾ ਕੀਤਾ ਸੀ ਹਰ ਸ਼ੂਟਿੰਗ ਤੋਂ ਪਹਿਲਾਂ ਪੰਜ ਲੱਖ ਦੇਣ ਦਾ ਪਰ ਦੋ ਕਿਸ਼ਤਾਂ ਦੇ ਕੇ ਹੀ ਲੜ ਨਹੀਂ ਫੜਾਉਂਦਾ। ਹੁਣ ਆਊਗਾ ਨਾ ਮਜ਼ਾ ਬੱਚੂ ਨੂੰ।

ਹੀਰੋ ਨੂੰ ਇਸ ਗੱਲ ਦਾ ਪਤਾ ਹੈ ਕਿ ਹਰ ਪ੍ਰੋਡਿਊਸਰ ਨਵੀਂ ਹੀਰੋਇਨ ਇਸ ਲਈ ਲਭਦਾ ਹੈ ਕਿ ਉਸ ਨੂੰ ਕਿਸੇ ਸਟਾਰ ਨਾਲ ਨਵੀਂ ਸੈਟਿੰਗ ਵਿਚ ਪੇਸ਼ ਕਰ ਸਕੇ।

ਫ਼ਿਲਮੀ ਮਾਰਕੀਟ ਵਿਚ ਹਰ ਹੀਰੋਇਨ ਸਟਾਰ ਦਾ ਜਲੌਅ ਪੰਜਾਂ ਸੱਤਾਂ ਸਾਲਾਂ ਪਿਛੋਂ ਮਧਮ ਪੈ ਜਾਂਦਾ ਹੈ। ਜ਼ੀਨਤ ਅਮਾਨ ਆਈ, ਸ਼ਾਦੀ ਕੀਤੀ ਤੇ

ਦੋ ਨਿਆਣਿਆਂ ਦੀ ਮਾਂ ਬਣ ਕੇ ਬੈਠ ਗਈ। ਪ੍ਰਵੀਨ ਬਾਬੀ ਤੇ ਓਸ਼ੋ ਦੀ ਚੇਲੀ ਬਣ ਕੇ ਨਿਊਯਾਰਕ ਵਿਚ ਪਲੇਟਾਂ ਧੋਣ ਦੀ ਸੇਵਾ ਵਿਚ ਲਗ ਗਈ। ਫਿਰ ਇੰਡੀਆ ਪਰਤੀ ਤਾਂ ਸ਼ਕਲ ਬਦਲੀ ਹੋਈ ਸੀ। ਤੇ ਇੰਟੀਰੀਅਰ ਡੈਕੋਰੇਸ਼ਨ ਦੀ ਦੁਨੀਆਂ ਵਿਚ ਕਿਧਰੇ ਗੁੰਮ ਹੋ ਗਈ। ਹਰ ਸਟਾਰ ਕੁਝ ਸਾਲ ਫਿਲਮੀ ਅਕਾਸ਼ ਵਿਚ ਚਮਕਦਾ ਹੈ, ਫਿਰ ਗਾਇਬ ਹੋ ਜਾਂਦਾ ਹੈ। ਹਰ ਪਲ ਬਦਲਦੀ ਚਮਕੀਲੀ ਦੁਨੀਆਂ ਵਿਚ ਕੌਣ ਕਿਸੇ ਦਾ ਬੇਲੀ?

ਗੁਜਰਾਤੀ ਸੇਠ ਨੇ ਅਕਲ ਕੋਲੋਂ ਕੰਮ ਲਿਆ - ਤਿੰਨ ਹੀਰੋ ਤਿਆਰ। ਬਸ ਹੀਰੋਇਨ ਦੀ ਤਲਾਸ਼ ਹੈ। ਇਕ ਰਾਤ ਵਿਚ ਹੀ ਕੋਈ ਖ਼ੂਬਸੂਰਤ ਲੜਕੀ ਸਟਾਰ ਬਣ ਸਕਦੀ ਹੈ ਤੇ ਲੱਖਾਂ ਕਰੋੜਾਂ ਦਰਸ਼ਕਾਂ ਦੇ ਦਿਲ ਦੀ ਧੜਕਣ।

ਰੋਜ਼ੀ ਵੀ ਆਪਣੀ ਕਿਸਮਤ ਅਜ਼ਮਾਉਣ ਗਈ ਤੇ ਮੈਨੂੰ ਨਾਲ ਲੈ ਗਈ।

ਉਸ ਨੇ ਬੈਕਲੈੱਸ ਸੁਰਖ਼ ਟਾਪ ਅਤੇ ਬਲੈਕ ਲਾਂਗ ਸਕੱਰਟ ਪਾਈ ਹੋਈ ਸੀ। ਉੱਚੀ ਲੱਕ ਹੀਲ ਸੈਂਡਲ, ਖੁਲ੍ਹੇ ਵਾਲ ਤੇ ਪਿੰਕ ਲਿਪਸਟਿਕ। ਸਟੂਡੀਓ ਵਿਚ ਦੁਬਾਰਾ ਉਸ ਦਾ ਮੇਕ-ਅਪ ਕੀਤਾ ਗਿਆ। ਮੈਂ ਉਸ ਕੈਮਰੇ ਵਿਚ ਬੈਠੀ ਉਸ ਨੂੰ ਦੇਖਦੀ ਰਹੀ। ਜਦ ਉਹ ਲਾਈਟਾਂ ਸਾਹਮਣੇ ਆਈ ਤਾਂ ਰੋਜ਼ੀ ਬਿਲਕੁਲ ਬਦਲੀ ਹੋਈ ਸੀ - ਇਕ ਸ਼ੋਖ਼ ਮੁਸਕਰਾਉਂਦੀ ਹੋਈ ਚੰਚਲ ਹੀਰੋਇਨ। ਡਾਇਰੈਕਟਰ ਨੇ ਉਸ ਦਾ ਸਕ੍ਰੀਨ ਟੈੱਸਟ ਲਿਆ। "ਅਨਾਰਕਲੀ" ਦਾ ਇਕ ਸੀਨ ਪੜ੍ਹਾ ਕੇ ਦੇਖਿਆ। ਕਈ ਐਂਗਲਜ਼ ਤੋਂ ਉਸ ਦੇ ਚਿਹਰੇ ਦੇ ਪੋਜ਼ ਲਏ।

ਫਿਰ ਡਾਇਰੈਕਟਰ ਤੇ ਕੈਮਰਾਮੈਨ ਕੁਝ ਗੱਲਾਂ ਕਰਦੇ ਹੋਏ ਦੂਸਰੇ ਕਮਰੇ ਵਿਚ ਚਲੇ ਗਏ। ਥੋੜ੍ਹੀ ਦੇਰ ਪਿਛੋਂ ਡਾਇਰੈਕਟਰ ਵਾਪਿਸ ਆਇਆ ਤੇ ਮੇਰੇ ਵੱਲ ਇਸ਼ਾਰਾ ਕਰਕੇ ਪੁੱਛਿਆ, "ਵਿਲ ਯੂ ਲਾਈਕ ਟੂ ਐਕਟ ਇਨ ਆਵਰ ਫਿਲਮ? ਮੇਰਾ ਮਤਲਬ ਹੈ, ਸਾਡੀ ਫਿਲਮ ਵਿਚ ਐਕਟ ਕਰੇਂਗੀ?" ਮੈਂ ਹੈਰਾਨ ਹੋ ਕੇ ਆਖਿਆ, "ਪਰ ਮੈਂ ਤਾਂ ਕਦੇ ਐਕਟਿੰਗ ਨਹੀਂ ਕੀਤੀ।"

"ਤੇਰਾ ਚਿਹਰਾ ਫੋਟੋਜਨਿਕ ਹੈ। ਕੈਮਰੇ ਦੀ ਨਜ਼ਰ ਵਿਚ ਤੂੰ ਬਹੁਤ ਐਟਰੈਕਟਿਵ ਲਗੇਂਗੀ। ਫਿਰ ਰੋਜ਼ੀ ਨੂੰ ਆਖਣ ਲਗਾ ਤੂੰ ਵੈਂਪ ਦੇ ਰੋਲ ਲਈ ਚੰਗੀ ਲਗਦੀ ਹੈਂ। ਪਰ ਇਹ ਰੋਲ ਅਸੀਂ ਕਿਸੇ ਹੋਰ ਪ੍ਰੋਫੈਸ਼ਨਲ ਡਾਂਸਰ ਨੂੰ ਦੇ ਚੁਕੇ ਹਾਂ। ਰੋਜ਼ੀ ਤੈਨੂੰ ਮਾਈਂਡ ਨਹੀਂ ਕਰਨਾ ਚਾਹੀਦਾ ਜੇ ਅਸੀਂ ਤੇਰੀ ਬਜਾਏ ਤੇਰੀ ਸਹੇਲੀ ਨੂੰ ਹੀਰੋਇਨ ਦਾ ਚਾਂਸ ਦੇ ਦੇਈਏ। ਫਿਲਮਾਂ ਵਿਚ ਅਕਸਰ ਏਦਾਂ ਹੁੰਦਾ ਆਇਆ ਹੈ ਕਿ ਵੱਡੀ ਭੈਣ ਨਾਲ ਛੋਟੀ ਭੈਣ ਆਈ। ਵੱਡੀ ਭੈਣ ਦਾ ਟੈਸਟ ਹੋਇਆ ਪਰ ਚੁਣੀ ਗਈ ਛੋਟੀ ਭੈਣ। ਤੱਬੂ ਨਾਲ ਏਦਾਂ ਹੀ ਹੋਇਆ ਸੀ ਨਾ। ਫਰਹਾ ਹੀਰੋਇਨ ਸੀ ਪਰ ਉਸ ਨਾਲ ਉਸ ਦੀ ਛੋਟੀ ਭੈਣ ਤੱਬੂ ਆਈ ਤਾਂ ਡਾਇਰੈਕਟਰ ਦੀ ਨਜ਼ਰ ਵਿਚ ਉਹ ਜਚ ਗਈ। ਉਸ ਦੀ ਕਿਸਮਤ ਵਿਚ

ਹੀਰੋਇਨ ਬਣਨਾ ਲਿਖਿਆ ਹੋਇਆ ਸੀ। ਫ਼ਿਲਮੀ ਦੁਨੀਆਂ ਵਿਚ ਕਿਸਮਤ ਬੜਾ ਸਾਥ ਦੇਂਦੀ ਹੈ। ਸਭ ਕਿਸਮਤ ਦੀ ਖੇਡ ਹੈ। ਕੋਈ ਆਉਂਦਾ ਤਾਂ ਹੈ ਬਣਨ ਹੀਰੋ ਪਰ ਬਣ ਕੇ ਰਹਿ ਜਾਂਦਾ ਹੈ ਜ਼ੀਰੋ। ਸੁਭਾਸ਼ ਘਈ ਹੀਰੋ ਬਣਨ ਆਇਆ ਸੀ, ਪਰ ਕੈਮਰੇ ਨੇ ਉਸ ਨੂੰ ਰੀਜੈਕਟ ਕਰ ਦਿੱਤਾ। ਤੇ ਉਹ ਡਾਇਰੈਕਟਰ ਬਣ ਗਿਆ। ਹੁਣ ਉਸ ਦੀ ਚੜ੍ਹਤ ਹੈ। "ਚੋਲੀ ਕੇ ਪੀਛੇ ਕਿਆ ਹੈ" – ਇਸ ਗਾਣੇ ਨੇ ਲੋਕਾਂ ਨੂੰ ਪਾਗਲ ਬਣਾ ਦਿੱਤਾ ਹੈ। ਸਾਰੀ ਨਸੀਬਾਂ ਦੀ ਖੇਡ। ਤੇਰੀ ਸਹੇਲੀ ਸਟਾਰ ਮੈਟੀਰੀਅਲ ਹੈ। ਸੇਠ ਮੁਰਾਰੀ ਲਾਲ ਪ੍ਰੋਡਿਊਸਰ ਹੈ। ਉਹ ਯਕੀਨਨ ਕੈਮਰਾਮੈਨ ਤੇ ਮੇਰੀ ਚਾਇਸ ਨੂੰ ਪਸੰਦ ਕਰੇਗਾ। ਕਿਉਂ ਮਿਸ ਐਕਟ ਕਰਨਾ ਚਾਹੋਂਗੀ ਨਾ?"

ਮੈਂ ਹੱਕੀ ਬੱਕੀ ਰਹਿ ਗਈ। ਖੁਸ਼ੀ ਦਾ ਸਮੁੰਦਰ ਠਾਠਾਂ ਮਾਰਨ ਲਗਾ ਮੇਰੇ ਅੰਦਰ। ਪਰ ਮੈਂ ਘਬਰਾ ਕੇ ਆਖਿਆ, "ਮੈਂ ਕਦੇ ਐਕਟਿੰਗ ਨਹੀਂ ਕੀਤੀ। ਬਸ ਟੈਕਨੀਕਲ ਸਾਈਡ ਵੱਲ ਟੈਲੀਵਿਜ਼ਨ ਸੀਰੀਅਲ ਵਿਚ ਪ੍ਰੋਡਕਸ਼ਨ ਦਾ ਕੰਮ ਕੀਤਾ ਹੈ। ਮੈਂ ... ਪਤਾ ਨਹੀਂ ..... ਪਰ ਮੈਨੂੰ ਸ਼ੌਕ ਹੈ। ਜੇ ਤੁਸੀਂ ਸਮਝਦੇ ਹੋ ਕਿ ਮੈਂ ਇਸ ਕਾਬਿਲ ਹਾਂ ਕਿ ਫਿਲਮ ਵਿਚ –"

ਡਾਇਰੈਕਟਰ ਨੇ ਰੋਜ਼ੀ ਵੱਲ ਦੇਖਿਆ ਤੇ ਫਿਰ ਪੁਛਿਆ, "ਰੋਜ਼ੀ, ਤੈਨੂੰ ਬੁਰਾ ਤਾਂ ਨਹੀਂ ਲਗ ਰਿਹਾ?"

ਰੋਜ਼ੀ ਦਾ ਚਿਹਰਾ ਉਤਰ ਗਿਆ। ਪਰ ਸੰਭਲ ਕੇ ਬੋਲੀ, "ਨਹੀਂ, ਬਿਲਕੁਲ ਨਹੀਂ। ਮੇਰੀ ਸਹੇਲੀ ਨੂੰ ਚਾਂਸ ਮਿਲ ਰਿਹਾ ਹੈ ਤਾਂ ਮੈਨੂੰ ਖੁਸ਼ੀ ਹੈ ਇਸ ਗੱਲ ਦੀ।"

ਡਾਇਰੈਕਟਰ ਆਖਣ ਲੱਗਾ, "ਅੱਜ ਸ਼ਾਮ ਨੂੰ ਪ੍ਰੋਡਿਊਸਰ ਸੇਠ ਮੁਰਾਰੀ ਲਾਲ ਨਾਲ ਮੁਲਾਕਾਤ ਹੋਣੀ ਹੈ। ਤੁਸੀਂ ਵੀ ਸੱਤ ਵਜੇ ਸਟੂਡੀਓ ਵਿਚ ਇਥੇ ਆ ਜਾਣਾ।"

ਰੋਜ਼ੀ ਸ਼ਾਮ ਨੂੰ ਪ੍ਰੋਡਿਊਸਰ ਨਾਲ ਮਿਲਾਉਣ ਲਈ ਮੇਰੇ ਨਾਲ ਆਈ।

ਪ੍ਰੋਡਿਊਸਰ ਪੱਕੇ ਰੰਗ ਦਾ ਪੰਜਾਹ ਕੁ ਸਾਲ ਦਾ ਸੇਠ ਸੀ। ਸੱਜੇ ਕੰਨ ਵਿਚ ਸੋਨੇ ਦੀ ਨੱਤੀ ਤੇ ਇਕ ਦੰਦ ਸੋਨੇ-ਜੜਿਆ। ਜਦ ਮੁਸਕ੍ਰਾਇਆ ਤਾਂ ਮੈਨੂੰ ਆਪਣੇ ਤਾਏ ਦੀ ਯਾਦ ਆਈ ਜੋ ਮੈਨੂੰ ਬਹੁਤ ਪਿਆਰ ਕਰਦਾ ਸੀ। ਉਸ ਦੇ ਇਕ ਟੁੱਟੇ ਹੋਏ ਦੰਦ ਉਤੇ ਵੀ ਇਸ ਤਰ੍ਹਾਂ ਦੀ ਸੋਨੇ ਦੀ ਪਰਤ ਚੜ੍ਹੀ ਹੋਈ ਸੀ। ਸੇਠ ਬੋਲਿਆ, "ਕੀ ਨਾਂ ਹੈ ਤੇਰਾ?"

"ਸ਼ਾਲੂ।"

"ਫ਼ਿਲਮ ਲਈ ਇਹ ਨਾਂ ਬਹੁਤ ਢੁਕਵਾਂ ਹੈ। ਹੀਰੋਇਨ ਦਾ ਇਹੋ ਨਾ ਰਖਿਆ ਜਾਵੇ ਤਾਂ ਬਹੁਤ ਜਚੇਗਾ।"

ਡਾਇਰੈਕਟਰ ਨੇ ਹਾਂ ਵਿਚ ਹਾਂ ਮਿਲਾਈ, "ਅੱਜ ਕੱਲ੍ਹ ਏਦਾਂ ਦਾ ਨਾਂ ਬਹੁਤ

ਚਲਦਾ ਹੈ। ਪੁਰਾਣੇ ਜ਼ਮਾਨੇ ਦੀਆਂ ਐਕਟ੍ਰੈਸਾਂ ਤਾਂ ਮਿਸ ਗੌਹਰ, ਮਿਸ ਸਲੋਚਨਾ, ਮਿਸ ਨਿਰੂਪਾ ਰਾਏ ਤੇ ਮਿਸ ਕਨਨ ਬਾਲਾ ਵਰਗੀਆਂ ਸਨ। ਕਈ ਤਾਂ ਕੋਠਿਆਂ ਤੋਂ ਉਤਰ ਕੇ ਆਈਆਂ ਸਨ। ਤੇ ਉਹਨਾਂ ਨੇ ਸ਼ਿਰਾਫਤ ਦਾ ਚੋਲਾ ਪਹਿਨ ਲਿਆ ਸੀ। ਅਜ ਕਲ੍ਹ ਉਹੋ ਹੀਰੋਇਨ ਚਲਦੀ ਹੈ ਜੋ ਮਸਤੀ ਵਿਚ ਕੂਕਦੀ ਤੇ ਕੂਲ੍ਹੇ ਮਟਕਾਉਂਦੀ ਤੇ ਸਿਰ ਨੂੰ ਝਟਕੇ ਦੇਂਦੀ ਦਰਸ਼ਕਾਂ ਨੂੰ ਅੱਖਾਂ ਮਾਰਦੀ ਹੈ। ਤੇ ਸਾਡੇ ਦਰਸ਼ਕ ਭੋਲੇ ਢੱਗੇ ਇਹੋ ਸਮਝਦੇ ਹਨ ਕਿ ਹੀਰੋਇਨ ਉਹਨਾਂ ਨਾਲ ਇਸ਼ਕ ਕਰ ਰਹੀ ਹੈ।"

ਸੇਠ ਹੱਸਿਆ, "ਨਹੀਂ ਬਾਈ ਏਦਾਂ ਨਹੀਂ, ਅਜ ਕਲ੍ਹ ਦੀ ਆਡੀਐਂਸ ਬਹੁਤ ਹੁਸ਼ਿਆਰ ਹੈ। ਸੱਚੀ ਗੱਲ ਤਾਂ ਇਹ ਹੈ ਕਿ ਨਾ ਸਟਾਰ ਨੂੰ ਐਕਟਿੰਗ ਦੀ ਲੋੜ ਹੈ ਤੇ ਨਾ ਹੀ ਆਡੀਐਂਸ ਨੂੰ। ਭੱਦਾ ਜਿਹਾ ਮਜ਼ਾਕ ਤੇ ਘਟੀਆ ਜਿਹੇ ਲੋਕ-ਗੀਤ ਦੀ ਤਰਜ਼ ਉਤੇ ਕੋਈ ਮਸਾਲੇਦਾਰ ਤੁਕਬੰਦੀ ਕਰ ਦਿਉ ਤਾਂ ਪਬਲਿਕ ਪਾਗਲ ਹੋ ਉਠੇਗੀ। ਮਤਲਬ ਇਹ ਕਿ ਜਿੰਨਾ ਘਟੀਆਂ ਗਾਣਾ ਓਨਾ ਹੀ ਵਧੀਆ ਬਾਕਸ ਆਫਿਸ। ਮਾਰਕੀਟ ਵਿਚ ਚਣੇ ਭਠੂਰੇ ਜ਼ਿਆਦਾ ਵਿਕਦੇ ਹਨ ਅੰਗੂਰਾਂ ਨਾਲੋਂ। ਹੈ ਨਾ ਗੱਲ ਠੀਕ?"

ਸੇਠ ਇਸ ਤਰ੍ਹਾਂ ਦੀਆਂ ਖਰੀਆਂ ਗੱਲਾਂ ਕਰਦਾ ਰਿਹਾ ਤੇ ਅਸੀਂ ਸਾਰੇ ਸੁਣਦੇ ਰਹੇ। ਇਸ ਪਿਛੋਂ ਉਹ ਬੋਲਿਆ, "ਸ਼ਾਲੂ, ਤੇਰਾ ਚਿਹਰਾ ਪਸੰਦ ਆਇਆ ਹੈ ਸਾਨੂੰ। ਤੂੰ ਸਾਡੀ ਫ਼ਿਲਮ ਦੀ ਹੀਰੋਇਨ ਹੋਵੇਗੀ। ਮਹੂਰਤ ਅਗਲੇ ਮਹੀਨੇ ਹੋਵੇਗਾ। ਸੱਤ ਤਾਰੀਖ਼ ਨੂੰ ਸਵੇਰੇ ਦਸ ਵਜੇ। ਮਹਿਬੂਬ ਸਟੂਡੀਓ ਵਿਚ। ਇਹ ਲੈ ਕਾਂਟਰੈਕਟ ਦੀ ਪੇਸ਼ਗੀ।"

ਸੇਠ ਨੇ ਦਸ ਦਸ ਹਜ਼ਾਰ ਦੀਆਂ ਦੋ ਗੱਠੀਆਂ ਨੂੰ ਚੁੰਮਿਆ ਤੇ ਮੈਨੂੰ ਪੇਸ਼ ਕਰ ਦਿੱਤੀਆਂ।

ਫਿਰ ਬੋਲਿਆ, "ਅੱਜ ਸ਼ੁਭ ਦਿਨ ਹੈ। ਪੰਚਮੀ ਦਾ ਚੰਦ ਤੇ ਦਿਨ ਵੀ ਬੁੱਧਵਾਰ।"

ਮੈਂ ਆਖਿਆ, "ਬਹੁਤ ਬਹੁਤ ਸ਼ੁਕਰੀਆ। ਮੈਨੂੰ ਉਮੀਦ ਹੈ ਮੈਂ ਇਸ ਇਮਤਿਹਾਨ ਵਿਚ ਪੂਰੀ ਉਤਰਾਂਗੀ।"

"ਫਿਲਮ ਬਣਾਉਣਾ ਤਾਂ ਸਭਨਾਂ ਦਾ ਮਿਲ-ਜੁਲ ਕੇ ਕੰਮ ਕਰਨ ਵਾਲਾ ਧੰਦਾ ਹੈ। ਆਰਟਿਸਟ ਦੀ ਪੂਰੀ ਕੋਆਪਰੇਸ਼ਨ ਚਾਹੀਦੀ ਹੈ। ਇਹ ਸ਼ਰਮਾਕਲ ਕੁੜੀਆਂ ਦਾ ਕੰਮ ਨਹੀਂ, ਇਸ ਵਿਚ ਤਾਂ ਸਾਰੇ ਭਾਵ ਆਰਟਿਸਟ ਦੀ ਆਤਮਾ ਤੋਂ ਉਤਰਦੇ ਹਨ। ਤੇ ਆਤਮਾ ਨੰਗੀ ਹੋ ਕੇ ਭਗਵਾਨ ਦਾ ਰੂਪ ਧਾਰ ਲੈਂਦੀ ਹੈ। ਤਾਂ ਹੀ ਪਬਲਿਕ ਖੁਸ਼ ਹੋ ਕੇ ਤਾੜੀਆਂ ਮਾਰਦੀ ਹੈ ਤਾਂ ਸਾਰਾ ਹਾਲ ਗੂੰਜਣ ਲਗਦਾ ਹੈ। ਅਜ ਕੱਲ੍ਹ ਦਸ ਫਿਲਮਾਂ ਫਲਾਪ ਹੁੰਦੀਆਂ ਹਨ ਤੇ ਇਕ ਹਿੱਟ ਹੁੰਦੀ ਹੈ।"

"ਰੱਬ ਨੇ ਚਾਹਿਆ ਤਾਂ ਇਹ ਫ਼ਿਲਮ ਹਿੱਟ ਹੀ ਹੋਵੇਗੀ." ਡਾਇਰੈਕਟਰ ਬੋਲਿਆ।

ਮੈਂ ਦੇਖਿਆ ਕਿ ਸੇਠ ਜੀ ਦਾ ਨੌਕਰ ਟ੍ਰਾਲੀ ਵਾਲੀ ਟੇਬਲ ਲੈ ਕੇ ਆ ਰਿਹਾ ਹੈ ਜਿਸ ਵਿਚ ਸ਼ੈਮਪੇਨ ਦੀਆਂ ਦੋ ਬੋਤਲਾਂ ਬਰਫ਼ ਵਿਚ ਲਗੀਆਂ ਰਖੀਆਂ ਹੋਈਆਂ ਸਨ। ਚਾਰ ਬਿਲੌਰੀ ਗਲਾਸ। ਖਾਣ ਲਈ ਰੋਸਟਡ ਚਿਕਨ ਤੇ ਡ੍ਰਾਈ ਫਰੂਟ।

ਸੇਠ ਨੇ ਮੁਸਕਰਾ ਕੇ ਆਖਿਆ, "ਸ਼ਾਲੂ, ਅੱਜ ਤੂੰ ਹੀ ਮਹੂਰਤ ਕਰੇਂਗੀ ਇਸ ਰਸਮ ਦਾ। ਸ਼ੈਮਪੇਨ ਦੀ ਬੋਤਲ ਖੋਲ੍ਹਣ ਦਾ ਪਤਾ ਹੈ ਨਾ? ਬੜੀ ਕਾਰੀਗਰੀ ਦਾ ਕੰਮ ਹੈ। ਨਹੀਂ?"

"ਨਹੀਂ, ਮੈਂ ਕਦੇ ਬੋਤਲ ਨਹੀਂ ਖੋਲ੍ਹੀ"। ਮੈਂ ਮੌਕਾ ਤਾੜ ਕੇ ਝੂਠ ਬੋਲ ਦਿੱਤਾ।

ਉਹ ਬੋਲਿਆ, "ਮੈਂ ਉਡਾਉਂਦਾ ਹਾਂ ਇਸ ਦਾ ਕਾਗ। ਸਭ ਤੇਰੀ ਖੁਸ਼ੀ ਲਈ। ਸ਼ੈਮਪੇਨ ਬਹੁਤ ਚੰਗਾ ਸ਼ਗਨ ਹੈ।"

ਉਸ ਨੇ ਕਾਗ ਉਡਾਇਆ। ਪਟਾਕਾ ਚਲਿਆ ਤੇ ਝੱਗ ਦਾ ਫੱਵਾਰਾ ਉੱਛਲ ਪਿਆ।

ਚਾਰ ਗਲਾਸ ਭਰੇ। ਪਹਿਲਾ ਗਲਾਸ ਮੈਨੂੰ ਪੇਸ਼ ਕੀਤਾ ਗਿਆ। ਫਿਰ ਰੋਜ਼ੀ ਨੂੰ ਤੇ ਡਾਇਰੈਕਟਰ ਨੂੰ। ਸੇਠ ਨੇ ਚੌਥਾ ਗਲਾਸ ਚੁਕਿਆ ਤੇ ਬੋਲਿਆ, "ਚੀਅਰਜ਼!"

ਸ਼ੈਮਪੇਨ ਦਾ ਗਲਾਸ ਪੀਣ ਪਿਛੋਂ ਰੋਜ਼ੀ ਨੇ ਆਖਿਆ, "ਮੈਂ ਜਾਣਾ ਹੈ ਇਕ ਸ਼ੂਟ ਲਈ। ਤੁਸੀਂ ਸ਼ਾਲੂ ਨੂੰ ਘਰ ਛੱਡ ਦਿਉਗੇ ਨਾ?"

ਸੇਠ ਬੋਲਿਆ, "ਜ਼ਰੂਰ। ਹੋਰ ਕਾਹਦੇ ਲਈ ਮਰਸਡੀਜ਼ ਰਖੀ ਹੋਈ ਹੈ।"

ਰੋਜ਼ੀ ਚਲੀ ਗਈ।

ਉਸ ਦੇ ਜਾਣ ਪਿਛੋਂ ਸਕਾਚ ਦਾ ਦੌਰ ਚਲਿਆ। ਮੇਰੀ ਫ਼ਿਲਮ ਦਾ ਵਾਸਤਾ ਦੇ ਕੇ ਮੈਨੂੰ ਵੀ ਸਕਾਚ ਦਾ ਇਕ ਜਾਮ ਹੋਰ ਪਿਲਾ ਦਿੱਤਾ।

ਅਸੀਂ ਹੌਲੀ ਹੌਲੀ ਸਕਾਚ ਪੀਂਦੇ ਰਹੇ। ਫਿਲਮ ਬਾਰੇ ਲੰਮੀਆਂ ਲੰਮੀਆਂ ਗੱਲਾਂ ਹੁੰਦੀਆਂ ਰਹੀਆਂ ਤੇ ਹਾਸੇ ਦੇ ਠਹਾਕੇ ਵਜਦੇ ਰਹੇ।

ਥੋੜ੍ਹੀ ਦੇਰ ਪਿਛੋਂ ਡਾਇਰੈਕਟਰ ਵੀ ਚਲਾ ਗਿਆ। ਸੇਠ ਅਤੇ ਮੈਂ ਇਕੱਲੇ ਰਹਿ ਗਏ। ਮੈਨੂੰ ਡਰ ਜਿਹਾ ਮਹਿਸੂਸ ਹੋਇਆ।

ਸੇਠ ਨੇ ਆਖਿਆ, "ਘਬਰਾਉਣ ਵਾਲੀ ਕੋਈ ਗੱਲ ਨਹੀਂ। ਮੇਰੀ ਗੱਡੀ ਬਾਹਰ ਖੜ੍ਹੀ ਹੈ। ਤੈਨੂੰ ਛੱਡ ਆਵਾਂਗਾ। ਦਫ਼ਤਰ ਵਿਚ ਵੀ ਅਜੇ ਕੰਮ ਹੋ ਰਿਹਾ ਹੈ।"

ਮੈਨੂੰ ਟਾਈਪਰਾਈਟਰ ਦੀ ਟਿਕ ਟਿਕ ਅਤੇ ਸਟਾਫ਼ ਦੇ ਕੁਝ ਲੋਕਾਂ ਦੀਆਂ

ਆਵਾਜ਼ਾਂ ਸੁਣ ਰਹੀਆਂ ਸਨ। ਦਫ਼ਤਰ ਵਿਚ ਵਾਕਈ ਕੰਮ ਹੋ ਰਿਹਾ ਸੀ।

ਨੌਕਰ ਆਇਆ ਤੇ ਬੋਲਿਆ, "ਕੁਝ ਹੋਰ ਚਾਹੀਦਾ ਹੈ, ਸਰ?"

"ਨਹੀਂ, ਕੁਝ ਨਹੀਂ।"

ਥੋੜ੍ਹੀ ਦੇਰ ਪਿਛੋਂ ਮੇਰਾ ਸਿਰ ਚਕਰਾਉਣ ਲਗਾ। ਮੈਂ ਉਠਣਾ ਚਾਹਿਆ ਤਾਂ ਸੋਫ਼ੇ ਦਾ ਸਹਾਰਾ ਲੈ ਕੇ ਲੜਖੜਾਉਂਦੀ ਹੋਈ ਉਠੀ। ਸੇਠ ਨੇ ਮੈਨੂੰ ਸੰਭਾਲਿਆ। ਹੌਲੀ ਹੌਲੀ ਮੇਰੀਆਂ ਅੱਖਾਂ ਬੰਦ ਹੋਣ ਲਗੀਆਂ। ਹਰ ਚੀਜ਼ ਘੁੰਮਣ ਲਗੀ। ਸੇਠ ਮੇਰੇ ਉਪਰ ਝੁਕਿਆ ਹਫ਼ ਰਿਹਾ ਸੀ। ਭਾਰੀ ਭਰਕਮ ਧੌਂਕਣੀ ਤੇ ਲੋਹੇ ਦਾ ਕਾਲਾ ਧੁੱਤ ਇੰਜਣ ... ਸ਼ੈਂਮਪੇਨ ਦਾ ਫੱਵਾਰਾ ... ਤੇ ਮੈਂ ਡੁਬ ਰਹੀ ਸਾਂ ....

* * *

ਦੂਸਰੇ ਦਿਨ ਮੈਨੂੰ ਪਤਾ ਲਗਾ ਕਿ ਇਹ ਰੋਜ਼ੀ ਦੀ ਚਾਲ ਸੀ ਕਿ ਮੈਨੂੰ ਇਸ ਤਰ੍ਹਾਂ ਇਕੱਲਿਆਂ ਛਡ ਕੇ ਚਲੀ ਜਾਵੇ। ਸ਼ੂਟਿੰਗ ਦਾ ਤਾਂ ਬਹਾਨਾ ਸੀ। ਰੋਜ਼ੀ ਨੇ ਦਲਾਲੀ ਕੀਤੀ ਸੀ। ਮੇਰਾ ਉਥੇ ਰਾਤ ਰਹਿਣ ਦਾ ਸੌਦਾ ਕੀਤਾ ਸੀ ਉਸ ਨੇ। ਤੀਹ ਹਜ਼ਾਰ ਰੁਪਏ ਮਾਮਲਾ ਤੈਅ ਹੋਇਆ ਸੀ। ਦਸ ਹਜ਼ਾਰ ਉਸ ਨੇ ਪਹਿਲਾਂ ਹੀ ਪੇਸ਼ਗੀ ਲੈ ਲਏ ਸਨ ਤੇ ਮੇਰੇ ਹਿੱਸੇ ਵੀਹ ਹਜ਼ਾਰ ਰੁਪੱਈਆ ਜੋ ਸੇਠ ਨੇ ਦੋ ਗੱਠੀਆਂ ਵਿਚ ਮੈਨੂੰ ਦਿੱਤਾ ਸੀ। ਇਹ ਫ਼ਿਲਮ ਦੀ ਸ਼ੂਟਿੰਗ ਜਾਂ ਹੀਰੋਇਨ ਦਾ ਰੋਲ ਕਰਨ ਦੀ ਪੇਸ਼ਗੀ ਨਹੀਂ ਸੀ, ਸਗੋਂ ਮੇਰੀ ਇਕ ਰਾਤ ਦੀ ਕੀਮਤ ਸੀ। ਸ਼ਾਇਦ ਰੋਜ਼ੀ ਨੇ ਬਦਲਾ ਲਿਆ ਸੀ ਮੇਰੇ ਕੋਲੋਂ। ਮੈਨੂੰ ਵੀ ਆਪਣੇ ਹੀ ਰੰਗ ਵਿਚ ਰੰਗ ਦਿੱਤਾ ਸੀ ਉਸ ਨੇ। ਕਾਲਖ ਥੱਪ ਦਿੱਤੀ ਸੀ ਮੇਰੇ ਮੂੰਹ ਉਤੇ।

ਮੈਂ ਰੋਜ਼ੀ ਦਾ ਮੂੰਹ ਵਲੂੰਧਰ ਸੁੱਟਣ ਲਈ ਤਿਆਰ ਬੈਠੀ ਸਾਂ। ਇਹੋ ਜਿਹੀ ਖਰੀਆਂ ਖਰੀਆਂ ਸੁਣਾਵਾਂਗੀ ਕਿ ਯਾਦ ਰਖੇਗੀ ਸਾਰੀ ਉਮਰ ਇਹ ਚੁੜੇਲ। ਪਰ ਜਦ ਉਹ ਮੇਰੇ ਸਾਹਮਣੇ ਆਈ ਤਾਂ ਮੈਂ ਕੁਝ ਨਾ ਆਖ ਸਕੀ। ਸਿਰਫ਼ ਏਨਾਂ ਹੀ ਆਖਿਆ "ਰੋਜ਼ੀ, ਕਿਹੜੇ ਜਨਮ ਦਾ ਬਦਲਾ ਲਿਆ ਤੂੰ ਮੇਰੇ ਕੋਲੋਂ।"

ਰੋਜ਼ੀ ਤੈਸ਼ ਵਿਚ ਆ ਗਈ। "ਇਸੇ ਜਨਮ ਦਾ ਬਦਲਾ।"

"ਇਸੇ ਜਨਮ ਦਾ?"

ਮੇਰਾ ਮੂੰਹ ਖੁਲ੍ਹੇ ਦਾ ਖੁਲ੍ਹਾ ਰਹਿ ਗਿਆ।

"ਹਾਂ, ਯਾਦ ਹੈ ਤੈਨੂੰ! ਦਿੱਲੀ ਵਿਚ ਤੂੰ ਮੈਨੂੰ ਰੰਡੀ ਆਖ ਕੇ ਬੇਇੱਜ਼ਤ ਕੀਤਾ ਸੀ। ਪੈਸੇ ਖਰੇ ਕਰਨ ਵਾਲੀ ਤੇ ਆਪਣਾ ਜਿਸਮ ਵੇਚਣ ਵਾਲੀ ਵਿਕਾਊ ਔਰਤ। ਮੈਂ ਹੱਸੀ ਸਾਂ ਮਨ ਹੀ ਮਨ ਵਿਚ। ਤੇਰੇ ਅੰਦਰ ਵੀ ਉਹੀ ਲਾਲਸਾ ਤੇ ਹੀਰੋਇਨ ਬਣਨ ਦਾ ਖ਼੍ਵਾਬ ਹੈ ਜੋ ਹਰ ਉਸ ਲੜਕੀ ਵਿਚ ਹੁੰਦਾ ਹੈ ਜਿਹੜੀ

ਇਥੇ ਸਟਾਰ ਬਣਨ ਲਈ ਆਉਂਦੀ ਹੈ। ਉਤੋਂ ਉਤੋਂ ਗਾਲ੍ਹਾਂ ਕਢਦੀ ਹੈ ਫ਼ਿਲਮ ਇੰਡਸਟਰੀ ਨੂੰ, ਪ੍ਰੋਡਿਊਸਰਾਂ ਨੂੰ, ਡਾਇਰੈਕਟਰਾਂ ਨੂੰ ਪਰ ਹੀਰੋਇਨ ਦਾ ਰੋਲ ਦੇ ਦੇਣ। ਸਟਾਰ ਬਣਾ ਦੇਣ। ਤੂੰ ਵੀ ਉਹਨਾਂ ਵਰਗੀ ਹੀ ਹੈਂ। ਮੈਂ ਤਾਂ ਤੇਰੀ ਮਦਦ ਕੀਤੀ ਹੈ। ਤੈਨੂੰ ਪੈਸੇ ਖਰੇ ਕਰਨ ਦਾ ਗੁਰ ਸਿਖਾਇਆ ਹੈ। ਨਹੀਂ ਤਾਂ ਤੂੰ ਬਿਨਾਂ ਵਸੂਲੀ ਦੇ ਲੁਟਦੀ ਰਹੇਂਗੀ। ਮੇਰੇ ਵਾਂਗ ਮੌਜ ਮਸਤੀ ਕਰ। ਰੁਪੱਈਆ ਕਮਾ ਕੇ ਖੁਸ਼ ਰਹਿ। ਉਸ ਸਾਲੇ ਬਾਬੀ ਨੇ ਤੈਨੂੰ ਕੀ ਦਿੱਤਾ? ਦੋ ਵਾਰ ਅਬਾਰਸ਼ਨ। ਪਿਆਰ ਦੀਆਂ ਦੋ ਗੱਲਾਂ ਕੀਤੀਆਂ ਤੇ ਤੂੰ ਫਿਰ ਉਹਦੇ ਪਿਛੇ ਪੂਛ ਹਿਲਾਉਂਦੀ ਚਲੀ ਗਈ। ਸੱਚੀ ਗੱਲ ਤਾਂ ਇਹ ਹੈ ਕਿ ਤੂੰ ਬਾਬੀ ਦੀ ਰਖੇਲ ਸੈਂ। ਇਕ ਹੀ ਆਦਮੀ ਦੀ ਦਾਸਤਾ। ਰੰਡੀ।"

ਮੈਂ ਉਸ ਦੀਆਂ ਗੱਲਾਂ ਸੁਣ ਕੇ ਸੁੰਨ ਰਹਿ ਗਈ। ਮੇਰੇ ਮਨ ਦੀਆਂ ਡੂੰਘਾਈਆਂ ਵਿਚੋਂ ਆਵਾਜ਼ ਨਿਕਲੀ 'ਮੂਰਖ ਸ਼ਾਲੂ!' ਜਿਹੜੀ ਗੱਲ ਰੋਜ਼ੀ ਆਖ ਰਹੀ ਸੀ, ਉਹ ਸੱਚ ਹੀ ਤਾਂ ਸੀ। ਤੜਪ ਰਹੀ ਸਾਂ ਹੀਰੋਇਨ ਬਣਨ ਲਈ, ਤੇ ਅੰਦਰ ਹੀ ਅੰਦਰ ਚਾਹੁੰਦੀ ਸਾਂ ਜੋ ਤੇਰੇ ਨਾਲ ਹੋਇਆ।

ਮੈਨੂੰ ਚੁੱਪ ਦੇਖ ਕੇ ਰੋਜ਼ੀ ਬੋਲੀ, "ਮੈਨੂੰ ਤੇਰੇ ਉਤੇ ਤਰਸ ਆਉਂਦਾ ਹੈ। ਤੂੰ ਮੇਰੀ ਸਹੇਲੀ ਹੈਂ। ਸ਼ਾਇਦ ਜਨਮ ਜਨਮਾਂਤਰ ਦੀ ਸਹੇਲੀ। ਇਕ ਹੀ ਬਿਸਤਰ ਉਤੇ ਸੌਣ ਵਾਲੀਆਂ ਅਸੀਂ ਦੋਵੇਂ ਇੱਕ ਦੇ ਹੀ ਦੋ ਰੂਪ ਹਾਂ। ਇਹ ਤੂੰ ਜਿਹੜੀ ਰਟ ਲਾਈ ਹੋਈ ਹੈ ਆਤਮਾ ਤੇ ਪਵਿੱਤਰਤਾ ਦੀ ਇਹ ਸਭ ਫਰਾਡ ਹੈ। ਬੇਵਕੂਫ਼ੇ! ਤੂੰ ਇਸ ਬੰਬਈ ਵਿਚ ਭੁੱਖੀ ਮਰ ਜਾਵੇਂਗੀ ਤੇ ਫਿਰ ਤੂੰ ਟਕੇ ਟਕੇ ਨੂੰ ਵਿਕੇਂਗੀ। ਇਹੋ ਵੇਲਾ ਹੈ ਕੀਮਤ ਖਰੀ ਕਰਨ ਦਾ। ਤੇ ਫ਼ਿਲਮੀ ਦੁਨੀਆਂ ਦੀ ਹੁਸੀਨ ਚਮਕੀਲੀ ਦਲਦਲ ਵਿਚ ਧੱਸਣ ਦਾ। ਇਹਨਾਂ ਮਰਦਾਂ ਨੂੰ ਸੈਕਸ ਦਾ ਸੁਖ ਦੇਹ। ਇਹਨਾਂ ਦੀਆਂ ਆਕੜੀਆਂ ਨਸਾਂ ਨੂੰ ਸ਼ਾਂਤ ਕਰ ਤੇ ਰੁਪੱਈਆ ਬਟੋਰ।"

ਅੱਧੀ ਰਾਤ ਬੀਤ ਗਈ ਸੀ ਪਰ ਸੜਕਾਂ ਉਤੇ ਅਜੇ ਟ੍ਰੈਫਿਕ ਜਾਰੀ ਸੀ। ਇੱਕੇ ਦੁੱਕੇ ਆਟੋ ਰਿਕਸ਼ਿਆ ਦੀ ਘ੍ਰੀਂ ਘ੍ਰੀਂ ਤੇ ਉਹਨਾਂ ਦੇ ਹਾਰਨ ਦੀਆਂ ਆਵਾਜ਼ਾਂ ਆ ਰਹੀਆਂ ਸਨ। ਰੋਜ਼ੀ ਸੌਂ ਗਈ। ਪਰ ਮੈਂ ਬਹੁਤ ਦੇਰ ਤੀਕ ਜਾਗਦੀ ਰਹੀ। ਸੋਚਦੀ ਰਹੀ। ਜ਼ਿੰਦਗੀ ਦੇ ਉਲਟੇ ਸਿਧੇ ਪ੍ਰੋਗਰਾਮ ਬਣਾਉਂਦੀ ਰਹੀ। ਆਖ਼ਿਰ ਇਸ ਸਿੱਟੇ ਉਤੇ ਪਹੁੰਚੀ ਕਿ ਰੋਜ਼ੀ ਜੋ ਆਖ ਰਹੀ ਸੀ, ਉਹ ਸੱਚ ਸੀ। ਮੇਰੇ ਦਿਲ ਵਿਚ ਇਕ ਦਮ ਉਲਟੀ ਰੌਸ਼ਨੀ ਫਿਰ ਗਈ। ਮੈਂ ਮਨ ਹੀ ਮਨ ਵਿਚ ਆਖਿਆ ਮੈਂ ਏਨੀ ਡਰੀ ਹੋਈ ਕਿਉਂ ਸਾਂ। ਸਟੂਡੀਓ ਦੇ ਨਿੱਕੇ ਕਮਰੇ ਵਿਚ ਉਸ ਸੇਠ ਨਾਲ ਜੋ ਨੀਮ ਬੇਹੋਸ਼ੀ ਵਿਚ ਹੋਇਆ ਉਹ ਏਨਾ ਬੁਰਾ ਸੌਦਾ ਤਾਂ ਨਹੀਂ ਸੀ। ਘੱਟ ਤੋਂ ਘੱਟ ਬਾਬੀ ਦੇ ਦੋ ਵਾਰ ਅਬਾਰਸ਼ਨ

ਕਰਾਉਣ ਨਾਲੋਂ ਤਾਂ ਵੱਧ ਤਕਲੀਫ਼ ਨਹੀਂ ਸੀ। ਮੈਨੂੰ ਬਾਬੀ ਦਾ ਤਮਾਕੂ ਚਬਦਾ ਹੋਇਆ ਗੁੱਸੇ ਵਿਚ ਬਿਫ਼ਰਿਆ ਚਿਹਰਾ ਦਿਖਾਈ ਦਿੱਤਾ। ਉਹ ਮੈਨੂੰ ਕੁੱਟ ਰਿਹਾ ਸੀ ਤੇ ... ਫਿਰ ਉਸ ਦਾ ਉਸਤਰੇ ਨਾਲ ਮੁੰਨਿਆ ਸਿਰ ਤੇ ਭਿੰਅਕਰ ਰੂਪ ਜਿਵੇਂ ਕਿਸੇ ਦੈਂਤ ਨੇ ਮੂੰਹ ਅੱਡਿਆ ਹੋਵੇ ਤੇ ਮੈਨੂੰ ਚੱਬ ਰਿਹਾ ਹੋਵੇ .... ਉਸ ਦਾ ਪਾਗਲਪਣ ਤੇ ਵਹਿਸ਼ੀ ਸ਼ਕਲ ... ਪਾਟੀਆਂ ਹੋਈਆਂ ਅੱਖਾਂ .... ਪਾਗਲ .... ਤੇ ਉਹ ਕਦੇ ਪਾਗਲਖਾਨੇ ਤੋਂ ਬਾਹਰ ਨਹੀਂ ਆਵੇਗਾ। ਉਸ ਨੂੰ ਕੰਨਸੋਅ ਵੀ ਨਹੀਂ ਪਵੇਗੀ ਕਿ ਮੈਂ ਬੰਬਈ ਵਿਚ ਆਪਣਾ ਜਿਸਮ ਵੇਚ ਕੇ ਰੁਪਏ ਕਮਾ ਰਹੀ ਹਾਂ ... ਨੋਟਾਂ ਦੀਆਂ ਥਹੀਆਂ ਸੰਭਾਲ ਰਹੀ ਹਾਂ ਤੇ ਮੋਟਾ ਸੇਠ ਸੋਨੇ ਦੀ ਜੰਜ਼ੀਰ ਮੇਰੇ ਗਲ ਵਿਚ ਪਾ ਕੇ ਮੈਨੂੰ ਚੁੰਮ ਰਿਹਾ ਹੈ ...ਪਰ ਮੈਨੂੰ ਬਾਰ ਬਾਰ ਬਾਬੀ ਦੀ ਸ਼ਕਲ ਤੇ ਉਸ ਦਾ ਮੁੰਨਿਆ ਹੋਇਆ ਸਿਰ ਤੇ ਭਿੰਅਕਰ ਚਿਹਰਾ ਕਿਉਂ ਨਜ਼ਰ ਆ ਰਿਹਾ ਸੀ।

ਸਵੇਰੇ ਉਠੀ ਤਾਂ ਮੂੰਹ ਵਿਚ ਕੜਵਾਹਟ ਤੇ ਕਸੈਲਾਪਣ ਘੁਲਿਆ ਹੋਇਆ ਸੀ। ਰਾਤ ਦੀ ਊਬੜ ਖਾਬੜ ਸੋਚ ਤੇ ਟਕਰਾਉਂਦੇ ਹੋਏ ਬਿੰਬ ਜ਼ਿਹਿਨ ਵਿਚ ਘੁੰਮ ਰਹੇ ਸਨ।

ਇਸ ਪਿਛੋਂ ਮੇਰੀ ਇਹੋ ਰੁਟੀਨ ਬਣ ਗਈ : ਸਵੇਰੇ ਗਿਆਰਾਂ ਵਜੇ ਉਠਣਾ। ਹੌਲੀ ਹੌਲੀ ਘਰ ਦੇ ਨਿਕੇ ਮੋਟੇ ਕੰਮ ਕਰਨੇ, ਸ਼ਾਮ ਨੂੰ ਸੈਕਸੀ ਡਰੈੱਸ ਪਾ ਕੇ ਰੋਜ਼ੀ ਨਾਲ ਕਿਸੇ ਪਾਰਟੀ ਵਿਚ ਜਾਣਾ। ਜਾਂ ਡਿਸਕੋ ਵਿਚ ਨੱਚਣਾ ਤੇ ਫਿਰ ਕਿਸੇ ਮੁਰਗੇ ਨੂੰ ਫਸਾ ਲੈਣਾ। ਦਰਅਸਲ ਮੈਨੂੰ ਕਿਸੇ ਨੂੰ ਫਸਾਉਣ ਦੀ ਲੋੜ ਨਹੀਂ ਸੀ ਪੈਂਦੀ। ਲੋਕ ਆਪਣੇ ਆਪ ਮੇਰੇ ਵੱਲ ਖਿੱਚੇ ਚਲੇ ਆਉਂਦੇ। ਦੋ ਤਿੰਨ ਮੇਰੇ ਪੱਕੇ ਯਾਰ ਬਣ ਗਏ ਸਨ। ਟੈਲੀਫੋਨ ਉਤੇ ਮੈ ਉਹਨਾਂ ਨਾਲ ਟਾਈਮ ਫਿਕਸ ਕਰ ਲੈਂਦੀ ਤੇ ਬੜੀ ਖੁਸ਼ੀ ਨਾਲ ਉਹਨਾਂ ਨੂੰ ਮਿਲਦੀ, ਸ਼ਾਮ ਬਿਤਾਉਂਦੀ ਤੇ ਖਰੇ ਦਾਮ ਵਸੂਲ ਕਰਕੇ ਵਾਪਿਸ ਆਉਂਦੀ।

ਮੈਂ ਇਹ ਰੁਪਿਆ ਜਮ੍ਹਾਂ ਕਰ ਰਹੀ ਸਾਂ ਕਿਉਂਕਿ ਮੇਰੇ ਦਿਲ ਅੰਦਰ ਇਕ ਨਵਾਂ ਮਨੋਰਥ ਜਾਗ ਪਿਆ ਸੀ। ਇਕ ਨਵੀਂ ਸੂਝ, ਇਕ ਨਵੀਂ ਰੋਸ਼ਨੀ। ਤੇ ਇਹ ਸੀ ਬਾਬੀ।

ਮੈਨੂੰ ਪਤਾ ਲਗਾ ਕਿ ਬਾਬੀ ਦਾ ਇਲਾਜ ਪਾਗਲਖ਼ਾਨੇ ਵਿਚ ਠੀਕ ਨਹੀਂ ਸੀ ਹੋ ਰਿਹਾ ਕਿਉਕਿ ਪੈਸੇ ਦੀ ਤੰਗੀ ਸੀ।

ਮੈਂ ਇਹਨਾਂ ਅੱਠਾਂ ਮਹੀਨਿਆਂ ਵਿਚ ਦੋ ਲੱਖ ਰੁਪਿਆ ਜਮ੍ਹਾਂ ਕਰ ਲਿਆ ਸੀ।

ਮੈਂ ਦਿੱਲੀ ਦਾ ਹਵਾਈ ਟਿਕਟ ਲਿਆ ਤੇ ਬਾਬੀ ਦੇ ਘਰ ਜਾ ਕੇ ਬੂਹੇ ਉਤੇ ਦਸਤਕ ਦਿੱਤੀ।

ਉਸ ਦੇ ਘਰ ਕਦੇ ਨਹੀਂ ਸਾਂ ਗਈ। ਨਾ ਹੀ ਉਸ ਦੀ ਮਾਂ ਨੂੰ ਕਦੇ ਦੇਖਿਆ ਸੀ। ਇਕ ਬੁੱਢੀ ਨੇ ਦਰਵਾਜ਼ਾ ਖੋਲ੍ਹਿਆ। ਬੁਝਿਆ ਹੋਇਆ ਚਿਹਰਾ। ਜੁਆਨੀ ਵਿਚ ਕਦੇ ਇਹ ਚਿਹਰਾ ਦੱਘਦਾ ਹੋਵੇਗਾ।

ਉਹ ਬੋਲੀ, "ਕਿਸ ਨੂੰ ਮਿਲਣਾ ਹੈ।"

"ਬਾਬੀ ਦੀ ਮਾਂ ਨੂੰ!"

"ਮੈਂ ਹੀ ਹਾਂ ਬਾਬੀ ਦੀ ਮਾਂ।"

"ਤੂੰ ਕੌਣ ਹੈਂ?"

"ਮੈਂ ਬਾਬੀ ਦਾ ਉਧਾਰ ਚੁਕਾਉਣ ਆਈ ਹਾਂ।"

"ਤੈਨੂੰ ਨਹੀਂ ਪਤਾ, ਉਹ ਅਜੇ ਤੀਕ ਆਗਰਾ ਦੇ ਪਾਗਲਖ਼ਾਨੇ ਵਿਚ ਹੈ।"

"ਮੈਨੂੰ ਪਤਾ ਹੈ। ਪਰ ਇਹ ਰੁਪਿਆਂ ਦੀ ਅਮਾਨਤ ਮੈਂ ਉਸ ਨੂੰ ਨਹੀਂ ਦੇ ਸਕਦੀ। ਪਤਾ ਨਹੀਂ, ਉਹ ਇਹਨਾਂ ਨੂੰ ਕਿਤੇ ਪਾੜ ਹੀ ਨਾ ਸੁਟੇ। ਜਾਂ ਚਲਾ ਕੇ ਮੇਰੇ ਮੂੰਹ ਉਤੇ ਮਾਰੇ। ਤੁਸੀਂ ਇਹ ਰੁਪਏ ਸੰਭਾਲ ਲਉ। ਦੋ ਲੱਖ ਰੁਪਿਆ ਜੋ ਮੇਰੇ ਅੰਕਲ ਨੇ ਬਾਬੀ ਕੋਲੋਂ ਉਧਾਰ ਲਿਆ ਸੀ। ਉਹ ਹੁਣ ਦੁਨੀਆਂ ਵਿਚ ਨਹੀਂ ਰਹੇ। ਮਰਨ ਵੇਲੇ ਉਹਨਾਂ ਨੇ ਇਹ ਰਕਮ ਮੈਨੂੰ ਸੌਂਪ ਦਿੱਤੀ ਤੇ ਆਖਿਆ ਕਿ ਮੈਂ ਇਹ ਅਮਾਨਤ ਤੁਹਾਨੂੰ ਦੇ ਆਵਾਂ।"

ਮੈਂ ਬੈਗ ਖੋਲ੍ਹਿਆ ਤੇ ਸੌ ਸੌ ਰੁਪਏ ਦੀਆਂ ਵੀਹ ਗਠੀਆਂ ਯਾਨੀ ਦੋ ਲੱਖ ਰੁਪਿਆ ਉਸ ਦੇ ਹੱਥ ਫੜਾ ਦਿੱਤਾ।

ਬੁਢੀ ਹੈਰਾਨ ਹੋਈ ਤੇ ਉਸ ਨੇ ਅਖਿਆ, 'ਰੱਬ ਨੇ ਘੱਲਿਆ ਹੈ ਇਹ ਰੁਪੱਈਆ। ਮੇਰੇ ਪੁੱਤ ਨੂੰ ਇਸ ਵੇਲੇ ਲੋੜ ਸੀ ਇਹਨਾਂ ਰੁਪਿਆਂ ਦੀ, ਇਲਾਜ ਲਈ।"

ਜਦੋਂ ਮੈਂ ਵਾਪਿਸ ਆਈ ਤਾਂ ਮੇਰੇ ਮਨ ਤੋਂ ਵੱਡਾ ਭਾਰ ਉਤਰ ਗਿਆ। ਆਪਣੇ ਜਿਸਮ ਨੂੰ ਵੇਚ ਕੇ ਰੁਪਿਆ ਕਮਾਉਣਾ ਬੁਰਾ ਨਾ ਲਗਿਆ। ਸੋਚਿਆ ਇਹ ਰਾਜ਼ ਮੇਰੇ ਦਿਲ ਵਿਚ ਹੀ ਰਹੇਗਾ – ਨਾ ਬੁੱਢੀ ਨੂੰ ਪਤਾ ਲਗੇਗਾ, ਨਾ ਬਾਬੀ ਨੂੰ।

ਦਿੱਲੀ ਵਾਪਿਸ ਆਉਣ ਤੇ ਜਦ ਭੂਸ਼ਣ ਮੈਨੂੰ ਮਿਲਿਆ ਤਾਂ ਬਹੁਤ ਦੇਰ ਤੀਕ ਬਾਬੀ ਦੀਆਂ ਗੱਲਾਂ ਕਰਦਾ ਰਿਹਾ ... ਫਿਰ ਯਕਦਮ ਉਸ ਨੇ ਆਖਿਆ "ਸੁਣਿਆ ਹੈ ਤੂੰ ਬੰਬਈ ਰਹਿ ਰਹੀ ਹੈਂ, ਅਜ ਕੱਲ੍ਹ ਤੂੰ ਧੰਦਾ ਕਰਦੀ ਹੈ। ਸੱਚੀ ਗੱਲ ਹੈ ਇਹ?"

ਮੈਂ ਚੁਪ ਰਹੀ।

"ਕਿਸ ਨੇ ਦਸਿਆ ਹੈ ਤੈਨੂੰ?"

'ਰੋਜ਼ੀ ਨੇ।"

"ਰੋਜ਼ੀ ਆਪ ਜ਼ਰੂਰ ਧੰਦਾ ਕਰਦੀ ਹੈ, ਪਰ ਮੈਂ ਨਹੀਂ...."

"ਸ਼ਾਲੂ, ਤੂੰ ਝੂਠ ਕਦੋਂ ਤੋਂ ਬੋਲਣਾ ਸ਼ੁਰੂ ਕਰ ਦਿੱਤਾ?"

ਮੈਂ ਆਖਿਆ, "ਤੇਰਾ ਸੁਆਲ ਹੀ ਗ਼ਲਤ ਹੈ। ਤੂੰ ਇਹ ਸੁਆਲ ਕਿਸੇ ਤਿਲਕਧਾਰੀ ਪੰਡਿਤ ਵਾਂਗ ਕਰ ਰਿਹਾ ਹੈਂ ... ਇਹ ਪਾਪ ਹੈ।"

"ਤੂੰ ਮੇਰੇ ਸੁਆਲ ਨੂੰ ਟਾਲ ਰਹੀ ਹੈਂ।

"ਮੈਂ ਪੁੱਛਦਾ ਹਾਂ ਕਿ ਤੂੰ ਰਪੱਈਏ ਖਰੇ ਕਰਨ ਲਈ .... ਆਪਣੇ ਲਈ ਬੈਕਲੈੱਸ ਡ੍ਰੈੱਸਾਂ ਖਰੀਦਣ ਲਈ ਤੇ ਪੈਰਿਸ ਦੀ ਸੈਂਟ ਲਈ ਮਰਦਾਂ ਨਾਲ ਨਹੀਂ ਸੌਂਦੀ?"

ਮੈਂ ਆਖਿਆ, "ਇਸੇ ਕਿਸਮ ਦਾ ਸੁਆਲ ਕਿਸੇ ਜਰਨਿਲਿਸਟ ਨੇ ਹਾਲੀਵੁਡ ਦੀ ਮਸ਼ਹੂਰ ਸੈਕਸੀ ਐਕਟ੍ਰੈਸ ਸ਼ੈਰੋਨ ਸਟੋਨ ਨੂੰ ਕੀਤਾ ਸੀ। ਉਸ ਨੇ ਪੁਛਿਆ, 'ਤੂੰ ਏਡਜ਼ ਦੀ ਨਾਮੁਰਾਦ ਬੀਮਾਰੀ ਰੋਕਣ ਲਈ ਛਿਹੱਤਰ ਮਿਲੀਅਨ ਡਾਲਰ ਇਕੱਠਾ ਕਰ ਰਹੀ ਹੈਂ। ਇਸ ਲਈ ਤੈਨੂੰ ਤਿੰਨ ਸਾਲ ਚਾਹੀਦੇ ਹਨ। ਇਹ ਤੇਰਾ ਟੀਚਾ ਹੈ। ਤਿੰਨ ਸਾਲ ਦਾ ਟਾਈਮ। ਰਕਮ ਬਹੁਤ ਵੱਡੀ ਹੈ ਇਹ। ਤੇ ਬਹੁਤ ਮਿਹਨਤ ਦਾ ਕੰਮ। ਜੇ ਤੈਨੂੰ ਕੋਈ ਸੁਪਰ ਸਟਾਰ ਇਕ ਰਾਤ ਨਾਲ ਸੌਣ ਲਈ ਛਿਹੱਤਰ ਮਿਲੀਅਨ ਡਾਲਰ ਦੇ ਦੇਵੇ ਤਾਂ ਤੂੰ ਉਸ ਦਾ ਬਿਸਤਰਾ ਗਰਮ ਕਰੇਂਗੀ? ਸ਼ੈਰੋਨ ਸਟੋਨ ਨੇ ਜੁਆਬ ਦਿੱਤਾ ਸੀ, ਹਾਲਾਂ ਕਿ ਛਿਹੱਤਰ ਮਿਲੀਅਨ ਡਾਲਰ ਬਹੁਤ ਵਡੀ ਰਕਮ ਹੈ ਤੇ ਉਹ ਵੀ ਇਕ ਰਾਤ ਵਿਚ ਇਕ ਹੀ ਝਟਕੇ ਵਿਚ ਏਨੀ ਦੌਲਤ ਕਮਾ ਸਕਦੀ ਹੈ ਜਿਸ ਨਾਲ ਲੱਖਾਂ ਲੋਕਾਂ ਦਾ ਕਲਿਆਣ ਹੋ ਜਾਵੇਗਾ। ਪਰ ਉਸ ਨੇ ਨਾਂਹ ਕਰ ਦਿੱਤੀ। ਪਰ ਮੈਂ ... ਮੈਂ .... ਜ਼ਰੂਰ ਇਸ ਕਿਸਮ ਦੀ ਸਿਚੂਏਸ਼ਨ ਵਿਚ ਕਿਸੇ ਗੈਰ ਮਰਦ ਨਾਲ ਸੈਕਸ ਭੋਗ ਸਕਦੀ ਹਾਂ।"

ਉਹ ਹੈਰਾਨ ਹੋ ਕੇ ਮੇਰੇ ਵਲ ਦੇਖਣ ਲੱਗਾ।

ਉਸ ਨੇ ਜ਼ਹਿਰੀਲੀ ਚੋਭ ਨਾਲ ਆਖਿਆ, "ਤੂੰ ਕਿਸ ਦਾ ਕਲਿਆਣ ਕਰ ਰਹੀ ਹੈਂ ਅੱਜ ਕਲ੍ਹ।"

"ਆਪਣਾ ਕਲਿਆਣ ਕਰ ਰਹੀ ਹਾਂ ਮੈਂ। ਭੂਸ਼ਣ, ਜ਼ਿੰਦਗੀ ਇਕ ਸੌਦਾ ਹੈ। ਕੋਈ ਖਰਾ ਸੌਦਾ ਹੈ ਤੇ ਕੋਈ ਖੋਟਾ। ਤੇ ਫਿਰ ਇਹ ਵੀ ਦੇਖਣਾ ਪੈਂਦਾ ਹੈ ਕਿ ਇਸ ਸੌਦੇ ਪਿਛੇ ਨੀਯਤ ਕੀ ਹੈ? ਜੇਕਰ ਨੇਕਨੀਯਤੀ ਨਾਲ ... ਮੇਰਾ ਮਤਲਬ ਹੈ ਕਿਸੇ ਦੀ ਜਾਨ ਬਚਾਉਣ ਲਈ ਝੂਠ ਵੀ ਬੋਲਿਆ ਜਾਵੇ ਤਾਂ ਇਹ ਪਾਪ ਨਹੀਂ ਹੋਵੇਗਾ। ਮੇਰੇ ਮਨ ਵਿਚ ਪਾਪ ਤੇ ਪੁੰਨ ਦਾ ਸੁਆਲ ਬਾਰ ਬਾਰ ਉਠਦਾ ਰਿਹਾ ਹੈ। ਕੀ ਪੁੰਨ ਹੈ ਤੇ ਕੀ ਪਾਪ? ਹਾਂ, ਸੁਣ! ਮੈਂ ਲੋਕਾਂ ਨਾਲ ਸੌਂਦੀ ਹਾਂ। ਇਕ ਮਰਦ ਨਾਲ ਸੁੱਤੀ ਜਾਂ ਦਸਾਂ ਨਾਲ। ਇਸ ਵਿਚ ਕੋਈ ਬੁਰਾਈ ਨਹੀਂ।

ਆਖ਼ਿਰ ਇਹ ਅਸੂਲ ਵੀ ਤਾਂ ਮਰਦ ਨੇ ਹੀ ਬਣਾਏ ਹਨ। ਮੈਂ ਬੰਬਈ ਵਿਚ ਰੋਜ਼ੀ ਨਾਲ ਰਹਿੰਦਿਆਂ ਧੰਦਾ ਸ਼ੁਰੂ ਕੀਤਾ। ਜਾਣਦਾ ਹੈਂ ਕਿਸ ਲਈ? ਬਾਬੀ ਲਈ।"

"ਬਾਬੀ ਲਈ?"

"ਹਾਂ, ਬਾਬੀ ਲਈ। ਜਦ ਮੈਂ ਉਸ ਨੂੰ ਪਾਗਲਖਾਨੇ ਮਿਲਣ ਗਈ ਸਾਂ ਤਾਂ ਉਸ ਦਾ ਮੁੰਨਿਆ ਸਿਰ ਤੇ ਪਾਟੀਆਂ ਅੱਖਾਂ ਦੇਖਣ ਪਿਛੋਂ ਮੈਂ ਸੌਂ ਨਾ ਸਕੀ। ਤੈਨੂੰ ਤਾਂ ਪਤਾ ਹੀ ਹੈ ਉਸ ਦੇ ਘਰ ਦੀ ਹਾਲਤ ਵਿਗੜ ਗਈ ਸੀ। ਬਾਪ ਦੀ ਮੌਤ ਪਿਛੋਂ ਸਭ ਕੁਝ ਜਾਂਦਾ ਰਿਹਾ। ਬਾਬੀ ਨੂੰ ਉਸ ਦੀ ਮਾਂ ਨੇ ਕੁਝ ਵੀ ਨਹੀਂ ਸੀ ਦਸਿਆ। ਮੇਰੇ ਲਈ ਪਾਪ ਤੇ ਪੁੰਨ ਦੋਵੇਂ ਇਕ ਹੋ ਗਏ। ਮੈਂ ਵੀ ਉਹੋ ਰਸਤਾ ਅਪਣਾਇਆ ਜਿਹੜਾ ਰੋਜ਼ੀ ਨੇ ਅਪਣਾਇਆ ਸੀ। ਅੱਠ ਮਹੀਨਿਆਂ ਵਿਚ ਦੋ ਲੱਖ ਰੁਪਿਆ ਕਮਾਇਆ। ਦਿੱਲੀ ਦੀ ਟਿਕਟ ਲਈ ਤੇ ਬਾਬੀ ਦੀ ਮਾਂ ਨੂੰ ਦੋ ਲੱਖ ਰੁਪਿਆ ਫੜਾ ਆਈ ਤਾਂ ਕਿ ਉਸ ਦਾ ਇਲਾਜ ਚੰਗੀ ਤਰ੍ਹਾਂ ਕਰਵਾ ਸਕੇ। ਹੁਣ ਬਾਬੀ ਠੀਕ ਹੋ ਗਿਆ ਹੈ। ਇਸ ਪਿਛੇ ਮਾਂ ਦੀ ਸੇਵਾ ਤੇ ਰੱਬ ਦੀ ਰਹਿਮਤ ਹੈ। ਤੂੰ ਮੇਰਾ ਦੋਸਤ ਰਿਹਾ ਹੈਂ। ਇਸ ਰਾਜ਼ ਨੂੰ ਰਾਜ਼ ਹੀ ਰਖਣਾ। ਜੇ ਤੂੰ ਇਸ ਗੱਲ ਦੀ ਧੁੱਖ ਵੀ ਕਢੀ ਤਾਂ ਮੇਰਾ ਪੁੰਨ ਦਾ ਸੰਕਲਪ ਪਾਪ ਬਣ ਜਾਵੇਗਾ।

* * *

ਡੇਢ ਸਾਲ ਪਿਛੋਂ ਬਾਬੀ ਪਾਗਲਖ਼ਾਨੇ ਤੋਂ ਬਾਹਰ ਆਇਆ ਤਾਂ ਸਿੱਧਾ ਆਪਣੇ ਘਰ ਪਹੁੰਚਿਆ। ਉਹ ਹੁਣ ਠੀਕ ਹੋ ਚੁਕਾ ਸੀ ਪਰ ਉਸ ਦੀਆਂ ਅੱਖਾਂ ਵਿਚ ਹਸਰਤ ਤੇ ਪਿਆਸ ਦੀ ਝਲਕ ਸੀ। ਖੁਸ਼ੀਆਂ ਤਾਂ ਜਿਵੇਂ ਉਹ ਪਾਗਲਖਾਨੇ ਛਡ ਆਇਆ ਹੋਵੇ। ਉਸ ਵਿਚ ਨਾ ਤਾਂ ਪਹਿਲਾਂ ਵਰਗੀ ਤੁੰਦੀ ਸੀ ਤੇ ਨਾ ਹੀ ਗੁੱਸੇ ਦੀ ਭੜਕ। ਬਸ ਹਰ ਚੀਜ਼ ਠੰਢੀ ਠੰਢੀ ਤੇ ਉਦਾਸ ਨਜ਼ਰਾਂ ਜਿਵੇਂ ਕਿਸੇ ਦੀ ਤਲਾਸ਼ ਕਰ ਰਹੀਆਂ ਹੋਣ।

ਮਾਂ ਨੇ ਸਾਰਾ ਹਾਲ ਦੱਸਿਆ। ਬਾਪ ਦੀ ਮੌਤ। ਬਿਜ਼ਨੈੱਸ ਦਾ ਉਜੜ ਜਾਣਾ। ਸਿਰ 'ਤੇ ਕਰਜ਼ਾ। ਰਿਸ਼ਤੇਦਾਰਾਂ ਨਾਲ ਝਗੜੇ। ਭਾਈਚਾਰੇ ਨਾਲ ਮੇਲ-ਜੋਲ ਬੰਦ। ਇਸ ਵੀਰਾਨਗੀ ਦੀ ਹਾਲਤ ਵਿਚ ਉਸ ਨੇ ਪੁੱਤ ਦੇਖਿਆ ਤਾਂ ਜਿਵੇਂ ਹਨੇਰੇ ਵਿਚ ਚਿਰਾਗ਼ ਜਗ ਉਠੇ ਹੋਣ। ਇਕ ਪਲ ਉਹ ਸਭ ਕੁਝ ਭੁਲ ਗਈ। ਉਸ ਨੇ ਪੁੱਤ ਨੂੰ ਸੀਨੇ ਨਾਲ ਲਾਇਆ ਤੇ ਫੁਟ ਫੁਟ ਕੇ ਰੋਣ ਲੱਗੀ।

ਬਾਬੀ ਦੀ ਮਾਂ ਨੇ ਅੱਥਰੂ ਪੂੰਝੇ, ਤੇ ਬੋਲਿਆ, "ਫ਼ਿਕਰ ਨਾ ਕਰ ਮਾਂ। ਹੁਣ ਮੈਂ ਆ ਗਿਆ ਹਾਂ। ਸਭ ਠੀਕ ਹੋ ਜਾਏਗਾ।"

ਮਾਂ ਨੇ ਠੰਢਾ ਹਉਕਾ ਭਰਿਆ, "ਪੁੱਤ ਤੂੰ ਬਹੁਤ ਕਮਜ਼ੋਰ ਹੋ ਗਿਆ ਹੈਂ।

ਰੋਟੀ ਨਹੀਂ ਸੀ ਚੰਗੀ ਉਥੇ? ਮਾਂ ਦੇ ਹੱਥ ਦੀ ਰੋਟੀ ਖਾਏਂਗਾ ਤਾਂ ਜੁੱਸਾ ਠੀਕ ਹੋ ਜਾਵੇਗਾ। ਕਿਦਾਂ ਗੱਲ੍ਹਾਂ ਅੰਦਰ ਵੜ ਗਈਆਂ, ਨੇ ਮੇਰੇ ਪੁਤ ਦੀਆਂ।"

ਬਾਬੀ ਏਧਰ ਓਧਰ ਦੇਖਕੇ ਬੋਲਿਆ, "ਤੂੰ ਬਹੁਤ ਦੁਖ ਭੋਗਿਆ ਹੈ, ਮਾਂ। ਹੁਣ ਸਭ ਠੀਕ ਹੋ ਜਾਵੇਗਾ।"

ਸ਼ਾਮ ਨੂੰ ਬਾਬੀ ਭੂਸ਼ਨ ਨੂੰ ਮਿਲਣ ਗਿਆ। ਦੋਵੇਂ ਦੋਸਤ ਜੱਫੀ ਪਾ ਕੇ ਮਿਲੇ। ਬਾਬੀ ਨੇ ਪੁਛਿਆ, "ਸ਼ਾਲੂ ਕਿਥੇ ਹੈ? ਮੈਂ ਉਸ ਦੇ ਫਲੈਟ ਉਤੇ ਗਿਆ ਸਾਂ। ਹੈ ਨਹੀਂ ਉਥੇ। ਕਿਥੇ ਹੈ ਉਹ?"

ਭੂਸ਼ਣ ਨੇ ਦੱਸਿਆ ਕਿ ਉਹ ਇਕੱਲੀ ਜਾਨ ਰਹਿ ਗਈ ਸੀ। ਪਰੇਸ਼ਾਨ। ਮਕਾਨ ਦਾ ਕਿਰਾਇਆ ਤੇ ਹੋਰ ਅਨੇਕਾਂ ਖ਼ਰਚੇ। ਨੌਕਰੀ ਵੀ ਜਾਂਦੀ ਰਹੀ ਸੀ ਉਸ ਦੀ। ਤੇ ਫਿਰ ਉਹ ਰੋਜ਼ੀ ਕੋਲ ਬੰਬਈ ਚਲੀ ਗਈ।

ਰੋਜ਼ੀ ਦਾ ਨਾਂ ਸੁਣਦਿਆਂ ਹੀ ਬਾਬੀ ਭੜਕ ਉਠਿਆ, "ਕੋਈ ਹੋਰ ਥਾਂ ਨਹੀਂ ਸੀ ਮਿਲੀ ਉਸ ਨੂੰ। ਉਸ ਕੰਜਰੀ ਕੋਲ ਚਲੀ ਗਈ ਉਹ! ਮੈਨੂੰ ਪਤਾ ਹੈ ਉਹ ਕੀ ਕਰਨ ਗਈ ਹੈ ਉਥੇ। ਆਪਣੇ ਆਪ ਨੂੰ ਵੇਚਣ। ਫ਼ਿਲਮ ਸਟਾਰ ਬਣਨ। ਬਿਊਟੀ ਕੁਈਨ। ਤੇ ਰੋਜ਼ੀ ਬਣਾਏਗੀ ਉਸ ਨੂੰ ਫ਼ਿਲਮ ਸਟਾਰ। ਦੱਲੀ ਕਿਤੋਂ ਦੀ। ਵੇਚੇਗੀ ਉਸ ਨੂੰ, ਤੇ ਕਮਿਸ਼ਨ ਖਾਏਗੀ।"

ਬਾਬੀ ਨੇ ਭੂਸ਼ਣ ਨੂੰ ਮੋਢਿਆਂ ਤੋਂ ਫੜ ਕੇ ਝੰਜੋੜਿਆ। ਉਸ ਦੀਆਂ ਅੱਖਾਂ ਵਿਚ ਪਹਿਲਾਂ ਵਰਗੀ ਖੂੰਖਾਰੀ ਚਮਕਣ ਲੱਗੀ। ਬੋਲਿਆ, "ਮੈਂ ਸਾਰਾ ਪਤਾ ਕਰ ਲਿਆ ਹੈ, ਇੱਥੇ ਆਉਂਦੇ ਹੀ ਸਾਰ ਹੀ ਉਸ ਦਾ। ਮੈਂ ਉਸ ਦੀ ਰਗ-ਰਗ ਤੋਂ ਵਾਕਿਫ਼ ਹਾਂ। ਉਸ ਨੂੰ ਫ਼ਿਲਮੀ ਸਟਾਰ ਬਣਨ ਦਾ ਜਨੂਨ ਸੀ। ਬੱਸ ਮੈਥੋਂ ਪਿੱਛਾ ਛੁਡਾਉਣਾ ਚਾਹੁੰਦੀ ਸੀ। ਮੈਨੂੰ ਹਮੇਸ਼ਾ ਲੱਗਦਾ ਸੀ ਕਿ ਉਹ ਤੰਗ ਆ ਗਈ ਹੈ। ਜੀ ਭਰ ਗਿਆ ਸੀ ਉਸ ਦਾ। ਉਹ ਮੈਥੋਂ ਦੂਰ ਜਾ ਕੇ ਨਵਾਂ ਰਾਹ ਲੱਭ ਰਹੀ ਸੀ। ਹਰ ਵਾਰ ਮੈਂ ਇਹੋ ਤੜਫ਼ ਦੇਖੀ ਉਹਦੀਆਂ ਅੱਖਾਂ ਵਿਚ। ਉਹ ਦਿਲੋਂ ਮੈਨੂੰ ਨਫ਼ਰਤ ਕਰਨ ਲੱਗ ਪਈ ਸੀ। ਜਿੰਨਾ ਹੀ ਮੈਂ ਉਸ ਦਾ ਪਿੱਛਾ ਕਰਦਾ ਓਨਾ ਹੀ ਦੂਰ ਭੱਜਦੀ। ਪਾਗਲ ਹੋ ਰਿਹਾ ਸਾਂ ਮੈਂ ਉਹਦੀ ਖ਼ਾਤਿਰ। ਅਜੀਬ ਖ਼ਿਆਲ ਆ ਗਿਆ ਸੀ ਮੇਰੇ ਦਿਮਾਗ ਵਿਚ। ਇਸੇ ਪਾਗਲਪਨ ਵਿਚ ਮੈਂ ਤੈਨੂੰ ਉਸ ਦੇ ਕਰੀਬ ਜਾਂਦਿਆਂ ਦੇਖਿਆ ਤੇ ਮੈਂ ਆਪਣੇ ਫਾਰਮ ਹਾਊਸ ਵਿਚ ਤਿੰਨੇ ਜਣੇ ਮਿਲਣ ਦਾ ਜਸ਼ਨ ਰਚਾਇਆ। ਤੂੰ ਵੀ ਕੰਡਾ ਬਣਿਆ ਹੋਇਆ ਸੈਂ ਮੇਰੇ ਰਾਹ ਵਿਚ। ਗੱਦਾਰ ਸੈਂ ਤੂੰ, ਤੇ ਉਹ ਵੀ ਗੱਦਾਰ। ਏਨਾ ਇਸ਼ਕ ਕਰਦਾ ਸਾਂ ਉਸਨੂੰ ਕਿ ਖ਼ੂਨ ਕੀਤੇ ਬਗੈਰ ਚੈਨ ਨਹੀਂ ਸੀ ਆਉਂਦਾ। ਮੇਰੇ ਅੰਦਰ ਬਲਦੇ ਅੱਗ ਦੇ ਭਾਂਬੜ ਮੱਚ ਰਹੇ ਸਨ। ਇਸੇ ਕਰਕੇ ਮੈਂ ਰੀਵਾਲਵਰ ਕੱਢਿਆ ਤੇ ਤੈਨੂੰ ਮਾਰਨਾ ਚਾਹਿਆ ਪਰ ਫਿਰ ਉਸ ਪਾਗਲਪਣ ਵਿਚ ਰੀਵਾਲਵਰ

ਸ਼ਾਲੂ ਵੱਲ ਕੱਸ ਦਿੱਤਾ। ਤੇ ਫ਼ਾਇਰ ਕਰ ਦਿੱਤਾ। ਉਹ ਪਟਾਕਾ ... ਉਹ ਧਮਾਕਾ ... ਮੇਰੀ ਇਸ ਪਾਗਲ ਖੋਪੜੀ ਵਿਚ ਗੂੰਜਿਆ ਤੇ ਸ਼ਾਲੂ ਢੇਰੀ ਹੋ ਗਈ। ਇਹ ਕਾਰਾ ਕਰਕੇ ਮੈਂ ਖੁਸ਼ੀ ਵਿਚ ਚੀਕਦਾ ਦੌੜ ਗਿਆ। ਲੋਕ ਮੇਰੇ ਪਿੱਛੇ ਦੌੜਨ ਲੱਗੇ। ਮੈਂ ਸੈਂਕੜੇ ਹਜ਼ਾਰਾਂ, ਲੱਖਾਂ ਕਦਮਾਂ ਦੀ ਆਵਾਜ਼ ਆਪਣੇ ਪਿੱਛੇ ਦੌੜਦੀ ਹੋਈ ਸੁਣੀ, ਤੇ ਮੈਂ ਹੋਰ ਤੇਜ਼ ਭੱਜਣ ਲੱਗਾ...."

ਭੂਸ਼ਣ ਨੇ ਉਸ ਨੂੰ ਝੰਜੋੜ ਕੇ ਆਖਿਆ, "ਕੀ ਬੱਕ ਰਿਹਾ ਹੈਂ?"

ਬਾਬੀ ਗਰਜਿਆ, "ਤੂੰ ਨਹੀਂ ਜਾਣਦਾ ਉਸ ਕਮਜ਼ਾਤ, ਫਰੇਬਣ ਸ਼ਾਲੂ ਨੂੰ, ਮੈਂ ਜਾਣਦਾ ਹਾਂ। ਸਿਰਫ਼ ਮੈਂ। ਮੇਰੇ ਪਾਗਲਪਣ ਦੀ ਜ਼ਿੰਮੇਵਾਰ ਉਹ ਹੀ ਸੀ। ਪਾਗਲਖ਼ਾਨੇ ਦੇ ਸੀਖਾਂ ਵਾਲੇ ਬੂਹੇ ਨੂੰ ਪਟਕਦਾ ਸਾਂ ਮੈਂ। ਚੀਕਾ ਮਾਰਦਾ ਸਾਂ। ਚੰਘਾੜਦਾ ਤੇ ਹਾਕਾਂ ਮਾਰਦਾ ਸਾਂ – ਕਿੱਥੇ ਹੈਂ ਤੂੰ ਸ਼ਾਲੂ? ਕਿਹਦੇ ਨਾਲ ਸੌਂ ਰਹੀਂ ਹੈਂ ਦੱਲੀਏ ... ਹਰਾਮਜ਼ਾਦੀਏ। ਕੰਜਰੀਏ! ਦੱਸ ਮੈਨੂੰ ! ਗਲ ਘੁਟ ਸੁਟੂੰਦਾ ਤੇਰਾ!"

ਭੂਸ਼ਣ ਨੇ ਉਸ ਨੂੰ ਫਿਰ ਝੰਜੋੜ ਕੇ ਆਖਿਆ, "ਹੋਸ਼ ਕਰ। ਪਤਾ ਹੈ ਕਿਸ ਨੇ ਇਲਾਜ ਕਰਵਾਇਆ ਤੇਰਾ, ਪਾਗਲਖ਼ਾਨੇ ਵਿਚ? ਉਸ ਨੇ, ਸ਼ਾਲੂ ਨੇ, ਜਿਸ ਨੂੰ ਗਾਲ੍ਹਾਂ ਦੇਈ ਜਾਂਦਾ ਹੈਂ, ਦੋ ਲੱਖ ਰੁਪੱਈਆ ਜਮ੍ਹਾਂ ਕੀਤਾ। ਲੋਕਾਂ ਦੇ ਬਿਸਤਰੇ ਗਰਮ ਕਰਕੇ। ਤੇ ਤੇਰੇ ਇਲਾਜ ਲਈ ਰੁਪਈਏ ਤੇਰੀ ਮਾਂ ਨੂੰ ਦਿੱਤੇ। ਝੂਠ ਬੋਲਿਆ ਸੀ ਕਿ ਰੁਪੱਈਏ ਉਸ ਦੇ ਅੰਕਲ ਨੇ ਤੈਥੋਂ ਉਧਾਰ ਲਏ ਸਨ। ਸ਼ਾਲੂ ਨੇ ਜੇ ਕੋਈ ਪਾਪ ਕੀਤਾ ਹੈ ਤਾਂ ਇਹ ਕਿ ਉਸ ਨੇ ਆਪਣੇ ਆਪ ਨੂੰ ਵਾਰ ਦਿੱਤਾ ਹੈ ਤੇਰੇ ਉੱਤੋਂ। ਤੇਰੇ ਇਲਾਜ ਲਈ ਉਸ ਨੇ ਆਪਣੇ ਆਪ ਨੂੰ ਵੇਚਿਆ, ਸਿਰਫ਼ ਇਸ ਲਈ ਕਿ ਤੂੰ ਠੀਕ ਹੋ ਜਾਵੇਂ। ਨਾ ਪਾਪ ਸੋਚਿਆ ਨਾ ਪੁੰਨ। ਬਸ ਤੂੰ ਹੀ ਵੱਸਿਆ ਹੋਇਆ ਸੀ ਉਸ ਦੇ ਦਿਲ ਵਿਚ। ਤੂੰ ਡੇਢ ਸਾਲ ਪਾਗਲਖ਼ਾਨੇ ਵਿਚ ਰਿਹਾ ਤੇ ਉਹ ਜੋਗਣਾਂ ਵਾਂਗ ਇਕੱਲੀ ਰਹੀ।

ਬਾਬੀ ਸ਼ਾਂਤ ਹੋ ਗਿਆ ਤੇ ਬਿਨਾਂ ਕੁਝ ਬੋਲੇ ਉਥੋਂ ਚਲਾ ਗਿਆ

* * *

ਪਰੇਸ਼ਾਨੀ ਵਿਚ ਬਾਬੀ ਸਿੱਧਾ ਬੰਬਈ ਪਹੁੰਚਿਆ। ਉਸ ਨੂੰ ਰੋਜ਼ੀ ਦੇ ਘਰ ਦਾ ਪਤਾ ਸੀ – ਖਾਰ ਵਿਚ, ਕੁਈਨ ਬਿਲਡਿੰਗ, ਜੁਹੂ ਬੀਚ ਦੇ ਲਾਗੇ। ਮਨ ਹੀ ਮਨ ਵਿਚ ਉਹ ਪਛਤਾ ਰਿਹਾ ਸੀ। ਬੇਹੋਸ਼ੀ ਦਾ ਦੌਰਾ ਪੈਣ ਪਿਛੋਂ ਉਹ ਇਕ ਦਮ ਹੋਸ਼ ਵਿਚ ਆ ਗਿਆ। ਦੁਆ ਕਰ ਰਿਹਾ ਸੀ ਕਿ ਸ਼ਾਲੂ ਉਸ ਨੂੰ ਮਿਲ ਜਾਵੇ।

ਖਾਰ ਪਹੁੰਚ ਕੇ ਉਸ ਨੇ ਟੈਕਸੀ ਵਾਲੇ ਨੂੰ ਪੰਜਾਹ ਰੁਪਏ ਦਿੱਤੇ। ਏਧਰ ਓਧਰ ਬਿਲਡਿੰਗਾਂ ਨੂੰ ਝਾਕਦਾ ਉਹ ਖੂੰਜੇ ਵਾਲੀ ਬਿਲਡਿੰਗ ਵਿਚ ਪਹੁੰਚਿਆ ਜਿਸ ਦੇ ਬਾਹਰ ਕੁਈਨ ਬਿਲਡਿੰਗ ਲਿਖਿਆ ਹੋਇਆ ਸੀ।

ਘੰਟੀ ਵਜਾਈ ਤਾਂ ਇਕ ਲੰਮੀ ਪਤਲੀ ਜਿਹੀ ਲੜਕੀ ਬਾਹਰ ਨਿਕਲੀ। ਵਾਲ ਕੱਟੇ ਹੋਏ, ਚਿਹਰੇ ਉਤੇ ਪਿੰਪਲਜ਼ ਤੇ ਰੰਗ ਗੋਰਾ।

ਬਾਬੀ ਨੇ ਉਸ ਨੂੰ ਪੁੱਛਿਆ, "ਸ਼ਾਲੂ ਇਥੇ ਰਹਿੰਦੀ ਹੈ?"

ਉਹ ਬੋਲੀ, "ਮੈਨੂੰ ਨਹੀਂ ਪਤਾ।"

"ਉਸ ਦੀ ਇਕ ਸਹੇਲੀ ਹੈ, ਰੋਜ਼ੀ। ਉਸ ਦਾ ਕੁਝ ਪਤਾ ਹੋਵੇ।"

"ਹਾਂ, ਉਸ ਨੂੰ ਬੁਲਾ ਦੇਂਦੀ ਹਾਂ।"

ਥੋੜ੍ਹੀ ਦੇਰ ਪਿਛੋਂ ਰੋਜ਼ੀ ਸ਼ੋਖ ਰੰਗ ਦੀ ਸਕੱਰਟ ਪਾਈ ਬਾਹਰ ਆਈ ਤੇ ਬਾਬੀ ਨੂੰ ਦੇਖ ਕੇ ਹੈਰਾਨ ਹੋਈ। ਖੁਸ਼ੀ ਖੁਸ਼ੀ ਗਲ ਨਾਲ ਲੱਗ ਕੇ ਮਿਲੀ, "ਤੂੰ ਕਦੋਂ ਆਇਆ ਹੈਂ ਬਾਬੀ?"

"ਏਅਰਪੋਰਟ ਤੋਂ ਸਿੱਧਾ ਇਥੇ ਆ ਰਿਹਾ ਹਾਂ। ਕੀ ਹਾਲ ਹੈ ਤੇਰਾ?"

"ਠੀਕ ਹਾਂ।"

"ਸ਼ਾਲੂ ਦਾ ਕੀ ਹਾਲ ਹੈ?"

"ਸ਼ਾਲੂ! ਉਹ ਤਾਂ ਚਲੀ ਗਈ ਇਥੋਂ!"

"ਕਿਥੇ?"

"ਆਪਣਾ ਪਤਾ ਛੱਡ ਕੇ ਨਹੀਂ ਗਈ। ਬਸ ਇਕ ਚਿੱਠੀ ਛੱਡ ਗਈ ਹੈ ਤੇਰੇ ਲਈ।"


ਉਹ ਅੰਦਰ ਗਈ ਤੇ ਇਕ ਲਿਫ਼ਾਫ਼ਾ ਲੈ ਆਈ। ਉਸ ਨੇ ਬਾਬੀ ਨੂੰ ਫੜਾ ਦਿੱਤਾ।

ਬਾਬੀ ਨੇ ਬੇਤਾਬੀ ਨਾਲ ਲਿਫ਼ਾਫ਼ਾ ਖੋਲ੍ਹਿਆ ਤੇ ਪੜ੍ਹਨ ਲੱਗਾ :

ਬਾਬੀ,

ਮੈਂ ਜਾ ਰਹੀ ਹਾਂ। ਮੈਨੂੰ ਲੱਭਣ ਦੀ ਕੋਸ਼ਿਸ਼ ਨਾ ਕਰਨੀ। ਹੁਣ ਮੈਂ ਤੇਰੇ ਕਾਬਿਲ ਨਹੀਂ ਰਹੀ। ਇਹ ਖ਼ਿਆਲ ਮੈਨੂੰ ਕਿਉਂ ਆ ਰਿਹਾ ਹੈ ਕਿ ਮੈਂ ਤੇਰੀ ਹੋ ਕੇ ਵੀ ਤੇਰੀ ਨਹੀਂ। ਫਿਰ ਕਿਸ ਦੀ ਹਾਂ? ਕਿਸੇ ਦੀ ਵੀ ਨਹੀਂ। ਕਿੱਥੇ ਜਾ ਰਹੀ ਹਾਂ? ਮੈਨੂੰ ਖ਼ੁਦ ਨਹੀਂ ਪਤਾ। ਆਪਣੇ ਪ੍ਰੋਫੈਸ਼ਨ ਦੀਆਂ ਸਭ ਚੀਜ਼ਾਂ ਇਥੇ ਛੱਡ ਰਹੀ ਹਾਂ, ਰੋਜ਼ੀ ਕੋਲ, ਇਹ ਵੈਰਾਗ ਕਿਉਂ ਜਾਗ ਪਿਆ ਮੇਰੇ ਅੰਦਰ, ਮੈਨੂੰ ਨਹੀਂ ਪਤਾ। ਮੇਰਾ ਜਜ਼ਬਾ, ਮੇਰੇ ਭਾਵ ਸਭ ਕੁਝ ਖਲਤ ਮਲਤ ਹੋ ਰਿਹਾ ਹੈ ਮੇਰੇ ਅੰਦਰ। ਕੀ ਸੋਚ ਰਹੀ ਹਾਂ ਮੈਂ? ਕੁਝ ਸਮਝ ਨਹੀਂ ਆਉਂਦੀ। ਸ਼ਾਇਦ ਤੈਨੂੰ ਮੇਰੀਆਂ ਇਹ ਗੱਲਾਂ ਅਜੀਬ ਲੱਗਣ। ਬਹੁਤ ਕੋਸ਼ਿਸ਼ ਕੀਤੀ ਤੇਰੀ ਯਾਦ ਨੂੰ ਮਿਟਾਉਣ ਦੀ। ਮੈਂ ਇਹ ਸਭ ਕੁਝ ਬਕ ਰਹੀ ਹਾਂ, ਕਿਉਂਕਿ ਇਹ ਸੱਚ ਹੈ। ਹੋਰ ਕੁਝ ਨਹੀਂ ਆਖ ਸਕਦੀ ... ਤੇਰੀ ਯਾਦ ਆਪਣੇ ਸੀਨੇ ਵਿਚ ਲਈ ਜਾ ਰਹੀ ਹਾਂ – ਸਦਾ ਲਈ....

ਸ਼ਾਲੂ।



# ਪੰਨਵਾਦ.....ਜੀ..

admin

Gagandeep Singh Brar

debifan006@gmail.com

debifan 94653 05548

**Read more like this at**

**www.punjabilibrary.com**